ਐਤਵਾਰ, 28 ਜੂਨ, 2026

14 ਹਾੜ੍ਹ { ਨਾਨਕਸ਼ਾਹੀ 558 / ਬਿਕਰਮੀ 2083 }

ਜਿਲਦ/VOL. : 75

ਅੰਕ/NO. : 27

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SUNDAY, 28 JUNE, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14







# ਨਸ਼ਾ ਮੁਕਤ ਬਣਨ ਵੱਲ ਵਧ ਰਿਹਾ ਪੰਜਾਬ : ਮਾਨ

**ਲੁਧਿਆਣਾ (ਨ ਜ਼ ਸ)**-ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੀ ਦਿਸ਼ਾ ਵੱਲ ਮਜ਼ਬੂਤੀ ਨਾਲ ਕਦਮ ਵਧਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਆਪਣੀ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਅਗਲੇ ਪੜਾਅ 'ਤੇ ਲਿਜਾਂਦਿਆਂ 'ਸੂਰਮਾ' ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਉਨ੍ਹਾ ਨਸ਼ਾ ਮੁਕਤ ਹੋਏ ਨੌਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀਆਂ 'ਸੂਰਮਾ' ਛਾਪਾਂ (ਰਿੰਗ) ਅਤੇ ਟੀ-ਸ਼ਰਟਾਂ ਨਾਲ ਸਨਮਾਨਿਤ ਕੀਤਾ।ਇਸ ਨੂੰ ਸੂਬੇ ਦੀ ਨਸ਼ਾ ਵਿਰੋਧੀ ਮੁਹਿੰਮ ਦਾ ਅਗਲਾ ਪੜਾਅ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਉਪਰਾਲੇ ਦਾ ਉਦੇਸ਼ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ 'ਉਮੀਦ ਦੇ ਦੂਤ' ਵਜੋਂ ਪੇਸ਼ ਕਰਨਾ ਹੈ, ਜੋ ਜ਼ਮੀਨੀ ਪੱਧਰ 'ਤੇ ਨਸ਼ਿਆਂ ਖ਼ਿਲਾਫ਼ ਜੰਗ ਦੀ ਅਗਵਾਈ ਕਰਨਗੇ। ਦੋ ਸਾਲਾਂ ਤੋਂ ਵੱਧ ਸਮੇਂ ਤੋਂ ਨਸ਼ਾ ਮੁਕਤ ਰਹਿਣ ਵਾਲੇ ਵਿਅਕਤੀਆਂ ਦਾ ਸਨਮਾਨ ਕਰਦਿਆਂ ਉਨ੍ਹਾ ਐਲਾਨ ਕੀਤਾ ਕਿ ਇਹ ਨੌਜਵਾਨ ਨਾ ਸਿਰਫ਼ ਦੂਜਿਆਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕਰਨਗੇ, ਸਗੋਂ ਸੂਬਾ ਸਰਕਾਰ ਵੱਲੋਂ ਉਨ੍ਹਾਂ ਨੂੰ

## ਨਸ਼ਾ ਛੱਡ ਚੁੱਕੇ ਨੌਜਵਾਨਾਂ ਦਾ 'ਸੂਰਮੇ' ਵਜੋਂ ਕੀਤਾ ਸਨਮਾਨ



ਰੋਜ਼ਗਾਰ ਦੇ ਮੌਕੇ ਵੀ ਮੁਹੱਈਆ ਕਰਵਾਏ ਜਾਣਗੇ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਵੱਲੋਂ ਮਿਆਰੀ ਸਿੱਖਿਆ, ਸਾਰਿਆਂ ਲਈ ਸਿਹਤ ਸਹੂਲਤਾਂ, ਖੇਡਾਂ ਦੇ ਬੁਨਿਆਦੀ ਢਾਂਚੇ ਅਤੇ ਮੁੜ-ਵਸੇਬੇ 'ਤੇ ਇੱਕੋ ਸਮੇਂ ਧਿਆਨ ਦਿੱਤਾ ਜਾ ਰਿਹਾ ਹੈ, ਜੋ ਨਸ਼ਾ-ਮੁਕਤ ਅਤੇ ਰੰਗਲੇ ਪੰਜਾਬ ਦੀ ਨੀਂਹ ਰੱਖ ਰਿਹਾ ਹੈ।ਉਨ੍ਹਾਂ ਪ੍ਰਾਪਤੀਆਂ ਦੀ ਗੱਲ ਕਰਦਿਆਂ ਕਿਹਾ ਕਿ ਅੱਜ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਦੇਸ਼ ਭਰ ਵਿੱਚੋਂ ਨੰਬਰ ਇਕ 'ਤੇ ਹੈ ਅਤੇ 47 ਲੱਖ ਪਰਵਾਰਾਂ ਨੂੰ ਮੁਫ਼ਤ ਇਲਾਜ ਲਈ 10 ਲੱਖ ਰੁਪਏ ਦੇ 'ਮੁੱਖ ਮੰਤਰੀ ਸਿਹਤ ਯੋਜਨਾ ਕਾਰਡ' ਮਿਲ ਚੁੱਕੇ ਹਨ। ਸੜਕ ਸੁਰੱਖਿਆ ਫੋਰਸ (ਐੱਸ ਐੱਸ ਐੱਫ) ਨੇ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਨੂੰ 50 ਫੀਸਦੀ ਤੱਕ ਘਟਾ ਦਿੱਤਾ ਹੈ, ਜਿਸ ਨਾਲ ਹਰ ਸਾਲ ਲਗਭਗ 2,700 ਕੀਮਤੀ ਜਾਨਾਂ ਬਚ ਰਹੀਆਂ ਹਨ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਮਾਗਮ ਵਿੱਚ ਹਾਜ਼ਰ ਨੌਜਵਾਨਾਂ ਨੇ ਨਸ਼ਿਆਂ ਕਾਰਨ ਸਭ ਕੁਝ ਗੁਆਉਣ ਤੋਂ ਬਾਅਦ ਇਸ ਦਲਦਲ ਵਿੱਚੋਂ ਬਾਹਰ ਨਿਕਲ ਕੇ ਇਤਿਹਾਸਕ ਕਦਮ ਚੁੱਕਿਆ ਹੈ। ਉਨ੍ਹਾ ਕਿਹਾ ਕਿ ਅੱਜ ਇਨ੍ਹਾਂ ਦਾ ਸਨਮਾਨ ਇਸ ਲਈ ਕੀਤਾ ਜਾ ਰਿਹਾ ਹੈ, ਕਿਉਂਕਿ ਸਮਾਜਿਕ ਨਾਮੋਸ਼ੀ ਦੇ ਬਾਵਜੂਦ ਇਨ੍ਹਾਂ ਨਸ਼ੇ ਨੂੰ ਹਰਾਉਣ ਦਾ ਅਸਾਧਾਰਨ ਸਾਹਸ ਦਿਖਾਇਆ ਹੈ। ਉਨ੍ਹਾ ਅੱਗੇ ਕਿਹਾ ਕਿ ਪੰਜਾਬ ਸਰਕਾਰ ਨਸ਼ਾ ਪੀੜਤਾਂ ਦੇ ਮੁੜ-ਵਸੇਬੇ ਲਈ ਲਗਾਤਾਰ ਯਤਨ ਕਰ ਰਹੀ ਹੈ ਅਤੇ ਸੂਬੇ ਭਰ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਵਿਸ਼ਵ ਪੱਧਰੀ ਮੁੜ-ਵਸੇਬਾ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ।

ਸੂਬੇ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਯਕੀਨੀ ਬਣਾ ਕੇ ਸਿੱਖਿਆ ਦੇ ਖੇਤਰ ਦਾ ਕਾਇਆ-ਕਲਪ ਕੀਤਾ ਹੈ, ਜਿਸ ਸਦਕਾ ਪੰਜਾਬ, ਕੇਰਲ • ਬਾਕੀ ਸਫਾ 2 'ਤੇ

## ਰਾਮ ਮੰਦਰ ਦੀ ਦਾਨ ਪ੍ਰਬੰਧਨ ਪ੍ਰਣਾਲੀ 'ਚ ਵੱਡੀਆਂ ਖਾਮੀਆਂ



**ਲਖਨਊ :** ਅਯੁੱਧਿਆ ਦੇ ਰਾਮ ਮੰਦਰ ਵਿਚ ਦਾਨ ਦਾ ਕਥਿਤ ਗਬਨ ਇੱਕ ਵੱਡੇ ਵਿਵਾਦ ਵਿੱਚ ਘਿਰ ਗਿਆ ਹੈ। ਇੱਕ ਐੱਸ ਆਈ ਟੀ (ਸਿਟ) ਜਾਂਚ ਵਿੱਚ ਮੰਦਰ ਦੇ ਦਾਨ ਪ੍ਰਬੰਧਨ ਪ੍ਰਣਾਲੀ ਵਿੱਚ ਖਾਮੀਆਂ ਪਾਈਆਂ ਗਈਆਂ ਹਨ। ਹੁਣ ਤੱਕ ਨਕਦੀ ਅਤੇ ਕੀਮਤੀ ਸਮਾਨ ਦੀ ਗਿਣਤੀ ਨਾਲ ਜੁੜੇ ਅੱਠ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਸ਼ੁਰੂਆਤੀ ਰਿਪੋਰਟ ਵਿੱਚ ਕੁਝ ਵੱਡੀਆਂ ਖਾਮੀਆਂ ਵੱਲ ਇਸ਼ਾਰਾ ਕੀਤਾ ਹੈ। ਰਿਪੋਰਟ ਅਨੁਸਾਰ ਗਿਣਤੀ ਪ੍ਰਕਿਰਿਆ ਦੌਰਾਨ ਸੁਰੱਖਿਆ ਗਾਰਡ ਤਾਇਨਾਤ ਕਰਨਾ, ਗਿਣਤੀ ਕਮਰੇ ਵਿੱਚ ਦਾਖਲ ਹੋਣ ਅਤੇ ਬਾਹਰ ਨਿਕਲਣ ਵੇਲੇ ਕਰਮਚਾਰੀਆਂ ਦੀ ਤਲਾਸ਼ੀ ਲੈਣਾ ਅਤੇ ਦਾਨ-ਗਿਣਤੀ ਪ੍ਰਕਿਰਿਆ ਦੇ ਸੀ ਸੀ ਟੀ ਵੀ ਫੁਟੇਜ਼ ਨੂੰ 180 ਦਿਨਾਂ ਲਈ ਸੁਰੱਖਿਅਤ ਰੱਖਣਾ ਵਰਗੀਆਂ ਮਿਆਰੀ ਸੰਚਾਲਨ ਪ੍ਰਕਿਰਿਆਵਾਂ (ਐੱਸ ਓ ਪੀਜ਼) ਦੀ ਉਲੰਘਣਾ ਕੀਤੀ ਗਈ ਹੈ। ਸੂਤਰਾਂ ਅਨੁਸਾਰ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਸ੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੇ ਜਨਰਲ ਸਕੱਤਰ ਚੰਪਤ ਰਾਏ ਦੇ ਸਾਬਕਾ ਡਰਾਈਵਰ ਰਾਮਸ਼ੰਕਰ ਯਾਦਵ ਉਰਫ਼ ਟੀਨੂੰ ਯਾਦਵ ਨੇ ਕਈ 'ਹੁੰਡੀਆਂ' (ਦਾਨ ਬਕਸੇ) ਦੀਆਂ ਚਾਬੀਆਂ ਆਪਣੇ ਕੋਲ ਰੱਖੀਆਂ ਸਨ। ਜਿਨ੍ਹਾਂ ਹੁੰਡੀਆਂ ਦੀਆਂ ਚਾਬੀਆਂ ਟੀਨੂੰ ਕੋਲ ਸਨ, ਉਨ੍ਹਾਂ ਵਿੱਚ ਪ੍ਰਾਪਤ ਹੋਈ ਨਕਦੀ ਸੰਬੰਧੀ ਸਪੱਸ਼ਟ ਤੌਰ 'ਤੇ ਮਿਆਰੀ ਸੰਚਾਲਨ ਪ੍ਰਕਿਰਿਆਵਾਂ ਨੂੰ ਲਾਗੂ ਕਰਨ ਵਿੱਚ ਢਿੱਲ ਕਾਰਨ ਧੋਖਾਧੜੀ ਕੀਤੀ ਗਈ। ਟਰੱਸਟ ਅਧਿਕਾਰੀਆਂ ਅਤੇ ਸਟੇਟ ਬੈਂਕ ਆਫ਼ ਇੰਡੀਆ ਦੇ ਪ੍ਰਤੀਨਿਧੀਆਂ ਦੀ ਇੱਕ ਮੀਟਿੰਗ ਵਿੱਚ ਅੰਤਮ ਰੂਪ ਦਿੱਤੇ ਗਏ ਮਿਆਰੀ ਸੰਚਾਲਨ ਪ੍ਰਕਿਰਿਆਵਾਂ 2025 ਵਿੱਚ ਟਰੱਸਟ ਅਧਿਕਾਰੀਆਂ ਨੂੰ ਸ਼ੱਕ ਹੋਣ ਤੋਂ ਬਾਅਦ ਨਿਯਮ ਲਾਗੂ ਕੀਤੇ ਗਏ ਸਨ ਕਿ ਦਾਨ ਗਿਣਤੀ ਪ੍ਰਕਿਰਿਆ ਵਿੱਚ ਕੁਝ ਗਲਤ ਹੈ।

ਮੰਦਰ ਟਰੱਸਟ ਦੇ ਇੱਕ ਮੁੱਖ ਮੈਂਬਰ ਅਨਿਲ ਮਿਸ਼ਰਾ ਅਤੇ ਸਟੇਟ ਬੈਂਕ ਆਫ਼ ਇੰਡੀਆ ਦੇ ਗੋਵਿੰਦ ਮਿਸ਼ਰਾ ਨੇ ਰਸਮੀ ਤੌਰ 'ਤੇ ਮਿਆਰੀ ਸੰਚਾਲਨ ਪ੍ਰਕਿਰਿਆਵਾਂ (ਐੱਸ ਓ ਪੀਜ਼) 'ਤੇ ਦਸਤਖਤ ਕੀਤੇ ਸਨ। ਐੱਸ ਓ ਪੀਜ਼ ਵਿੱਚ ਇੱਕ ਡਰੈੱਸ ਕੋਡ ਸ਼ਾਮਲ ਸੀ, ਜਿਸ ਵਿੱਚ ਦਾਨ-ਗਿਣਤੀ ਸਟਾਫ ਨੂੰ ਬਿਨਾਂ ਜੇਬਾਂ ਵਾਲੇ ਕੱਪੜੇ ਪਹਿਨਣ ਦੀ ਲੋੜ ਸੀ, ਸੈਨਿਕ ਸੁਰੱਖਿਆ ਸੇਵਾਵਾਂ (ਐੱਸ • ਬਾਕੀ ਸਫਾ 2 'ਤੇ

## ਪੰਜਾਬ ਵੱਲੋਂ ਨਵੀਂ ਰੁਜ਼ਗਾਰ ਯੋਜਨਾ ਜੀ ਰਾਮ ਜੀ ਨੋਟੀਫਾਈ

**ਚੰਡੀਗੜ੍ਹ :** ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ 'ਵਿਕਸਤ ਭਾਰਤ-ਗਾਰੰਟੀ ਫ਼ਾਰ ਰੁਜ਼ਗਾਰ ਐਂਡ ਆਜੀਵਿਕਾ ਮਿਸ਼ਨ (ਗ੍ਰਾਮੀਣ)' (ਜੀ ਰਾਮ ਜੀ) ਸਕੀਮ ਪੰਜਾਬ 2026 ਨੂੰ ਨੋਟੀਫਾਈ ਕਰ ਦਿੱਤਾ ਗਿਆ ਹੈ। ਇਹ ਫ਼ੈਸਲਾ ਇਸ ਲਿਹਾਜ਼ ਨਾਲ ਬੇਹੱਦ ਹੈਰਾਨੀਜਨਕ ਹੈ, ਕਿਉਂਕਿ ਕੁਝ ਮਹੀਨੇ ਪਹਿਲਾਂ ਹੀ ਪੰਜਾਬ ਵਿਧਾਨ ਸਭਾ ਵਿੱਚ ਇਸ ਯੋਜਨਾ ਦਾ ਸਰਬਸੰਮਤੀ ਨਾਲ ਤਿੱਖਾ ਵਿਰੋਧ ਕੀਤਾ ਗਿਆ ਸੀ। ਇਸ ਤਾਜ਼ਾ ਨੋਟੀਫਿਕੇਸ਼ਨ ਦੇ ਜਾਰੀ ਹੋਣ ਨਾਲ ਹੁਣ ਕੇਂਦਰ ਸਰਕਾਰ ਦਾ ਇਹ ਨਵਾਂ ਪੇਂਡੂ ਰੁਜ਼ਗਾਰ ਕਾਨੂੰਨ 1 ਜੁਲਾਈ ਤੋਂ ਪੂਰੇ ਸੂਬੇ ਵਿੱਚ ਅਧਿਕਾਰਤ ਤੌਰ 'ਤੇ ਲਾਗੂ ਹੋ ਜਾਵੇਗਾ। ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਇਸ ਸਕੀਮ ਦਾ ਮੁੱਖ ਮਕਸਦ ਪੰਜਾਬ ਦੇ ਪੇਂਡੂ ਵਿਕਾਸ ਢਾਂਚੇ ਨੂੰ ਕੇਂਦਰ ਸਰਕਾਰ ਦੇ 'ਵਿਕਸਤ ਭਾਰਤ-2047' ਦੇ ਰਾਸ਼ਟਰੀ ਵਿਜ਼ਨ ਦੇ ਅਨੁਕੂਲ ਬਣਾਉਣਾ ਹੈ। ਇਸ ਦੇ ਤਹਿਤ ਹੁਣ ਪੇਂਡੂ ਪਰਵਾਰਾਂ ਦੇ ਬਾਲਗ ਮੈਂਬਰਾਂ ਨੂੰ, ਜੋ ਸਰੀਰਕ ਮਿਹਨਤ (ਅਣਕੁਸ਼ਲ ਕੰਮ) ਕਰਨ ਦੇ ਇੱਛੁਕ ਹਨ, ਹਰ ਵਿੱਤੀ ਸਾਲ ਵਿੱਚ 125 ਦਿਨਾਂ ਦੇ ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇਗੀ।

## 10 ਆਧੁਨਿਕ ਪਿਸਤੌਲਾਂ ਸਣੇ ਚਾਰ ਕਾਬੂ

**ਛੇਹਰਟਾ/ਅੰਮ੍ਰਿਤਸਰ (ਮਨੋਜ ਕੁਮਾਰ/ਸ਼ਸ਼ਪਾਲ ਸਿੰਘ/ਜਸਬੀਰ ਪੱਟੀ)**-ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਸਰਹੱਦ ਪਾਰੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਾਲੇ ਨੈੱਟਵਰਕ ਦਾ ਪਰਦਾ ਫਾਸ਼ ਕਰਦਿਆਂ ਚਾਰ ਵਿਅਕਤੀਆਂ ਨੂੰ 10 ਆਧੁਨਿਕ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਵਿਅਕਤੀਆਂ ਦੀ ਪਛਾਣ ਰਵੀ ਸਿੰਘ (33) ਤੇ ਸ਼ਰਨਬੀਰ ਸਿੰਘ ਉਰਫ਼ ਸੰਨੀ (31) ਦੋਵੇਂ ਵਾਸੀ ਪਿੰਡ ਮਹਾਵਾ (ਅੰਮ੍ਰਿਤਸਰ), ਮਨਪ੍ਰੀਤ ਸਿੰਘ ਉਰਫ਼ ਮੰਨੂ (21) ਵਾਸੀ ਪਿੰਡ ਨਿਹਾਲਾ ਕਿਲਚਾ, ਫਿਰੋਜ਼ਪੁਰ ਤੇ ਪਿੱਪਲ ਸਿੰਘ (22) ਵਾਸੀ ਪਿੰਡ ਫਤਿਹਵਾਲਾ ਹਿਠਾੜ, ਫਿਰੋਜ਼ਪੁਰ ਵਜੋਂ ਹੋਈ ਹੈ। ਬਰਾਮਦ ਹਥਿਆਰਾਂ ਵਿਚ ਤਿੰਨ .30 ਬੋਰ (ਮੇਡ ਇਨ ਚਾਈਨਾ), ਇਕ 9 ਐੱਮ ਐੱਮ ਗਲਾਕ (ਮੇਡ ਇਨ ਆਸਟਰੀਆ), ਇਕ ਹੋਰ 9 ਐੱਮ ਐੱਮ ਪਿਸਤੌਲ, ਪੰਜ .30 ਬੋਰ ਪਿਸਤੌਲ ਤੇ ਨੌਂ ਜ਼ਿੰਦਾ ਕਾਰਤੂਸ ਸ਼ਾਮਲ ਹਨ। ਪੁਲਸ ਟੀਮਾਂ ਨੇ ਮੁਲਜ਼ਮਾਂ ਦੇ ਦੋ ਮੋਟਰਸਾਈਕਲ ਵੀ ਜ਼ਬਤ ਕਰ ਲਏ ਹਨ। ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਚਾਰੇ ਮੁਲਜ਼ਮ ਕੌਮੀ ਸਰਹੱਦ ਨੇੜਲੇ ਪਿੰਡਾਂ ਦੇ ਰਹਿਣ ਵਾਲੇ ਹਨ।

## ਕਾਨੂੰਨੀ ਤੌਰ 'ਤੇ ਦਿਹਾੜੀ ਦਾ ਸਮਾਂ ਘਟਾ ਕੇ 6 ਘੰਟੇ ਕੀਤਾ ਜਾਵੇ : ਜਗਰੂਪ

**ਮੋਗਾ (ਇਕਬਾਲ ਸਿੰਘ ਖਹਿਰਾ)**

ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਵਿਖੇ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਅਤੇ ਪੰਜਾਬ ਪੈਨਸ਼ਨਰ ਯੂਨੀਅਨ ਵੱਲੋਂ ਕਿਰਤੀਆਂ ਦੇ ਮਹਾਨ ਆਗੂ ਕਾਮਰੇਡ ਬਲਵਿੰਦਰ ਸਿੰਘ ਸੰਧੂ ਦੀ 23ਵੀਂ ਬਰਸੀ ਬੜੇ ਜੋਸ਼ੋ-ਖਰੋਸ਼ ਨਾਲ ਮਨਾਈ ਗਈ, ਜਿਸ ਵਿੱਚ ਪੰਜਾਬ ਰੋਡਵੇਜ਼ ਦੇ 18 ਡਿਪੂਆਂ ਤੋਂ ਰੋਡਵੇਜ਼ ਕਾਮੇ, ਪੈਨਸ਼ਨਰ ਸਾਥੀ ਅਤੇ ਵੱਖ-ਵੱਖ ਭਰਾਤਰੀ ਜਥੇਬੰਦੀ ਦੇ ਵਰਕਰਾਂ ਅਤੇ ਆਗੂਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਸਭ ਤੋਂ ਪਹਿਲਾਂ ਆਈ ਹੋਈ ਆਗੂ ਟੀਮ ਵੱਲੋਂ ਕਾਮਰੇਡ ਬਲਵਿੰਦਰ ਸਿੰਘ ਸੰਧੂ ਦੀ ਤਸਵੀਰ 'ਤੇ ਫੁੱਲ ਮਲਾਵਾਂ ਭੇਟ ਕਰਦਿਆਂ ਆਪਣੇ ਮਰਹੂਮ ਆਗੂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

### ਕਾਮਰੇਡ ਬਲਵਿੰਦਰ ਸਿੰਘ ਸੰਧੂ ਦੀ ਬਰਸੀ ਜੋਸ਼ੋ-ਖਰੋਸ਼ ਨਾਲ ਮਨਾਈ



ਇਸ ਮੌਕੇ ਸੰਬੋਧਨ ਕਰਦਿਆਂ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਨੇ ਕਿਹਾ ਕਿ ਕਾਮਰੇਡ ਬਲਵਿੰਦਰ ਸਿੰਘ ਸੰਧੂ ਕਿਰਤ ਦੀ ਧਿਰ ਦਾ ਚੇਤਨ, ਨਿਡਰ, ਦੂਰਅੰਦੇਸ਼ ਅਤੇ ਸਮਰੱਥ ਆਗੂ ਸੀ, ਜਿਸ ਦੇ ਬੇਵਕਤੀ ਵਿਛੋੜੇ ਨਾਲ ਰੋਡਵੇਜ਼ ਕਾਮਿਆਂ, ਟਰੇਡ ਯੂਨੀਅਨ ਲਹਿਰ ਅਤੇ ਸਮੁੱਚੀ ਕਿਰਤ ਦੀ ਜਮਾਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਅੱਜ ਦੇ ਸਮੇਂ ਵਿੱਚ ਉਹਨਾ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਏਗੀ ਕਿ ਉਨ੍ਹਾ ਤੇ ਉਨ੍ਹਾ ਦੇ ਸਾਥੀਆਂ ਵੱਲੋਂ ਚਲਾਏ ਜਾ ਰਹੇ ਮਿਸ਼ਨ ਨੂੰ ਸਿਧਾਂਤ ਦੀ ਰੌਸ਼ਨੀ ਵਿੱਚ ਅੱਗੇ ਵਧਾਇਆ ਜਾਵੇ। ਉਹਨਾ ਕਿਹਾ ਕਿ ਅੱਜ ਜਦੋਂ ਪੈਦਾਵਾਰ ਦੇ ਸਾਧਨ ਏ ਆਈ ਤੱਕ ਪਹੁੰਚ ਗਏ ਹਨ, ਜਿਸ ਵਿੱਚ ਮਨੁੱਖੀ ਕਿਰਤ ਦੀ ਲੋੜ ਲਗਾਤਾਰ ਘਟ ਰਹੀ ਹੈ, ਇਸ ਮੌਕੇ ਲੋੜ ਹੈ ਕੰਮ ਤੋਂ ਬਾਹਰ ਕੀਤੇ ਲੋਕਾਂ ਨੂੰ ਕੰਮ ਵਿੱਚ ਲੈ ਕੇ ਜਾਣ ਲਈ ਕਾਨੂੰਨੀ ਤੌਰ 'ਤੇ ਕੰਮ ਦਿਹਾੜੀ ਸਮਾਂ ਘਟਾ ਕੇ ਛੇ ਘੰਟੇ ਕੀਤਾ ਜਾਵੇ, ਪਰ ਵਿੱਤੀ ਸਰਮਾਏ ਦੀਆਂ ਹਦਾਇਤਾਂ ਮੁਤਾਬਕ ਰਾਜ ਕਰਦੀਆਂ ਸਰਮਾਏਦਾਰ ਪਾਰਟੀਆਂ ਕੰਮ ਸਮੇਂ ਨੂੰ 12 ਘੰਟੇ ਤੱਕ ਲਿਜਾ ਰਹੀਆਂ ਹਨ, ਜਿਸ ਨਾਲ ਕਿ ਪਹਿਲਾਂ ਹੀ ਵਿਆਪਕ ਬੇਰੁਜ਼ਗਾਰੀ ਹੋਰ ਵਧੇਗੀ ਅਤੇ ਸਮਾਜ ਵਿੱਚ ਪਾਈਆਂ ਜਾ ਰਹੀਆਂ ਅਲਾਮਤਾਂ ਬੇਰੁਜ਼ਗਾਰੀ, • ਬਾਕੀ ਸਫਾ 2 'ਤੇ

## ਗੁਲਜ਼ਾਰ ਸਿੰਘ ਬਸੰਤਕੋਟ ਦੇ ਵੱਡੇ ਭਰਾ ਤਰਲੋਕ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ



**ਗੁਰਦਾਸਪੁਰ (ਨਵਾਂ ਜ਼ਮਾਨਾ ਸਰਵਿਸ)**

ਭਾਰਤੀ ਕਮਿਊਨਿਸਟ ਪਾਰਟੀ ਗੁਰਦਾਸਪੁਰ ਦੇ ਜ਼ਿਲ੍ਹਾ ਸਕੱਤਰ ਅਤੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਸੀਨੀਅਰ ਆਗੂ ਕਾਮਰੇਡ ਗੁਲਜਾਰ ਸਿੰਘ ਬਸੰਤਕੋਟ ਦੇ ਵੱਡੇ ਭਰਾ ਤਰਲੋਕ ਸਿੰਘ, ਜੋ ਪਿਛਲੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ ਸਨ, ਉਹਨਾ ਦੀ ਯਾਦ ਵਿੱਚ ਸ਼ਨੀਵਾਰ ਨੂੰ ਅੰਤਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ ਗੁਰਦੁਆਰਾ ਸਾਹਿਬ ਵਿਖੇ ਹੋਇਆ, ਜਿਸ ਵਿੱਚ ਰਿਸ਼ਤੇਦਾਰਾਂ ਤੋਂ ਇਲਾਵਾ ਜ਼ਿਲ੍ਹੇ ਭਰ ਵਿੱਚੋਂ ਕਮਿਊਨਿਸਟ ਪਾਰਟੀ ਦੇ ਆਗੂਆਂ, ਵਰਕਰਾਂ, ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਹਿੱਸਾ ਲਿਆ।

ਅਰਦਾਸ ਉਪਰੰਤ ਹੋਏ ਸ਼ਰਧਾਜਲੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਤਰਲੋਕ ਸਿੰਘ ਵੱਲੋਂ ਜ਼ਿੰਦਗੀ ਭਰ ਕੀਤੀ ਸਖਤ ਮਿਹਨਤ ਨੂੰ ਪ੍ਰਣਾਮ ਕਰਦਿਆਂ ਕਿਹਾ ਕਿ ਇਸ ਵੱਡੇ ਭਰਾ ਦੀ ਬਦੌਲਤ ਹੀ ਕਾਮਰੇਡ ਗੁਲਜਾਰ ਸਿੰਘ ਸਮਾਜ ਅੰਦਰ ਦੱਬੇ-ਕੁਚਲੇ ਲੋਕਾਂ ਦੀ ਢਾਲ ਬਣ ਕੇ ਪੰਜਾਬ ਅੰਦਰ ਕਿਰਤੀ ਲੋਕਾਂ ਦੀ ਪਾਰਟੀ ਕਮਿਊਨਿਸਟ ਪਾਰਟੀ ਅੰਦਰ ਯੋਗਦਾਨ ਪਾ ਰਿਹਾ ਹੈ। ਉਥੇ ਇਸ ਭਰਾ ਵੱਲੋਂ ਘਰ ਦੇ ਕਾਰੋਬਾਰ ਅਤੇ ਖੇਤੀ ਦੀ ਸੰਭਾਲ ਕਰਨ ਕਰਕੇ ਹੀ ਸਾਥੀ ਗੁਲਜਾਰ ਸਿੰਘ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਸਿੰਘੂ ਮੋਰਚੇ 'ਤੇ ਸਾਲ ਭਰ ਡਟਿਆ ਰਿਹਾ ਅਤੇ ਉਸ ਅੰਦੋਲਨ ਨੂੰ ਜਿੱਤ ਕੇ ਵਾਪਸ ਮੁੜਿਆ।

ਸ਼ਰਧਾਂਜਲੀ ਸਮਾਰੋਹ ਨੂੰ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾਈ ਆਗੂ ਬੰਤ ਸਿੰਘ ਬਰਾੜ, ਅਮਰਜੀਤ ਸਿੰ ਘ • ਬਾਕੀ ਸਫਾ 2 'ਤੇ

## 'ਨਵਾਂ ਜ਼ਮਾਨਾ' ਦੇ ਸੀਨੀਅਰ ਸਟਾਫ ਮੈਂਬਰ ਗਿਆਨ ਚੰਦ ਨਹੀਂ ਰਹੇ

### ਅੰਤਮ ਅਰਦਾਸ 4 ਨੂੰ

**ਜਲੰਧਰ (ਗਿਆਨ ਸੈਦਪੁਰੀ)**



ਰੋਜ਼ਾਨਾ 'ਨਵਾਂ ਜ਼ਮਾਨਾ' ਪਰਵਾਰ ਨੂੰ ਉਸ ਵੇਲੇ ਹੋਰ ਇਕ ਡੂੰਘੇ ਸਦਮੇ ਵਿੱਚੋਂ ਗੁਜ਼ਰਨਾ ਪਿਆ, ਜਦੋਂ ਪਿਛਲੇ 25-26 ਸਾਲ ਤੋਂ ਕੰਪਿਊਟਰ ਅਪਰੇਟਰ ਵਜੋਂ ਸੇਵਾਵਾਂ ਨਿਭਾਅ ਰਹੇ ਗਿਆਨ ਚੰਦ (53) ਸਦੀਵੀ ਵਿਛੋੜਾ ਦੇ ਗਏ। 5-6 ਦਿਨ ਪਹਿਲਾਂ ਸਿਹਤ ਨਾਸਾਜ਼ ਹੋਣ ਕਾਰਨ ਪਰਵਾਰ ਵੱਲੋਂ ਉਨ੍ਹਾਂ ਨੂੰ ਮਕਸੂਦਾਂ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ। ਇੱਥੇ ਸਿਹਤ ਵਿੱਚ ਸੁਧਾਰ ਨਾ ਹੁੰਦਾ ਵੇਖ ਕੇ ਉਨ੍ਹਾਂ ਨੂੰ ਜਲੰਧਰ ਦੇ ਇੱਕ ਨਾਮੀ ਨਿੱਜੀ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਨੂੰ ਬਚਾਇਆ ਨਾ ਜਾ ਸਕਿਆ। 26 ਜੂਨ (ਸ਼ੁੱਕਰਵਾਰ) ਦੀ ਅੱਧੀ ਕੁ ਰਾਤ ਨੂੰ ਉਨ੍ਹਾ ਆਖਰੀ ਸਾਹ ਲਿਆ। ਮਰਹੂਮ ਗਿਆਨ ਚੰਦ ਆਪਣੇ ਪਿੱਛੇ ਪਤਨੀ ਕਿਰਨ ਤੇ ਪੁੱਤਰ ਬ੍ਰਦੇਸ਼ ਭਾਰਦਵਾਜ ਛੱਡ • ਬਾਕੀ ਸਫਾ 2 'ਤੇ



## ਭਾਜਪਾ ਸਰਕਾਰ ਪੇਪਰ ਲੀਕ ਸਰਕਾਰ ਬਣੀ : ਕਾਂਗਰਸ

**ਮੁੰਬਈ :** ਮਹਾਰਾਸ਼ਟਰ ਵਿਚ ਟੀ ਈ ਟੀ-2026 ਪੇਪਰ ਲੀਕ ਹੋਣ ਕਾਰਨ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਇਕ ਰਾਜਨੀਤਕ ਤੁਫਾਨ ਵਿਚ ਘਿਰ ਗਈ ਹੈ, ਜੋ ਪਹਿਲਾਂ ਹੀ ਨੀਟ ਪੇਪਰ ਲੀਕ ਅਤੇ ਸੀ ਬੀ ਐੱਸ ਈ ਅਸਫਲਤਾ ਕਾਰਨ ਅਲੋਚਨਾ ਦਾ ਸਾਹਮਣਾ ਕਰ ਰਹੀ ਹੈ। ਮਹਾਰਾਸ਼ਟਰ ਅਧਿਆਪਕ ਯੋਗਤਾ ਪ੍ਰੀਖਿਆ (ਟੀ ਈ ਟੀ 2026) ਸ਼ਨੀਵਾਰ ਨੂੰ ਮੁਲਤਵੀ ਕਰ ਦਿੱਤੀ ਗਈ ਸੀ, ਜੋ ਕਿ ਹੋਣ ਵਾਲੇ ਸਮੇਂ ਤੋਂ ਇੱਕ ਦਿਨ ਪਹਿਲਾਂ ਪ੍ਰਸ਼ਨ ਪੱਤਰ ਦੇ ਕੁਝ ਹਿੱਸੇ ਕਥਿਤ ਤੌਰ 'ਤੇ ਲੀਕ ਹੋਣ ਤੋਂ ਬਾਅਦ ਹੋਈ ਸੀ। ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਇੱਕ ਵਿਅੰਗਮਈ ਸੰਗਠਨ, ਜੋ ਕਿ ਪਹਿਲਾਂ ਹੀ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਵਿਰੁੱਧ ਵਿਰੋਧ ਪ੍ਰਦਰਸ਼ਨ ਕਰ ਰਿਹਾ ਹੈ ਅਤੇ ਪਿਛਲੇ ਮਹੀਨੇ ਨੀਟ-ਯੂ ਜੀ ਪੇਪਰ ਲੀਕ 'ਤੇ ਉਨ੍ਹਾ ਦੇ ਅਸਤੀਫ਼ੇ ਦੀ ਮੰਗ ਕਰ • ਬਾਕੀ ਸਫਾ 2 'ਤੇ

## ਅੱਜ-ਨਾਮਾ

ਮੰਨਦਾ ਕੋਈ ਤੇ ਬੇਸ਼ੱਕ ਕੋਈ ਨਾ ਮੰਨੇ,
ਆਈ ਤਾਂ ਖਬਰ ਆ ਬੜੀ ਅਜੀਬ ਬੇਲੀ।
ਭਾਰਤ-ਪਾਕਿ ਦੀ ਹੁੰਦੀ ਹੈ ਬਾਤ ਲੁਕਵੀਂ,
ਪਹੁੰਚਦੀ ਮੀਟਿੰਗ ਦੇ ਸੁਣੀ ਕਰੀਬ ਬੇਲੀ।
ਸਿੱਧੇ ਆਗੂ ਜਾਂ ਅਫਸਰ ਨਾ ਦੋਹੀਂ ਬੰਨੀਂ,
ਵਿਚਲੇ ਲੋਕ ਪਏ ਘੜਨ ਤਰਤੀਬ ਬੇਲੀ।
ਜਦ ਤੱਕ ਦੋਵਾਂ ਨੇ ਬੈਠਕ ਦੀ ਹਾਂ ਕਰਨੀ,
ਇਹੋ ਹੀ ਲੱਭਣਗੇ ਕੋਈ ਤਰਕੀਬ ਬੇਲੀ।
ਚੱਲਦੀ ਗੱਲ ਤਾਂ ਗੱਲ ਆ ਬਹੁਤ ਸੋਹਣੀ,
ਦੋਵਾਂ ਮੁਲਕਾਂ ਦੇ ਚਾਹੁੰਦੇ ਆ ਲੋਕ ਬੇਲੀ।
ਇਹੀਓ ਖਤਰਾ ਕਿ ਜਗਤ ਦੇ ਸਿਰੇ ਦੂਜੇ,
ਬੈਠਾ ਬੁੜ੍ਹਾ ਨਾ ਪਾਏ ਕੋਈ ਰੋਕ ਬੇਲੀ।

-ਤੀਸ ਮਾਰ ਖਾਂ

## ਬੱਬਰਾਂ ਦੇ ਮਿਸ਼ਨ ਦੀ ਪੂਰਤੀ ਲਈ ਲੱਕ ਬੰਨ੍ਹ ਕੇ ਤੁਰਨ ਦੀ ਲੋੜ

### ਬੱਬਰ ਅਕਾਲੀ ਲਹਿਰ ਸ਼ਹਾਦਤ ਸ਼ਤਾਬਦੀ ਮਨਾਉਣ ਸੰਬੰਧੀ ਵਿਚਾਰਾਂ




**ਜਲੰਧਰ (ਕੇਸਰ)**

ਆਜ਼ਾਦੀ ਸੰਗਰਾਮ ਵਿੱਚ ਵਿਲੱਖਣ ਪੈੜਾਂ ਪਾਉਣ ਵਾਲੀ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ (1926-2026) ਮਨਾਉਣ ਲਈ ਪ੍ਰਭਾਵਸ਼ਾਲੀ ਜਨਤਕ ਲਾਮਬੰਦੀ ਕਰਨ, ਧਰਤੀ ਨਾਲ ਜੁੜੀ ਮੁਹਿੰਮ ਚਲਾਉਣ ਅਤੇ ਇਸ ਮੁਹਿੰਮ ਦੇ ਸਿਖ਼ਰ 'ਤੇ ਪਹਿਲੀ ਨਵੰਬਰ ਨੂੰ ਮੇਲਾ ਗ਼ਦਰੀ ਬਾਬਿਆਂ ਦਾ ਯਾਦਗਾਰੀ ਅੰਦਾਜ਼ ਵਿੱਚ ਮਨਾਉਣ ਲਈ ਵਿਚਾਰਾਂ ਸਾਂਝੀਆਂ ਕਰਨ ਵਾਸਤੇ ਸ਼ਨੀਵਾਰ ਦੇਸ਼ ਭਗਤ ਯਾਦਗਾਰ ਹਾਲ 'ਚ ਪਰਵਾਰਾਂ, ਸੰਸਥਾਵਾਂ ਅਤੇ ਬੱਬਰਾਂ ਦੇ ਨਗਰਾਂ ਦੇ ਪ੍ਰਤੀਨਿਧਾਂ ਦੀ ਵਿਸ਼ੇਸ਼ ਮਿਲਣੀ ਕੀਤੀ ਗਈ। ਇਸ ਸੰਬੰਧੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਬੱਬਰ ਲਹਿਰ ਦੇ ਸੂਰਮੇ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਸ਼ਬਦ ਕਹੇ ਅਤੇ ਸਭਨਾਂ ਨੇ ਖੜ੍ਹੇ ਹੋ ਕੇ ਬੱਬਰ ਸ਼ਹੀਦਾਂ ਨੂੰ ਸਿਜਦਾ ਕੀਤਾ। ਜਨਰਲ ਸਕੱਤਰ ਨੇ ਅਪੀਲ ਕੀਤੀ ਕਿ ਤੁਹਾਡੇ ਸਹਿਯੋਗ ਨਾਲ ਹੀ ਸ਼ਤਾਬਦੀ ਸਫ਼ਲਤਾਪੂਰਵਕ ਨੇਪਰੇ ਚਾੜ੍ਹੀ ਜਾ ਸਕਦੀ ਹੈ।

ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੀਟਿੰਗ ਦਾ ਮੰਤਵ, ਕਾਰਜ ਅਤੇ ਇਸ ਮੁਹਿੰਮ ਵਿੱਚ ਕਮੇਟੀ, ਬੱਬਰਾਂ ਦੇ ਪਿੰਡਾਂ, ਪਰਵਾਰਾਂ ਦੀ ਜੋਟੀ ਸਦਕਾ ਸਾਹਮਣੇ ਆਉਣ ਵਾਲੀ ਇਤਿਹਾਸਕ ਭੂਮਿਕਾ ਬਾਰੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਲੋਕਾਂ ਦੀ ਭਰਵੀਂ ਸ਼ਮੂਲੀਅਤ ਨਾਲ ਹੀ ਹੋਏਗੀ ਮੇਲੇ ਦੀ ਵਿਲੱਖਣ ਪ੍ਰਾਪਤੀ। ਬੱਬਰਾਂ ਦੇ ਵੱਖ-ਵੱਖ ਪਿੰਡਾਂ ਤੋਂ ਆਏ 50 ਤੋਂ ਵੱਧ ਪ੍ਰਤੀਨਿਧਾਂ ਨੇ ਬਹੁਤ ਹੀ ਅਮੁੱਲੜੇ ਵਿਚਾਰ ਸਾਂਝੇ ਕੀਤੇ। ਮੁਹਿੰਮ ਨੂੰ ਖਿੱਚ ਭਰਪੂਰ ਬਣਾਉਣ, ਲੋਕਾਂ ਦੀ ਭਰਵੀਂ ਸ਼ਮੂਲੀਅਤ ਯਕੀਨੀ ਕਰਨ ਲਈ ਠੋਸ ਰਾਵਾਂ ਅਤੇ ਸੁਝਾਅ ਦਿੱਤੇ। ਬੱਬਰ ਇਤਿਹਾਸ ਅਤੇ ਅਜੋਕੇ ਸਮੇਂ ਦੇ ਭਖ਼ਵੇਂ ਸੁਆਲਾਂ ਨੂੰ ਸੰਬੋਧਤ ਹੁੰਦੇ ਹੋਏ ਸ਼ਹੀਦਾਂ ਦੇ ਪਰਵਾਰਾਂ, ਪਿੰਡਾਂ, • ਬਾਕੀ ਸਫਾ 2 'ਤੇ



ਸ੍ਰ. ਸੁਖਜਿੰਦਰ ਸਿੰਘ ਅਤੇ ਸੰਦੀਪ ਕੌਰ ਢਿੱਲੋਂ ਨੇ ਆਪਣੇ ਪਰਵਾਰ ਨਾਲ ਪੁੱਤਰੀ ਕਨਵੀਰ ਕੌਰ ਦਾ 6ਵਾਂ ਤੇ ਪੁੱਤਰ ਸਹਿਜਪ੍ਰੀਤ ਸਿੰਘ ਦਾ ਚੌਥਾ ਜਨਮ ਦਿਨ ਮਨਾਇਆ। ਇਸ ਖੁਸ਼ੀ ਦੇ ਮੌਕੇ 'ਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ ਤੇ ਕਾਮਰੇਡ ਨਰਿੰਦਰ ਸਿੰਘ ਅਲਗੋਂ ਰਾਹੀਂ 'ਨਵਾਂ ਜ਼ਮਾਨਾ' ਅਖ਼ਬਾਰ ਨੂੰ ਸਹਾਇਤਾ ਭੇਜੀ।

# ਮੁੱਖ ਮੰਤਰੀ ਨੂੰ ਬਦਨਾਮ ਕਰਨ ਵਾਲਿਆਂ ਨੂੰ ਮੂੰਹ ਦੀ ਖਾਣੀ ਪਵੇਗੀ : ਖਾਲਸਾ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**- ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਜ਼ਿਲ੍ਹਾ ਮੋਗਾ ਦੇ ਪ੍ਰੈੱਸ ਸਕੱਤਰ ਅੰਮ੍ਰਿਤਪਾਲ ਸਿੰਘ ਖਾਲਸਾ ਦੀਨਾ ਸਾਹਿਬ ਨੇ ਕਿਹਾ ਹੈ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਨੂੰ ਬਦਨਾਮ ਕਰਨ ਲਈ ਵਿਰੋਧੀ ਧਿਰਾਂ ਵੱਲੋਂ ਨਕਲੀ ਵੀਡੀਓਜ਼ ਰਾਹੀਂ ਤੇ ਧਾਰਮਿਕ ਭਾਵਨਾਵਾਂ ਦਾ ਸਹਾਰਾ ਲਿਆ ਜਾ ਰਿਹਾ ਹੈ, ਪਰ ਇੱਕ ਦਿਨ ਇਨ੍ਹਾਂ ਨੂੰ ਆਪਣੇ ਇਸ ਕੂੜ ਪ੍ਰਚਾਰ ਦੀ ਮੂੰਹ ਦੀ ਖਾਣੀ ਪਵੇਗੀ।ਸਾਡੇ ਪ੍ਰਤੀਨਿਧੀ ਨਾਲ ਗੱਲਬਾਤ ਦੌਰਾਨ ਅੰਮ੍ਰਿਤਪਾਲ ਸਿੰਘ ਖਾਲਸਾ ਨੇ ਕਿਹਾ ਕਿ ਪੰਜਾਬ ਵਿੱਚ ਹੋ ਰਹੇ ਵਿਕਾਸ ਕਾਰਜਾਂ ਤੇ ਲੋਕ-ਪੱਖੀ ਨੀਤੀਆਂ ਕਾਰਨ ਵਿਰੋਧੀ ਧਿਰਾਂ ਮੁੱਦਾਹੀਣ ਹੋ ਚੁੱਕੀਆਂ ਹਨ।ਇਸੇ ਕਾਰਨ ਅਕਾਲੀ ਦਲ, ਕਾਂਗਰਸ ਤੇ ਭਾਜਪਾ ਵੱਲੋਂ ਧਾਰਮਿਕ ਭਾਵਨਾਵਾਂ ਨੂੰ ਵਰਤ ਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਕਾਂਗਰਸ, ਅਕਾਲੀ ਦਲ ਬਾਦਲ ਤੇ ਭਾਜਪਾ ਨਾਲ ਜੁੜੇ ਕਈ ਵਿਵਾਦਾਂ ਜਿਵੇਂ ਕਿ 1984 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਦੁਆਰਿਆਂ ਉੱਪਰ ਅਟੈਕ ਕਰਨਾ, ਸਿੱਖ ਨੌਜਵਾਨਾਂ ਦੀ ਨਸਲਕੁਸ਼ੀ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਬਰਗਾੜੀ ਤੇ ਬਹਿਬਲ ਕਾਂਡ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਾਰਾ ਕੁਝ ਮੰਨ ਕੇ ਮੁਕਰਨਾ, ਲਾਲ ਕ੍ਰਿਸ਼ਨ ਅਡਵਾਨੀ ਦੀ ਕਿਤਾਬ 'ਮਾਈ ਕੰਟਰੀ ਮਾਈ ਲਾਈਫ' ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਟੈਕ ਕਰਨ ਲਈ ਦਬਾਅ ਬਣਾਉਣਾ,



**ਵਿਕਾਸ ਦੀ ਰਾਜਨੀਤੀ 'ਚ ਮੁੱਦਾਹੀਣ ਵਿਰੋਧੀ ਧਿਰਾਂ ਧਰਮ ਦਾ ਸਹਾਰਾ ਲੈ ਰਹੀਆਂ**

ਕਿਸਾਨ ਅੰਦੋਲਨ ਵਿੱਚ 700 ਤੋਂ ਉੱਪਰ ਕਿਸਾਨਾਂ ਦੀ ਸ਼ਹੀਦੀ ਆਦਿ ਘਟਨਾਵਾਂ ਬਾਰੇ ਪੰਜਾਬ ਦੇ ਲੋਕ ਭਲੀਭਾਂਤ ਜਾਣੂ ਹਨ।ਉਨ੍ਹਾਂ ਦੋਸ਼ ਲਗਾਇਆ ਕਿ ਜਦੋਂ ਇਹ ਪਾਰਟੀਆਂ ਵਿਕਾਸ ਤੇ ਲੋਕ-ਹਿੱਤ ਦੇ ਮੁੱਦਿਆਂ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਮੁਕਾਬਲਾ ਨਹੀਂ ਕਰ ਸਕੀਆਂ ਤਾਂ ਇਨ੍ਹਾਂ ਨੇ ਧਾਰਮਿਕ ਮੁੱਦਿਆਂ ਨੂੰ ਰਾਜਨੀਤਕ ਤੌਰ 'ਤੇ ਵਰਤਣਾ ਸ਼ੁਰੂ ਕਰ ਦਿੱਤਾ ਹੈ। ਖਾਲਸਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖ਼ਿਲਾਫ਼ ਚਲਾਈ ਗਈ ਵੀਡੀਓ ਮੁਹਿੰਮ ਬਾਰੇ ਕਈ ਸਵਾਲ ਖੜ੍ਹੇ ਹੋਏ ਹਨ ਤੇ ਇਸ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਸ ਵੀਡੀਓ ਨੂੰ ਮਾਸਕ ਪਾ ਕੇ ਬਣਾਉਣ ਦਾ ਪਰਦਾਫਾਸ਼ ਵੀ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੂਰਾ ਸਤਿਕਾਰ ਕਰਦੇ ਹਨ, ਪਰ ਰਾਜਨੀਤਕ ਪ੍ਰਭਾਵ ਹੇਠ ਲਏ ਜਾਣ ਵਾਲੇ ਫੈਸਲਿਆਂ ਨੂੰ ਲੋਕਾਂ ਵੱਲੋਂ ਸਵੀਕਾਰ ਨਹੀਂ ਕੀਤਾ ਜਾ ਰਿਹਾ। ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਤੇ ਇਸ ਦੇ ਆਗੂਆਂ ਦੀ ਭੂਮਿਕਾ ਬਾਰੇ ਵੀ ਪੰਜਾਬ ਦੇ ਲੋਕ ਸਭ ਜਾਣਦੇ ਹਨ, ਜਦਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਤਾਂ ਮੀਡੀਆ ਸਾਹਮਣੇ ਹੀ ਕਹਿ ਦਿੱਤਾ ਹੈ ਕਿ ਉਹ ਸੁਖਬੀਰ ਬਾਦਲ ਦੇ ਵਫ਼ਾਦਾਰ ਸਿਪਾਹੀ ਹਨ, ਇਸੇ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੀਆਂ ਕੁਝ ਕਾਰਵਾਈਆਂ ਨੂੰ ਇਹ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿ ਉਹ ਰਾਜਨੀਤਕ ਮਕਸਦਾਂ ਲਈ ਵਰਤੀਆਂ ਜਾ ਰਹੀਆਂ ਹਨ।ਅੰਤ ਵਿੱਚ ਅੰਮ੍ਰਿਤਪਾਲ ਸਿੰਘ ਖਾਲਸਾ ਨੇ ਕਿਹਾ ਕਿ ਵਿਰੋਧੀ ਧਿਰਾਂ ਭਾਵੇਂ ਜਿੰਨਾ ਮਰਜ਼ੀ ਕੂੜ ਪ੍ਰਚਾਰ ਕਰ ਲੈਣ, ਪੰਜਾਬ ਦੇ ਲੋਕ ਵਿਕਾਸ ਤੇ ਕੰਮ ਦੀ ਰਾਜਨੀਤੀ ਨੂੰ ਹੀ ਤਰਜੀਹ ਦੇਣਗੇ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣਾ ਫੈਸਲਾ ਸਪੱਸ਼ਟ ਤੌਰ 'ਤੇ ਸੁਣਾਉਣਗੇ।

# ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ 'ਤੇ ਨਸ਼ਿਆਂ ਖ਼ਿਲਾਫ਼ ਕੱਢੀ ਵਿਸ਼ਾਲ ਰੈਲੀ




**ਦੋਰਾਹਾ, (ਹਰਮਿੰਦਰ ਸੇਠ)** ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਖੰਨਾ ਪੁਲਸ ਵੱਲੋਂ ਨਸ਼ਿਆਂ ਖ਼ਿਲਾਫ਼ ਜਨ-ਜਾਗਰੂਕਤਾ ਫੈਲਾਉਣ ਲਈ ਇੱਕ ਵਿਸ਼ਾਲ ਰੈਲੀ ਤੇ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ ਗਿਆ।ਮੁਹਿੰਮ ਦੀ ਅਗਵਾਈ ਐੱਸ.ਐੱਸ.ਪੀ. ਡਾ. ਦਰਪਣ ਆਹਲੂਵਾਲੀਆ ਨੇ ਕੀਤੀ।ਐੱਸ.ਪੀ. (ਡੀ) ਖੰਨਾ ਪਵਨਜੀਤ ਚੌਧਰੀ, ਐਂਟੀ ਡਰੱਗ ਫੈਡਰੇਸ਼ਨ ਖੰਨਾ ਦੇ ਮੈਂਬਰਾਂ, ਪੁਲਸ ਅਧਿਕਾਰੀਆਂ ਅਤੇ ਵੱਡੀ ਗਿਣਤੀ ਵਿੱਚ ਸਮਾਜ ਸੇਵੀਆਂ ਨੇ ਵੀ ਸ਼ਮੂਲੀਅਤ ਕੀਤੀ।ਇਹ ਜਾਗਰੂਕਤਾ ਰੈਲੀ ਜੀ.ਟੀ.ਬੀ. ਮਾਰਕੀਟ ਤੋਂ ਸ਼ੁਰੂ ਹੋ ਕੇ ਖੰਨਾ ਬੱਸ ਸਟੈਂਡ ਤੱਕ ਕੱਢੀ ਗਈ, ਜਿਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਾਇਆ ਗਿਆ ਤੇ ਨਸ਼ਾ-ਮੁਕਤ ਸਮਾਜ ਦੀ ਸਿਰਜਣਾ ਲਈ ਸਾਂਝੇ ਯਤਨਾਂ ਦਾ ਸੰਦੇਸ਼ ਦਿੱਤਾ ਗਿਆ। ਰੈਲੀ ਦੌਰਾਨ ਪੁਲਸ ਅਧਿਕਾਰੀਆਂ ਤੇ ਐਂਟੀ ਡਰੱਗ ਫੈਡਰੇਸ਼ਨ ਦੇ ਮੈਂਬਰਾਂ ਨੇ ਦੁਕਾਨਦਾਰਾਂ, ਰਾਹਗੀਰਾਂ ਤੇ ਨੌਜਵਾਨਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਹੋਰਨਾਂ ਨੂੰ ਵੀ ਇਸ ਬੁਰਾਈ ਤੋਂ ਬਚਾਉਣ ਲਈ ਪ੍ਰੇਰਿਤ ਕੀਤਾ।ਐੱਸ.ਐੱਸ.ਪੀ. ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸਿਰਫ਼ ਪੁਲਸ ਦੀ ਕਾਰਵਾਈ ਹੀ ਕਾਫ਼ੀ ਨਹੀਂ, ਸਗੋਂ ਸਮਾਜ ਦੇ ਹਰ ਵਰਗ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਨਸ਼ਾ ਤਸਕਰੀ ਜਾਂ ਨਸ਼ਿਆਂ ਨਾਲ ਸਬੰਧਤ ਕੋਈ ਵੀ ਸ਼ੱਕੀ ਗਤੀਵਿਧੀ ਬਾਰੇ ਜਾਣਕਾਰੀ ਮਿਲਦੀ ਹੈ ਤਾਂ ਉਹ ਬਿਨਾਂ ਕਿਸੇ ਡਰ ਦੇ ਪੰਜਾਬ ਪੁਲਸ ਦੇ ਪੋਰਟਲ ਸੇਫ ਪੰਜਾਬ 'ਤੇ ਜਾਣਕਾਰੀ ਸਾਂਝੀ ਕਰਨ।ਉਨ੍ਹਾਂ ਭਰੋਸਾ ਦਿਵਾਇਆ ਕਿ ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

## ਥੈਲੇਸੀਮੀਆ ਮਰੀਜ਼ਾਂ ਨੂੰ ਵੱਡੀ ਰਾਹਤ, ਰਿਪਲੇਸਮੈਂਟ ਡੋਨਰ ਦੀ ਸ਼ਰਤ ਨਹੀਂ ਲਗਾਈ ਜਾ ਸਕਦੀ : ਅਸ਼ੋਕ ਸੱਚਰ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**- ਸਮਾਜ ਸੇਵੀ ਅਸ਼ੋਕ ਸੱਚਰ ਵੱਲੋਂ ਥੈਲੇਸੀਮੀਆ ਤੇ ਹੋਰ ਨਿਯਮਿਤ ਤੌਰ 'ਤੇ ਖੂਨ ਚੜ੍ਹਾਉਣ ਵਾਲੇ ਮਰੀਜ਼ਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਉਠਾਏ ਗਏ ਜਨਹਿੱਤ ਦੇ ਮੁੱਦੇ 'ਤੇ ਪੰਜਾਬ ਸਟੇਟ ਬਲੱਡ ਟ੍ਰਾਂਸਫਿਊਜ਼ਨ ਕੌਂਸਲ ਵੱਲੋਂ ਡੀ.ਐੱਮ.ਸੀ. ਹਸਪਤਾਲ ਲੁਧਿਆਣਾ ਨੂੰ ਮਹੱਤਵਪੂਰਨ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।ਅਸ਼ੋਕ ਸੱਚਰ ਨੇ ਦੱਸਿਆ ਕਿ ਕੌਂਸਲ ਵੱਲੋਂ ਜਾਰੀ ਨਿਰਦੇਸ਼ਾਂ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਖੂਨ ਜਾਂ ਬਲੱਡ ਕੰਪੋਨੈਂਟ ਜਾਰੀ ਕਰਨ ਲਈ ਰਿਪਲੇਸਮੈਂਟ ਡੋਨਰ ਦੀ ਸ਼ਰਤ ਨਹੀਂ ਲਗਾਈ ਜਾ ਸਕਦੀ, ਕਿਉਂਕਿ ਇਹ ਰਾਸ਼ਟਰੀ ਦਿਸ਼ਾ-ਨਿਰਦੇਸ਼ਾਂ ਦੇ ਅਨੁਕੂਲ ਨਹੀਂ ਹੈ।ਨਾਲ ਹੀ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਗਿਆ ਕਿ ਥੈਲੇਸੀਮੀਆ ਤੇ ਹੋਰ ਟ੍ਰਾਂਸਫਿਊਜ਼ਨ-ਨਿਰਭਰ ਮਰੀਜ਼ਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਖੂਨ ਤੇ ਬਲੱਡ ਕੰਪੋਨੈਂਟ ਉਪਲਬਧ ਕਰਵਾਏ ਜਾਣ। ਉਨ੍ਹਾਂ ਇਸ ਜਨਹਿੱਤ ਦੇ ਮੁੱਦੇ 'ਤੇ ਤੁਰੰਤ ਕਾਰਵਾਈ ਕਰਨ ਲਈ ਮਾਣਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਸਰਕਾਰ, ਪੰਜਾਬ ਸਟੇਟ ਏਡਜ਼ ਕੰਟਰੋਲ ਸੋਸਾਇਟੀ ਤੇ ਪੰਜਾਬ ਸਟੇਟ ਬਲੱਡ ਟ੍ਰਾਂਸਫਿਊਜ਼ਨ ਕੌਂਸਲ ਦਾ ਦਿਲੋਂ ਧੰਨਵਾਦ ਕੀਤਾ।ਅੰਤ ਵਿੱਚ ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਸਿਹਤ, ਪਾਰਦਰਸ਼ਤਾ ਤੇ ਲੋਕ ਭਲਾਈ ਨਾਲ ਜੁੜੇ ਮੁੱਦਿਆਂ ਨੂੰ ਇਸੇ ਤਰ੍ਹਾਂ ਨਿਰਪੱਖਤਾ ਨਾਲ ਉਠਾਉਂਦੇ ਰਹਿਣਗੇ, ਤਾਂ ਜੋ ਆਮ ਲੋਕਾਂ ਨੂੰ ਉਨ੍ਹਾਂ ਦੇ ਹੱਕ ਤੇ ਬਿਹਤਰ ਸਰਕਾਰੀ ਸੇਵਾਵਾਂ ਮਿਲ ਸਕਣ।

## ਮਾਡਰਨ ਕਾਲਜ ਬੀੜ ਕਲਾਂ ਦਾ ਪੀ.ਜੀ.ਡੀ.ਸੀ.ਏ. ਦਾ ਨਤੀਜਾ ਸ਼ਾਨਦਾਰ



**ਚੀਮਾ ਮੰਡੀ (ਰਵਿੰਦਰ ਚੀਮਾ)**- ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਮਾਡਰਨ ਕਾਲਜ ਬੀੜ ਕਲਾਂ ਦੇ ਪੀ.ਜੀ.ਡੀ.ਸੀ.ਏ. ਸਮੈਸਟਰ ਪਹਿਲਾ ਦਾ ਨਤੀਜਾ ਸ਼ਾਨਦਾਰ ਰਿਹਾ।ਇਸ ਮੌਕੇ ਅਸਿਸਟੈਂਟ ਪ੍ਰੋਫੈਸਰ ਪ੍ਰਿਤਪਾਲ ਕੌਰ ਨੇ ਦੱਸਿਆ ਕਿ ਜਸਵਿੰਦਰ ਸਿੰਘ ਨੇ ਕੁੱਲ 500 ਅੰਕਾਂ 'ਚੋਂ 414 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਸੰਦੀਪ ਸਿੰਘ ਤੇ ਪ੍ਰਦੀਪ ਸਿੰਘ ਨੇ 397 ਅੰਕ ਪ੍ਰਾਪਤ ਕਰਕੇ ਦੂਜਾ ਤੇ ਬਲਵਿੰਦਰ ਸਿੰਘ ਨੇ 392 ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾ. ਵੀ ਕੇ ਰਾਏ ਨੇ ਚੰਗੇ ਅੰਕ ਪ੍ਰਾਪਤ ਕਰਕੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਦੇ ਨਾਲ਼ ਹੀ ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ ਖੇਤਰ ਦੇ ਨਾਲ਼-ਨਾਲ਼ ਸਮਾਜਿਕ, ਬੌਧਿਕ, ਨੈਤਿਕ ਮੁੱਲਾਂ ਦੇ ਵਿਕਾਸ 'ਤੇ ਧਿਆਨ ਕੇਂਦਰਤ ਕਰਨ ਲਈ ਵੀ ਕਿਹਾ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

# ਸਰਕਾਰੀ ਬਹੁ-ਤਕਨੀਕੀ ਕਾਲਜ ਵਿਖੇ ਦਾਖਲੇ ਸ਼ੁਰੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਸਰਕਾਰੀ ਬਹੁਤਕਨੀਕੀ ਕਾਲਜ, ਦੁਲਚੀ ਕੇ ਰੋਡ ਫਿਰੋਜ਼ਪੁਰ ਸ਼ਹਿਰ ਦੇ ਪ੍ਰਿੰਸੀਪਲ ਜਤਿੰਦਰ ਪਾਲ ਵਲੋਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਜ਼ਿਲ੍ਹਾ ਫਿਰੋਜ਼ਪੁਰ ਤੇ ਫਾਜ਼ਿਲਕਾ ਦੇ ਇੱਕੋਂ ਇਕ ਸਰਕਾਰੀ ਬਹੁਤਕਨੀਕੀ ਕਾਲਜ ਫਿਰੋਜ਼ਪੁਰ ਸ਼ਹਿਰ ਵਿਖੇ ਪੰਜਾਬ ਰਾਜ ਤਕਨੀਕੀ ਸਿਖਿਆ ਬੋਰਡ ਚੰਡੀਗੜ੍ਹ ਰਾਹੀਂ ਕੀਤੇ ਜਾ ਰਹੇ ਆਨਲਾਈਨ ਦਾਖਲੇ ਅਧੀਨ ਦੂਜੇ ਰਾਊਂਡ ਦੀ ਕਾਉਂਸਲਿੰਗ ਲਈ ਰਜਿਸਟ੍ਰੇਸ਼ਨ 25 ਜੂਨ 2026 ਤੋਂ ਸ਼ੁਰੂ ਹੋ ਚੁੱਕੀ ਹੈ, ਜਿਸ ਦੀ ਅੰਤਿਮ ਮਿਤੀ 8 ਜੁਲਾਈ 2026 ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀ ਦਾਖਲੇ ਲਈ ਆਨਲਾਈਨ ਰਜਿਸਟ੍ਰੇਸ਼ਨ ਕਰਨ ਉਪਰੰਤ ਜਿਸ ਟਰੇਡ/ਬ੍ਰਾਂਚ ਵਿੱਚ ਦਾਖਲਾ ਲੈਣਾ ਚਾਹੁੰਦਾ ਹੈ, ਉਸ ਸਬੰਧੀ 9 ਜੁਲਾਈ 2026 ਤੱਕ ਆਨਲਾਈਨ ਚੁਆਇਸ ਪ੍ਰੈਫਰੈਂਸ ਦੇ ਸਕਦਾ ਹੈ। ਦੂਜੇ ਗੇੜ ਦੀ ਕਾਉਂਸਲਿੰਗ ਲਈ ਬੋਰਡ ਵੱਲੋਂ ਨਤੀਜਾ 13 ਜੁਲਾਈ 2026 ਨੂੰ ਐਲਾਨਿਆ ਜਾਵੇਗਾ। ਨਤੀਜੇ ਵਿਚ ਸੀਟ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਦਸਤਾਵੇਜ਼ਾਂ ਦੀ ਵੈਰੀਫਿਕੇਸ਼ਨ 14 ਜੁਲਾਈ ਤੋਂ 21 ਜੁਲਾਈ 2026 ਤੱਕ ਕਾਲਜ ਵਿਚ ਹੀ ਕੀਤੀ ਜਾਵੇਗੀ। ਵਿਦਿਆਰਥੀ ਇਨ੍ਹਾਂ ਮਿਤੀਆਂ ਦੌਰਾਨ ਕਾਲਜ ਵਿਚ ਵਿਜਿਟ ਕਰਕੇ ਆਪਣੇ ਦਸਤਾਵੇਜਾਂ ਦੀ ਪੜਤਾਲ ਕਰਵਾਉਣ ਉਪਰੰਤ 22 ਜੁਲਾਈ 2026 ਤੱਕ ਦਾਖਲਾ ਫੀਸ ਜਮ੍ਹਾਂ ਕਰਵਾ ਕੇ ਆਪਣੀ ਸੀਟ ਕਨਫਰਮ ਕਰਵਾ ਸਕੇਗਾ।

ਉਨ੍ਹਾਂ ਦੱਸਿਆ ਕਿ ਦਾਖਲੇ ਲਈ ਚਾਹਵਾਨ ਵਿਦਿਆਰਥੀਆਂ ਲਈ ਕਾਲਜ ਵਿਖੇ ਆਨਲਾਈਨ ਰਜਿਸਟ੍ਰੇਸ਼ਨ ਲਈ ਹੈਲਪਲਾਈਨ ਡੈਸਕ ਸਥਾਪਤ ਕੀਤਾ ਜਾ ਚੁੱਕਾ ਹੈ।

# ਪੁਲਸ ਸਾਂਝ ਕੇਂਦਰਾਂ ਦੇ ਮੁਲਾਜ਼ਮਾਂ ਦੀ ਵੀ ਆਈ ਪੀ ਡਿਊਟੀ ਨਾ ਲਾਈ ਜਾਵੇ : ਅਵਤਾਰ ਤਾਰੀ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**- ਸਹਿਕਾਰੀ ਸਭਾਵਾਂ ਪ੍ਰਬੰਧਕ ਕਮੇਟੀਆਂ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਅਤੇ ਕਿਸਾਨ ਆਗੂ ਅਵਤਾਰ ਸਿੰਘ ਤਾਰੀ ਭੁੱਲਰਹੇੜੀ ਨੇ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਅਤੇ ਉੱਚ ਅਧਿਕਾਰੀਆਂ ਤੋਂ ਪੁਲਿਸ ਸਾਂਝ ਕੇਂਦਰਾਂ ਵਿੱਚ ਤਾਇਨਾਤ ਮੁਲਾਜ਼ਮਾਂ ਦੀ ਡਿਊਟੀ ਵੀ.ਆਈ.ਪੀ ਸੁਰੱਖਿਆ ਜਾਂ ਹੋਰ ਬਾਹਰੀ ਪ੍ਰੋਗਰਾਮਾਂ ਵਿੱਚ ਡਿਊਟੀ ਨਾ ਲਾਉਣ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਜਦੋਂ ਵੀ ਇਨ੍ਹਾਂ ਮੁਲਾਜਮਾਂ ਨੂੰ ਸਾਂਝ ਕੇਂਦਰਾਂ ਤੋਂ ਹਟਾ ਕੇ ਦੂਜੀਆਂ ਡਿਊਟੀਆਂ 'ਤੇ ਭੇਜਿਆ ਜਾਂਦਾ ਹੈ, ਤਾਂ ਕੇਂਦਰਾਂ ਵਿੱਚ ਆਉਣ ਵਾਲੇ ਆਮ ਲੋਕਾਂ ਦੇ ਕੰਮਕਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਖੱਜਲ-ਖੁਆਰ ਹੋਣਾ ਪੈਂਦਾ ਹੈ। ਕਿਸਾਨ ਆਗੂ ਨੇ ਅੱਗੇ ਆਖਿਆ ਕਿ ਸਰਕਾਰ ਵੱਲੋਂ ਸਾਂਝ ਕੇਂਦਰਾਂ ਦੀ ਸਥਾਪਨਾ ਆਮ ਜਨਤਾ ਨੂੰ ਇੱਕੋ ਛੱਤ ਹੇਠ ਸੁਖਾਲੀਆਂ ਅਤੇ ਤੈਅ ਸਮੇਂ ਅੰਦਰ ਪੁਲਿਸ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੀਤੀ ਗਈ ਸੀ। ਰੋਜ਼ਾਨਾ ਸੈਂਕੜੇ ਨਾਗਰਿਕਾਂ ਨੂੰ ਆਪਣੇ ਜਰੂਰੀ ਕੰਮਾਂ ਜਿਵੇਂ ਕਿ ਪਾਸਪੋਰਟ ਵੈਰੀਫਿਕੇਸ਼ਨ, ਵੱਖ-ਵੱਖ ਤਰ੍ਹਾਂ ਦੀਆਂ ਪੁਲਿਸ ਰਿਪੋਰਟਾਂ, ਚਰਿੱਤਰ ਸਰਟੀਫਿਕੇਟ, ਕਿਰਾਏਦਾਰਾਂ ਦੀ ਵੈਰੀਫਿਕੇਸ਼ਨ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਲਈ ਇਨ੍ਹਾਂ ਸਾਂਝ ਕੇਂਦਰਾਂ ਦੇ ਚੱਕਰ ਕੱਟਣੇ ਪੈਂਦੇ ਹਨ। ਪਰ ਮੁਲਾਜਮਾਂ ਦੀ ਘਾਟ ਜਾਂ ਉਨ੍ਹਾਂ ਦੀ ਗੈਰ-ਹਾਜ਼ਰੀ ਕਾਰਨ ਲੋਕਾਂ ਨੂੰ ਖੱਜਲ ਖੁਆਰ ਹੁੰਦਿਆਂ ਬਿਨਾਂ ਕੰਮ ਕਰਵਾਏ ਹੀ ਨਿਰਾਸ਼ ਹੋ ਕੇ ਪਰਤਣਾ ਪੈਂਦਾ ਹੈ। ਅਵਤਾਰ ਸਿੰਘ ਤਾਰੀ ਭੁੱਲਰਹੇੜੀ ਨੇ ਜਿਲ੍ਹਾ ਪੁਲਿਸ ਮੁਖੀ ਅਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਉਹ ਲੋਕ ਹਿੱਤਾਂ ਨੂੰ ਮੁੱਖ ਰੱਖਦਿਆਂ ਇਸ ਮਸਲੇ ਵੱਲ ਤੁਰੰਤ ਧਿਆਨ ਦੇਣ।ਉਨ੍ਹਾਂ ਮੰਗ ਕੀਤੀ ਕਿ ਸਾਂਝ ਕੇਂਦਰਾਂ ਦੇ ਸਟਾਫ਼ ਨੂੰ ਸਿਰਫ਼ ਪਬਲਿਕ ਡਿਊਟੀ ਲਈ ਹੀ ਰਾਖਵਾਂ ਰੱਖਿਆ ਜਾਵੇ ਤਾਂ ਜੁ ਆਮ ਸ਼ਹਿਰੀਆਂ ਅਤੇ ਪੇਂਡੂ ਲੋਕਾਂ ਨੂੰ ਆਪਣੀਆਂ ਪ੍ਰਸ਼ਾਸਨਿਕ ਸੇਵਾਵਾਂ ਲੈਣ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ ਤੇ ਸਾਂਝ ਕੇਂਦਰਾਂ ਦਾ ਅਸਲ ਮਕਸਦ ਸਾਰਥਿਕ ਹੋ ਸਕੇ।

# ਵਿਧਾਇਕ ਗਿਆਸਪੁਰਾ ਨੇ ਜਹਾਂਗੀਰ 'ਚ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ



**ਦੋਰਾਹਾ (ਹਰਮਿੰਦਰ ਸੇਠ)**- ਸ੍ਰ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਦਿਸ਼ਾ ਨਿਰਦੇਸ਼ ਹੇਠ ਵਿਧਾਇਕ ਸ੍ਰ. ਮਨਵਿੰਦਰ ਸਿੰਘ ਗਿਆਸਪੁਰਾ ਨੇ ਹਲਕਾ ਪਾਇਲ ਦੇ ਪਿੰਡ ਜਹਾਂਗੀਰ ਵਿਖੇ ਲੋਕ ਮਿਲਣੀ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਮੌਕੇ 'ਤੇ ਹੀ ਉਨ੍ਹਾਂ ਦਾ ਹੱਲ ਕੀਤਾ। ਇਸ ਸਮੇਂ ਪਿੰਡ ਦੇ ਲੋਕਾਂ ਨਾਲ ਸ੍ਰ. ਮਨਿੰਦਰ ਸਿੰਘ ਗਿਆਸਪੁਰਾ ਦਾ ਪਿਆਰ ਤੇ ਉਨ੍ਹਾਂ ਪ੍ਰਤੀ ਬਣਦੀ ਜ਼ਿੰਮੇਵਾਰੀ ਭਲੀ ਭਾਂਤ ਲੋਕਾਂ ਨਾਲ ਮਿਲ ਕੇ ਦਰਸਾਉਂਦੀ ਹੈ।ਇਸ ਸਮੇਂ ਮਨਵਿੰਦਰ ਸਿੰਘ ਗਿਆਸਪੁਰਾ ਨੇ ਸ੍ਰ. ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਰਸੋਈ ਕਿੱਟਾਂ ਲੋੜਵੰਦ ਪਰਵਾਰਾਂ ਨੂੰ ਵੰਡੀਆਂ। ਇਸ ਸਮੇਂ ਮੌਜੂਦ ਡਾਕਟਰ ਸਰਬਜੀਤ ਸਿੰਘ ਬਿਲਾਸਪੁਰ ਯੁੱਧ ਨਸ਼ਿਆਂ ਵਿਰੁੱਧ ਬਲਾਕ ਕੋਆਰਡੀਨੇਟਰ, ਸ੍ਰ. ਗੁਰਪਾਲ ਸਿੰਘ ਬਿਲਾਸਪੁਰ ਐਜੂਕੇਸ਼ਨ ਬਲਾਕ ਕੋਆਰਡੀਨੇਟਰ, ਸਰਪੰਚ ਦਵਿੰਦਰ ਸਿੰਘ ਰਾੜਾ ਸਾਹਿਬ, ਹਰਬੰਸ ਸਿੰਘ ਪ੍ਰਧਾਨ ਆਮ ਆਦਮੀ ਪਾਰਟੀ ਸੀਨੀਅਰ ਆਗੂ ਜਹਾਂਗੀਰ, ਸਰਦਾਰ ਬਲਜੀਤ ਸਿੰਘ ਜਹਾਂਗੀਰ ਪੰਚ ਆਮ ਆਦਮੀ ਪਾਰਟੀ, ਜਸਕਰਨ ਸਿੰਘ ਜੱਸਾ ਕਲੱਬ ਪ੍ਰਧਾਨ, ਜਸਵਿੰਦਰ ਸਿੰਘ ਪੰਧੇਰ, ਬੀਬੀ ਪਰਮਜੀਤ ਕੌਰ, ਹਰਦੀਪ ਕੌਰ, ਬੀਬੀ ਅਮਰਜੀਤ ਕੌਰ, ਹਰਮਨਦੀਪ ਕੌਰ, ਕੋਮਲਦੀਪ ਕੌਰ, ਬਬਲਜੀਤ ਕੌਰ ਆਦਿ ਹਾਜ਼ਰ ਸਨ।

## ਅਕਾਲ ਅਕੈਡਮੀ 'ਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ




**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਪੰਜਾਬ ਸਰਕਾਰ ਦੀ ਨਸ਼ਾ ਮੁਕਤੀ ਮੁਹਿੰਮ ਤਹਿਤ ਅਕਾਲ ਅਕੈਡਮੀ ਮਹਿਲ ਕਲਾਂ ਵਿਖੇ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਸਕੂਲ ਦੇ 100 ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।ਇਸ ਦੌਰਾਨ ਵਿਦਿਆਰਥੀਆਂ ਨੇ ਸਕੂਲ ਦੇ ਮੈਦਾਨ 'ਚ 'ਅਸੀਂ ਨਸ਼ਾ ਮੁਕਤ ਹਾਂ' ਦੀ ਮਨੁੱਖੀ ਬਣਤਰ ਤਿਆਰ ਕਰਕੇ ਨਸ਼ਿਆਂ ਵਿਰੁੱਧ ਇੱਕ ਪ੍ਰਭਾਵਸ਼ਾਲੀ ਤੇ ਪ੍ਰੇਰਨਾਦਾਇਕ ਸੰਦੇਸ਼ ਦਿੱਤਾ।ਸਮਾਗਮ 'ਚ ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਇੰਸਪੈਕਟਰ ਕੁਲਵਿੰਦਰ ਸਿੰਘ ਧਾਲੀਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਵਿਦਿਆਰਥੀਆਂ ਦੇ ਇਸ ਸ਼ਲਾਘਾਯੋਗ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਬੁਰਾਈ ਤੋਂ ਦੂਰ ਰੱਖਣ ਲਈ ਅਜਿਹੇ ਜਾਗਰੂਕਤਾ ਪ੍ਰੋਗਰਾਮ ਸਮੇਂ ਦੀ ਮੁੱਖ ਲੋੜ ਹਨ।ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਹਰ ਨਾਗਰਿਕ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।ਇਸ ਮੌਕੇ ਡਰੋਨ ਰਾਹੀਂ ਹਵਾਈ ਫੋਟੋਗ੍ਰਾਫੀ ਵੀ ਕੀਤੀ ਗਈ।ਪ੍ਰੋਗਰਾਮ ਦੇ ਅੰਤ 'ਚ ਸਕੂਲ ਪ੍ਰਿੰਸੀਪਲ ਬਲਵਿੰਦਰ ਕੌਰ, ਸਮੂਹ ਅਧਿਆਪਕਾਂ, ਵਿਦਿਆਰਥੀਆਂ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਨੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਆਪਣੀ ਵਚਨਬੱਧਤਾ ਦੁਹਰਾਉਂਦਿਆਂ ਸਮਾਜ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਸਿਹਤਮੰਦ ਜੀਵਨ ਅਪਣਾਉਣ ਦਾ ਸੱਦਾ ਦਿੱਤਾ।

## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਵਿਦਿਆਰਥੀ ਦੀ ਮਦਦ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਕਾਲਰਸ਼ਿਪ ਤਹਿਤ ਪੜ੍ਹਾਈ ਵਿੱਚ ਹੁਸ਼ਿਆਰ, ਪਰ ਆਰਥਿਕ ਤੌਰ 'ਤੇ ਕਮਜ਼ੋਰ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਵੱਡੀ ਪੱਧਰ 'ਤੇ ਮਦਦ ਕੀਤੀ ਜਾ ਰਹੀ ਹੈ ਤਾਂ ਜੋ ਇਹ ਲੋੜਵੰਦ ਵੀ ਆਪਣੀ ਪੜ੍ਹਾਈ ਜਾਰੀ ਰੱਖ ਸਕਨ।ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਅਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਇਸ ਲੜੀ ਤਹਿਤ ਮੁਕਤਸਰ ਵਿਖੇ ਇੱਕ ਲੋੜਵੰਦ ਵਿਦਿਆਰਥੀ ਨੂੰ ਪੜ੍ਹਾਈ ਜਾਰੀ ਰੱਖਣ ਲਈ ਅੱਠ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ ਅਤੇ ਅੱਗੇ ਤੋਂ ਵੀ ਮਦਦ ਕਰਨ ਦਾ ਭਰੋਸਾ ਦਿੱਤਾ ਗਿਆ।ਇਸ ਵਿਦਿਆਰਥੀ ਦੇ ਪਿਤਾ ਦੀ ਅਚਨਚੇਤ ਮੌਤ ਹੋ ਜਾਣ ਕਾਰਨ ਪਰਵਾਰ ਬਹੁਤ ਹੀ ਮੁਸ਼ਕਲ ਦੀ ਘੜੀ ਵਿੱਚ ਸੀ।ਸਹਾਇਤਾ ਰਾਸ਼ੀ ਲੈਣ ਉਪਰੰਤ ਵਿਦਿਆਰਥੀ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਇਸ ਉਪਰਾਲੇ ਨਾਲ ਮੈਂ ਪੜ੍ਹਾਈ ਜਾਰੀ ਰੱਖ ਕੇ ਆਪਣਾ ਪੜ੍ਹਨ ਦਾ ਸੁਪਨਾ ਪੂਰਾ ਕਰ ਸਕਾਂਗਾ।

# ਖੁੱਡੀਆਂ ਨੇ ਪੰਜਾਬ ਦੀ ਪਹਿਲੀ ਬਾਇਓ-ਫਰਟੀਲਾਈਜ਼ਰ ਕੁਆਲਿਟੀ ਕੰਟਰੋਲ ਲੈਬਾਰਟਰੀ ਲੈਬ ਕੀਤੀ ਕਿਸਾਨਾਂ ਨੂੰ ਸਮਰਪਤ



**ਬਠਿੰਡਾ (ਪਰਵਿੰਦਰ ਜੀਤ ਸਿੰਘ)** ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸਮੂਹ ਸਿਆਸੀ ਪਾਰਟੀਆਂ ਤੇ ਪੰਜਾਬ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਆਪਸੀ ਮਤਭੇਦਾਂ ਤੋਂ ਉੱਪਰ ਉੱਠ ਕੇ ਮਹਾਰਾਸ਼ਟਰ ਸਰਕਾਰ ਵੱਲੋਂ 1956 ਦੇ ਹਜ਼ੂਰ ਸਾਹਿਬ ਐਕਟ ਨੂੰ ਰੱਦ ਕਰਨ ਦੀ ਤਜਵੀਜ਼ ਦਾ ਵਿਰੋਧ ਕਰਨ। ਸੂਬੇ ਦੀ ਪਹਿਲੀ ਬਾਇਓ-ਫਰਟੀਲਾਈਜ਼ਰ ਕੁਆਲਿਟੀ ਕੰਟਰੋਲ ਲੈਬਾਰਟਰੀ ਨੂੰ ਲੋਕਾਂ ਖਾਸ ਕਰਕੇ ਸੂਬੇ ਦੇ ਕਿਸਾਨਾਂ ਨੂੰ ਸਮਰਪਤ ਕਰਨ ਮੌਕੇ ਖੁੱਡੀਆਂ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਨੂੰ 1956 ਦਾ ਇਹ ਕਾਨੂੰਨ ਰੱਦ ਨਹੀਂ ਕਰਨਾ ਚਾਹੀਦਾ, ਕਿਉਂਕਿ ਇਸ ਨਾਲ ਤਖ਼ਤ ਦੇ ਅਧਿਕਾਰ ਪ੍ਰਭਾਵਤ ਹੋਣਗੇ।ਉਨ੍ਹਾਂ ਡੱਬਵਾਲੀ ਰੋਡ ਸਥਿਤ ਖੇਤੀ ਭਵਨ ਵਿਖੇ ਬੀਜ ਪਰਖ ਪ੍ਰਯੋਗਸ਼ਾਲਾ ਦਾ ਨੀਂਹ ਪੱਥਰ ਵੀ ਰੱਖਿਆ। ਲੈਬਾਰਟਰੀ ਨੂੰ ਲੋਕਾਂ ਨੂੰ ਸਮਰਪਿਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਖੇਤੀਬਾੜੀ ਖੇਤਰ ਨੂੰ ਹੋਰ ਮਜ਼ਬੂਤ ਕਰੇਗੀ ਤੇ ਕਿਸਾਨਾਂ ਨੂੰ ਮਿਆਰੀ ਖੇਤੀ ਇਨਪੁੱਟਸ ਦੀ ਉਪਲਬਧਤਾ ਯਕੀਨੀ ਬਣਾਏਗੀ।ਸਮਾਗਮ ਨੂੰ ਸੰਬੋਧਨ ਕਰਦਿਆਂ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਉੱਚ ਗੁਣਵੱਤਾ ਵਾਲੇ ਬੀਜ, ਖਾਦਾਂ ਤੇ ਹੋਰ ਖੇਤੀ ਇਨਪੁੱਟਸ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਉਨ੍ਹਾਂ ਅੱਗੇ ਕਿਹਾ ਕਿ ਇਹ ਬਾਇਓ-ਫਰਟੀਲਾਈਜ਼ਰ ਕੁਆਲਿਟੀ ਕੰਟਰੋਲ ਪ੍ਰਯੋਗਸ਼ਾਲਾ ਹਰ ਸਾਲ ਘੱਟੋ-ਘੱਟ 1000 ਸੈਂਪਲਾਂ ਦੀ ਜਾਂਚ ਕਰਨ ਦੇ ਸਮਰੱਥ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਜਦੋਂ ਖੇਤੀਬਾੜੀ 'ਚ ਰਸਾਇਣਾਂ ਦੀ ਵਰਤੋਂ ਵਧੀ ਹੈ ਤੇ ਕਿਸਾਨ ਹੌਲੀ-ਹੌਲੀ ਬਾਇਓ-ਫਰਟੀਲਾਈਜ਼ਰਾਂ ਵੱਲ ਰੁਖ ਕਰ ਰਹੇ ਹਨ, ਉਸ ਸਮੇਂ ਇਹ ਲੈਬਾਰਟਰੀ ਬਹੁਤ ਮਹੱਤਵ ਰੱਖਦੀ ਹੈ।ਇਹ ਲੈਬਾਰਟਰੀ ਕਿਸਾਨਾਂ ਨੂੰ ਬਾਜ਼ਾਰ 'ਚ ਉਪਲਬਧ ਬਾਇਓ-ਫਰਟੀਲਾਈਜ਼ਰਾਂ ਦੀ ਗੁਣਵੱਤਾ ਦੀ ਜਾਂਚ ਕਰਨ ਵਿੱਚ ਮਦਦ ਕਰੇਗੀ।ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਗੁਰਜੀਤ ਸਿੰਘ ਬਰਾੜ ਨੇ ਕਿਹਾ ਕਿ ਇਹ ਦੋਵੇਂ ਪ੍ਰੋਜੈਕਟ ਖੇਤੀਬਾੜੀ ਵਿਭਾਗ ਦੀ ਤਕਨੀਕੀ ਸਮਰੱਥਾ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਕਿਸਾਨਾਂ ਦੀਆਂ ਲੋੜਾਂ ਨੂੰ ਸਮੇਂ-ਸਿਰ ਪੂਰਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

# ਵਪਾਰੀਆਂ ਵੱਲੋਂ ਅਕਾਲੀ ਦਲ ਵਪਾਰ ਮੰਡਲ ਦੇ ਪ੍ਰਧਾਨ ਪਵਨ ਗੋਇਲ ਦਾ ਸਨਮਾਨ

**ਵਪਾਰੀਆਂ ਦੇ ਹੱਕਾਂ ਲਈ ਹਰ ਵੇਲੇ ਡਟ ਕੇ ਖੜਨ ਦਾ ਦਿੱਤਾ ਭਰੋਸਾ**



**ਬਾਘਾ ਪੁਰਾਣਾ (ਮਨੀ ਸਿੰਗਲਾ)**- ਸ਼੍ਰੋਮਣੀ ਅਕਾਲੀ ਦਲ ਦੇ ਯੂਥ ਆਗੂ ਪਵਨ ਗੋਇਲ ਨੂੰ ਬੀਤੇ ਦਿਨੀਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਕੋਰ ਕਮੇਟੀ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਵਪਾਰ ਮੰਡਲ ਬਾਘਾ ਪੁਰਾਣਾ ਦਾ ਪ੍ਰਧਾਨ ਨਿਯੁਕਤ ਕੀਤੇ ਜਾਣ ਤੋਂ ਬਾਅਦ ਸ਼ਹਿਰ ਦੇ ਵਪਾਰੀਆਂ ਤੇ ਦੁਕਾਨਦਾਰਾਂ ਵਿੱਚ ਖੁਸ਼ੀ ਦਾ ਮਾਹੌਲ ਹੈ।ਇਸ ਮੌਕੇ ਵੱਖ-ਵੱਖ ਬਾਜ਼ਾਰਾਂ ਤੇ ਇਲਾਕਿਆਂ ਦੇ ਵਪਾਰੀਆਂ ਵੱਲੋਂ ਲਗਾਤਾਰ ਸਨਮਾਨ ਸਮਾਰੋਹ ਕਰਵਾ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਜਾ ਰਹੀ ਹੈ।ਇਸੇ ਲੜੀ ਤਹਿਤ ਚੰਨੂਵਾਲਾ ਰੋਡ ਦੇ ਸਮੂਹ ਦੁਕਾਨਦਾਰਾਂ ਵੱਲੋਂ ਇੱਕ ਵਿਸ਼ੇਸ਼ ਸਮਾਗਮ ਕਰਵਾ ਕੇ ਪ੍ਰਧਾਨ ਪਵਨ ਗੋਇਲ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਲਾਭ ਸਿੰਘ ਕੋਰੀਆ ਟੇਲਰ, ਕੁਲਵੰਤ ਰਾਏ ਅਰੋੜਾ, ਦਵਿੰਦਰ ਕੁਮਾਰ ਚੀਕਾ, ਦਵਿੰਦਰ ਬਾਂਸਲ, ਸੁੱਖ ਚਾਵਲਾ, ਨਵੀਨ ਗੋਇਲ, ਗੋਬਿੰਦ ਗੋਇਲ, ਸਿੰਮੂ ਤੇ ਹੋਰ ਵਪਾਰੀਆਂ ਨੇ ਪਵਨ ਗੋਇਲ ਨੂੰ ਸਿਰੋਪਾਓ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸ਼ੁੱਭ-ਕਾਮਨਾਵਾਂ ਦਿੱਤੀਆਂ।ਸਮਾਗਮ ਨੂੰ ਸੰਬੋਧਨ ਕਰਦਿਆਂ ਕੋਰੀਆ ਟੇਲਰ ਤੇ ਕੁਲਵੰਤ ਰਾਏ ਅਰੋੜਾ ਨੇ ਕਿਹਾ ਕਿ ਪਵਨ ਗੋਇਲ ਹਮੇਸ਼ਾ ਸਮਾਜਿਕ ਤੇ ਵਪਾਰਕ ਸਰੋਕਾਰਾਂ ਨਾਲ ਜੁੜੇ ਰਹੇ ਹਨ ਤੇ ਹਰ ਵਿਅਕਤੀ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੋ ਕੇ ਆਪਣਾ ਫਰਜ਼ ਨਿਭਾਉਂਦੇ ਹਨ।ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਜ਼ਿੰਮੇਵਾਰੀ ਨਾਲ ਵਪਾਰੀਆਂ ਦੀ ਆਵਾਜ਼ ਹੋਰ ਵੀ ਮਜ਼ਬੂਤੀ ਨਾਲ ਉੱਠੇਗੀ ਤੇ ਵਪਾਰਕ ਵਰਗ ਨੂੰ ਇਸ ਦਾ ਲਾਭ ਮਿਲੇਗਾ।ਇਸ ਮੌਕੇ ਪ੍ਰਧਾਨ ਪਵਨ ਗੋਇਲ ਨੇ ਸਮੂਹ ਦੁਕਾਨਦਾਰਾਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਦਿੱਤਾ ਗਿਆ ਮਾਣ-ਸਨਮਾਨ ਉਨ੍ਹਾਂ ਲਈ ਵੱਡੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਉਹ ਵਪਾਰੀਆਂ ਦੇ ਹੱਕਾਂ ਤੇ ਹਿੱਤਾਂ ਦੀ ਰਾਖੀ ਲਈ ਹਮੇਸ਼ਾ ਉਨ੍ਹਾਂ ਨਾਲ ਡੱਟ ਕੇ ਖੜ੍ਹੇ ਰਹਿਣਗੇ।

ਜੇਕਰ ਕਿਸੇ ਵੀ ਦੁਕਾਨਦਾਰ ਨੂੰ ਕੋਈ ਸਮੱਸਿਆ ਜਾਂ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਬਿਨਾਂ ਕਿਸੇ ਝਿਜਕ ਦੇ ਉਨ੍ਹਾਂ ਦੇ ਧਿਆਨ ਵਿੱਚ ਲਿਆਵੇ।ਉਨ੍ਹਾਂ ਕਿਹਾ ਕਿ ਜਿਹੜੇ ਮਸਲੇ ਸਥਾਨਕ ਪੱਧਰ 'ਤੇ ਹੱਲ ਹੋ ਸਕਦੇ ਹਨ, ਉਨ੍ਹਾਂ ਦਾ ਤੁਰੰਤ ਨਿਪਟਾਰਾ ਕਰਵਾਇਆ ਜਾਵੇਗਾ ਤੇ ਜੇਕਰ ਕਿਸੇ ਮਾਮਲੇ ਲਈ ਉੱਚ ਪੱਧਰ 'ਤੇ ਦਖ਼ਲ ਦੀ ਲੋੜ ਹੋਈ ਤਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਧਿਆਨ ਵਿਚ ਲਿਆ ਕੇ ਉਸ ਦਾ ਹੱਲ ਕਰਵਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ।ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਵਪਾਰੀ ਤੇ ਦੁਕਾਨਦਾਰ ਹਾਜ਼ਰ ਸਨ।

## ਬਾਬਾ ਰਾਮ ਦਾਸ ਜੀ ਦੀ ਯਾਦ 'ਚ ਛਬੀਲ ਲਗਾਈ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜ ਮੈਂਬਰੀ ਲੋਹ ਲੰਗਰ ਕਮੇਟੀ ਕੋਟੜਾ ਕੌੜਾ ਵੱਲੋਂ ਇਲਾਕੇ ਤੇ ਲਹਿਰਾ ਮੁਹੱਬਤ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ 108 ਸੰਤ ਬਾਬਾ ਰਾਮ ਦਾਸ ਜੀ ਕੋਟੜਾ ਕੌੜਾ ਵਾਲਿਆਂ ਦੀ ਪਿੰਡ ਲਹਿਰਾ ਮੁਹੱਬਤ ਸਥਿਤ ਅਸਥਾਨ ਹਵੇਲੀ (ਨੇੜੇ ਲਹਿਰਾ ਖਾਨਾ ਰੋਡ) ਵਿਖੇ ਬਾਬਾ ਰਾਮ ਦਾਸ ਜੀ ਦੀ ਯਾਦ ਵਿੱਚ ਠੰਢੇ ਮਿੱਠੇ ਜਲ ਜ਼ੀਰੇ ਦੀ ਛਬੀਲ ਲਗਾਈ ਗਈ। ਕਮੇਟੀ ਸੇਵਾਦਾਰਾਂ ਨੇ ਦੱਸਿਆ ਕਿ ਬਾਬਾ ਜੀ ਵੱਲੋਂ ਸ਼ੁਰੂ ਕੀਤੀ ਛਬੀਲ ਦੀ ਪ੍ਰੰਪਰਾ ਸ਼ਰਧਾਲੂ ਸੇਵਾਦਾਰਾਂ ਵੱਲੋਂ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਲਗਾਤਾਰ ਨਿਭਾਈ ਜਾ ਰਹੀ ਹੈ। ਇਸ ਮੌਕੇ ਕੁਲਵਿੰਦਰ ਸਿੰਘ, ਗੁਰਜੋਤ ਸਿੰਘ, ਗੁਰਵਿੰਦਰ ਸਿੰਘ, ਵਿੱਕੀ ਸਿੰਘ, ਅਮਰਿੰਦਰ ਸਿੰਘ, ਜਗਦੇਵ ਸਿੰਘ, ਅਵਤਾਰ ਸਿੰਘ ਬੱਗਾ, ਅਮਰੀਕ ਸਿੰਘ, ਲਵਲੀ ਸਿੰਘ, ਲਵਦੀਪ ਸਿੰਘ ਤੇ ਅਮਨਦੀਪ ਸਿੰਘ ਤੋਂ ਇਲਾਵਾ ਹੋਰ ਸੇਵਾਦਾਰ ਹਾਜ਼ਰ ਸਨ।

## ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ 4 ਦੇ ਧਰਨੇ 'ਚ ਸ਼ਾਮਲ ਹੋਣ ਦਾ ਫੈਸਲਾ

**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਲੁਧਿਆਣਾ ਦੀ ਮੀਟਿੰਗ ਚਰਨ ਸਿੰਘ ਨੂਰਪੁਰਾ ਦੀ ਪ੍ਰਧਾਨਗੀ ਹੇਠ ਪਿੰਡ ਫੱਲੇਵਾਲ ਵਿਖੇ ਹੋਈ ਮੀਟਿੰਗ 'ਚ 4 ਜੁਲਾਈ ਨੂੰ ਦੋ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਵੱਲੋਂ ਧਰਨਾ ਮੁਜ਼ਾਹਰਾ ਕਰਨ ਦੀ ਰੂਪਰੇਖਾ ਵੀ ਤਿਆਰ ਕੀਤੀ ਗਈ, ਸਾਰੇ ਬਲਾਕਾਂ ਦੇ ਪਿੰਡਾਂ ਵਿੱਚ ਮੀਟਿੰਗਾਂ ਵੀ ਕੀਤੀਆਂ ਜਾ ਰਹੀਆਂ ਹਨ ਤੇ ਵੱਡੀ ਗਿਣਤੀ ਵਿੱਚ ਕਿਸਾਨ ਚੰਡੀਗੜ੍ਹ ਵਿਖੇ ਜਾਣਗੇ। ਮੀਟਿੰਗ 'ਚ ਡੀਜ਼ਲ ਪੈਟਰੋਲ ਰਸੋਈ ਗੈਸ ਖਿਲਾਫ, ਯੂਰੀਏ ਦੀ ਘਾਟ ਤੇ ਯੂਰੀਏ ਨਾਲ ਹੋਰ ਸਾਮਾਨ ਵਗੈਰਾ ਦੇਣਾ ਬੰਦ ਕੀਤਾ ਜਾਵੇ, ਅਮਰੀਕਾ ਵੱਲੋਂ ਇਥੇ ਮੁਕਤ ਵਪਾਰ ਸਮਝੌਤਾ ਰੱਦ ਕੀਤਾ ਜਾਵੇ, ਬਿਜਲੀ ਬਿੱਲ 2025, ਬੀਜ ਬਿੱਲ ਵਾਪਸ ਲਿਆ ਜਾਵੇ, ਮਨਰੇਗਾ ਖਤਮ ਕਰਨ ਤੇ ਲੇਬਰ ਕੋਟ ਲਾਗੂ ਕਰਨ ਆਇਦ ਨੂੰ ਬੰਦ ਕੀਤਾ ਜਾਵੇ। ਇਨ੍ਹਾਂ ਮੰਗਾਂ ਬਾਰੇ 4 ਜੁਲਾਈ ਨੂੰ ਵੱਧ ਤੋਂ ਵੱਧ ਪਿੰਡ ਵਿੱਚ ਚੰਡੀਗੜ੍ਹ ਜਾਣ ਤਾਂ ਜੋ ਸਰਕਾਰ ਵੱਲੋਂ ਅਜਿਹੀਆਂ ਨੀਤੀਆਂ ਨੂੰ ਰੱਦ ਕਰਵਾਇਆ ਜਾ ਸਕੇ।

# ਸਫਾ 1 ਦੇ ਬਾਕੀ...

## ਰਾਮ ਮੰਦਰ ਦੀ ਦਾਨ...

ਆਈ ਐੱਸ) ਏਜੰਸੀ ਦੁਆਰਾ ਇੱਕ ਗਾਰਡ ਦੀ ਤਾਇਨਾਤੀ, ਦਾਨ-ਗਿਣਤੀ ਕਮਰਿਆਂ ਵਿੱਚ ਦਾਖਲ ਹੋਣ ਅਤੇ ਬਾਹਰ ਜਾਣ ਵਾਲੇ ਸਾਰੇ ਕਰਮਚਾਰੀਆਂ ਦੀ ਨਿਯਮਤ ਤਲਾਸ਼ੀ ਅਤੇ ਬੇਤਰਤੀਬ ਜਾਂਚਾਂ ਸ਼ਾਮਲ ਸਨ। ਇਹਨਾਂ ਵਿੱਚੋਂ ਕਿਸੇ ਵੀ ਮਾਪਦੰਡ ਦੀ ਪਾਲਣਾ ਨਹੀਂ ਕੀਤੀ ਗਈ।

ਸਿੱਟ ਦੁਆਰਾ ਇੱਕ ਹੋਰ ਵੱਡੀ ਉਲੰਘਣਾ ਦਾ ਪਰਦਾ ਫਾਸ਼ ਇਹ ਹੈ ਕਿ ਦਾਨ ਗਿਣਤੀ ਪ੍ਰਕਿਰਿਆ ਦੀ ਸੀ ਸੀ ਟੀ ਵੀ ਫੁਟੇਜ਼ ਨੂੰ ਲਾਜ਼ਮੀ 180 ਦਿਨਾਂ ਦੀ ਬਜਾਏ ਸਿਰਫ 45 ਦਿਨਾਂ ਲਈ ਬਰਕਰਾਰ ਰੱਖਿਆ ਗਿਆ। ਸਿਟ ਦੀ ਰਿਪੋਰਟ ਅਨੁਸਾਰ ਦਾਨ ਗਿਣਤੀ ਇੰਚਾਰਜ ਅਤੇ ਦੋਸ਼ੀ ਸੁਭਾਸ਼ ਸ੍ਰੀਵਾਸਤਵ ਨੂੰ ਟਰੱਸਟ ਦੇ ਤਿੰਨ ਚੋਟੀ ਦੇ ਅਧਿਕਾਰੀਆਂ ਵਿੱਚੋਂ ਇੱਕ ਦੀ ਸਿਫ਼ਾਰਸ਼ 'ਤੇ ਨਿਯੁਕਤ ਕੀਤਾ ਗਿਆ ਸੀ।

ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਦੁਆਰਾ ਰਾਮ ਮੰਦਰ ਵਿੱਚ ਦਾਨ ਦੇ ਗਬਨ ਦਾ ਦੋਸ਼ ਲਗਾਉਣ ਤੋਂ ਬਾਅਦ 7 ਜੂਨ ਨੂੰ ਵਿਵਾਦ ਸ਼ੁਰੂ ਹੋਇਆ, ਜਿਸ ਦੋਸ਼ ਨੂੰ ਰਾਏ ਦੁਆਰਾ ਖਾਰਜ ਕਰ ਦਿੱਤਾ ਗਿਆ। 'ਚੱਲ ਰਹੇ ਅੰਦਰੂਨੀ ਆਡਿਟ ਦੌਰਾਨ ਕੁਝ ਵੀ ਧਿਆਨ ਦੇਣ ਯੋਗ ਨਹੀਂ ਆਇਆ,' ਰਾਏ ਨੇ ਕਿਹਾ ਸੀ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਆਦੇਸ਼ਾਂ 'ਤੇ 13 ਜੂਨ ਨੂੰ ਸਨਸਨੀਖੇਜ਼ ਦੋਸ਼ਾਂ ਦੀ ਜਾਂਚ ਲਈ ਬਣਾਈ ਗਈ ਐੱਸ ਆਈ ਟੀ ਰਾਏ ਨੂੰ ਗਲਤ ਸਾਬਤ ਕਰਦੀ ਹੋਈ ਦਿਖਾਈ ਦੇ ਰਹੀ ਹੈ। ਐੱਸ ਆਈ ਟੀ ਨੂੰ ਕਥਿਤ ਕੁਪ੍ਰਬੰਧਨ, ਦਾਨ ਗਬਨ, ਸਪੱਸ਼ਟ ਖਾਮੀਆਂ ਅਤੇ ਮੰਦਰ ਦੇ ਮਾਮਲਿਆਂ ਦੇ ਪ੍ਰਬੰਧਨ ਵਿੱਚ ਸਪੱਸ਼ਟ ਅਣਗਹਿਲੀ ਦੇ ਹੈਰਾਨ ਕਰਨ ਵਾਲੇ ਵੇਰਵਿਆਂ ਦਾ ਪਰਦਾ ਫਾਸ਼ ਕਰਨ ਵਿੱਚ ਸਿਰਫ਼ ਛੇ ਦਿਨ ਲੱਗੇ। ਇਹ ਵੇਰਵੇ 23 ਜੂਨ ਨੂੰ ਸਰਕਾਰ ਨੂੰ ਸੌਂਪੀ ਗਈ ਇਸ ਦੀ ਮੁੱਢਲੀ ਰਿਪੋਰਟ ਦਾ ਹਿੱਸਾ ਹਨ। ਐੱਸ ਆਈ ਟੀ ਵੱਲੋਂ ਰਿਪੋਰਟ ਪੇਸ਼ ਕਰਨ ਤੋਂ ਬਾਅਦ 25 ਜੂਨ ਨੂੰ ਇਸ ਮਾਮਲੇ ਵਿੱਚ ਇੱਕ ਐੱਫ ਆਈ ਆਰ ਦਰਜ ਕੀਤੀ ਗਈ ਸੀ ਅਤੇ ਅੱਠ ਮੁਲਜ਼ਮਾਂ ਅਵਿਨਾਸ਼ ਸ਼ੁਕਲਾ, ਅਨੁਕਲਪ ਮਿਸ਼ਰਾ, ਲਵਕੁਸ਼ ਮਿਸ਼ਰਾ, ਮਨੀਸ਼ ਕੁਮਾਰ ਯਾਦਵ, ਕਰੁਣੇਸ਼ ਪਾਂਡੇ, ਰਾਮਸ਼ੰਕਰ ਮਿਸ਼ਰਾ, ਸੁਭਾਸ਼ ਸ੍ਰੀਵਾਸਤਵ ਅਤੇ ਰਾਮਸ਼ੰਕਰ ਯਾਦਵ ਉਰਫ਼ ਟੀਨੂੰ ਯਾਦਵ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਨੇ ਦੱਸਿਆ ਕਿ ਟੀਨੂੰ ਯਾਦਵ ਨੇ ਆਪਣੇ ਰਿਸ਼ਤੇਦਾਰ ਅਤੇ ਸਹਿ-ਮੁਲਜ਼ਮ ਮਨੀਸ਼ ਕੁਮਾਰ ਯਾਦਵ ਨੂੰ ਮੰਦਰ ਦੀ ਨਕਦੀ-ਗਿਣਤੀ ਯੂਨਿਟ ਵਿੱਚ ਨੌਕਰੀ 'ਤੇ ਰੱਖਿਆ ਸੀ। ਹੁਣ ਤੱਕ ਅੱਠ ਦੋਸ਼ੀਆਂ ਵਿੱਚੋਂ ਛੇ ਤੋਂ ਲਗਭਗ 80 ਲੱਖ ਰੁਪਏ ਨਕਦ, ਕੁਝ ਵਿਦੇਸ਼ੀ ਮੁਦਰਾ ਸਮੇਤ ਬਰਾਮਦ ਕੀਤੀ ਗਈ ਹੈ। ਇੱਕ ਸਰੋਤ ਨੇ ਦੱਸਿਆ ਕਿ ਵਿਵਾਦ ਸ਼ੁਰੂ ਹੋਣ ਤੋਂ ਬਾਅਦ ਅਤੇ ਐੱਸ ਆਈ ਟੀ ਦੇ ਗਠਨ ਤੋਂ ਠੀਕ ਪਹਿਲਾਂ ਦਾਨ ਗਿਣਤੀ ਕਮਰੇ ਦੇ ਨੇੜੇ ਇੱਕ ਵਾਸ਼ਰੂਮ ਤੋਂ 2.5 ਲੱਖ ਰੁਪਏ ਬਰਾਮਦ ਕੀਤੇ ਗਏ ਸਨ।

## ਬੱਬਰਾਂ ਦੇ ਮਿਸ਼ਨ ਦੀ ...

ਇਲਾਕਿਆਂ ਵਿੱਚ ਬਣੀਆਂ ਕਮੇਟੀਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ 100 ਵਰ੍ਹੇ ਬਾਅਦ ਬੱਬਰਾਂ ਦੀ ਅਦੁੱਤੀ ਦੇਣ ਹੋਰ ਵੀ ਤਿੱਖੀ ਤਰ੍ਹਾਂ ਪ੍ਰਸੰਗਕ ਹੈ। ਉਹਨਾ ਕਿਹਾ ਕਿ ਉਹ ਜੀਅ ਜਾਨ ਲਗਾ ਕੇ ਬੱਬਰਾਂ ਦੇ ਚੌਮੁਖੀਆ ਚਿਰਾਗ਼ ਨੂੰ ਜਗਦਾ ਰੱਖਣਗੇ। ਬੁਲਾਰਿਆਂ ਕਿਹਾ ਕਿ ਬੱਬਰਾਂ ਨੇ ਜਿਵੇਂ ਤਨ, ਮਨ, ਧਨ ਸਭ ਕੁਝ ਆਜ਼ਾਦੀ ਲਹਿਰ ਲਈ ਕੁਰਬਾਨ ਕਰ ਦਿੱਤਾ। ਫਾਂਸੀਆਂ, ਉਮਰ ਕੈਦ, ਕਾਲ਼ੇ ਪਾਣੀ, ਤਸ਼ੱਦਦ ਝੱਲੇ ਉਹਨਾਂ ਦੇ ਪਰਵਾਰਾਂ ਨੇ ਅਥਾਹ ਕੁਰਬਾਨੀਆਂ ਕੀਤੀਆਂ, ਪਰ ਬੇਹੱਦ ਦੁੱਖ਼ ਦੀ ਗੱਲ ਹੈ ਕਿ ਅੱਜ 100 ਵਰ੍ਹੇ ਮਗਰੋਂ ਬਦੇਸ਼ੀ ਸਾਮਰਾਜੀਏ, ਦੇਸੀ ਕਾਰਪੋਰੇਟ ਘਰਾਣੇ ਅਤੇ ਵੰਨ-ਸੁਵੰਨੀਆਂ ਲੋਟੂ ਹਾਕਮ ਜਮਾਤਾਂ ਲੋਕਾਂ ਦੇ ਮੋਢਿਆਂ ਉਪਰ ਸਵਾਰ ਹਨ। ਬੁਲਾਰਿਆਂ ਕਿਹਾ ਕਿ ਲੋਕਾਂ ਉਪਰ ਕਹਿਰ ਬਣਕੇ ਵਰ੍ਹ ਰਿਹਾ ਫਾਸ਼ੀ ਹੱਲਾ, ਲੋਕਾਂ ਦੇ ਮੁੱਢਲੇ ਹੱਕਾਂ ਉਪਰ ਬੁਲਡੋਜ਼ਰ ਚਾੜ੍ਹ ਰਿਹੈ, ਦੋਮ ਦਰਜੇ ਦੇ ਮੁੱਦੇ ਜਾਣ ਬੁੱਝ ਕੇ ਉਭਾਰ ਰਿਹਾ ਹੈ, ਇਸ ਲਈ ਬੱਬਰਾਂ ਦੇ ਇਤਿਹਾਸ ਨੂੰ ਸਿਰਫ਼ ਯਾਦ ਕਰਨਾ ਹੀ ਕਾਫ਼ੀ ਨਹੀਂ। ਅਸਲ ਗੱਲ ਤਾਂ ਇਹ ਲੋੜੀਂਦੀ ਹੈ ਕਿ ਉਹ ਜਿਸ ਮਿਸ਼ਨ ਆਜ਼ਾਦੀ, ਜਮਹੂਰੀਅਤ, ਬਰਾਬਰੀ, ਸਾਂਝੀਵਾਲਤਾ ਅਤੇ ਨਿਆਂ ਲਈ ਲੜੇ ਉਸ ਦੀ ਪੂਰਤੀ ਲਈ ਲੱਕ ਬੰਨ੍ਹ ਕੇ ਤੁਰਿਆ ਜਾਵੇ।

ਵਿਚਾਰ-ਚਰਚਾ ਉਪਰੰਤ ਸਾਰ-ਤੱਤ ਪੇਸ਼ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਨੇ ਕਿਹਾ ਕਿ ਬੱਬਰ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਲਈ ਕੁਝ ਠੋਸ ਕਦਮ ਚੁੱਕਣ ਦੀ ਲੋੜ ਹੈ। ਮਸਲਨ ਹਰ ਪਿੰਡ ਬੱਬਰਾਂ ਦੀਆਂ ਤਸਵੀਰਾਂ ਅਤੇ ਵੇਰਵੇ ਦੀਆਂ ਫਲੈਕਸਾਂ ਲੱਗਣ, ਪਿੰਡਾਂ/ਇਲਾਕਿਆਂ 'ਚ ਕਮੇਟੀਆਂ ਜਥੇਬੰਦ ਕੀਤੀਆਂ ਜਾਣ। ਪਿੰਡਾਂ/ਇਲਾਕਿਆਂ 'ਚ ਢੁਕਵੀਆਂ ਵਿਧੀਆਂ ਰਾਹੀਂ ਸਰਗਰਮੀਆਂ ਕੀਤੀਆਂ ਜਾਣ। ਢੁਕਵੀ ਪ੍ਰਚਾਰ ਸਮੱਗਰੀ ਲੋਕਾਂ 'ਚ ਲਿਜਾਈ ਜਾਏ। ਗ਼ਦਰੀ ਬਾਬਿਆਂ ਦੇ ਮੇਲੇ 'ਚ ਲੰਗਰ, ਵਲੰਟੀਅਰ ਅਤੇ ਲੋਕ-ਸ਼ਮੂਲੀਅਤ ਵੱਡੀ ਪੱਧਰ 'ਤੇ ਕਰਾਉਣ ਲਈ ਬੱਬਰਾਂ ਦੇ ਪਿੰਡ ਅਤੇ ਸੰਸਥਾਵਾਂ ਅੱਗੇ ਆਉਣ।

ਕਮੇਟੀ ਦੇ ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ, ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ, ਵਿਜੈ ਬੰਬੇਲੀ, ਡਾ. ਸੈਲੇਸ਼ ਤੋਂ ਇਲਾਵਾ ਪੰਜ ਦਰਜਨ ਦੇ ਕਰੀਬ ਪ੍ਰਤੀਨਿਧਾਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਇਸ ਮਿਲਣੀ ਨੂੰ ਕਾਮਯਾਬ ਕਰਨ ਲਈ ਨਿੱਗਰ ਸੁਝਾਅ ਦਿੱਤੇ। ਜਿਹਨਾਂ ਲਈ ਕਮੇਟੀ ਆਗੂਆਂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਵਿਜੈ ਬੰਬੇਲੀ ਦੀ ਪੁਸਤਕ 'ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ' ਬੱਬਰਾਂ ਦੇ ਪਰਵਾਰਾਂ ਅਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਭੇਟ ਕੀਤੀ ਗਈ।

## 'ਨਵਾਂ ਜ਼ਮਾਨਾ' ਦੇ ਸੀਨੀਅਰ...

ਗਏ ਹਨ। ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ, ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਗੁਰਮੀਤ ਅਤੇ 'ਨਵਾਂ ਜ਼ਮਾਨਾ' ਦੇ ਸਟਾਫ਼ ਮੈਂਬਰ ਪਿੰਡ ਮੰਡ ਮੌੜ, ਨੇੜੇ ਕਿਸ਼ਨਗੜ੍ਹ (ਜਲੰਧਰ) ਪਹੁੰਚੇ। ਇਨ੍ਹਾਂ ਸਭਨਾਂ ਨੇ ਪਰਵਾਰ ਨਾਲ ਆਪਣੀਆਂ ਸੰਵੇਦਨਾਵਾਂ ਸਾਂਝੀਆਂ ਕਰਦਿਆਂ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਨ੍ਹਾ ਦੀ ਪਤਨੀ ਅਤੇ ਬੇਟੇ ਨੂੰ ਢਾਰਸ ਦਿੰਦਿਆਂ ਵਿਸ਼ਵਾਸ਼ ਦਿਵਾਇਆ ਕਿ 'ਨਵਾਂ ਜ਼ਮਾਨਾ' ਹਰ ਦੁੱਖ-ਸੁੱਖ ਵਿੱਚ ਉਨ੍ਹਾਂ ਦੇ ਅੰਗ-ਸੰਗ ਰਹੇਗਾ।

ਇਸ ਮੌਕੇ ਚੰਦ ਫਤਿਹਪੁਰੀ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਕਾਮਰੇਡ ਗੁਰਮੀਤ ਤੇ ਸਟਾਫ਼ ਵੱਲੋਂ ਗਿਆਨ ਚੰਦ ਦੀ ਮ੍ਰਿਤਕ ਦੇਹ 'ਤੇ ਲੋਈ ਪਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਸਨਿੱਚਰਵਾਰ ਬਾਅਦ ਦੁਪਹਿਰ ਪਿੰਡ ਮੰਡ ਮੌੜ ਵਿਖੇ ਗਿਆਨ ਚੰਦ ਦਾ ਸਸਕਾਰ ਕਰ ਦਿੱਤਾ ਗਿਆ। ਉਨ੍ਹਾ ਦੇ ਬੇਟੇ ਬ੍ਰਜੇਸ਼ ਭਾਰਦਵਾਜ (ਵਿੱਕੀ) ਨੇ ਚਿਖਾ ਨੂੰ ਅਗਨੀ ਵਿਖਾਈ। ਇਸ ਮੌਕੇ ਅਰਜਨ ਸਿੰਘ ਸਿੰਘ ਗੜਗੱਜ ਫਾਊਂਡੇਸ਼ਨ ਜਲੰਧਰ ਦੇ ਟਰੱਸਟੀ ਡਾ. ਜਸ ਮੰਡ, ਰਮਨਜੀਤ ਮੰਡ, ਕਾਂਗਰਸੀ ਆਗੂ ਰਮੇਸ਼ ਕੁਮਾਰ, ਕਪਿਲ ਦੇਵ, ਪਿੰਡ ਨਿਵਾਸੀ ਤੇ ਰਿਸ਼ਤੇਦਾਰ ਮੌਜੂਦ ਸਨ।

ਪਰਵਾਰਕ ਸੂਤਰਾਂ ਅਨੁਸਾਰ ਗਿਆਨ ਚੰਦ ਨਮਿਤ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਤੇ ਅੰਤਮ ਅਰਦਾਸ 4 ਜੁਲਾਈ (ਸਨਿੱਚਰਵਾਰ) ਨੂੰ ਗੁਰਦਵਾਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਮੰਡ ਮੌੜ ਵਿੱਚ ਹੋਵੇਗੀ।

## ਕਾਨੂੰਨੀ ਤੌਰ 'ਤੇ ਦਿਹਾੜੀ ...

ਭ੍ਰਿਸ਼ਟਾਚਾਰ, ਲੁੱਟਾਂਖੋਹਾਂ ਹੋਰ ਵਧਣ ਦੀ ਸੰਭਾਵਨਾ ਹੈ। ਅੱਜ ਸਭ ਤੋਂ ਚਿੰਤਾ ਵਾਲੀ ਗੱਲ ਹੈ ਕਿ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਲਾਗੂ ਕਰਵਾਉਣ ਵਿੱਚ ਦੇਸ਼ ਦੀ ਨਿਆਂ ਪ੍ਰਣਾਲੀ ਵੀ ਹਿੱਸਾ ਪਾ ਰਹੀ ਹੈ।ਹੁਣ ਵੇਲਾ ਹੈ ਕਿ ਕਾਮਰੇਡ ਸੰਧੂ ਦੀ ਸੋਚ 'ਤੇ ਚੱਲਣ ਵਾਲੀ ਧਿਰ ਨੂੰ ਤਕੜਾ ਕਰਕੇ ਲੋਕ ਵਿਰੋਧੀ ਸਰਮਾਏ ਦੀ ਧਿਰ ਨੂੰ ਪਛਾੜਿਆ ਜਾਵੇ, ਤਾਂ ਜੋ ਕਿ ਸਾਡੇ ਗੁਰੂਆਂ, ਸ਼ਹੀਦਾਂ ਦੇ ਸੁਪਨਿਆਂ ਵਾਲਾ ਸਮਾਜਵਾਦੀ ਪ੍ਰਬੰਧ ਸਿਰਜਿਆ ਜਾ ਸਕੇ।

ਸਾਬਕਾ ਮੁਲਾਜ਼ਮ ਆਗੂ ਚਰਨ ਸਿੰਘ ਸਰਾਭਾ ਅਤੇ ਪੰਜਾਬ ਪੈਨਸ਼ਨਰ ਯੂਨੀਅਨ ਦੇ ਪ੍ਰਧਾਨ ਜਗਦੀਸ਼ ਸਿੰਘ ਚਾਹਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਅੱਜ ਜਦੋਂ ਕੇਂਦਰ ਅਤੇ ਪੰਜਾਬ ਸਰਕਾਰ ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਰਾਹੀਂ ਪਬਲਿਕ ਸੈਕਟਰ ਦਾ ਭੋਗ ਪਾ ਰਹੀਆਂ ਹਨ ਤਾਂ ਇਸ ਮੌਕੇ ਸਮੂਹ ਮੁਲਾਜ਼ਮਾਂ, ਮਜ਼ਦੂਰਾਂ ਨੂੰ ਇਕੱਠਾ ਕਰਕੇ ਪਬਲਿਕ ਸੈਕਟਰ ਨੂੰ ਬਚਾਉਣ ਦੀ ਲੋੜ ਹੈ। ਇਸ ਲਈ ਕਾਮਰੇਡ ਬਲਵਿੰਦਰ ਸਿੰਘ ਸੰਧੂ ਦੀ ਸੋਚ ਤੋਂ ਅਗਵਾਈ ਲੈਣਾ ਸਮੇਂ ਦੀ ਲੋੜ ਹੈ।

ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਭੋਲਾ ਨੇ ਕਿਹਾ ਕਿ ਪਹਿਲਾਂ ਵੋਟਰ ਸਰਕਾਰਾਂ ਚੁਣਦੇ ਸਨ, ਪਰ ਹੁਣ ਅਸੀਂ ਅਜਿਹੇ ਦੌਰ ਵਿੱਚ ਚਲੇ ਗਏ ਹਾਂ, ਜਦੋਂ ਸਰਕਾਰਾਂ ਵੋਟਰ ਚੁਣਦੀਆਂ ਹਨ ਤਾਂ ਜੋ ਹਰ ਕਿਸਮ ਦਾ ਧੱਕਾ ਵਰਤ ਕੇ ਦੇਸ਼ ਦੀ ਸੱਤਾ 'ਤੇ ਕਬਜ਼ਾ ਕੀਤਾ ਜਾ ਸਕੇ ਅਤੇ ਆਪਣੇ ਪਿੱਛੇ ਕੰਮ ਕਰਦੇ ਸਰਮਾਏ ਦੇ ਹਿੱਤ ਦੀਆਂ ਨੀਤੀਆਂ ਬਣਾਈਆਂ ਜਾ ਸਕਣ। ਭੋਲਾ ਨੇ ਕਿਹਾ ਕਿ ਹੁਣ ਤੱਕ ਦੇਸ਼ ਵਿਚੋਂ 6 ਕਰੋੜ ਦੇ ਕਰੀਬ ਵੋਟਾਂ ਕੱਟ ਦਿੱਤੀਆਂ ਹਨ।

ਸਰਬ ਭਾਰਤ ਨੌਜਵਾਨ ਸਭਾ ਦੇ ਨੈਸ਼ਨਲ ਜਨਰਲ ਸਕੱਤਰ ਸੁਖਜਿੰਦਰ ਸਿੰਘ ਮਹੇਸਰੀ ਨੇ ਕਿਹਾ ਕਿ ਸਾਨੂੰ ਨੌਜਵਾਨਾਂ ਲਈ ਰੁਜ਼ਗਾਰ ਦੀ ਗਰੰਟੀ ਦਾ ਕਾਨੂੰਨ (ਬਨੇਗਾ) ਦੀ ਪ੍ਰਾਪਤੀ ਲਈ ਇਕੱਠੇ ਹੋਣਾ ਪਵੇਗਾ। ਸਟੇਜ ਦੀ ਕਾਰਵਾਈ ਸੁਰਿੰਦਰ ਸਿੰਘ ਬਰਾੜ ਨੇ ਬਾਖੂਬੀ ਨਿਭਾਈ। ਅੰਤ ਵਿੱਚ ਯੂਨੀਅਨ ਦੇ ਸੂਬਾ ਪ੍ਰਧਾਨ ਦੀਦਾਰ ਸਿੰਘ ਮੰਡ ਨੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ।ਇਸ ਦੌਰਾਨ ਬੂਟਾ ਸਿੰਘ ਭੱਟੀ, ਭੁਪਿੰਦਰ ਸਿੰਘ ਸੇਖੋਂ, ਗੁਰਮੇਲ ਸਿੰਘ ਨਾਹਰ, ਬਲਕਾਰ ਸਿੰਘ ਵਲਟੋਹਾ, ਗੁਰਜੰਟ ਸਿੰਘ ਕੋਕਰੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਬਚਿੱਤਰ ਸਿੰਘ ਧੋਥੜ, ਅਵਤਾਰ ਸਿੰਘ ਗਗੜਾ, ਗੁਰਮੇਲ ਸਿੰਘ ਮੈਡਲੇ, ਜਗਜੀਤ ਸਿੰਘ ਨਿਹਾਲ ਸਿੰਘ ਵਾਲਾ, ਸਵਰਨ ਸਿੰਘ ਖੋਸਾ, ਸਵਰਨ ਸਿੰਘ ਹਠੂਰ, ਪ੍ਰਿੰਸੀਪਲ ਪੂਰਨ ਸਿੰਘ ਸੰਧੂ, ਅੰਗਰੇਜ਼ ਸਿੰਘ ਮੁਕਤਸਰ ਤੇ ਜਗਸੀਰ ਸਿੰਘ ਖੋਸਾ ਵੀ ਸ਼ਾਮਲ ਸਨ।

## ਨਸ਼ਾ ਮੁਕਤ ਬਣਨ...

ਅਤੇ ਕਈ ਹੋਰ ਸੂਬਿਆਂ ਨੂੰ ਪਛਾੜ ਕੇ 27ਵੇਂ ਨੰਬਰ ਤੋਂ ਪਹਿਲੇ ਨੰਬਰ 'ਤੇ ਆਇਆ ਹੈ।ਉਨ੍ਹਾ ਕਿਹਾ—ਗਰੀਬੀ ਨੂੰ ਖ਼ਤਮ ਕਰਨ ਲਈ ਸਿੱਖਿਆ ਸਭ ਤੋਂ ਵੱਡਾ ਹਥਿਆਰ ਹੈ।ਸਾਡੇ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚੇ ਭਲਕੇ ਉੱਚ ਅਧਿਕਾਰੀ ਬਣਨਗੇ ਅਤੇ ਆਪਣੇ ਪਰਵਾਰਾਂ ਨੂੰ ਗਰੀਬੀ ਵਿੱਚੋਂ ਕੱਢਣ ਵਿੱਚ ਮਦਦ ਕਰਨਗੇ। ਸਿਰਫ਼ ਕਾਰਡ ਜਾਂ ਮੁਫ਼ਤ ਦੀਆਂ ਸਹੂਲਤਾਂ ਗਰੀਬੀ ਖ਼ਤਮ ਨਹੀਂ ਕਰ ਸਕਦੀਆਂ, ਪਰ ਸਿੱਖਿਆ ਵਿੱਚ ਅਜਿਹਾ ਕਰਨ ਦੀ ਤਾਕਤ ਤੇ ਸਮਰੱਥਾ ਜ਼ਰੂਰ ਹੈ। ਉਨ੍ਹਾ ਅੱਗੇ ਦੱਸਿਆ ਕਿ ਸਿਹਤ ਯੋਜਨਾ ਤਹਿਤ ਲਾਭਪਾਤਰੀਆਂ ਨੂੰ ਹੁਣ ਤੱਕ ਲਗਭਗ 650 ਕਰੋੜ ਰੁਪਏ ਦਾ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਇਆ ਜਾ ਚੁੱਕਾ ਹੈ।ਪੰਜਾਬ ਹੁਣ ਸਿੰਚਾਈ ਲਈ 80 ਫ਼ੀਸਦ ਨਹਿਰੀ ਪਾਣੀ ਦੀ ਵਰਤੋਂ ਕਰ ਰਿਹਾ ਹੈ, ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮਿਲ ਰਹੀ ਹੈ।

## ਭਾਜਪਾ ਸਰਕਾਰ ਪੇਪਰ...

ਰਿਹਾ ਹੈ, ਹੁਣ ਮਹਾਰਾਸ਼ਟਰ ਟੀ ਈ ਟੀ ਲੀਕ ਪਹਿਲਾਂ ਹੀ ਬਲਦੀ ਅੱਗ 'ਤੇ ਤੇਲ ਦਾ ਕੰਮ ਕਰ ਸਕਦਾ ਹੈ। ਕਾਂਗਰਸ ਅਤੇ ਵਿਰੋਧੀ ਧਿਰ ਇਸ ਮੁੱਦੇ 'ਤੇ ਮਹਾਰਾਸ਼ਟਰ ਸਰਕਾਰ ਨੂੰ ਨਿਸ਼ਾਨਾ ਬਣਾ ਰਹੇ ਹਨ। ਲੀਕ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਾਂਗਰਸ ਨੇ ਕਿਹਾ ਕਿ ਭਾਜਪਾ ਸਰਕਾਰ 'ਪੇਪਰ ਲੀਕ ਸਰਕਾਰ' ਬਣ ਗਈ ਹੈ। ਕਾਂਗਰਸ ਨੇ ਐੱਕਸ 'ਤੇ ਪੋਸਟ ਕੀਤਾ ਹੈ, "ਇੱਕ ਹੋਰ ਪੇਪਰ ਲੀਕ। ਮਹਾਰਾਸ਼ਟਰ ਵਿੱਚ ਟੀ ਈ ਟੀ ਪੇਪਰ ਲੀਕ ਹੋ ਗਿਆ ਹੈ। ਪ੍ਰੀਖਿਆ ਕੱਲ੍ਹ ਲਈ ਨਿਰਧਾਰਤ ਕੀਤੀ ਗਈ ਸੀ, ਜੋ ਹੁਣ ਰੱਦ ਕਰ ਦਿੱਤੀ ਗਈ ਹੈ। ਭਾਜਪਾ ਸਰਕਾਰ ਦੇ ਅਧੀਨ ਕੋਈ ਵੀ ਪੇਪਰ ਅਜਿਹਾ ਨਹੀਂ, ਜੋ ਲੀਕ ਨਾ ਹੋਵੇ। ਇਹ ਸਰਕਾਰ 'ਪੇਪਰ ਲੀਕ ਸਰਕਾਰ' ਬਣ ਗਈ ਹੈ।"

## ਗੁਲਜਾਰ ਸਿੰਘ ਬਸੰਤਕੋਟ...

ਆਸਲ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਵੱਲੋਂ ਲਖਬੀਰ ਸਿੰਘ ਨਿਜ਼ਾਮਪੁਰ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ, ਲੇਖਕ ਅਨੂਪ ਸਿੰਘ, ਰਘਬੀਰ ਸਿੰਘ ਆਰ ਐੱਮ ਪੀ ਦੇ ਆਗੂ, ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਦੇ ਲਖਵਿੰਦਰ ਸਿੰਘ ਮੰਝਿਆਂਵਾਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਮਰੀਕ ਸਿੰਘ ਗੁਰਾਇਆ ਨੇ ਸੰਬੋਧਨ ਕੀਤਾ। ਹੋਰਨਾਂ ਤੋਂ ਇਲਾਵਾ ਬਲਬੀਰ ਸਿੰਘ ਕੱਤੋਵਾਲ, ਸੁਭਾਸ਼ ਕੈਰੇ, ਇਕਬਾਲ ਸਿੰਘ, ਸੁਰੇਸ਼ ਪਠਾਨਕੋਟ, ਕੁਲਜੀਤ ਸਿੰਘ ਮਝੈਲ, ਦਲਬੀਰ ਸਿੰਘ ਸਰਪੰਚ, ਬਲਬੀਰ ਸਿੰਘ ਮੱਲਣ, ਗੁਰਜੀਤ ਸਿੰਘ ਘੋੜੇਬਾਹ, ਜਸਬੀਰ ਸਿੰਘ ਕਾਹਲੋਂ, ਹਰਜੀਤ ਸਿੰਘ ਕਾਹਲੋਂ, ਹਰਚਰਨ ਸਿੰਘ ਔਜਲਾ, ਰਣਜੀਤ ਸਿੰਘ ਡੋਗਰ ਮਹੇਸ਼, ਜਗਜੀਤ ਸਿੰਘ ਅਲੂਣਾ, ਅਵਤਾਰ ਸਿੰਘ ਠੱਠਾ, ਦਿਲਬਾਗ ਸਿੰਘ ਡੋਗਰ, ਸੁਰਿੰਦਰ ਸਿੰਘ, ਕਰਨੈਲ ਸਿੰਘ ਸ਼ਮਸ਼ੇਰ, ਗੁਰਵਿੰਦਰ ਸਿੰਘ ਲਾਡੀ, ਹਜਾਰਾ ਸਿੰਘ ਜੇ ਈ, ਸੁਰਿੰਦਰ ਸਿੰਘ ਜੇ ਈ ਆਦਿ ਪਹੁੰਚੇ ਹੋਏ ਸਨ। ਅਖੀਰ ਵਿੱਚ ਗੁਲਜਾਰ ਸਿੰਘ ਨੇ ਇਸ ਦੁੱਖ ਦੀ ਘੜੀ ਵਿੱਚ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਨ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ। ਸ਼ਰਧਾਂਜਲੀ ਸਮਾਰੋਹ ਦੀ ਸਟੇਜ ਸੰਚਾਲਨ ਦੀ ਸੇਵਾ ਉੱਘੇ ਕਿਸਾਨ ਆਗੂ ਬਲਦੇਵ ਸਿੰਘ ਖਹਿਰਾ ਨੇ ਨਿਭਾਈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਤਰਕਸ਼ੀਲਾਂ ਵੱਲੋਂ ਐੱਨ ਸੀ ਈ ਆਰ ਟੀ ਦੇ ਸਿਲੇਬਸ 'ਚ ਮਨੂ ਸਮ੍ਰਿਤੀ ਸ਼ਾਮਲ ਕਰਨ ਦਾ ਸਖ਼ਤ ਵਿਰੋਧ

**ਬਰਨਾਲਾ (ਨਜ਼ਸ)**- ਤਰਕਸ਼ੀਲ ਸੁਸਾਇਟੀ ਪੰਜਾਬ ਨੇ ਐੱਨ ਸੀ ਈ ਆਰ ਟੀ ਵੱਲੋਂ ਸਮਾਜਿਕ ਵਿਗਿਆਨ ਦੀ ਨਵੀਂ ਪੁਸਤਕ ਵਿੱਚ ਮਨੂ ਸਮ੍ਰਿਤੀ ਦੇ ਸ਼ਲੋਕ ਨੂੰ ਸ਼ਾਮਲ ਕਰਨ ਅਤੇ ਇਸਦੀ ਸਰਾਸਰ ਗ਼ਲਤ ਅਤੇ ਝੂਠੀ ਵਿਆਖਿਆ ਕਰਨ ਦੇ ਫ਼ਿਰਕੂ ਫੈਸਲੇ ਦਾ ਡਟਵਾਂ ਵਿਰੋਧ ਕਰਦਿਆਂ ਇਸਨੂੰ ਸਿਲੇਬਸ 'ਚੋਂ ਤੁਰੰਤ ਬਾਹਰ ਕੱਢਣ ਦੀ ਜ਼ੋਰਦਾਰ ਮੰਗ ਕੀਤੀ ਹੈ।



ਉਨ੍ਹਾਂ ਨੇ ਸਮੂਹ ਲੋਕ ਪੱਖੀ, ਪ੍ਰਗਤੀਸ਼ੀਲ ਜਮਹੂਰੀ ਸਮਾਜਿਕ ਸੰਸਥਾਵਾਂ ਨੂੰ ਸਿੱਖਿਆ ਦੇ ਇਸ ਸਾਜ਼ਿਸ਼ੀ ਭਗਵਾਂਕਰਨ ਦਾ ਵਿਰੋਧ ਕਰਨ ਦੀ ਅਪੀਲ ਕੀਤੀ ਹੈ।ਇਸ ਸਬੰਧੀ ਤਰਕਸ਼ੀਲ ਭਵਨ ਬਰਨਾਲੇ ਤੋਂ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਰਾਜੇਸ਼ ਅਕਲੀਆ, ਰਾਜਪਾਲ ਸਿੰਘ, ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਅੰਮ੍ਰਿਤਸਰ ਨੇ ਪ੍ਰਤੀਕਰਮ ਜਾਰੀ ਕਰਦਿਆਂ ਕਿਹਾ ਕਿ ਮਨੂ ਸਮ੍ਰਿਤੀ ਇਕ ਅਜਿਹਾ ਗ੍ਰੰਥ ਹੈ ਜਿਸ ਵਿੱਚ ਵਰੁਣ ਵੰਡ ਦੀ ਇੱਕ ਗਿਣੀ ਮਿੱਥੀ ਸਾਜ਼ਿਸ਼ ਹੇਠ ਸਮਾਜ ਵਿੱਚ ਜਾਤ-ਪਾਤ ਨਾਲ ਸਬੰਧਤ ਨਫ਼ਰਤ ਫੈਲਾਉਣ ਅਤੇ ਸਮਾਜਿਕ ਵੰਡੀਆਂ ਪਾਉਣ ਦੇ ਨਾਲ ਨਾਲ ਔਰਤ ਵਿਰੋਧੀ ਮਾਨਸਿਕਤਾ ਦਾ ਪ੍ਰਚਾਰ ਕੀਤਾ ਗਿਆ ਹੈ ਅਤੇ ਅਧਿਆਏ ਪੰਜ ਹੇਠ ਔਰਤਾਂ ਦੀ ਆਜ਼ਾਦ ਮਨੁੱਖੀ ਹਸਤੀ ਨੂੰ ਨਕਾਰ ਕੇ ਉਸਨੂੰ ਉਮਰ ਦੇ ਵੱਖ-ਵੱਖ ਪੜਾਵਾਂ ਵਿੱਚ ਪਿਤਾ, ਪਤੀ ਅਤੇ ਪੁੱਤਰਾਂ ਦੀ ਸਖ਼ਤ ਅਧੀਨਗੀ ਹੇਠ ਘਰ ਦੀ ਚਾਰਦੀਵਾਰੀ ਵਿੱਚ ਗੁਲਾਮ ਬਣ ਕੇ ਰਹਿਣ ਦੀਆਂ ਨਸੀਹਤਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਨੇ ਐੱਨ ਸੀ ਈ ਆਰ ਟੀ ਦੇ ਪ੍ਰਬੰਧਕਾਂ ਉਤੇ ਭਾਜਪਾ-ਆਰ ਐੱਸ ਐੱਸ ਦੇ ਹਿੰਦੂਤਵ ਦੇ ਫ਼ਿਰਕੂ ਏਜੰਡੇ ਨੂੰ ਲਾਗੂ ਕਰਨ ਅਤੇ ਝੂਠ ਬੋਲਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਵੈਦਿਕ ਕਾਲ ਦੌਰਾਨ ਔਰਤਾਂ ਨੂੰ ਸਤਿਕਾਰ ਦੇਣਾ ਤਾਂ ਬਹੁਤ ਦੂਰ ਦੀ ਗੱਲ ਸੀ ਜਦਕਿ ਇਸਦੇ ਉਲਟ ਔਰਤਾਂ ਨੂੰ ਵਿੱਦਿਆ ਗ੍ਰਹਿਣ, ਅਧਿਐਨ ਕਰਨ ਅਤੇ ਵੇਦ ਮੰਤਰਾਂ ਦਾ ਉਚਾਰਨ ਕਰਨ ਦੀ ਵੀ ਕੋਈ ਆਗਿਆ ਨਹੀਂ ਸੀ ਅਤੇ ਔਰਤ ਨੂੰ ਮਰਦਾਂ, ਰਾਜਿਆਂ, ਜਗੀਰਦਾਰਾਂ ਦੀ ਦਾਸੀ, ਨਿੱਜੀ ਜਾਇਦਾਦ ਅਤੇ ਪੈਰ ਦੀ ਜੁੱਤੀ ਕਹਿਸ ਕੇ ਤ੍ਰਿਸਕਾਰਿਆ ਜਾਂਦਾ ਸੀ ਜਿਸਦਾ ਇੱਕੋ ਇੱਕ ਕੰਮ ਸਾਰੀ ਉਮਰ ਮਰਦਾਂ ਨੂੰ ਖੁਸ਼ ਰੱਖਣ, ਬੱਚੇ ਪੈਦਾ ਕਰਨ ਅਤੇ ਸੇਵਾ ਕਰਨ ਤੱਕ ਸੀਮਤ ਸੀ।ਸੂਬਾ ਕਮੇਟੀ ਆਗੂਆਂ ਸੁਖਵਿੰਦਰ ਬਾਗਪੁਰ, ਮੋਹਨ ਬਡਲਾ, ਗੁਰਪ੍ਰੀਤ ਸ਼ਹਿਣਾ, ਕੁਲਜੀਤ ਫਾਜ਼ਿਲਕਾ ਅਤੇ ਜੁਝਾਰ ਲੌਂਗੋਵਾਲ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਵੱਲੋਂ ਸੰਨ 2018 ਵਿੱਚ ਸੁਪਰੀਮ ਕੋਰਟ ਵੱਲੋਂ ਦਿੱਤੇ ਫੈਸਲੇ ਦੇ ਬਿਲਕੁਲ ਉਲਟ ਸਾਬਰੀਮਾਲਾ ਮੰਦਰ ਵਿੱਚ 10 ਤੋਂ 50 ਸਾਲ ਦੇ ਵਰਗ ਦੀਆਂ ਔਰਤਾਂ ਦੇ ਦਾਖਲੇ ਉਤੇ ਪਾਬੰਦੀ ਲਾਉਣ ਲਈ ਸੁਪਰੀਮ ਕੋਰਟ ਵਿੱਚ ਦਿੱਤੇ ਹਲਫ਼ੀਆ ਦਸਤਾਵੇਜ਼ ਇਸ ਤੱਥ ਦਾ ਸਬੂਤ ਹਨ ਕਿ ਭਾਜਪਾ -ਆਰ ਐੱਸ ਐੱਸ ਦੀ ਰੂੜੀਵਾਦੀ ਅਤੇ ਫ਼ਿਰਕੂ ਵਿਚਾਰਧਾਰਾ ਸਦੀਆਂ ਬਾਅਦ ਵੀ ਸਰਾਸਰ ਔਰਤ ਵਿਰੋਧੀ ਹੈ ਅਤੇ ਉਹ ਔਰਤਾਂ ਨੂੰ ਸਮਾਜ, ਪਰਿਵਾਰ ਅਤੇ ਦੇਸ਼ ਵਿੱਚ ਬਰਾਬਰੀ ਦਾ ਦਰਜਾ, ਇੱਜ਼ਤ, ਸਨਮਾਨ ਅਤੇ ਵਿਕਾਸ ਦੇ ਮੌਕੇ ਦੇਣ ਤੋਂ ਬਿੱਲਕੁਲ ਇਨਕਾਰੀ ਹੈ।

# ਦੇਸੀ ਪਿਸਤੌਲ, ਬਿਨਾਂ ਨੰਬਰੀ ਮੋਟਰਸਾਈਕਲ ਤੇ ਹੈਰੋਇਨ ਸਮੇਤ ਗ੍ਰਿਫ਼ਤਾਰ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਪੁਲਸ ਵੱਲੋਂ ਦੋ ਵੱਖ-ਵੱਖ ਮਾਮਲਿਆਂ ਵਿੱਚ ਇੱਕ ਨੌਜਵਾਨ ਨੂੰ ਪਸਤੌਲ ਅਤੇ ਦੋ ਨੌਜਵਾਨਾਂ ਨੂੰ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ।ਇਸ ਸਬੰਧੀ ਪੱਤਰਕਾਰਾਂ ਨੂੰ ਵਧੇਰੇ



ਜਾਣਕਾਰੀ ਦਿੰਦਿਆਂ ਹੋਇਆਂ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਐੱਸਐੱਚਓ ਅਸ਼ੋਕ ਕੁਮਾਰ ਨੇ ਦੱਸਿਆ ਕਿ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਐੱਸਆਈ ਕੈਲਾਸ਼ ਚੰਦਰ ਨੇ ਡੇਰਾ ਬਾਬਾ ਨਾਨਕ ਦਾਣਾ ਮੰਡੀ ਨਜ਼ਦੀਕ ਨਾਕਾ ਲਗਾਇਆ ਹੋਇਆ ਸੀ ਕਿ ਜਿਸ ਦੌਰਾਨ ਇੱਕ ਬਿਨਾਂ ਨੰਬਰੀ ਮੋਟਰਸਾਈਕਲ ਤੇ ਸ਼ੱਕੀ ਹਾਲਤ ਵਿੱਚ ਇੱਕ ਨੌਜਵਾਨ ਆਉਂਦਾ ਦਿਖਾਈ ਦਿੱਤਾ। ਉਨ੍ਹਾਂ ਦੱਸਿਆ ਕਿ ਜਦ ਉਕਤ ਨੌਜਵਾਨ ਨੂੰ ਰੋਕ ਕੇ ਉਸਦੀ ਤਲਾਸ਼ੀ ਕੀਤੀ ਗਈ ਤਾਂ ਉਸ ਪਾਸੋਂ ਇੱਕ ਦੇਸੀ ਕੱਟਾ ਪਿਸਤੌਲ ਅਤੇ ਬਿਨਾਂ ਨੰਬਰੀ ਮੋਟਰਸਾਈਕਲ ਬਰਾਮਦ ਹੋਇਆ ਹੈ।ਐੱਸਐੱਚਓ ਅਸ਼ੋਕ ਕਮਾਰ ਨੇ ਦੱਸਿਆ ਕਿ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਉਕਤ ਨੌਜਵਾਨ ਦੀ ਪਹਿਚਾਣ ਵਿਕਰਮ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਪਿੰਡ ਸਮਰਾਏ ਡੇਰਾ ਬਾਬਾ ਨਾਨਕ ਵਜੋਂ ਹੋਈ ਹੈ।ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਉਕਤ ਨੌਜਵਾਨ ਨੂੰ ਗ੍ਰਿਫਤਾਰ ਕਰਕੇ ਉਸ ਦੇ ਖਿਲਾਫ ਧਾਰਾ 25 ਆਰਮਜ਼ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਦੂਸਰੇ ਮਾਮਲੇ ਵਿੱਚ ਪੁਲਸ ਚੌਕੀ ਧਰਮਕੋਟ ਰੰਧਾਵਾ ਦੇ ਇੰਚਾਰਜ ਏਐੱਸਆਈ ਸੁਖਦੇਵ ਸਿੰਘ ਵੱਲੋਂ ਦੋ ਨੌਜਵਾਨਾਂ ਨੂੰ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਨ੍ਹਾਂ ਦੀ ਪਹਿਚਾਣ ਕਰਨ ਵਾਸੀ ਨੰਗਲ ਵਿਜਵਾ ਅਤੇ ਰਸ਼ਪਾਲ ਸਿੰਘ ਵਾਸੀ ਪਿੰਡ ਸਰਫਕੋਟ ਵਜੋਂ ਹੋਈ ਹੈ ਜਿਨ੍ਹਾਂ ਦੇ ਖਿਲਾਫ ਐੱਨਡੀਪੀਐੱਕਸ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਉਕਤ ਦੋਸ਼ੀਆਂ ਨੂੰ ਹੋਰ ਪੁੱਛ ਗਿੱਛ ਵਾਸਤੇ ਰਿਮਾਂਡ ਹਾਸਿਲ ਕਰਨ ਲਈ ਮਾਨਯੋਗ ਅਦਾਲਤ ਵਿੱਚ ਪੇਸ਼ ਕਰਨ ਲਈ ਭੇਜਿਆ ਜਾ ਰਿਹਾ ਤੇ ਜਿਸ ਦੌਰਾਨ ਹੋਰ ਵੀ ਕਈ ਕੁੱਝ ਸਾਹਮਣੇ ਆਉਣ ਦੀ ਸੰਭਾਵਨਾ ਹੈ।

# ਡੀਸੀ ਦਫ਼ਤਰ ਅੱਗੇ ਧਰਨਾ 10 ਜੁਲਾਈ ਨੂੰ



**ਛੇਹਰਟਾ/ਝਬਾਲ (ਮਨੋਜ ਕੁਮਾਰ/ਸ਼ਸ਼ਪਾਲ ਸਿੰਘ, ਹਰਜਿੰਦਰ ਸਿੰਘ ਸੋਨੀ)** : ਸੀਟੂ, ਕੁੱਲ ਹਿੰਦ ਕਿਸਾਨ ਸਭਾ ਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੀ ਸਾਂਝੀ ਮੀਟਿੰਗ ਕਾਮਰੇਡ ਚਰਨਜੀਤ ਸਿੰਘ ਮਜੀਠਾ, ਕਾਮਰੇਡ ਰਣਜੀਤ ਸਿੰਘ ਬੱਲ ਤੇ ਜਸਬੀਰ ਸਿੰਘ ਝਬਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਟੂ ਦੇ ਸੂਬਾਈ ਮੀਤ ਪ੍ਰਧਾਨ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਦੱਸਿਆ ਕਿ ਕੇਂਦਰੀ ਤਿੰਨ ਜਥੇਬੰਦੀਆਂ ਨੇ ਦਿੱਲੀ ਮੀਟਿੰਗ ਕਰਕੇ ਫ਼ੈਸਲਾ ਕੀਤਾ ਸੀ ਕਿ 6 ਜੁਲਾਈ ਤੋਂ ਲੈ ਕੇ 10 ਜੁਲਾਈ ਤੱਕ ਡੀਸੀ ਦਫ਼ਤਰਾਂ ਅੱਗੇ ਰੈਲੀਆਂ ਕਰਕੇ ਸਰਕਾਰ ਨੂੰ ਮੰਗ ਪੱਤਰ ਭੇਜੇ ਜਾਣਗੇ। ਇਸ ਸਬੰਧੀ ਵਿਚ ਫੈਸਲਾ ਕੀਤਾ ਕਿ 5 ਜੁਲਾਈ ਨੂੰ ਜਨਰਲ ਬਾਡੀ ਦੀ ਮੀਟਿੰਗ ਕਰ ਕੇ 10 ਜੁਲਾਈ ਨੂੰ ਡੀਸੀ ਦਫ਼ਤਰ ਅੰਮ੍ਰਿਤਸਰ ਵਿਚ ਵਿਸ਼ਾਲ ਧਰਨਾ ਦੇ ਕੇ ਮੰਗ ਪੱਤਰ ਸਰਕਾਰ ਨੂੰ ਭੇਜਿਆ ਜਾਵੇਗਾ। ਇਸ ਮੌਕੇ ਮੰਗ ਕੀਤੀ ਜਾਵੇਗੀ ਕਿ ਵੱਧ ਰਹੀ ਮਹਿੰਗਾਈ ਨੂੰ ਰੋਕਿਆ ਜਾਵੇ, ਜੀ. ਰਾਮ ਜੀ. ਮਨਰੇਗਾ ਨੀਤੀ ਨੂੰ ਤੁਰੰਤ ਬੰਦ ਕਰ ਦਿੱਤਾ ਜਾਵੇ। ਚਾਰ ਲੇਬਰ ਕੋਡ ਰੱਦ ਕੀਤੇ ਜਾਣ, ਹੜ੍ਹ ਪੀੜਤਾਂ ਨੂੰ ਬਣਦੀ ਸਹਾਇਤਾ ਤੁਰੰਤ ਦਿੱਤੀ ਜਾਏ, ਹੜ੍ਹਾਂ ਨੂੰ ਰੋਕਣ ਲਈ ਖਾਲਾਂ ਦੀ ਤੁਰੰਤ ਸਫ਼ਾਈ ਕੀਤੀ ਜਾਵੇ। ਮੀਟਿੰਗ ਵਿਚ ਸਾਥੀ ਸਤਨਾਮ ਸਿੰਘ ਕਲੇਰ, ਐਡਵੋਕੇਟ ਕੰਵਲਜੀਤ ਕੌਰ, ਬਖਤਾਵਰ ਸਿੰਘ, ਬਲਜਿੰਦਰ ਸਿੰਘ, ਸਵਿੰਦਰ ਸਿੰਘ ਸਿੱਧੂ, ਕਿਰਪਾ ਰਾਮ ਆਦਿ ਸਾਥੀ ਹਾਜ਼ਰ ਸਨ।

# ਨਸ਼ਾਖੋਰੀ ਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਇਆ

**ਗੁਰਦਾਸਪੁਰ (ਜਨਕ ਮਹਾਜਨ)**- ਸ਼ਿਵ ਦੁਲਾਰ ਸਿੰਘ ਢਿੱਲੋਂ ਸੇਵਾਮੁਕਤ ਸਕੱਤਰ ਇੰਡੀਅਨ ਰੈੱਡ ਕਰਾਸ ਸੋਸਾਇਟੀ ਪੰਜਾਬ ਰਾਜ ਸ਼ਾਖਾ ਚੰਡੀਗੜ੍ਹ ਦੀ ਅਗਵਾਈ ਅਤੇ ਸਹਾਇਤਾ ਹੇਠ ਨਸ਼ਾਖੋਰੀ ਲਈ ਰੈੱਡ ਕਰਾਸ ਏਕੀਕ੍ਰਿਤ ਅਤੇ ਮੁੜ ਵਸੇਬਾ ਕੇਂਦਰ ਗੁਰਦਾਸਪੁਰ ਵੱਲੋਂ ਅੰਤਰਰਾਸ਼ਟਰੀ ਨਸ਼ਾਖੋਰੀ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਦਿਵਸ ਮਨਾਇਆ ਗਿਆ। ਇਸ ਮੌਕੇ ਕੁਲਦੀਪ ਚੰਦ ਪੀਸੀਐਸ ਸਹਾਇਕ ਕਮਿਸ਼ਨਰ ਗੁਰਦਾਸਪੁਰ ਨੇ ਮੁੱਖ ਮਹਿਮਾਨ ਵਜੋਂ ਸਮਾਗਮ ਦੀ ਪ੍ਰਧਾਨਗੀ ਕੀਤੀ ਅਤੇ ਡਾ. ਕੀਰਤਪ੍ਰੀਤ ਕੌਰ ਡੀ. ਐੱਸ. ਐੱਸ. ਓ. ਗੁਰਦਾਸਪੁਰ ਨੇ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਮੁਕੇਸ਼ ਵਰਮਾ ਜ਼ਿਲ੍ਹਾ ਗਾਈਡੈਂਸ ਕਾਊਂਸਲਰ, ਹਰਦੀਪ ਸਿੰਘ, ਰਜਨੀ ਸ਼ਰਮਾ, ਵੀਨਾ ਸ਼ਰਮਾ ਸਪੋਰਟਸ ਕੋਚ, ਬਖਸ਼ੀ ਰਾਜ, ਪ੍ਰੋਜੈਕਟ ਕੋਆਰਡੀਨੇਟਰ ਅਤੇ ਇਲਾਕੇ ਦੇ ਹੋਰ ਵਿਅਕਤੀ ਮੌਜੂਦ ਰਹੇ। ਸੁਖਬੀਰ ਕੌਰ ਸਟੇਟ ਐਵਾਰਡੀ, ਟੀਵੀ ਐਂਕਰ, ਅਤੇ ਅਧਿਆਪਕ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ। ਰੋਮੇਸ਼ ਮਹਾਜਨ ਨੈਸ਼ਨਲ ਐਵਾਰਡੀ ਪ੍ਰੋਜੈਕਟ ਡਾਇਰੈਕਟਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਰਸਮੀ ਤੌਰ 'ਤੇ ਸਮਾਗਮ ਦੀ ਸ਼ੁਰੂਆਤ ਕੀਤੀ। ਕੋਮਲਪ੍ਰੀਤ ਕੌਰ ਕੌਂਸਲਰ ਨੇ ਨਸ਼ਾਖੋਰੀ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ 'ਤੇ ਭਾਸ਼ਣ ਦਿੱਤਾ। ਮੁੱਖ ਮਹਿਮਾਨ ਕੁਲਦੀਪ ਚੰਦ ਨੇ ਨੌਜਵਾਨਾਂ ਅਤੇ ਟੀਮ ਨੂੰ ਪ੍ਰੇਰਨਾਦਾਇਕ ਸ਼ਬਦਾਂ ਨਾਲ ਆਪਣਾ ਆਸ਼ੀਰਵਾਦ ਵੀ ਦਿੱਤਾ। ਇਹ ਸਮਾਗਮ ਧੰਨਵਾਦ ਮਤੇ ਅਤੇ ਨਸ਼ਾ ਮੁਕਤ ਭਾਰਤ ਸਪਤਾਹ 2026 ਅਧੀਨ 17 ਤੋਂ 26 ਜੂਨ ਤੱਕ ਕੇਂਦਰ ਦੁਆਰਾ ਕੀਤੀਆਂ ਗਈਆਂ ਸਾਰੀਆਂ ਗਤੀਵਿਧੀਆਂ 'ਤੇ ਇੱਕ ਨਜ਼ਰ ਮਾਰਨ ਨਾਲ ਸਮਾਪਤ ਹੋਇਆ।



# ਕੁੱਲ ਹਿੰਦ ਕਿਸਾਨ ਸਭਾ ਪੰਜਾਬ ਤੇ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਨੇ ਲਾਇਆ ਧਰਨਾ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਕੁੱਲ ਹਿੰਦ ਕਿਸਾਨ ਸਭਾ ਪੰਜਾਬ ਅਤੇ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਜੰਡਿਆਲਾ ਗੁਰੂ ਵਿਧਾਨ ਸਭਾ ਅਧੀਨ ਪੈਂਦੀ ਬਿਜਲੀ ਬੋਰਡ ਦੀਆਂ ਸਬ ਡਵੀਜ਼ਨ ਨਵਾਂ ਪਿੰਡ ਵਿਖੇ ਇਲਾਕੇ ਦੇ ਸੈਂਕੜੇ ਕਿਸਾਨਾਂ ਵੱਲੋਂ ਪਿਛਲੇ ਦਿਨਾਂ ਤੋਂ ਟਿਊਬਵੈੱਲਾਂ ਨੂੰ ਬਿਜਲੀ ਸਪਲਾਈ ਨਾ ਮਿਲਣ ਤੇ ਸਿਖਰ ਦੁਪਹਿਰੇ ਧਰਨਾ ਦਿੱਤਾ।ਧਰਨੇ ਦੀ ਅਗਵਾਈ ਕਰਦਿਆਂ ਕਿਸਾਨ ਆਗੂ ਲਖਬੀਰ ਸਿੰਘ ਨਿਜ਼ਾਮਪੁਰ ਅਤੇ ਭੁਪਿੰਦਰ ਸਿੰਘ ਤੀਰਥਪੁਰਾ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਨਵਾਂ ਪਿੰਡ ਬਿਜਲੀ ਘਰ ਤੋਂ ਟਿਊਬਵੈਲਾਂ ਨੂੰ ਬਿਜਲੀ ਸਪਲਾਈ ਕਰਨ ਵਾਲੇ ਫੀਡਰਾਂ ਤੋਂ ਕਿਸਾਨਾਂ ਨੂੰ ਸਰਕਾਰ ਵੱਲੋਂ ਐਲਾਨੀ 8 ਘੰਟੇ ਦੀ ਬਿਜਲੀ ਸਪਲਾਈ ਨਹੀਂ ਮਿਲ ਰਹੀ।ਕੁਝ ਫੀਡਰਾਂ ਨੂੰ ਤਿੰਨ ਦਿਨ ਤੋਂ ਸਪਲਾਈ ਨਹੀਂ ਮਿਲੀ ਜਿਸ ਕਾਰਨ ਕਿਸਾਨਾਂ ਦੀ ਫਸਲ ਖਾਸ ਕਰਕੇ ਝੋਨਾ ਸੁੱਕ ਰਿਹਾ ਹੈ।ਕਿਸਾਨ ਆਗੂ ਤਰਸੇਮ ਸਿੰਘ ਨੰਗਲ ਅਤੇ ਗੁਰਮੇਜ ਸਿੰਘ ਮੱਖਣਵਿੰਡੀ ਨੇ ਕਿਹਾ ਕਿ ਜੇਕਰ ਕਿਸਾਨਾਂ ਨੂੰ ਬਿਜਲੀ ਸਪਲਾਈ ਨਾ ਮਿਲੀ ਤਾਂ ਜਥੇਬੰਦੀ ਵੱਡੇ ਪੱਧਰ ਤੇ ਅਧਿਕਾਰੀਆਂ ਦਾ ਘਿਰਾਓ ਕਰਨ ਲਈ ਮਜਬੂਰ ਹੋਵੇਗੀ।ਧਰਨੇ ਵਿੱਚ ਸਰਬਜੀਤ ਸਿੰਘ ਸਾਬਕਾ ਸਰਪੰਚ ਜੰਡ, ਕਰਨੈਲ ਸਿੰਘ, ਜਰਨੈਲ ਸਿੰਘ, ਗੁਰਮੇਜ ਸਿੰਘ, ਮਲਕੀਅਤ ਸਿੰਘ ਮੱਖਣਵਿੰਡੀ, ਬਲਵੰਤ ਸਿੰਘ ਤੀਰਥਪੁਰਾ, ਅਵਤਾਰ ਸਿੰਘ, ਭੁਪਿੰਦਰ ਸਿੰਘ ਵਡਾਲਾ ਜੌਹਲ, ਇੱਕਬਾਲ ਸਿੰਘ, ਰਾਜੂ ਫਤਿਹਪੁਰ ਰਾਜਪੂਤਾਂ, ਧਰਮਿੰਦਰ ਸਿੰਘ, ਗੁਰਜੀਤ ਸਿੰਘ ਕਿਲਾ ਜੀਵਨ ਸਿੰਘ, ਪ੍ਰਗਟ ਸਿੰਘ, ਮਹਿਲ ਸਿੰਘ ਛਾਪਾ, ਹਰਜੀਤ ਸਿੰਘ, ਪਰਮਜੀਤ ਸਿੰਘ ਨੰਬਰਦਾਰ, ਬਲਦੇਵ ਸਿੰਘ ਨਿਜ਼ਾਮਪੁਰ, ਗੁਰਭੇਜ ਸਿੰਘ, ਮਨਜਿੰਦਰ ਸਿੰਘ ਬੱਬੂ, ਜਗਤਾਰ ਸਿੰਘ ਤਲਵੰਡੀ, ਤਰਸੇਮ ਸਿੰਘ ਮੋਟਾ ਅਤੇ ਜਸਵਿੰਦਰ ਸਿੰਘ ਨੰਬਰਦਾਰ ਨੰਗਲ ਦਿਆਲ ਸਿੰਘ ਆਦਿ ਹਾਜ਼ਰ ਸਨ।



# ਬਾਬਾ ਅਜੈਬ ਸਿੰਘ ਵੱਲੋਂ ਨਸ਼ਾ ਮੁਕਤ ਸਮਾਜ ਸਿਰਜਣ ਦਾ ਸੁਨੇਹਾ

**ਧਾਰੀਵਾਲ, (ਮਨਦੀਪ ਵਿੱਕੀ)**- ਪਿੰਡ ਧਾਰੀਵਾਲ ਕਲਾਂ ਦੇ ਉੱਘੇ ਸਮਾਜ ਸੇਵੀ ਬਾਬਾ ਅਜੈਬ ਸਿੰਘ ਚੀਮਾ ਨੇ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਮਸ਼ਾਲ ਜਗਾ ਕੇ 'ਨਸ਼ਿਆਂ ਖਿਲਾਫ ਜਗਾਓ ਮਸ਼ਾਲ, ਪੰਜਾਬ ਬਣਾਓ ਮੁੜ ਖੁਸ਼ਹਾਲ' ਦਾ ਸੁਨੇਹਾ ਦਿੱਤਾ ਅਤੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਸੰਦੇਸ਼ ਦਿੱਤਾ।ਬਾਬਾ ਅਜੈਬ ਸਿੰਘ ਨੇ ਕਿਹਾ ਅਜੋਕੇ ਸਮੇਂ ਵਿੱਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਹਰੇਕ ਵਿਅਕਤੀ ਨੂੰ ਯਤਨਸ਼ੀਲ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਆਪਣੇ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਗੁਰੂਆਂ ਦੇ ਦਰਸਾਏ ਮਾਰਗ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਅਤੇ ਸਮਾਜ ਭਲਾਈ ਦੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ, ਤਾਂ ਹੀ ਨਰੋਏ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਹੋ ਸਕਦੀ ਹੈ।



# ਸਹੋਤਾ ਡੀ ਪੀ ਆਈ (ਸੈਕੰਡਰੀ) ਨੂੰ ਮਿਲੇ



ਬਿਆਸ (ਰੱਖੜਾ) ਹਲਕਾ ਬਾਬਾ ਬਕਾਲਾ ਸਾਹਿਬ ਦੇ 'ਆਪ' ਦੇ ਸੀਨੀਅਰ ਆਗੂ ਰਜਿੰਦਰ ਸਿੰਘ ਸਹੋਤਾ ਨੇ ਡੀ ਪੀ ਆਈ. ਸੈਕੰਡਰੀ ਸਕੱਤਰ ਸਿੰਘ ਬੱਲ ਨਾਲ ਮੁਲਾਕਾਤ ਕੀਤੀ ਅਤੇ ਉਹਨਾ ਨੂੰ ਡੀ ਪੀ ਆਈ ਸੈਕੰਡਰੀ ਦਾ ਅਹੁਦਾ ਸੰਭਾਲਣ 'ਤੇ ਵਧਾਈ ਦਿੱਤੀ। ਉਹਨਾ ਵੱਲੋਂ ਸਕੱਤਰ ਸਿੰਘ ਬੱਲ ਨਾਲ ਹਲਕੇ ਦੇ ਸਕੂਲਾਂ ਵਿਚਲੀਆਂ ਕਮੀਆਂ ਪੂਰੀਆਂ ਕਰਨ ਲਈ ਕਿਹਾ। ਡੀ ਪੀ ਆਈ ਵੱਲੋਂ ਇਹਨਾਂ ਕਮੀਆਂ ਨੂੰ ਜਲਦੀ ਪੂਰਾ ਕਰ ਦਾ ਭਰੋਸਾ ਦਿੱਤਾ ਗਿਆ।

# ਹਰੇਕ ਕਿਸਾਨ ਲਈ ਫਾਰਮਰ ਰਜਿਸਟਰੀ ਲਾਜ਼ਮੀ : ਡਾ. ਸ਼ਾਹਬਾਜ਼ ਸਿੰਘ ਚੀਮਾ

**ਗੁਰਦਾਸਪੁਰ, (ਜਨਕ ਮਹਾਜਨ)**- ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦਾ ਪ੍ਰਮਾਣਿਤ ਡਾਟਾਬੇਸ ਤਿਆਰ ਕਰਨ ਲਈ ਚਲਾਈ ਜਾ ਰਹੀ ਫਾਰਮਰ ਰਜਿਸਟਰੀ ਮੁਹਿੰਮ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਸ਼ਾਹਬਾਜ਼ ਸਿੰਘ ਚੀਮਾ ਨੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਬਿਨਾਂ ਕਿਸੇ ਦੇਰੀ ਦੇ ਆਪਣੀ ਫਾਰਮਰ ਰਜਿਸਟਰੀ ਜ਼ਰੂਰ ਕਰਵਾਉਣ ਤਾਂ ਜੋ ਭਵਿੱਖ ਵਿੱਚ ਖੇਤੀਬਾੜੀ ਨਾਲ ਸਬੰਧਿਤ ਸਰਕਾਰੀ ਯੋਜਨਾਵਾਂ ਅਤੇ ਸਹੂਲਤਾਂ ਦਾ ਲਾਭ ਲੈਣ ਵਿੱਚ ਕਿਸੇ ਤਰ੍ਹਾਂ ਦੀ ਦਿੱਕਤ ਨਾ ਆਵੇ। ਡਾ. ਚੀਮਾ ਨੇ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹੇ ਭਰ ਵਿੱਚ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਵੱਖ-ਵੱਖ ਪਿੰਡਾਂ ਵਿੱਚ ਕੈਂਪ ਲਗਾਏ ਜਾ ਰਹੇ ਹਨ ਅਤੇ ਕਿਸਾਨਾਂ ਨੂੰ ਨੇੜਲੇ ਕਾਮਨ ਸਰਵਿਸ ਸੈਂਟਰ (ਸੀ. ਐੱਸ. ਸੀ.) ਰਾਹੀਂ ਮੁਫ਼ਤ ਫਾਰਮਰ ਰਜਿਸਟਰੀ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਡਾ. ਚੀਮਾ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਖ਼ਰੀ ਸਮੇਂ ਦੀ ਉਡੀਕ ਕਰਨ ਦੀ ਬਜਾਏ ਤੁਰੰਤ ਆਪਣੀ ਫਾਰਮਰ ਰਜਿਸਟਰੀ ਕਰਵਾਉਣ ਅਤੇ ਆਪਣੇ ਆਲੇ-ਦੁਆਲੇ ਦੇ ਹੋਰ ਕਿਸਾਨਾਂ ਨੂੰ ਵੀ ਇਸ ਲਈ ਪ੍ਰੇਰਿਤ ਕਰਨ।



# ਕਾਂਗਰਸੀਆਂ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਸਬੰਧੀ ਵਿਚਾਰ-ਵਟਾਂਦਰਾ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਕਸਬਾ ਫਤਿਆਬਾਦ ਵਿਖੇ ਸੀਨੀਅਰ ਕਾਂਗਰਸੀ ਆਗੂ ਬਲਵਿੰਦਰ ਸਿੰਘ ਕਾਨੂੰਗੋ ਦੇ ਗ੍ਰਹਿ ਵਿਖੇ ਕਾਂਗਰਸ ਪਾਰਟੀ ਦੇ ਵਰਕਰਾਂ ਨੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ 2027 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਰਣਨੀਤੀ ਤਿਆਰ ਕੀਤੀ ਗਈ। ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਬਲਵਿੰਦਰ ਸਿੰਘ ਕਾਨੂੰਗੋ, ਕੁਲਜੀਤ ਸਿੰਘ ਥਿੰਦ, ਦਵਿੰਦਰ ਸਿੰਘ ਕਾਕਾ ਮੈਂਬਰ, ਬਲਜੀਤ ਸਿੰਘ ਸ਼ਾਹ, ਜੰਗਲੀ ਮਹਾਸਾ, ਗੁਰਦੇਵ ਸਿੰਘ ਪਵਾਰ, ਅਸ਼ੋਕ ਮਹਾਸ਼ਾ, ਕਰਨੈਲ ਸਿੰਘ, ਸ਼ਮਸ਼ੇਰ ਸਿੰਘ ਸੇਰੀ, ਜਸਬੀਰ ਸਿੰਘ ਬੰਟੀ, ਮੋਨੂੰ ਮਹਾਜਨ, ਅਮਿਤ ਸ਼ਰਮਾ, ਗੁਰਭੇਜ ਸਿੰਘ ਜੰਡਿਆਲਾ, ਮੈਂਬਰ ਸੁਖਦੇਵ ਰਾਜ ਸੁੱਖ, ਮੈਂਬਰ ਮਲਕੀਤ ਸਿੰਘ, ਮੈਂਬਰ ਹਰਜੀਤ ਸਿੰਘ, ਸਾਬਕਾ ਮੈਂਬਰ ਧਰਮ ਸਿੰਘ, ਬਚਨ ਸਿੰਘ ਲੀਡਰ, ਸੁਖਦੇਵ ਸਿੰਘ ਚੰਡੀਗੜ੍ਹ, ਗੁਰਦੀਪ ਸਿੰਘ ਦੀਪ, ਕੁਲਦੀਪ ਸਿੰਘ ਸੀਤੋ, ਜਗੀਰ ਸਿੰਘ ਮਹਿਕਪ੍ਰੀਤ ਸਿੰਘ, ਬਲਜੀਤ ਸਿੰਘ, ਸੁਖਦੀਪ ਸਿੰਘ ਸੁੱਖ, ਕੁਲਵਿੰਦਰ ਸਿੰਘ ਕਾਲਾ, ਨਿਰਮਲ ਸਿੰਘ ਨਿੰਮਾ, ਮੱਸਾ ਸਿੰਘ, ਮੇਜਰ ਸਿੰਘ, ਅਸ਼ੋਕ ਸੈਲੂਨ ਵਾਲਾ, ਹੰਨੀ ਕੈਸਟਾਂ ਵਾਲਾ, ਅਸ਼ੋਕ ਸ਼ਰਮਾ, ਬਾਊ ਭਰਪੂਰ ਸਿੰਘ, ਬਬਲੂ ਸਿੰਘ, ਸੁਭਾਸ਼ ਬਾਸ਼ੀ, ਕੁਵਰਬੀਰ ਸਿੰਘ ਅਤੇ ਕਾਂਗਰਸ ਵਰਕਰ ਹਾਜ਼ਰ ਹੋਏ।

# ਮੁੱਦਾਹੀਣ ਵਿਰੋਧੀ ਧਿਰਾਂ ਸਾਜ਼ਿਸ਼ਾਂ ਘੜਨ 'ਚ ਹੋਈਆਂ ਮਸਰੂਫ : ਬੱਬਲੂ ਸਿੰਧੀ ਰਮਦਾਸ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦਿਨ-ਬ-ਦਿਨ ਵਧੀ ਹਰਮਨਪ੍ਰਿਅਤਾ ਅਤੇ ਲੋਕ-ਹਿਤੈਸ਼ੀ ਫੈਸਲਿਆਂ ਕਾਰਨ ਮੁੱਦਾਹੀਣ ਵਿਰੋਧੀ ਧਿਰਾਂ (ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ) ਬੁਖਲਾਹਟ 'ਚ ਸਾਜ਼ਿਸ਼ਾਂ ਘੜਨ 'ਚ ਮਸਰੂਫ ਹੋ ਗਈਆਂ ਹਨ।ਉਕਤ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾਈ ਆਗੂ ਤੇ ਬਲਾਕ ਆਬਜ਼ਰਵਰ ਹਰਬੀਰ ਸਿੰਘ ਬੱਬਲੂ ਸਿੰਧੀ ਰਮਦਾਸ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਇਸ ਮੌਕੇ ਆਪ ਦੇ ਬਲਾਕ ਆਬਜ਼ਰਵਰ ਹਰਬੀਰ ਸਿੰਘ ਬੱਬਲੂ ਸਿੰਧੀ ਰਮਦਾਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਨੂੰ ਦਿੱਤੀਆਂ ਗਈਆਂ ਗਾਰੰਟੀਆਂ ਤੇ ਕੀਤੇ ਗਏ ਚੋਣ ਵਾਅਦੇ ਇੱਕ ਤੋਂ ਬਾਅਦ ਇੱਕ ਕਰਕੇ ਪੂਰੇ ਕਰ ਦਿੱਤੇ ਜਾਣ ਕਰਕੇ ਵਿਰੋਧੀਆਂ ਦੇ ਸਾਰੇ ਚੋਣ ਮੁੱਦੇ ਖਤਮ ਕਰ ਦਿੱਤੇ ਹਨ ਜਿਸ ਕਰਕੇ ਉਹ ਕਥਿਤ ਝੂਠੀ ਤੇ ਬੇਬੁਨਿਆਦ ਵੀਡੀਓ ਅਤੇ ਧਾਰਮਿਕ ਮੁੱਦਿਆਂ ਦਾ ਸਹਾਰਾ ਲੈ ਰਹੀਆਂ ਹਨ ਪਰ ਲੋਕ ਇਹਨਾਂ ਵਿਰੋਧੀ ਧਿਰਾਂ ਦੀਆਂ ਘਟੀਆ ਤੇ ਕੋਝੀ ਹਰਕਤਾਂ ਤੋਂ ਭਲੀਭਾਂਤ ਜਾਣੂ ਹਨ ।



# ਸ੍ਰੀ ਗੁਰੂ ਰਾਮਦਾਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਪੰਧੇਰ ਅੰਮ੍ਰਿਤਸਰ ਵਿਖੇ ਦਾਖਲਾ ਸ਼ੁਰੂ

**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਸ੍ਰੀ ਗੁਰੂ ਰਾਮਦਾਸ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਪੰਧੇਰ ਅੰਮ੍ਰਿਤਸਰ ਵੱਲੋਂ ਨਵੇਂ ਸੈਸ਼ਨ ਲਈ ਦਾਖਲਾ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।ਇਸ ਸਬੰਧੀ ਜਾਣਕਾਰੀ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਸ. ਅਵਤਾਰ ਸਿੰਘ ਕੰਗ ਅਤੇ ਚੇਅਰਪਰਸਨ ਮੈਡਮ ਹਰਜਿੰਦਰਪਾਲ ਕੌਰ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਅਤੇ ਪ੍ਰੈਕਟੀਕਲ ਟ੍ਰੇਨਿੰਗ ਦੇਣ ਲਈ ਨਰਸਿੰਗ, ਫਾਰਮੇਸੀ, ਡਿਗਰੀ, ਐਜੂਕੇਸ਼ਨ ਅਤੇ ਮੈਡੀਕਲ ਟੈਕਨਾਲੋਜੀ ਨਾਲ ਸਬੰਧਤ ਕਈ ਕੋਰਸ ਚਲਾਏ ਜਾ ਰਹੇ ਹਨ।ਇਥੇ ਐੱਮ.ਐੱਸ.ਸੀ. ਨਰਸਿੰਗ, ਬੀ.ਐੱਸ.ਸੀ. ਨਰਸਿੰਗ, ਪੋਸਟ ਬੇਸਿਕ ਬੀ.ਐੱਸ.ਸੀ. ਨਰਸਿੰਗ, ਜੀ.ਐੱਨ.ਐੱਮ. ਅਤੇ ਏ.ਐੱਨ.ਐੱਮ. ਕੋਰਸਾਂ ਵਿੱਚ ਦਾਖਲੇ ਉਪਲਬਧ ਹਨ। ਆਪ੍ਰੇਸ਼ਨ ਥੀਏਟਰ ਅਟੈਂਡੈਂਟ, ਐਮਰਜੈਂਸੀ ਕਮ ਐਂਬੂਲੈਂਸ ਅਟੈਂਡੈਂਟ, ਹਸਪਤਾਲ ਕੇਅਰ ਅਟੈਂਡੈਂਟ ਅਤੇ ਹਸਪਤਾਲ-ਕਮ-ਹੋਮ ਬੇਸਡ ਕੇਅਰ ਅਟੈਂਡੈਂਟ ਵਰਗੇ ਸਰਟੀਫਿਕੇਟ ਕੋਰਸ ਵੀ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਬੀ.ਫ਼ਾਰਮੇਸੀ, ਬੀ.ਫ਼ਾਰਮੇਸੀ ਲੈਟਰਲ ਐਂਟਰੀ, ਡੀ.ਫ਼ਾਰਮੇਸੀ ਐਲੋਪੈਥੀ ਅਤੇ ਡੀ.ਫ਼ਾਰਮੇਸੀ ਆਯੁਰਵੇਦਾ ਕੋਰਸਾਂ ਵਿੱਚ ਦਾਖਲੇ ਸ਼ੁਰੂ ਹਨ। ਹੈਲਥ ਸਾਇੰਸ ਖੇਤਰ ਵਿੱਚ ਬੀ.ਐੱਸ. ਸੀ. ਮੈਡੀਕਲ ਟੈਕਨਾਲੋਜੀ (ਐਨਸਥੀਸੀਆ ਅਤੇ ਆਪ੍ਰੇਸ਼ਨ ਥੀਏਟਰ), ਬੀ.ਐੱਸ.ਸੀ. ਰੇਡੀਓਲੋਜੀ ਅਤੇ ਇਮੇਜਿੰਗ ਟੈਕਨਾਲੋਜੀ ਅਤੇ ਬੀ.ਵੋਕ. ਚਾਈਲਡ ਕੇਅਰਗਿਵਰ (ਨੈਨੀ ਡਿਪਲੋਮਾ) ਕੋਰਸ ਵੀ ਉਪਲਬਧ ਹਨ।ਬੀ.ਏ., ਬੀ.ਐੱਸ.ਸੀ. ਇਕਨਾਮਿਕਸ, ਬੀ.ਕਾਮ., ਬੀ.ਐੱਸ.ਸੀ. ਨਾਨ-ਮੈਡੀਕਲ, ਬੀ.ਸੀ.ਏ., ਬੀ.ਐੱਸ.ਸੀ. ਮੈਡੀਕਲ, ਪੀ.ਜੀ.ਡੀ.ਸੀ.ਏ., ਬੀ.ਐੱਸ.ਸੀ. ਕੰਪਿਊਟਰ ਸਾਇੰਸ ਅਤੇ ਡੀ.ਸੀ.ਏ. ਕੋਰਸ ਕਰਵਾਏ ਜਾ ਰਹੇ ਹਨ।ਇਸ ਤੋਂ ਇਲਾਵਾ ਬੀ.ਐੱਡ. ਕੋਰਸ ਲਈ ਵੀ ਦਾਖਲੇ ਲਏ ਜਾ ਰਹੇ ਹਨ। ਚੇਅਰਪਰਸਨ ਮੈਡਮ ਹਰਜਿੰਦਰਪਾਲ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਸ. ਅਵਤਾਰ ਸਿੰਘ ਕੰਗ ਨੇ ਕਿਹਾ ਕਿ ਸੰਸਥਾ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ, ਆਧੁਨਿਕ ਸਹੂਲਤਾਂ ਅਤੇ ਪ੍ਰੈਕਟੀਕਲ ਗਿਆਨ ਪ੍ਰਦਾਨ ਕਰਕੇ ਉਨ੍ਹਾਂ ਨੂੰ ਆਪਣੇ ਖੇਤਰ ਵਿੱਚ ਕਾਮਯਾਬ ਬਣਾਉਣਾ ਹੈ।ਸੰਸਥਾ ਵਿੱਚ ਬੱਸ, ਹੋਸਟਲ ਅਤੇ ਮੈਡੀਕਲ ਸਹੂਲਤਾਂ ਵੀ ਉਪਲਬਧ ਹਨ।



# ਅੱਜ ਦੇ ਰੋਸ ਧਰਨੇ 'ਚ ਇੰਪਲਾਈਜ਼ ਫੈਡਰੇਸ਼ਨ ਵੱਡੀ ਗਿਣਤੀ 'ਚ ਕਰੇਗੀ ਸ਼ਮੂਲੀਅਤ




**ਬਿਆਸ (ਪਰਮਜੀਤ ਸਿੰਘ ਰੱਖੜਾ)** ਇੰਪਲਾਈਜ਼ ਫੈਡਰੇਸ਼ਨ (ਪਹਿਲਵਾਨ) ਯੂਨਿਟ ਬਾਬਾ ਬਕਾਲਾ ਸਾਹਿਬ ਦੀ ਮੀਟਿੰਗ 66 ਕੇ ਵੀ ਸਠਿਆਲਾ ਵਿਖੇ ਪ੍ਰਧਾਨ ਹਰਜਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਰਕਲ ਆਗੂ ਗੁਰਪ੍ਰੀਤ ਸਿੰਘ ਫੇਰੂਮਾਨ ਅਤੇ ਸਰਕਲ ਕੈਸ਼ੀਅਰ ਕਰਮਜੀਤ ਸਿੰਘ ਬਾਬਾ ਬਕਾਲਾ ਉਚੇਚੇ ਤੌਰ 'ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਦੇ ਮੈਂਬਰਾਂ ਵੱਲੋਂ ਵੱਡੀ ਗਿਣਤੀ ਵਿੱਚ ਭਾਗ ਲਿਆ ਗਿਆ । ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਸਾਂਝੇ ਮੰਚ ਵੱਲੋਂ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਦਾ ਜੋ ਬਿਗਲ ਵਜਾਇਆ ਗਿਆ ਹੈ ਅਤੇ 28 ਜੂਨ (ਐਤਵਾਰ) ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਗਰੂਰ ਵਿਖੇ ਕੋਠੀ ਦੇ ਸਾਹਮਣੇ ਪੰਜਾਬ ਪੱਧਰ ਦਾ ਰੋਸ ਧਰਨਾ ਲਗਾਉਣ ਦਾ ਜੋ ਫੈਸਲਾ ਕੀਤਾ ਗਿਆ ਹੈ, ਉਸ ਵਿੱਚ ਇੰਪਲਾਈਜ਼ ਫੈਡਰੇਸ਼ਨ (ਪਹਿਲਵਾਨ) ਯੂਨਿਟ ਬਾਬਾ ਬਕਾਲਾ ਸਾਹਿਬ ਵੱਲੋਂ ਸੈਂਕੜਿਆਂ ਦੀ ਗਿਣਤੀ ਵਿੱਚ ਆਪਣੇ ਮੈਂਬਰਾਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ। ਇਸ ਮੌਕੇ ਗੁਰਵੰਤ ਸਿੰਘ ਪੱਲਾ, ਗੁਰਪਾਲ ਸਿੰਘ ਕਾਕਾ, ਗੁਰਜੀਤ ਸਿੰਘ ਰਾਮਪੁਰ, ਤਰਸੇਮ ਸਿੰਘ ਬੁਤਾਲਾ, ਦਇਆ ਸਿੰਘ, ਪ੍ਰਗਟ ਸਿੰਘ, ਵਕੀਲ ਸਿੰਘ, ਸੋਨੀ ਬਾਬਾ ਬਕਾਲਾ, ਨਰਿੰਦਰ ਸਿੰਘ, ਲਖਵਿੰਦਰ ਸਿੰਘ ਜੇ ਈ, ਕੁਲਦੀਪ ਸਿੰਘ ਜੇ ਈ, ਚੰਗੇਜ ਸਿੰਘ, ਸੁਖਜੀਤ ਸਿੰਘ, ਸੁਰਿੰਦਰ ਪਾਲ ਸਿੰਘ ਤੇ ਗੱਜਣ ਸਿੰਘ ਆਦਿ ਸਾਥੀ ਸ਼ਾਮਲ ਹੋਏ।

# ਅਨੁਜ ਨੂੰ ਆਈਆਈਟੀ ਧਨਬਾਦ ਵਿਖੇ ਬੀ ਟੈੱਕ 'ਚ ਮਿਲਿਆ ਦਾਖਲਾ

**ਪਠਾਨਕੋਟ (ਦਵਿੰਦਰ ਸਿੰਘ)**: ਪ੍ਰਤਾਪ ਵਰਲਡ ਸਕੂਲ (ਪੀਡਬਲਯੂਐੱਸ), ਪਠਾਨਕੋਟ ਨੇ ਇੱਕ ਵਾਰ ਫਿਰ ਆਪਣੀ ਸ਼ਾਨਦਾਰ ਅਕਾਦਮਿਕ ਪਰੰਪਰਾ ਨੂੰ ਕਾਇਮ ਰੱਖਦਿਆਂ ਮਾਣ ਹਾਸਲ ਕੀਤਾ ਹੈ।ਸਕੂਲ ਦੇ ਹੋਣਹਾਰ ਵਿਦਿਆਰਥੀ ਅਨੁਜ ਧੀਮਾਨ ਨੇ ਦੇਸ਼ ਦੇ ਪ੍ਰਸਿੱਧ ਭਾਰਤੀ ਪ੍ਰੋਦਯੋਗਿਕੀ ਸੰਸਥਾਨ (ਆਈਆਈਟੀ) ਧਨਬਾਦ ਵਿੱਚ ਮਾਈਨਿੰਗ ਇੰਜੀਨੀਅਰਿੰਗ ਵਿਸ਼ੇ ਵਿੱਚ ਬੀ. ਟੈੱਕ ਕੋਰਸ ਲਈ ਦਾਖਲਾ ਪ੍ਰਾਪਤ ਕੀਤਾ ਹੈ।ਅਨੁਜ ਨੇ ਇਹ ਮਹੱਤਵਪੂਰਨ ਉਪਲਬਧੀ ਦੇਸ਼ ਦੀਆਂ ਸਭ ਤੋਂ ਔਖੀਆਂ ਇੰਜੀਨੀਅਰਿੰਗ ਦਾਖਲਾ ਪ੍ਰੀਖਿਆਵਾਂ ਵਿੱਚੋਂ ਇੱਕ ਜੇਈਈ ਐਡਵਾਂਸ ਪਾਸ ਕਰਕੇ ਆਲ ਇੰਡੀਆ ਰੈਂਕ ਹਾਸਲ ਕਰਕੇ ਪ੍ਰਾਪਤ ਕੀਤੀ ਹੈ।ਇਸ ਸ਼ਾਨਦਾਰ ਉਪਲਬਧੀ 'ਤੇ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਅਨੁਜ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਨੁਜ ਦੀ ਇਹ ਸਫ਼ਲਤਾ ਪੂਰੇ ਪੀਡਬਲਯੂਐਸ ਪਰਿਵਾਰ ਲਈ ਬੇਹੱਦ ਮਾਣ ਵਾਲੀ ਗੱਲ ਹੈ।ਅਸੀਂ ਅਨੁਜ ਨੂੰ ਆਈਆਈਟੀ ਧਨਬਾਦ ਵਿੱਚ ਉਸਦੇ ਰੌਸ਼ਨ ਭਵਿੱਖ ਅਤੇ ਜੀਵਨ ਦੀਆਂ ਆਉਣ ਵਾਲੀਆਂ ਸਫ਼ਲਤਾਵਾਂ ਲਈ ਦਿਲੋਂ ਸ਼ੁਭਕਾਮਨਾਵਾਂ ਦਿੰਦੇ ਹਾਂ।ਪ੍ਰਿੰ. ਸ਼ੁਭਰਾ ਰਾਣੀ ਨੇ ਅਨੁਜ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਨੁਜ ਦੀ ਇਹ ਉਪਲਬਧੀ ਉਸਦੀ ਲਗਨ, ਮਿਹਨਤ ਦਾ ਨਤੀਜਾ ਹੈ।




# ਸੈਂਕੜੇ ਕਿਸਾਨਾਂ ਦੀ ਕਾਤਿਲ ਭਾਜਪਾ ਪੰਜਾਬ ਦੀ ਸੱਤਾ 'ਚ ਆਉਣ ਲਈ ਤਰਲੋ-ਮੱਛੀ ਹੋ ਰਹੀ: ਦਦੇਹਰ ਸਾਹਿਬ



**ਚੋਹਲਾ ਸਾਹਿਬ (ਰਮਨ ਚੱਢਾ)**— ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੇ ਮੈਂਬਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ 800 ਕਿਸਾਨਾਂ ਦੀ ਕਾਤਿਲ ਬੀਜੇਪੀ ਪੰਜਾਬ ਦੀ ਸੱਤਾ ਵਿਚ ਆਉਣ ਲਈ ਤਰਲੋ-ਮੱਛੀ ਹੋ ਰਹੀ ਹੈ।ਵੱਖ-ਵੱਖ ਡੇਰਾ ਮੁਖੀਆਂ ਨਾਲ ਮੁਲਾਕਾਤਾਂ ਅਤੇ ਰਾਮ ਰਹੀਮ ਨੂੰ ਵਾਰ ਵਾਰ ਪੈਰੋਲ ਦੇਣਾ ਸਭ ਭਾਜਪਾ ਪੰਜਾਬ ਦੀ ਸੱਤਾ ਹਾਸਿਲ ਕਰਨ ਲਈ ਕਰ ਰਹੀ ਹੈ।ਕੇਂਦਰ ਦੀ ਭਾਜਪਾ ਸਰਕਾਰ ਨੇ ਦਿੱਲੀ ਕਿਸਾਨ ਮੋਰਚੇ ਵਿਚ ਜਿਨ੍ਹਾਂ ਮਾਵਾਂ ਦੇ ਪੁੱਤ ਖੋਹ ਲਏ, ਜਿਨ੍ਹਾਂ ਭੈਣਾਂ ਦੇ ਵੀਰ ਖੋਹ ਲਏ ਹਨ ਉਹ ਕਦੇ ਵੀ ਇਸ ਨੂੰ ਮੂੰਹ ਨਹੀਂ ਲਾਉਣਗੇ ।ਦੂਸਰੇ ਪਾਸੇ ਜੋ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਉਨ੍ਹਾਂ ਨੂੰ ਬੀਜੇਪੀ ਸਰਕਾਰ ਰਿਹਾਅ ਨਹੀਂ ਕਰ ਰਹੀ ਜਦਕਿ ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਰਾਮ ਰਹੀਮ ਨੂੰ ਵਾਰ ਵਾਰ ਪੈਰੋਲ ਦੇਣੀ ਬੰਦ ਕੀਤੀ ਜਾਵੇ ।

# ਕੋਠੇ ਸਦਾਨਾ ਦੇ ਕਈ ਪਰਿਵਾਰ ਆਮ ਆਦਮੀ ਪਾਰਟੀ 'ਚ ਸ਼ਾਮਲ

**ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)**- ਵਿਧਾਨਸਭਾ ਹਲਕਾ ਦੀਨਾਨਗਰ ਅੰਦਰ ਆਮ ਆਦਮੀ ਪਾਰਟੀ ਨੂੰ ਉਦੋਂ ਹੋਰ ਮਜ਼ਬੂਤੀ ਮਿਲੀ ਜਦੋਂ ਪਿੰਡ ਕੋਠੇ ਸਦਾਨਾ ਦੇ ਕਈ ਪਰਿਵਾਰਾਂ ਨੇ ਵੱਖ-ਵੱਖ ਪਾਰਟੀਆਂ ਨੂੰ ਅਲਵਿਦਾ ਕਹਿੰਦਿਆਂ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਵਾਲਿਆਂ ਵਿਚ ਮੁੱਖ ਤੌਰ ਤੇ ਧਰਮਾ, ਜਗਤਾਰ ਸਿੰਘ ਜੱਗਾ, ਹਰਜੀਤ ਸਿੰਘ, ਮਨਦੀਪ ਸਿੰਘ, ਸੁਰਜੀਤ ਸਿੰਘ ਅਤੇ ਦਲਜੀਤ ਸਿੰਘ ਦੁੱਲੀ ਦੇ ਨਾਂਅ ਸ਼ਾਮਲ ਹਨ ਜਿਨ੍ਹਾਂ ਦੀ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪਾਰਟੀ 'ਚ ਸ਼ਮੂਲੀਅਤ ਕਰਵਾਈ।ਇਸ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਦੇ ਹਰ ਵਰਗ ਨੂੰ ਧਿਆਨ ਵਿਚ ਰੱਖ ਕੇ ਸਰਕਾਰੀ ਯੋਜਨਾਵਾਂ ਬਣਾਈਆਂ ਹਨ ਅਤੇ ਉਨ੍ਹਾਂ ਦਾ ਲਾਭ ਹਰੇਕ ਯੋਗ ਵਿਅਕਤੀ ਤੱਕ ਬਿਨਾਂ ਕਿਸੇ ਪੱਖਪਾਤ ਦੇ ਪਹੁੰਚਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਰਵਾਇਤੀ ਪਾਰਟੀਆਂ ਦੀਆਂ ਨੀਤੀਆਂ ਤੋਂ ਹਟ ਕੇ ਪੰਜਾਬ ਅੰਦਰ ਅਮਨ ਚੈਨ ਅਤੇ ਇਨਸਾਫ ਦਾ ਰਾਜ ਸਥਾਪਿਤ ਕੀਤਾ ਹੈ, ਜਿਸ ਨਾਲ ਸੂਬੇ ਦੇ ਦੇ ਲੋਕਾਂ ਨੂੰ ਸਰਕਾਰੀ ਦਫਤਰਾਂ ਅਤੇ ਥਾਣਿਆਂ ਅੰਦਰ ਇਨਸਾਫ ਮਿਲਣ ਲੱਗਾ ਹੈ ਜਿਸ ਕਾਰਨ ਪੰਜਾਬ ਦੇ ਲੋਕਾਂ ਦਾ ਵਿਸ਼ਵਾ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪ੍ਰਤੀ ਵਧਿਆ ਹੈ ਅਤੇ ਇਸੇ ਕਾਰਨ ਲੋਕ ਧੜਾਧੜ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ 2027 ਵਿਚ ਇਕ ਵਾਰ ਮੁੜ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੇਖਣਾ ਚਾਹੁੰਦੇ ਹਨ ਅਤੇ ਲੋਕ ਪਹਿਲਾਂ ਨਾਲ ਵੀ ਵੱਡੇ ਫਰਕ ਨਾਲ ਆਮ ਆਦਮੀ ਪਾਰਟੀ ਨੂੰ ਜਿਤਾਉਣਗੇ।ਇਸ ਮੌਕੇ ਬਲਾਕ ਸੰਮਤੀ ਮੈਂਬਰ ਰੁਪਿੰਦਰ ਕੌਰ ਕੱਤੋਵਾਲ, ਬਲਾਕ ਪ੍ਰਧਾਨ ਬਲਵਿੰਦਰ ਕੁਮਾਰ, ਬਲਾਕ ਪ੍ਰਧਾਨ ਗੋਰਾ ਕੱਤੋਵਾਲ, ਸਰਪੰਚ ਕੁਲਵੰਤ ਸਿੰਘ ਕਲੀਚਪੁਰ ਅਤੇ ਸਰਪੰਚ ਸੁਤੰਤਰ ਸਿੰਘ ਸਿੱਧਪੁਰ ਵੀ ਮੌਜੂਦ ਸਨ।



# ਈਟੀਓ ਨੇ ਜੰਡਿਆਲਾ ਗੁਰੂ ਹਲਕੇ ਦੇ ਤਿੰਨ ਪਿੰਡਾਂ 'ਚ ਕੀਤੀਆਂ ਲੋਕ ਮਿਲਣੀਆਂ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਪੰਜਾਬ ਦੇ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈਟੀ.ਓ. ਵੱਲੋਂ ਅੱਜ ਜੰਡਿਆਲਾ ਗੁਰੂ ਵਿਧਾਨ ਸਭਾ ਹਲਕੇ ਦੇ ਪਿੰਡ ਛੀਨਾ ਪੱਤੀ, ਫਤਿਹਪੁਰ ਖੁਰਦ ਅਤੇ ਰਾਏਪੁਰ ਕਲਾਂ ਵਿਖੇ ਲੋਕ ਮਿਲਣੀ ਪ੍ਰੋਗਰਾਮ ਕਰਵਾਏ ਗਏ। ਇਨ੍ਹਾਂ ਪ੍ਰੋਗਰਾਮਾਂ ਦੌਰਾਨ ਉਨ੍ਹਾਂ ਨੇ ਇਲਾਕਾ ਵਾਸੀਆਂ ਨਾਲ ਰੂ-ਬ-ਰੂ ਹੋ ਕੇ ਉਨ੍ਹਾਂ ਦੀਆਂ ਸਮੱਸਿਆਵਾਂ, ਮੰਗਾਂ ਅਤੇ ਸੁਝਾਵ ਧਿਆਨ ਨਾਲ ਸੁਣੇ ਅਤੇ ਮੌਕੇ ਤੇ ਹੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ।ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਲੋਕ-ਪੱਖੀ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲੋਕ ਮਿਲਣੀ ਪ੍ਰੋਗਰਾਮਾਂ ਦਾ ਮੁੱਖ ਉਦੇਸ਼ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਨ੍ਹਾਂ ਦੇ ਆਪਣੇ ਇਲਾਕੇ ਵਿੱਚ ਸੁਣ ਕੇ ਉਨ੍ਹਾਂ ਦਾ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਯਕੀਨੀ ਬਣਾਉਣਾ ਹੈ।ਇਸ ਮੌਕੇ ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਯੋਜਨਾਵਾਂ ਅਤੇ ਵਿਕਾਸ ਕਾਰਜਾਂ ਬਾਰੇ ਵੀ ਲੋਕਾਂ ਨੂੰ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।ਕੈਬਨਿਟ ਮੰਤਰੀ ਨੇ ਇਲਾਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਸਾਰੇ ਵਿਕਾਸ ਕਾਰਜ ਨਿਰਧਾਰਿਤ ਸਮੇਂ ਅੰਦਰ ਉੱਚ ਗੁਣਵੱਤਾ ਨਾਲ ਮੁਕੰਮਲ ਕਰਨ ਅਤੇ ਲੋਕਾਂ ਦੇ ਕੰਮਾਂ ਦਾ ਪਹਿਲ ਦੇ ਆਧਾਰ ਤੇ ਨਿਪਟਾਰਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।ਇਨ੍ਹਾਂ ਲੋਕ ਮਿਲਣੀ ਪ੍ਰੋਗਰਾਮਾਂ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪੰਚਾਇਤੀ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।



# ਕੁੱਟਮਾਰ ਕਰਨ ਵਾਲੇ 3 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)** - ਥਾਣਾ ਪੁਰਾਣਾ ਸ਼ਾਲਾ ਅਧੀਨ ਪੈਂਦੇ ਪਿੰਡ ਮੀਲਮਾ ਵਿਖੇ ਕੁੱਟਮਾਰ ਕਰਕੇ 3 ਵਿਅਕਤੀਆਂ ਨੂੰ ਜ਼ਖ਼ਮੀ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਏ. ਐੱਸ. ਆਈ. ਨਿਰਮਲ ਸਿੰਘ ਨੇ ਕਿਹਾ ਕਿ ਸ਼ਾਲਾ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਹਰਵਿੰਦਰ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਭੈਣੀ ਮੀਲਮਾ ਨੇ ਦੱਸਿਆ ਕਿ 5 ਜੂਨ ਨੂੰ ਪੀੜਤ ਅਤੇ ਉਸ ਦਾ ਪਿਤਾ ਆਪਣੇ ਘਰ ਦੇ ਬਾਹਰ ਵਾਰ ਡੰਗਰਾਂ ਵਾਲੀ ਸ਼ੈੱਡ 'ਤੇ ਬਾਂਸ ਠੀਕ ਕਰ ਰਹੇ ਸੀ ਕਿ ਸਵੇਰੇ 6 ਵਜੇ ਦੇ ਕਰੀਬ ਜਸਵੰਤ ਸਿੰਘ ਪੁੱਤਰ ਸੂਰਤ ਸਿੰਘ, ਸੂਰਤ ਸਿੰਘ ਪੁੱਤਰ ਚੈਨ ਸਿੰਘ, ਹਰਜੀਤ ਕੌਰ ਪਤਨੀ ਜਸਵੰਤ ਸਿੰਘ ਵਾਸੀ ਭੈਣੀ ਮੀਲਮਾ ਨੇ ਦਸਤੀ ਹਥਿਆਰਾ ਨਾਲ ਸੱਟਾਂ ਮਾਰ ਕੇ ਪੀੜਤ ਅਤੇ ਉਸ ਦੇ ਚਾਚੇ ਬਲਜੀਤ ਸਿੰਘ ਨੂੰ ਜ਼ਖਮੀ ਕਰ ਦਿੱਤਾ ਅਤੇ ਧਮਕੀਆਂ ਦਿੰਦੇ ਹੋਏ ਮੌਕੇ 'ਤੇ ਚਲੇ ਗਏ। ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਕੁੱਟਮਾਰ ਕਰਨ ਵਾਲੇ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਝਗੜੇ ਦੀ ਵਜ੍ਹਾ ਪੁਰਾਣੀ ਰੰਜਿਸ਼ ਦੱਸੀ ਜਾ ਰਹੀ ਹੈ।

# ਬਾਬਾ ਮੀਆਂ ਲਾਲ ਦਾ ਸਾਲਾਨਾ ਉਰਸ ਸ਼ੁਰੂ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਪਿੰਡ ਮਾਨ ਸੈਂਡਵਾਲ ਵਿਖੇ ਬਾਬਾ ਮੀਆਂ ਲਾਲ ਜੀ ਦੇ ਮੇਲੇ ਦੀ ਸ਼ੁਰੂਆਤ ਕਰਦੇ ਹੋਏ ਹਲਦੀ ਦੀ ਰਸਮ ਕੀਤੀ ਗਈ। ਇਸ ਮੌਕੇ ਦਰਗਾਹ ਦੀ ਮੁੱਖ ਸੇਵਾਦਾਰ ਬੀਬੀ ਸੁਖਵਿੰਦਰ ਕੌਰ ਤੇ ਦਰਬਾਰ ਬਾਬਾ ਸ਼ਾਹ ਮੁਰਾਲੀ ਦੇ ਮੁੱਖ ਸੇਵਾਦਾਰ ਬਾਬਾ ਅਜੈਪਾਲ ਸ਼ਾਹ ਵੱਲੋਂ ਹਲਦੀ ਦੀ ਰਸਮ ਦਾ ਆਰੰਭ ਕੀਤਾ ਗਿਆ ਤੇ ਉਪਰੰਤ ਸੰਗਤਾਂ ਵੱਲੋਂ ਵੀ ਇਸ ਵਿਚ ਹਿੱਸਾ ਲਿਆ ਗਿਆ।ਇਸ ਮੌਕੇ ਸੰਗਤਾਂ ਦੇ ਭਾਰੀ ਇਕੱਠ ਵੱਲੋਂ ਬਾਬਾ ਜੀ ਦੇ ਨਾਮ ਦੇ ਜੈਕਾਰੇ ਲਾਏ ਗਏ। ਇਸ ਮੌਕੇ ਬੀਬੀ ਸੁਖਵਿੰਦਰ ਕੌਰ ਤੇ ਬਾਬਾ ਅਜੈਪਾਲ ਸ਼ਾਹ ਨੇ ਸੰਗਤਾਂ ਨੂੰ ਬਾਬਾ ਮੀਆਂ ਲਾਲ ਜੀ ਦੇ ਮੇਲੇ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ।



# ਪੀਰ ਬਾਬਾ ਸਿੱਧ ਗੋਰੀਆ ਨਾਥ ਦਾ ਸਾਲਾਨਾ ਮੇਲਾ ਤੇ ਭੰਡਾਰਾ ਕਰਵਾਇਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸਥਾਨਕ ਕਸਬੇ ਦੇ ਬਟਾਲਾ ਰੋਡ ਨਜ਼ਦੀਕ ਬਟਾਲਾ ਚੂੰਗੀ ਵਿਖੇ ਪੀਰ ਬਾਬਾ ਸਿੱਧ ਗੋਰੀਆ ਨਾਥ ਅਤੇ ਸ਼ਨੀਦੇਵ ਮੰਦਰ ਪੀਰ ਰਤਨ ਨਾਥ ਜੰਮੂ ਵਾਲੇ ਦੇ ਮੁੱਖ ਸੇਵਾਦਾਰ ਬਾਬਾ ਬਚਨ ਨਾਥ ਵੱਲੋਂ ਆਪਣੇ ਆਸ਼ਰਮ ਵਿੱਚ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਭਾਵਨਾ ਨਾਲ ਮਨਾਇਆ ਗਿਆ।ਸਵੇਰੇ ਪਹਿਲਾਂ ਝੰਡਾ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ। ਉਪਰੰਤ ਲੰਗਰ ਛਕਾਇਆ ਗਿਆ ।ਦੁਪਹਿਰ ਨੂੰ ਆਸ਼ਰਮ ਵਿਖੇ ਮਹਿਲਾ ਕੀਰਤਨ ਮੰਡਲੀ ਵੱਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਛਬੀਲ ਅਤੇ ਲੰਗਰ ਭੰਡਾਰਾ ਵੀ ਲਗਾਇਆ ਗਿਆ। ਇਸ ਮੌਕੇ ਮੰਦਰ ਦੀਆਂ ਬੀਬੀਆਂ ਵੱਲੋਂ ਸਤਿਸੰਗ ਦੌਰਾਨ ਭਜਨ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਬਾਬਾ ਮੰਗਲ ਦਾਸ, ਬਾਬਾ ਮੇਜਰ ਦਾਸ, ਬਾਬਾ ਚੇਤਨ ਦਾਸ, ਬਾਬਾ ਸੁਨੀਲ ਕੁਮਾਰ, ਬਾਬਾ ਹੀਰਾ ਲਾਲ, ਮਹੰਤ ਪੱਥਰ ਨਾਥ ਸ਼ਿਕਾਰ, ਡਾ. ਸੁਰਜੀਤ ਕੁਮਾਰ, ਸੈਕਟਰੀ ਮਲੂਕ ਸਿੰਘ, ਜਸਵੰਤ ਸਿੰਘ ਕਾਲਾ, ਮੰਜੂ ਬੇਦੀ, ਬਾਊ ਸਿੰਘ ਦਰਜੀ, ਮਹੰਤ ਪੱਥਰ ਨਾਥ ਸ਼ਿਕਾਰ ਮਾਛੀਆਂ, ਤਰਸੇਮ ਦਾਸ ਬਿਸ਼ਨ ਕੋਟ, ਮਹੰਤ ਲਖਵਿੰਦਰ ਦਾਸ ਪੱਖੋਕੇ, ਸੰਜੀਵ ਕੁਮਾਰ ਮਰਵਾਹਾ, ਕਾਲਾ ਪੂੰਨੀ, ਮਨਜੀਤ ਸਿੰਘ ਬੇਦੀ, ਜਤਿੰਦਰ ਸਿੰਘ ਕਾਹਲਾ ਵਾਲੀ, ਮਹੰਤ ਕਰਨ ਦਾਸ ਪੱਖੋਕੇ, ਮਹੰਤ ਜਵਾਰੀ ਲਾਲ, ਬਾਬਾ ਅਜੀਤ ਸਿੰਘ, ਬਾਬਾ ਗਗਨ ਨਾਥ, ਬਾਬਾ ਸੋਨੀ, ਬਾਬਾ ਹਰੀ ਨਾਥ ਨਾਗਮਣੀ, ਮਹੰਤ ਰਵੀ ਨਾਥ, ਪ੍ਰੀਤਮ ਨਾਥ, ਭਜਨ ਦਾਸ, ਜਸਵੰਤ ਦਾਸ, ਲਵ ਮੂਨੀ ਪਰਮਾਨੰਦ, ਇੰਦਰਜੀਤ ਸਿੰਘ ਸੈਕਟਰੀ, ਸੋਹਣ ਲਾਲ, ਹਰਪ੍ਰੀਤ ਸਿੰਘ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।




# ਹਾਈ ਲੈਵਲ ਪੁਲ ਓਵਰ ਕਾਦੀਆਂ-ਹਰਚੋਵਾਲ ਦੀ ਮੁੜ ਉਸਾਰੀ ਸ਼ੁਰੂ



**ਬਟਾਲਾ, (ਤਰਲੋਕ ਬੱਗਾ)**- ਬਟਾਲਾ ਹਲਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾ ਰਹੀਆਂ ਹਨ ਅਤੇ ਪਾਰਦਰਸ਼ੀ ਢੰਗ ਨਾਲ ਚਹੁੰ-ਪੱਖੀ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਕਲਸੀ ਨੇ ਹਾਈਲੈਵਲ ਪੁਲ ਓਵਰ ਡੱਲਾ ਡਰੇਨ ਕਰਾਸਿੰਗ ਕਾਦੀਆਂ-ਹਰਚੋਵਾਲ ਦੀ ਮੁੜ ਉਸਾਰੀ ਦਾ ਨੀਂਹ ਪੱਥਰ ਰੱਖਣ ਉਪਰੰਤ ਕੀਤਾ।ਇਸ ਮੌਕੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ।ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਹਿੱਤ ਵਿੱਚ ਭਲਾਈ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ ਅਤੇ ਵਿਕਾਸ ਕਾਰਜ ਜਾਰੀ ਹਨ।ਹਲਕਾ ਬਟਾਲਾ ਦੇ ਵਿਕਾਸ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹਲਕੇ ਅੰਦਰ ਚਹੁੰ-ਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ ਅਤੇ ਕਰੋੜਾਂ ਰੁਪਏ ਦੇ ਵਿਕਾਸ ਕੰਮ ਕਰਵਾਏ ਜਾ ਚੁੱਕੇ ਹਨ।ਬਟਾਲਾ ਹਲਕੇ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ, ਜਿਸ ਤਹਿਤ ਪਿੰਡਾਂ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਖੇਡ ਮੈਦਾਨ ਤਿਆਰ ਕੀਤੇ ਗਏ ਹਨ। ਪਿੰਡਾਂ ਵਿੱਚ ਸ਼ਾਨਦਾਰ ਪਾਰਕਾਂ ਦੀ ਉਸਾਰੀ ਕੀਤੀ ਗਈ ਹੈ।ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਏ ਜਾ ਰਹੇ ਹਨ ਅਤੇ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਕਾਰਜ ਨਿਰੰਤਰ ਜਾਰੀ ਹਨ।

# ਜਥੇ. ਦਲਬੀਰ ਸਿੰਘ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ

**ਬਾਬਾ ਬਕਾਲਾ ਸਾਹਿਬ, ਚੇਤਨਪੁਰਾ ( ਜਸਪਾਲ ਸਿੰਘ, ਸੁਖਵੰਤ ਚੇਤਨਪੁਰੀ)**- ਕਹਾਣੀਕਾਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੱਕਤਰ ਦੀਪ ਦੇਵਿੰਦਰ ਸਿੰਘ ਦੇ ਵੱਡੇ ਭਰਾਤਾ ਜਥੇਦਾਰ ਦਲਬੀਰ ਸਿੰਘ ਨਮਿਤ ਅੰਤਿਮ ਅਰਦਾਸ ਅਤੇ ਸਰਧਾਂਜਲੀ ਸਮਾਰੋਹ ਉਨ੍ਹਾਂ ਦੇ ਜੱਦੀ ਪਿੰਡ ਕੋਟਲੀ ਢੋਲੇ ਸ਼ਾਹ ਵਿਖੇ ਹੋਇਆ। ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਸਿਆਸੀ ਸੱਕਤਰ ਲਖਬੀਰ ਸਿੰਘ ਗਿੱਲ, ਕੁਲਵਿੰਦਰ ਸਿੰਘ ਧਾਰੀਵਾਲ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਮੱਖਣ ਕੁਹਾੜ, ਮਾਸਟਰ ਗੁਰਮੀਤ ਸਿੰਘ ਬਾਜਵਾ ਅਤੇ ਅਜਮੇਰ ਸਿੰਘ ਉਪਲ ਆਦਿ ਨੇ ਕਿਹਾ ਕਿ ਜਥੇਦਾਰ ਦਲਬੀਰ ਸਿੰਘ ਵਰਗੇ ਇਨਸਾਨ ਦੀ ਸਮਾਜ ਨੂੰ ਹਮੇਸ਼ਾ ਲੋੜ ਰਹਿੰਦੀ ਹੈ।

ਉਨ੍ਹਾਂ ਦੇ ਇੰਝ ਬੇਵਕਤੀ ਜਾਣ ਨਾਲ ਸਮਾਜ ਅਤੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ।ਪਰਿਵਾਰ ਵੱਲੋਂ ਸਭ ਦਾ ਧੰਨਵਾਦ ਦੀਪ ਦੇਵਿੰਦਰ ਸਿੰਘ ਵੱਲੋਂ ਕੀਤਾ ਗਿਆ ਜਦਕਿ ਸੱਮੁਚੇ ਸਮਾਗਮ ਦਾ ਮੰਚ ਸੰਚਾਲਨ ਕੇਂਦਰੀ ਸਭਾ ਦੇ ਮੀਤ ਪ੍ਰਧਾਨ ਸ਼ੈਲਿੰਦਰਜੀਤ ਸਿੰਘ ਰਾਜਨ ਵੱਲੋਂ ਕੀਤਾ ਗਿਆ।

ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਅਤੇ ਸ੍ਰੀ ਗੁਰੂ ਸੇਵਕ ਸਭਾ ਦਰਬਾਰ ਸਾਹਿਬ ਵੱਲੋਂ ਦਲਬੀਰ ਸਿੰਘ ਦੇ ਸਪੁੱਤਰ ਚੜ੍ਹਤ ਸਿੰਘ ਨੂੰ ਦਸਤਾਰਾਂ ਅਤੇ ਸ਼ੋਕ ਸੰਦੇਸ਼ ਭੇਟ ਕੀਤੇ ਗਏ।ਹੋਰਨਾਂ ਤੋਂ ਇਲਾਵਾ ਇਸ ਸਮੇਂ ਪ੍ਰਿੰ. ਰਘਬੀਰ ਸਿੰਘ ਸੋਹਲ, ਮਨਜੀਤ ਸਿੰਘ ਵਸੀ, ਮੱਖਣ ਭੈਣੀਵਾਲਾ, ਮੰਗਤ ਚੰਚਲ, ਸੀਤਲ ਸਿੰਘ ਗੁੰਨੋਪੁਰੀ, ਬੂਟਾ ਰਾਮ ਅਜ਼ਾਦ, ਕਰਮਜੀਤ ਸਿੰਘ ਬਾਸਰਕੇ, ਹੈੱਡਮਾਸਟਰ ਸਤਨਾਮ ਸਿੰਘ ਪਾਖਰਪੁਰਾ, ਕੰਵਲਜੀਤ ਸਿੰਘ, ਦਵਿੰਦਰ ਸਿੰਘ ਅੰਮ੍ਰਿਤਸਰ, ਹਰਜਿੰਦਰ ਸਿੰਘ ਕਲਸੀ ਅਤੇ ਹਰਸਿਮਰਨ ਸਿੰਘ ਕਲਸੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤ ਹਾਜ਼ਰ ਸੀ।



# ਵਿਜੀਲੈਂਸ ਬਿਊਰੋ ਵੱਲੋਂ ਲੱਖ ਰੁਪਏ ਰਿਸ਼ਵਤ ਲੈਂਦਾ ਸਹਾਇਕ ਰਜਿਸਟਰਾਰ ਕਾਬੂ

**ਜਗਰਾਉਂ (ਨਛੱਤਰ ਸੰਧੂ)** ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਨਿਖਿਲ ਗਰਗ, ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਜਗਰਾਉਂ, ਜ਼ਿਲ੍ਹਾ ਲੁਧਿਆਣਾ, ਜਿਸ ਕੋਲ ਦੋਰਾਹਾ ਦਫ਼ਤਰ ਦਾ ਵਾਧੂ ਚਾਰਜ ਵੀ ਹੈ, ਨੂੰ ਪਟਿਆਲਾ ਸਥਿਤ ਉਸ ਦੀ ਰਿਹਾਇਸ਼ 'ਤੇ 1,00,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਇੱਕ ਸਹਿਕਾਰੀ ਸਭਾ ਦੇ ਮੈਨੇਜਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਉਕਤ ਮੁਲਜ਼ਮ ਨੇ ਦੋਰਾਹਾ ਵਿਖੇ ਉਸ ਦੀ ਬਦਲੀ ਦੀ ਅਰਜ਼ੀ ਦੀ ਸਿਫ਼ਾਰਸ਼ ਕਰਨ ਬਦਲੇ ਉਸ ਤੋਂ 5 ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ।ਰਿਸ਼ਵਤ ਦੀ ਰਕਮ ਪ੍ਰਾਪਤ ਕਰਨ ਤੋਂ ਬਾਅਦ ਮੁਲਜ਼ਮ ਨਿਖਿਲ ਗਰਗ ਨੇ ਸ਼ਿਕਾਇਤਕਰਤਾ ਦੀ ਬਦਲੀ ਸਬੰਧੀ ਸਹਿਕਾਰੀ ਸਭਾ ਦੋਰਾਹਾ ਦੀ ਪ੍ਰੋਸੀਡਿੰਗ ਬੁੱਕ 'ਚ ਅੱਜ ਦੀ ਐਂਟਰੀ ਵਿੱਚ ਪਿਛਲੀ ਤਰੀਕ ਦੇ ਦਸਤਖ਼ਤ ਕਰ ਦਿੱਤੇ।ਇਸ ਤੋਂ ਇਲਾਵਾ, ਮੁਲਜ਼ਮ ਨੇ ਸੀਨੀਅਰ ਅਧਿਕਾਰੀਆਂ ਦੇ ਨਾਮ 'ਤੇ ਰਿਸ਼ਵਤ ਦੀ ਰਕਮ ਮੰਗੀ ਸੀ ਅਤੇ ਰਿਸ਼ਵਤ ਦੀ ਰਕਮ ਲੈਣ ਤੋਂ ਬਾਅਦ ਉਸ ਨੇ ਸਹਿਕਾਰੀ ਸਭਾ ਦੇ ਆਪਣੇ ਸੀਨੀਅਰ ਅਧਿਕਾਰੀ ਨੂੰ ਵੀ ਸੂਚਿਤ ਕਰ ਦਿੱਤਾ ਸੀ।ਸ਼ਿਕਾਇਤਕਰਤਾ ਨੇ ਰਿਸ਼ਵਤ ਦੀ ਮੰਗ ਸਬੰਧੀ ਸਾਰੀ ਗੱਲਬਾਤ ਰਿਕਾਰਡ ਕਰ ਲਈ ਸੀ।ਰਿਸ਼ਵਤ ਦੇਣ ਲਈ ਰਾਜ਼ੀ ਨਾ ਹੋਣ ਕਰਕੇ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਦੇ ਆਰਥਿਕ ਅਪਰਾਧ ਵਿੰਗ (ਈ.ਓ.ਡਬਲਯੂ.) ਲੁਧਿਆਣਾ ਤੱਕ ਪਹੁੰਚ ਕੀਤੀ।ਉਸ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਮੁਲਜ਼ਮ ਸਹਾਇਕ ਰਜਿਸਟਰਾਰ ਨੂੰ ਦੋ ਅਧਿਕਾਰਤ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 1,00,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ।ਮੌਕੇ 'ਤੇ ਉਸ ਦੇ ਕਬਜ਼ੇ ਵਿੱਚੋਂ ਰਿਸ਼ਵਤ ਵਾਲੇ ਨੋਟ ਬਰਾਮਦ ਕੀਤੇ ਗਏ।ਇਸ ਸਬੰਧੀ ਮੁਲਜ਼ਮ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਈ. ਓ. ਡਬਲਯੂ. ਥਾਣਾ ਲੁਧਿਆਣਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।



# ਪੰਜਾਬੀ 'ਵਰਸਿਟੀ ਨਾਲ ਸੰਬੰਧਤ ਕਾਲਜਾਂ ਦੀ ਹੋਂਦ ਬਚਾਉਣ ਲਈ ਮਹਾਂ-ਸੰਮੇਲਨ ਭਲਕੇ : ਡਾ. ਜਗਜੀਤ ਸਿੰਘ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿਨੀ ਗਰਗ, ਸੁਖਦੇਵ ਧੂਰੀ)-** ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸਬੰਧਤ ਸਮੂਹ ਏਡਿਡ ਤੇ ਨਾਨ-ਏਡਿਡ ਕਾਲਜਾਂ ਦੇ ਭਵਿੱਖ ਤੇ ਹੋਂਦ ਨੂੰ ਬਚਾਉਣ ਲਈ 29 ਜੂਨ ਨੂੰ ਸਵੇਰੇ 10:30 ਵਜੇ ਪਟਿਆਲਾ ਦੇ ਹਰਪਾਲ ਟਿਵਾਣਾ ਸੈਂਟਰ ਵਿਖੇ 'ਕਾਲਜਿਜ਼ ਸਰਵਾਈਵਲ ਐਂਡ ਸੇਵਾ ਸੰਮੇਲਨ-2026' ਕਰਵਾਇਆ ਜਾ ਰਿਹਾ ਹੈ।ਇਸ ਸੰਮੇਲਨ ਵਿੱਚ ਸਮੂਹ ਪ੍ਰਬੰਧਕੀ ਕਮੇਟੀਆਂ, ਪ੍ਰਬੰਧਕਾਂ ਤੇ ਪ੍ਰਿੰਸੀਪਲਾਂ ਦੀ ਹਾਜ਼ਰੀ ਲਾਜ਼ਮੀ ਕੀਤੀ ਗਈ ਹੈ। ਮੈਂਕ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਕਾਲਜ ਫੀਸਾਂ ਵਿੱਚ 300 ਤੋਂ 500 ਫ਼ੀਸਦੀ ਤੱਕ ਦਾ ਭਾਰੀ ਵਾਧਾ ਕੀਤਾ ਗਿਆ ਹੈ, ਜੋ ਕਿ ਬੇਹੱਦ ਚਿੰਤਾਜਨਕ ਹੈ।ਇਸ ਵਾਧੇ ਦਾ ਸਿੱਧਾ ਆਰਥਿਕ ਬੋਝ ਵਿਦਿਆਰਥੀਆਂ ਤੇ ਮਾਪਿਆਂ 'ਤੇ ਪਵੇਗਾ।ਪੰਜਾਬ ਦੀ ਉੱਚ ਸਿੱਖਿਆ ਵਿੱਚ ਨਿੱਜੀ ਤੇ ਸਹਾਇਤਾ ਪ੍ਰਾਪਤ ਕਾਲਜਾਂ ਦਾ ਵੱਡਾ ਯੋਗਦਾਨ ਹੈ, ਕਿਉਂਕਿ ਸਰਕਾਰੀ ਕਾਲਜ ਬਹੁਤ ਸੀਮਤ ਹਨ।ਐਸੋਸੀਏਸ਼ਨ ਦੇ ਅਹੁਦੇਦਾਰਾਂ ਸ. ਨਿਰਮਲ ਸਿੰਘ, ਰਾਮ ਚੰਦ ਤੇ ਪ੍ਰਵੀਨ ਗੋਇਲ ਨੇ ਰੋਸ ਪ੍ਰਗਟਾਇਆ ਕਿ ਸਾਲ 2010 ਤੋਂ ਕਾਲਜਾਂ ਨੇ ਵਿਦਿਆਰਥੀਆਂ ਦੀਆਂ ਫੀਸਾਂ ਨਹੀਂ ਵਧਾਈਆਂ।ਇਸ ਦੇ ਉਲਟ ਯੂਨੀਵਰਸਿਟੀ ਕਾਲਜਾਂ ਦੇ ਇੰਡੋਮੈਂਟ ਫੰਡ ਦੀਆਂ ਐਫ.ਡੀ.ਆਰਜ਼ ਦੇ ਵਿਆਜ ਦਾ ਵੱਡਾ ਹਿੱਸਾ ਖ਼ੁਦ ਰੱਖ ਰਹੀ ਹੈ।ਜੇਕਰ ਇਸ ਮਾਮਲੇ ਦਾ ਕੋਈ ਹੱਲ ਨਾ ਨਿਕਲਿਆ ਤਾਂ ਕਾਨੂੰਨੀ ਚਾਰਾਜੋਈ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਜਾਵੇਗਾ।ਇਸ ਸੰਮੇਲਨ ਵਿੱਚ ਸਿਰਫ਼ ਮੈਨੇਜਮੈਂਟ ਮੈਂਬਰ ਤੇ ਪ੍ਰਿੰਸੀਪਲ ਹੀ ਸ਼ਾਮਲ ਹੋਣਗੇ, ਇਹ ਅਧਿਆਪਕਾਂ ਜਾਂ ਨਾਨ-ਟੀਚਿੰਗ ਸਟਾਫ਼ ਲਈ ਨਹੀਂ ਹੈ।ਇਸ ਵਿੱਚ ਡਿਗਰੀ, ਲਾਅ, ਸਰੀਰਕ ਸਿੱਖਿਆ ਤੇ ਆਟੋਨੋਮਸ ਕਾਲਜਾਂ ਦੀਆਂ ਪ੍ਰਮੁੱਖ ਐਸੋਸੀਏਸ਼ਨਾਂ ਦੇ ਆਗੂ ਜਿਵੇਂ ਸ੍ਰ. ਸੁਖਮੰਦਰ ਸਿੰਘ ਚੱਠਾ, ਸਤੀਸ਼ ਕੁਮਾਰ ਸ਼ਰਮਾ ਤੇ ਹੋਰ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ।ਪ੍ਰਬੰਧਕਾਂ ਨੇ ਕਾਲਜਾਂ ਦੇ ਹੱਕਾਂ ਦੀ ਰਾਖੀ ਲਈ ਸਭ ਨੂੰ ਇੱਕ ਮੰਚ 'ਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ।

# ਪਲਸ ਪੋਲੀਓ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਸਿਹਤ ਵਿਭਾਗ ਨੇ ਸਮਾਜ ਸੇਵੀ ਸੰਸਥਾਵਾਂ ਤੋਂ ਮੰਗਿਆ ਸਹਿਯੋਗ

**28 ਤੋਂ 30 ਜੂਨ ਤੱਕ ਜ਼ਿਲ੍ਹੇ ਦੇ 56,313 ਬੱਚਿਆਂ ਨੂੰ ਪਿਲਾਈਆਂ ਜਾਣਗੀਆਂ ਪੋਲੀਓ ਰੋਧਕ ਬੂੰਦਾਂ : ਡਾ. ਸਿੰਗਲਾ**

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)-** ਸਿਵਲ ਸਰਜਨ ਫ਼ਰੀਦਕੋਟ ਡਾ. ਰਮਨਦੀਪ ਸਿੰਗਲਾ ਦੀ ਅਗਵਾਈ ਹੇਠ 28 ਤੋਂ 30 ਜੂਨ 2026 ਤੱਕ ਚਲਾਈ ਜਾਣ ਵਾਲੀ ਪਲਸ ਪੋਲੀਓ ਮੁਹਿੰਮ-2026 ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਜ਼ਿਲ੍ਹੇ ਦੀਆਂ ਵੱਖ-ਵੱਖ ਸਮਾਜਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ।ਮੀਟਿੰਗ ਦਾ ਉਦੇਸ਼ ਸਮਾਜ ਦੇ ਹਰ ਵਰਗ ਦੀ ਭਾਗੀਦਾਰੀ ਯਕੀਨੀ ਬਣਾਉਂਦਿਆਂ ਇਹ ਸੁਨਿਸ਼ਚਤ ਕਰਨਾ ਸੀ ਕਿ ਜ਼ਿਲ੍ਹੇ ਦਾ ਕੋਈ ਵੀ ਬੱਚਾ ਪੋਲੀਓ ਰੋਧਕ ਬੂੰਦਾਂ ਪੀਣ ਤੋਂ ਵਾਂਝਾ ਨਾ ਰਹੇ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਹੁਸਨਪਾਲ ਸਿੱਧੂ ਨੇ ਦੱਸਿਆ ਕਿ ਜ਼ਿਲ੍ਹਾ ਫ਼ਰੀਦਕੋਟ ਦੇ ਪੰਜ ਬਲਾਕਾਂ- ਬਾਜਾਖਾਨਾ, ਜੈਤੋ, ਕੋਟਕਪੂਰਾ, ਫ਼ਰੀਦਕੋਟ ਤੇ ਜੰਡ ਸਾਹਿਬ ਦੀ ਕੁੱਲ ਅਨੁਮਾਨਤ ਆਬਾਦੀ 6,20,617 ਹੈ।ਮੁਹਿੰਮ ਦੌਰਾਨ 0 ਤੋਂ 5 ਸਾਲ ਉਮਰ ਵਰਗ ਦੇ 56,313 ਬੱਚਿਆਂ ਨੂੰ ਪੋਲੀਓ ਰੋਧਕ ਬੂੰਦਾਂ ਪਿਲਾਉਣ ਦਾ ਟੀਚਾ ਰੱਖਿਆ ਗਿਆ ਹੈ।ਉਨ੍ਹਾਂ ਦੱਸਿਆ ਕਿ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਜ਼ਿਲ੍ਹੇ ਵਿੱਚ 330 ਪੋਲੀਓ ਬੂਥ, 555 ਹਾਊਸ-ਟੂ-ਹਾਊਸ ਟੀਮਾਂ, 11 ਮੋਬਾਈਲ ਟੀਮਾਂ ਤੇ 17 ਟਰਾਂਜ਼ਿਟ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ 111 ਏ.ਐੱਨ.ਐੱਮਜ਼, 450 ਆਸ਼ਾ ਵਰਕਰਜ਼, 165 ਆਂਗਣਵਾੜੀ ਵਰਕਰਜ਼, 467 ਹੋਰ ਕਰਮਚਾਰੀ, 61 ਸੁਪਰਵਾਈਜ਼ਰ ਤੇ 1,242 ਵੈਕਸੀਨੇਟਰ ਮੁਹਿੰਮ ਵਿੱਚ ਆਪਣੀਆਂ ਸੇਵਾਵਾਂ ਨਿਭਾਉਣਗੇ। ਇਸ ਮੌਕੇ ਸਿਵਲ ਸਰਜਨ ਡਾ. ਰਮਨਦੀਪ ਸਿੰਗਲਾ ਨੇ ਸਮਾਜਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਪਲਸ ਪੋਲੀਓ ਮੁਹਿੰਮ ਨੂੰ ਲੋਕ ਲਹਿਰ ਬਣਾਉਣ ਲਈ ਪੂਰਾ ਸਹਿਯੋਗ ਦੇਣ।



# ਡਾ. ਅਮਰ ਸਿੰਘ ਦੀ ਚੁੱਪ ਕਾਰਨ ਨਗਰ ਕੌਂਸਲ ਦੀ ਪ੍ਰਧਾਨਗੀ ਦੇ ਦਾਅਵੇਦਾਰਾਂ ਦੀ ਧੜਕਣ ਤੇਜ਼

**ਰਾਏਕੋਟ (ਸੰਤੋਖ ਗਿੱਲ)-** ਰਾਏਕੋਟ ਨਗਰ ਕੌਂਸਲ ਦੀ ਪ੍ਰਧਾਨਗੀ ਦੇ ਉਮੀਦਵਾਰ ਦਾ ਨਾਮ ਚੋਣ ਨਤੀਜੇ ਆਉਣ ਤੋਂ ਇਕ ਮਹੀਨੇ ਬਾਅਦ ਵੀ ਬੁਝਾਰਤ ਬਣਿਆ ਹੋਇਆ ਹੈ।ਪਿਛਲੇ ਦਿਨੀਂ ਲੋਕ ਸਭਾ ਮੈਂਬਰ ਡਾਕਟਰ ਅਮਰ ਸਿੰਘ ਦੇ ਘਰ ਵਿੱਚ ਹੋਈ ਕਾਂਗਰਸੀ ਕੌਂਸਲਰਾਂ ਦੀ ਅਹਿਮ ਮੀਟਿੰਗ ਵਿੱਚ ਸਾਰੇ ਅਧਿਕਾਰ ਡਾ. ਅਮਰ ਸਿੰਘ ਨੂੰ ਸੌਂਪ ਦਿੱਤੇ ਗਏ ਸਨ, ਫਿਰ ਵੀ ਉਨ੍ਹਾਂ ਵੱਲੋਂ ਅਜੇ ਤੱਕ ਕੋਈ ਪੱਤਾ ਨਹੀਂ ਖੋਲ੍ਹਿਆ ਗਿਆ। ਡਾਕਟਰ ਅਮਰ ਸਿੰਘ ਦੀ ਲਗਾਤਾਰ ਚੁੱਪ ਕਾਰਨ ਪ੍ਰਧਾਨਗੀ ਦੇ ਦਾਅਵੇਦਾਰਾਂ ਦੇ ਦਿਲਾਂ ਦੀ ਧੜਕਣ ਤੇਜ਼ ਹੋ ਗਈ ਹੈ।ਸੂਤਰਾਂ ਅਨੁਸਾਰ ਡਾਕਟਰ ਅਮਰ ਸਿੰਘ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਲੰਮੀ ਰਣਨੀਤੀ ਤੇ ਸਮੀਕਰਨ ਬਣਾਉਣ ਵਿੱਚ ਲੱਗੇ ਹੋਏ ਹਨ।ਉਨ੍ਹਾਂ ਬਹੁਤ ਹੀ ਸਟੀਕ ਤੇ ਗੁਪਤ ਵਿਉਂਤਬੰਦੀ ਕੀਤੀ ਹੋਈ ਹੈ, ਜਿਸ ਕਰਕੇ ਉਹ ਇਸ ਵੇਲੇ ਪੂਰੀ ਤਰ੍ਹਾਂ ਚੁੱਪੀ ਧਾਰੀ ਬੈਠੇ ਹਨ। ਦੂਜੇ ਪਾਸੇ ਪ੍ਰਧਾਨਗੀ ਦਾ ਅਹੁਦਾ ਔਰਤਾਂ ਲਈ ਰਾਖਵਾਂ ਕਰਵਾਉਣ ਵਾਲਿਆਂ ਵੱਲੋਂ ਬਹੁਮਤ ਹਾਸਲ ਕਰਨ ਲਈ ਜੋੜ-ਤੋੜ ਤੇ ਧਨ ਬਲ ਦੀ ਵਰਤੋਂ ਵੀ ਧੜੱਲੇ ਨਾਲ ਕੀਤੇ ਜਾਣ ਦੀਆਂ ਚਰਚਾਵਾਂ ਸ਼ਹਿਰ ਵਿੱਚ ਚੱਲ ਰਹੀਆਂ ਹਨ। ਕਾਂਗਰਸ ਪਾਰਟੀ ਦੇ ਅੰਦਰੋਂ ਤੇ ਬਾਹਰੋਂ ਵੀ ਸੋਸ਼ਲ ਮੀਡੀਆ ਰਾਹੀਂ ਦਬਾਅ ਬਣਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ।ਪ੍ਰਾਪਤ ਜਾਣਕਾਰੀ ਅਨੁਸਾਰ ਸੱਤਾਧਾਰੀ ਧਿਰ ਵੱਲੋਂ ਐੱਸ.ਡੀ.ਐੱਮ. ਰਾਏਕੋਟ ਖੁਸ਼ਪ੍ਰੀਤ ਸਿੰਘ ਨੂੰ ਪ੍ਰਧਾਨਗੀ ਚੋਣ ਕਰਾਉਣ ਤੇ ਕੌਂਸਲਰਾਂ ਨੂੰ ਸਹੁੰ ਚੁਕਾਉਣ ਲਈ ਅਜੇ ਤੱਕ ਕੋਈ ਇਸ਼ਾਰਾ ਨਹੀਂ ਕੀਤਾ ਗਿਆ ਹੈ। ਇਸੇ ਕਾਰਨ ਐੱਸ.ਡੀ. ਐੱਮ. ਵੱਲੋਂ ਵੀ ਨਗਰ ਕੌਂਸਲ ਦੀ ਪ੍ਰਧਾਨਗੀ ਚੋਣ ਲਈ ਪਹਿਲੀ ਮੀਟਿੰਗ ਬੁਲਾਉਣ ਵਾਸਤੇ ਕੋਈ ਪੱਤਰ ਜਾਰੀ ਨਹੀਂ ਕੀਤਾ ਗਿਆ।ਇਸ ਵੇਲੇ ਰਾਏਕੋਟ ਦੇ ਰਾਜਨੀਤਕ ਹਲਕਿਆਂ ਵਿੱਚ ਉਤਸੁਕਤਾ ਤੇ ਤਣਾਅ ਬਣਿਆ ਹੋਇਆ ਹੈ।ਡਾ. ਅਮਰ ਸਿੰਘ ਵੱਲੋਂ ਕਦੋਂ ਤੇ ਕਿਸ ਨੂੰ ਉਮੀਦਵਾਰ ਐਲਾਨਿਆ ਜਾਵੇਗਾ, ਇਸ ਬਾਰੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਕਾਬਲੇ-ਗ਼ੌਰ ਹੈ ਕਿ 15 ਵਾਰਡਾਂ ਵਾਲੀ ਨਗਰ ਕੌਂਸਲ ਰਾਏਕੋਟ ਵਿੱਚ ਕਾਂਗਰਸ ਵੱਲੋਂ 11 ਵਾਰਡਾਂ ਵਿੱਚ ਜਿੱਤ ਦਰਜ ਕੀਤੀ ਗਈ ਸੀ ਤੇ ਸੱਤਾਧਾਰੀ ਧਿਰ ਕੋਲ ਕੇਵਲ 4 ਕੌਂਸਲਰ ਹਨ।

**● ਸ਼ਹਿਰ 'ਚ ਖ਼ਰੀਦ-ਫ਼ਰੋਖ਼ਤ ਦੀ ਵੀ ਚਰਚਾ**

# ਸੁਸ਼ੀਲ ਜੈਨ ਦੀ ਯਾਦ 'ਚ ਅੱਖਾਂ ਦਾ ਮੁਫ਼ਤ ਅਪ੍ਰੇਸ਼ਨ ਕੈਂਪ ਅੱਜ

**ਜਗਰਾਉਂ (ਅਮਿਤ ਖੰਨਾ)-** ਸਵਰਗਵਾਸੀ ਸੁਸ਼ੀਲ ਜੈਨ ਸਪੁੱਤਰ ਸਵਰਗਵਾਸੀ ਦਿਆ ਚੰਦ ਜੈਨ ਦੀ ਯਾਦ ਵਿੱਚ ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ 78ਵਾਂ ਅੱਖਾਂ ਦਾ ਚਿੱਟੇ ਮੋਤੀਏ ਦਾ ਮੁਫ਼ਤ ਅਪ੍ਰੇਸ਼ਨ ਕੈਂਪ 28 ਜੂਨ ਐਤਵਾਰ ਨੂੰ ਲੰਧਿਆਂ ਵਾਲਾ ਜਗਰਾਉਂ ਵਿਖੇ ਲਗਾਇਆ ਜਾਵੇਗਾ। ਸੋਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਦਨ ਲਾਲ ਅਰੋੜਾ, ਸੈਕਟਰੀ ਡਾਕਟਰ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਦੱਸਿਆ ਕਿ ਜੈਨ ਪਰਿਵਾਰ ਦੇ ਹਰਸ਼ ਜੈਨ ਤੇ ਡਾਕਟਰ ਮਨੀਸ਼ ਜੈਨ ਦੇ ਸਹਿਯੋਗ ਨਾਲ ਲਗਾਏ ਜਾ ਰਹੇ ਇਸ ਕੈਂਪ ਵਿੱਚ ਸ਼ੰਕਰਾ ਆਈ ਹੌਸਪਿਟਲ ਦੀ ਟੀਮ ਵੱਲੋਂ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕਰਕੇ ਆਪ੍ਰੇਸ਼ਨ ਵਾਲੇ ਮਰੀਜ਼ਾਂ ਦੀ ਚੋਣ ਕੀਤੀ ਜਾਵੇਗੀ, ਜਿਨ੍ਹਾਂ ਦੇ ਆਪ੍ਰੇਸ਼ਨ ਹਸਪਤਾਲ ਵਿਖੇ ਕਰਵਾਏ ਜਾਣਗੇ। ਉਨ੍ਹਾਂ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਆਪਣੇ ਨਾਲ ਆਪਣੇ ਆਧਾਰ ਕਾਰਡ ਦੀ ਕਾਪੀ ਲੈ ਕੇ ਆਉਣ।

# ਸੁਖਦੇਵ ਸਿੰਘ ਇੰਸਾਂ ਦੀ ਮ੍ਰਿਤਕ ਦੇਹ ਮੈਡੀਕਲ ਖ਼ੋਜ ਕਾਰਜਾਂ ਲਈ ਦਾਨ

**ਮਾਨਸਾ (ਆਤਮਾ ਸਿੰਘ ਪਮਾਰ)-** ਮਾਨਸਾ ਵਾਸੀ ਸੁਖਦੇਵ ਸਿੰਘ ਇੰਸਾਂ (67) ਪੁੱਤਰ ਹਰਨੇਕ ਸਿੰਘ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਕੰਮ ਆਵੇਗੀ।ਉਨ੍ਹਾਂ ਦੀ ਮੌਤ ਉਪਰੰਤ ਪਰਿਵਾਰਕ ਮੈਂਬਰਾਂ ਨੇ ਸਸਕਾਰ ਕਰਨ ਦੀ ਥਾਂ ਮ੍ਰਿਤਕ ਦੇਹ ਮੈਡੀਕਲ ਕਾਲਜ ਨੂੰ ਦਾਨ ਕੀਤੀ ਹੈ, ਜਿੱਥੇ ਮੈਡੀਕਲ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਬਿਮਾਰੀਆਂ ਤੋਂ ਬਚਾਅ ਸਬੰਧੀ ਖੋਜਾਂ ਕਰਨਗੇ।ਉਹ ਮਾਨਸਾ 'ਚ ਡੇਰਾ ਸੱਚਾ ਸੌਦਾ ਦੇ 55ਵੇਂ ਸਰੀਰਦਾਨੀ ਬਣੇ ਗਏ ਹਨ।ਸੁਖਦੇਵ ਸਿੰਘ ਇੰਸਾਂ ਨੇ ਜਿਉਂਦੇ ਜੀ ਹੀ ਡੇਰਾ ਸੱਚਾ ਸੌਦਾ ਦੇ ਪੂਜਨੀਕ ਗੁਰੂ ਸੰਤ ਡਾ. ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾਂ ਦੀ ਪਵਿੱਤਰ ਸਿੱਖਿਆ 'ਤੇ ਚਲਦਿਆਂ ਪ੍ਰਣ ਕਰ ਲਿਆ ਸੀ ਕਿ ਮੌਤ ਉਪਰੰਤ ਉਸ ਦਾ ਸਰੀਰ ਦਾਨ ਕਰ ਦਿੱਤਾ ਜਾਵੇ, ਜਿਸ ਨੂੰ ਅੱਜ ਪਰਿਵਾਰਕ ਮੈਂਬਰਾਂ ਨੇ ਪੂਰਾ ਕਰ ਦਿੱਤਾ। ਵੇਰਵਿਆਂ ਮੁਤਾਬਿਕ ਡੇਰਾ ਸੱਚਾ ਸੌਦਾ ਮਾਨਵਤਾ ਭਲਾਈ ਦੇ 176 ਕਾਰਜ ਕਰਦਾ ਹੈ, ਜਿਨ੍ਹਾਂ 'ਚ 'ਅਮਰ ਸੇਵਾ ਮੁਹਿੰਮ' (ਡਾਕਟਰੀ ਇਲਾਜ ਤੇ ਖੋਜ ਕਾਰਜਾਂ ਲਈ ਦੇਹਾਂਤ ਤੋਂ ਬਾਅਦ ਸਰੀਰਦਾਨ) ਵੀ ਸ਼ਾਮਲ ਹੈ।ਇਸੇ ਕਾਰਜ ਤਹਿਤ ਹੀ ਸੁਖਦੇਵ ਸਿੰਘ ਇੰਸਾਂ ਦੀ ਮੌਤ ਉਪਰੰਤ ਉਨ੍ਹਾਂ ਦੇ ਪੁੱਤਰ ਅਮਰ ਇੰਸਾਂ ਤੇ ਹੋਰ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਦੀ ਮ੍ਰਿਤਕ ਦੇਹ ਉੱਤਰਾਂਚਲ ਮੈਡੀਕਲ ਕਾਲਜ ਤੇ ਆਯੁਰਵੇਦਾ ਅਤੇ ਰਿਸਰਚ ਦੇਹਰਾਦੂਨ ਉੱਤਰਾਖੰਡ ਨੂੰ ਦਾਨ ਕਰ ਦਿੱਤਾ।ਸਰੀਰਦਾਨ ਤੋਂ ਪਹਿਲਾਂ ਮਾਹਰ ਡਾਕਟਰਾਂ ਦੀ ਸਹਾਇਤਾ ਨਾਲ ਉਨ੍ਹਾਂ ਦੀਆਂ ਦੋਵੇਂ ਅੱਖਾਂ ਸੁਰੱਖਿਅਤ ਕੱਢ ਕੇ ਆਈ ਬੈਂਕ 'ਚ ਭੇਜੀਆਂ ਗਈਆਂ, ਜੋ ਦੋ ਹਨੇਰੀ ਜ਼ਿੰਦਗੀਆਂ ਨੂੰ ਰੌਸ਼ਨੀ ਪ੍ਰਦਾਨ ਕਰਨਗੀਆਂ।ਇਸ ਮੌਕੇ ਡੇਰਾ ਸੱਚਾ ਸੌਦਾ ਦੇ ਜ਼ਿੰਮੇਵਾਰ ਸੇਵਾਦਾਰਾਂ ਤੋਂ ਇਲਾਵਾ ਐੱਸ. ਡੀ. ਓ. ਗੁਰਬਖ਼ਸ਼ ਸਿੰਘ, ਵਣ ਮੰਡਲ ਅਫ਼ਸਰ ਪ੍ਰਿਤਪਾਲ ਸਿੰਘ ਮਾਨਸਾ, ਕੌਂਸਲਰ ਕਿਰਤਪਾਲ ਸਿੰਘ ਕਿਰਤੀ ਸਮੇਤ ਸ਼ਹਿਰ ਦੇ ਹੋਰ ਸਿਆਸੀ ਆਗੂ ਪਤਵੰਤੇ ਵੱਡੀ ਗਿਣਤੀ 'ਚ ਹਾਜ਼ਰ ਸਨ। ਸੁਖਦੇਵ ਸਿੰਘ ਇੰਸਾਂ ਦੀ ਮ੍ਰਿਤਕ ਦੇਹ ਲਿਜਾਣ ਵਾਲੀ ਐਂਬੂਲੈਂਸ ਨੂੰ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਡਾ. ਜਨਕ ਰਾਜ (ਐੱਮ. ਡੀ. ਮੈਡੀਸਨ) ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।





# ਵਾਰਡ ਨੰਬਰ 22 ਤੇ 23 ਦੀ ਸਾਂਝੀ ਆਤਮ ਨਗਰ ਵਾਲੀ ਗਲੀ ਦਾ ਕੰਮ ਸ਼ੁਰੂ

**ਜਗਰਾਉਂ (ਅਮਿਤ ਖੰਨਾ)** ਨਗਰ ਕੌਂਸਲ ਅਧੀਨ ਆਉਂਦੇ ਵਾਰਡ ਨੰਬਰ 22 ਤੇ ਵਾਰਡ ਨੰਬਰ 23 ਦੀ ਸਾਂਝੀ ਆਤਮ ਨਗਰ ਗਲੀ ਨੰਬਰ 6 ਤੋਂ ਰਿਕੂ ਧਾਲੀਵਾਲ ਦੇ ਘਰ ਤੱਕ ਦੀ ਸੜਕ ਦਾ ਕੰਮ ਸ਼ੁਰੂ ਹੋ ਗਿਆ।ਵਾਰਡ ਨੰਬਰ 22 ਦੇ ਕੌਂਸਲਰ ਐਡਵੋਕੇਟ ਵਰਿੰਦਰ ਸਿੰਘ ਕਲੇਰ ਨੇ ਕਿਹਾ ਕਿ ਵਾਰਡ ਨੰਬਰ 22 ਦੀਆਂ ਲਗਭਗ ਸਾਰੀਆਂ ਸੜਕਾਂ ਬਣ ਚੁੱਕੀਆਂ ਹਨ, ਕੋਈ ਵੀ ਸੜਕ ਅਧੂਰੀ ਨਹੀਂ ਹੈ।ਬਾਕੀ ਜਿਹੜੇ ਕੰਮ ਅਜੇ ਬਾਕੀ ਹਨ, ਉਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਕਰਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਹ ਗਲੀ ਮੇਨ ਆਤਮ ਚੌਕ ਤੋਂ ਲੈ ਕੇ 6 ਨੰਬਰ ਗਲੀ ਤੋਂ ਰਿਕੂ ਧਾਲੀਵਾਲ ਦੇ ਘਰ ਤੱਕ ਬਣੇਗੀ ਤੇ ਮੁਹੱਲਾ ਅਜੀਤ ਨਗਰ, ਕਰਨੈਲ ਗੇਟ ਤੇ ਡਾ. ਹਰੀ ਸਿੰਘ ਰੋਡ ਨੂੰ ਜੋੜਦੀ ਹੈ।ਉਨ੍ਹਾਂ ਦੱਸਿਆ ਕਿ ਜਦੋਂ ਮੇਰੇ ਮਾਤਾ ਕੌਂਸਲਰ ਸਨ, ਉਦੋਂ ਤੋਂ ਇਹ ਸੜਕ ਪਾਸ ਹੈ ਤੇ ਇਸ ਸੜਕ ਦੀ ਲੰਬਾਈ 500 ਫੁੱਟ ਹੈ ਤੇ 20 ਫੁੱਟ ਚੌੜੀ ਗਲੀ ਹੈ, ਜਿਸ ਇੰਟਰਲਾਕਿੰਗ ਟਾਈਲਾਂ ਨਾਲ ਬਣਾਇਆ ਜਾਵੇਗਾ।



# ਯਾਦਵਿੰਦਰ ਨਿਰਮਾਣ ਨੇ ਸ਼ਹਿਰ 'ਚ ਸਫ਼ਾਈ ਮੁਹਿੰਮ ਸ਼ੁਰੂ ਕਰਾਈ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਨਗਰ ਕੌਂਸਲ ਦੇ ਕਾਰਜਕਾਰੀ ਪ੍ਰਧਾਨ ਦਾ ਅਹੁਦਾ ਸੰਭਾਲਣ ਤੋਂ ਬਾਅਦ ਯਾਦਵਿੰਦਰ ਸਿੰਘ ਨਿਰਮਾਣ ਨੇ ਸ਼ਹਿਰ ਦੀ ਸਫ਼ਾਈ ਨੂੰ ਪਹਿਲ ਦਿੰਦਿਆਂ ਵਿਸ਼ੇਸ਼ ਸਫ਼ਾਈ ਮੁਹਿੰਮ ਦੀ ਸ਼ੁਰੂਆਤ ਕਰਵਾ ਦਿੱਤੀ ਹੈ।ਇਸ ਤਹਿਤ ਨਵੇਂ ਬਣੇ ਅੰਡਰਬ੍ਰਿਜ ਦੀ ਸਫ਼ਾਈ ਦਾ ਕੰਮ ਸਫਾਈ ਸੇਵਕਾਂ ਵੱਲੋਂ ਜੰਗੀ ਪੱਧਰ ਤੇ ਸ਼ੁਰੂ ਕਰ ਦਿੱਤਾ ਗਿਆ ਤੇ ਸ਼ਹਿਰ ਵਿੱਚ ਵੀ ਸਫਾਈ ਕਰਵਾਉਣ ਦੀ ਯੋਜਨਾ 'ਤੇ ਕੰਮ ਸ਼ੁਰੂ ਹੋ ਗਿਆ ਹੈ।ਯਾਦਵਿੰਦਰ ਸਿੰਘ ਨਿਰਮਾਣ ਨੇ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ ਤੇ ਸੁੰਦਰ ਬਣਾਉਣਾ ਨਗਰ ਕੌਂਸਲ ਦੀ ਪਹਿਲੀ ਤਰਜ਼ੀਹ ਹੈ।ਉਨ੍ਹਾਂ ਦੱਸਿਆ ਕਿ ਆਧੁਨਿਕ ਮਸ਼ੀਨਾਂ ਰਾਹੀਂ ਸੜਕਾਂ ਦੀ ਸਫਾਈ ਕੀਤੀ ਜਾਵੇਗੀ ਤਾਂ ਜੁ ਲੋਕਾਂ ਨੂੰ ਸਾਫ਼-ਸੁਥਰਾ ਵਾਤਾਵਰਣ ਮਿਲ ਸਕੇ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਘਰਾਂ, ਦੁਕਾਨਾਂ ਤੇ ਆਲੇ-ਦੁਆਲੇ ਦੀ ਸਫਾਈ ਦਾ ਖ਼ਾਸ ਧਿਆਨ ਰੱਖਣ ਅਤੇ ਕੂੜੇ ਨੂੰ ਨਿਰਧਾਰਿਤ ਕੂੜੇਦਾਨ ਜਾਂ ਮੁਹੱਲਿਆਂ ਵਿੱਚ ਆਉਂਦੀਆਂ ਗੱਡੀਆਂ ਵਿੱਚ ਪਾਇਆ ਜਾਵੇ।



# ਰਾਮ ਸਰੂਪ ਤੇ ਨਛੱਤਰ ਸਿੰਘ ਨੂੰ ਸੇਵਾ-ਮੁਕਤ ਹੋਣ 'ਤੇ ਗੋਲਡ ਮੈਡਲ ਨਾਲ ਕੀਤਾ ਸਨਮਾਨਤ

**ਮੋਗਾ (ਇਕਬਾਲ ਸਿੰਘ ਖਹਿਰਾ)-** ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨਾਲ ਸਬੰਧਤ ਨੈਸਲੇ ਠੇਕੇਦਾਰ ਲੇਬਰ ਯੂਨੀਅਨ ਵੱਲੋਂ ਨੈਸਲੇ ਇੰਡੀਆ ਲਿਮਟਿਡ ਵਿੱਚ ਨੈਸਲੇ ਠੇਕੇਦਾਰ ਲੇਬਰ ਅਧੀਨ ਕੰਮ ਕਰਦੇ ਰਾਮ ਸਰੂਪ ਤੇ ਨਛੱਤਰ ਸਿੰਘ ਨੂੰ ਸੇਵਾ ਮੁਕਤ ਹੋਣ 'ਤੇ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਕੇਵਲ ਟ੍ਰੇਡ ਯੂਨੀਅਨ ਹੀ ਸੇਵਾ ਨਿਵਰਤ ਹੋਣ ਤੇ ਅਪਣੇ ਵਰਕਰ ਦਾ ਸਨਮਾਨ ਕਰਦੀ ਹੈ।ਇਸ ਮੌਕੇ ਯੂਨੀਅਨ ਦੇ ਆਗੂਆਂ ਵੱਲੋਂ ਸੇਵਾ ਨਿਵਰਤ ਹੋਏ ਰਾਮ ਸਰੂਪ ਤੇ ਨਛੱਤਰ ਸਿੰਘ ਨੂੰ ਗੋਲਡ ਮੈਡਲ ਤੇ ਤੋਹਫ਼ੇ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਆਏ ਸਮੂਹ ਅਹੁਦੇਦਾਰਾਂ ਨੇ ਸੇਵਾ ਨਿਵਰਤ ਹੋਏ ਰਾਮ ਸਰੂਪ ਤੇ ਨਛੱਤਰ ਸਿੰਘ ਨੂੰ ਵਧਾਈਆ ਦਿੱਤੀਆਂ ਤੇ ਉਨ੍ਹਾਂ ਦੀ ਲੰਮੀ ਉਮਰ ਤੇ ਸਿਹਤਮੰਦ ਰਹਿਣ ਲਈ ਅਰਦਾਸ ਕੀਤੀ। ਇਸ ਮੌਕੇ ਯੂਨੀਅਨ ਵੱਲੋਂ ਚਾਹ ਪਾਰਟੀ ਕੀਤੀ ਗਈ। ਇਸ ਮੌਕੇ ਸੇਵਾ ਨਿਵਰਤ ਹੋਏ ਰਾਮ ਸਰੂਪ ਤੇ ਨਛੱਤਰ ਸਿੰਘ ਨੇ ਆਏ ਹੋਏ ਸਮੂਹ ਅਹੁਦੇਦਾਰਾਂ ਦਾ ਇਸ ਸਨਮਾਨ ਲਈ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਹੁਣ ਅਪਣੀ ਪੂਰੀ ਜ਼ਿੰਦਗੀ ਸਮਾਜ ਸੇਵੀ ਕੰਮਾਂ ਲਈ ਲਗਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨੈਸਲੇ ਠੇਕੇਦਾਰ ਲੇਬਰ ਯੂਨੀਅਨ ਦੇ ਪ੍ਰਧਾਨ ਸ਼ੰਕਰ ਅਤੇ ਅਹੁਦੇਦਾਰ ਅਰੁਣ ਬੋਹਤ ਜਨਰਲ ਸਕੱਤਰ, ਨਿੰਦਰ ਸਿੰਘ ਬਲਖੰਡੀ ਖਜ਼ਾਨਚੀ, ਅੰਗਰੇਜ ਸਿੰਘ, ਸੋਨੂ, ਗੋਰਾ, ਗੁਰਮੀਤ ਸਿੰਘ, ਲਖਵਿੰਦਰ ਸਿੰਘ ਸਿੱਧੂ, ਕੁਲਵੀਰ ਸਿੰਘ, ਦਵਿੰਦਰ ਸਿੰਘ, ਰਾਜਵੀਰ ਸਿੰਘ, ਵਰਿੰਦਰ ਸਿੰਘ, ਅਮਰ ਸਿੰਘ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਗੋਗੀ, ਵਾਲਮੀਕੀ ਸਭਾ ਦੇ ਪ੍ਰਧਾਨ ਅਰੁਣ ਬੋਹਤ ਤੇ ਪਰਵੀਨ ਕੁਮਾਰ ਆਦਿ ਹਾਜ਼ਰ ਸਨ।



# ਸ਼ਿਮਲਾ ਗੇਟੀ ਥੀਏਟਰ ਵਿਖੇ ਪੰਜਾਬੀ ਸੱਭਿਆਚਾਰ ਦੀ ਸ਼ਾਨਦਾਰ ਪੇਸ਼ਕਾਰੀ

**ਦੋਰਾਹਾ (ਹਰਮਿੰਦਰ ਸੇਠ)-** ਪਿਛਲੇ ਦਿਨੀਂ ਆਲ ਇੰਡੀਆ ਆਰਟਿਸਟ ਐਸੋਸੀਏਸ਼ਨ ਸ਼ਿਮਲਾ ਵੱਲੋਂ 71ਵਾਂ ਨਾਟਕ ਫੈਸਟੀਵਲ ਕਰਵਾਇਆ ਗਿਆ, ਜਿਸ ਵਿੱਚ ਮਹਾਰਾਸ਼ਟਰ, ਪੰਜਾਬ ਗੁਜਰਾਤ, ਹਰਿਆਣਾ, ਯੂ ਪੀ, ਛੱਤੀਸਗੜ੍ਹ, ਰਾਜਸਥਾਨ, ਝਾਰਖੰਡ, ਮੱਧ ਪ੍ਰਦੇਸ਼ ਤੇ ਬਿਹਾਰ ਦੀਆਂ 25 ਨਾਟਕ ਟੀਮਾਂ ਨੇ ਭਾਗ ਲਿਆ।ਗੇਟੀ ਥੀਏਟਰ ਦਾ 100 ਸਾਲ ਦਾ ਪੁਰਾਣਾ ਇਤਿਹਾਸ ਹੈ, ਜੋ ਅੰਗਰੇਜ਼ਾਂ ਦੁਆਰਾ ਬਣਾਇਆ ਗਿਆ ਸੀ, ਜਿੱਥੇ ਗ਼ਦਰ ਫਿਲਮ ਦੇ ਗੀਤ 'ਮੈਂ ਨਿਕਲਾ ਗਾਡ਼ੀ ਲੈ ਕੇ' ਦੀ ਸ਼ੂਟਿੰਗ ਹੋ ਚੁੱਕੀ ਹੈ ਤੇ ਜਿੱਥੇ ਨਾਮਵਰ ਐਕਟਰ ਨਾਨਾ ਪਾਟੇਕਰ, ਨਸੀਰੂਦੀਨ ਸ਼ਾਹ, ਪਰੇਸ਼ ਰਾਵਲ, ਅਨੁਪਮ ਖੇਰ, ਰਾਜ ਬੱਬਰ, ਅਮਰੀਸ਼ ਪੁਰੀ, ਓਮ ਪੁਰੀ ਤੇ ਸ਼ਾਹਰੁਖ ਖਾਨ ਵਰਗੇ ਵੱਡੇ ਐਕਟਰ ਅਦਾਕਾਰੀ ਕਰ ਚੁੱਕੇ ਹਨ। ਇਸ ਨੈਸ਼ਨਲ ਫੈਸਟੀਵਲ ਵਿੱਚ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਪ੍ਰੋ. ਸੋਮ ਪਾਲ ਹੀਰਾ (ਡਾ.) ਦੀ ਨਿਰਦੇਸ਼ਨਾ ਹੇਠ 'ਅਕਸ ਮੰਚ' ਵੱਲੋਂ ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ ਕਰਦਾ ਨਾਟਕ 'ਸਰਹੱਦਾਂ ਹੋਰ ਵੀ ਨੇ' ਖੇਡਿਆ ਗਿਆ, ਜੋ ਸੁਰਿੰਦਰ ਨਰੂਲਾ ਦਾ ਲਿਖਿਆ ਹੋਇਆ ਹੈ।ਇਸ ਵਿੱਚ ਸੰਗੀਤ ਚਮਕੌਰ ਛਿੱਬਰ ਨੇ, ਸੈੱਟ ਗੁਰਪ੍ਰੀਤ ਬਾਵਾ ਨੇ ਤੇ ਮੇਕਅਪ ਸੰਦੀਪ ਵਰਮਾ ਦੁਆਰਾ ਕੀਤਾ ਗਿਆ।ਇਹ ਨਾਟਕ ਕਾਰਗਿੱਲ ਦੀ ਸਰਹੱਦ ਤੇ ਨਸ਼ੇ ਦੀ ਸਰਹੱਦ ਦੀ ਕਹਾਣੀ 'ਤੇ ਅਧਾਰਤ ਹੈ।ਸੋਮ ਪਾਲ ਹੀਰਾ ਦਾ ਨਿਰਦੇਸ਼ਨ ਤੇ ਗੁਰਪ੍ਰੀਤ ਬਾਵਾ ਵੱਲੋਂ ਲਗਾਇਆ ਸੈੱਟ ਕਮਾਲ ਸੀ, ਜਿਸ ਵਿੱਚ ਮੰਚ ਉੱਪਰ ਫੌਜੀ ਟੈਂਕ, ਟਰੈਕਟਰ, ਘੜੂਕਾ ਤੇ ਬਲਦ ਵਾਲੀ ਰੇਹੜੀ ਦਾ ਆਉਣਾ ਦਰਸ਼ਕਾਂ ਨੂੰ ਅਚੰਭਿਤ ਕਰਦਾ ਸੀ।ਸਟੇਜ 'ਤੇ ਲੱਗਿਆ ਨਲਕਾ, ਨਲਕੇ 'ਚੋਂ ਨਿਕਲਦਾ ਪਾਣੀ, ਫੌਜੀ ਦਾ 8 ਫੁੱਟ ਉੱਚੀ ਛੱਤ ਤੋਂ ਡਿੱਗਣਾ ਤੇ ਬੰਬ ਨਾਲ ਫੌਜੀ ਦੀ ਬਾਂਹ ਦਾ ਉੱਡਣਾ ਦਰਸ਼ਕਾਂ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰਦਾ ਸੀ।ਨਿਰਮਲ ਧਾਲੀਵਾਲ (ਥੀਏਟਰ ਐੱਮ. ਏ.) ਦੀ ਪੇਂਡੂ ਅਦਾਕਾਰੀ ਨੇ ਦਰਸ਼ਕਾਂ ਨੂੰ ਖ਼ੂਬ ਹਸਾਇਆ ਤੇ ਸੰਦੀਪ ਵਰਮਾ ਦੀ ਭਾਵੁਕ ਅਦਾਕਾਰੀ ਨੇ ਦਰਸ਼ਕਾਂ ਨੂੰ ਰੱਜ ਕੇ ਰਵਾਇਆ।ਇੰਦਰਜੀਤ, ਬੱਲੀ ਖਾਨਪੁਰੀਆ, ਸਹਿਜ ਵਰਮਾ, ਸਿਦਕ ਵਰਮਾ ਮਹਿਕਪ੍ਰੀਤ ਕੌਰ, ਦਵਿੰਦਰ ਸਿੰਘ ਤੇ ਪੁਨੀਤ ਵਾਟਸ ਵਰਗੇ ਹੰਢੇ ਹੋਏ ਕਲਾਕਾਰਾਂ ਨੇ ਆਪਣੀ ਅਦਾਕਾਰੀ ਦਾ ਲੋਹਾ ਮਨਵਾਉਂਦਿਆਂ ਇਸ ਨਾਟਕ ਨੂੰ ਵਿਸ਼ੇਸ਼ ਕੈਟਾਗਰੀ ਦੇ ਤੌਰ 'ਤੇ ਓਵਰਆਲ ਬੈਸਟ ਨਾਟਕ ਦਾ ਇਨਾਮ ਪ੍ਰਾਪਤ ਕਰਵਾਇਆ ਅਤੇ ਸੰਦੀਪ ਵਰਮਾ ਦੀ ਅਦਾਕਾਰੀ ਕਰਕੇ ਉਸ ਨੂੰ ਬੈਸਟ ਐਕਟ ਦਾ ਇਨਾਮ ਮਿਲਿਆ।ਸੋਮ ਪਾਲ ਹੀਰਾ ਨੂੰ ਬੈਸਟ ਡਾਇਰੈਕਟਰ, ਗੁਰਪ੍ਰੀਤ ਬਾਵਾ ਨੂੰ ਬੈਸਟ ਸੈੱਟ ਦਾ ਪੁਰਸਕਾਰ ਮਿਲਿਆ।ਇਸ ਰਾਸ਼ਟਰੀ ਮੇਲੇ ਵਿੱਚ ਇਹ ਨਾਟਕ ਪੰਜਾਬੀ ਸੱਭਿਆਚਾਰੀ ਪੇਸ਼ ਕਰਨ ਵਿੱਚ ਸਫ਼ਲ ਰਿਹਾ।ਇਸ ਦੀ ਸਫਲਤਾ ਦਾ ਨਤੀਜਾ ਇਹ ਸੀ ਕਿ ਦਰਸ਼ਕਾਂ ਨੇ ਖੜੇ ਹੋ ਕੇ ਤਾੜੀਆਂ ਮਾਰੀਆਂ ਤੇ ਕਲਾਕਾਰਾਂ ਨੂੰ ਰੱਜਵਾਂ ਪਿਆਰ ਦਿੱਤਾ।



# ਡਰੱਗ ਸੈਂਸਜ਼ ਦੀ ਡਿਊਟੀ ਕਰਦੀ ਅਧਿਆਪਕਾ ਨਾਲ ਦੁਰਵਿਹਾਰ ਕਰਨ ਵਾਲੇ ਪਰਵਾਰ ਨੇ ਥਾਣੇ 'ਚ ਮੰਨੀ ਗਲਤੀ

**ਮੋਗਾ (ਇਕਬਾਲ ਸਿੰਘ ਖਹਿਰਾ)-** ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਜਿੰਦਰ ਧਾਲੀਵਾਲ, ਜ਼ਿਲ੍ਹਾ ਪ੍ਰਧਾਨ ਸ਼ਮਸ਼ੇਰ ਸਿੰਘ ਸੀਨੀਅਰ ਮੀਤ ਪ੍ਰਧਾਨ ਨਿਧੀ, ਸਟੇਟ ਕਮੇਟੀ ਮੈਂਬਰ ਨਿਰਵੈਰ ਸਿੰਘ, ਮੀਡੀਆ ਕੋਆਰਡੀਨੇਟਰ ਅਮਨਦੀਪ ਸਿੰਘ, ਸਟੇਟ ਕਮੇਟੀ ਮੈਂਬਰ ਗਗਨਦੀਪ ਸਿੰਘ ਨੇ ਦੱਸਿਆ ਕਿ ਡਰੱਗ ਸੈਂਸਜ਼ ਵਿੱਚ ਬਹੁਤ ਸਾਰੀਆਂ ਮਹਿਲਾ ਅਧਿਆਪਕਾਂ ਦੀਆਂ ਡਿਊਟੀਆਂ ਥੋਪੀਆਂ ਗਈਆਂ ਹਨ ਤੇ ਇਨ੍ਹਾਂ ਡਿਊਟੀਆਂ ਦੌਰਾਨ ਘਰ-ਘਰ ਜਾ ਕੇ ਅਧਿਆਪਕਾਂ ਵੱਲੋਂ ਸਰਵੇਅ ਕੀਤਾ ਜਾ ਰਿਹਾ ਹੈ।ਵਾਰਡ ਨੰਬਰ 33, ਬੂਥ ਨੰਬਰ 178 ਵਿੱਚ ਰੰਗ ਸੈਂਸਜ਼ ਡਿਊਟੀ ਦੌਰਾਨ ਲੈਕਚਰਾਰ ਕਿਰਨ ਬਾਲਾ ਡਰੱਗ ਸਰਵੇਅ ਦੌਰਾਨ ਇੱਕ ਪਰਵਾਰ ਵੱਲੋਂ ਸਰਕਾਰੀ ਡਿਊਟੀ ਵਿੱਚ ਵਿਘਨ ਪਾਇਆ ਗਿਆ ਕਿਰਨ ਬਾਲਾ ਨਾਲ ਬਦਸਲੂਕੀ ਕੀਤੀ ਗਈ।ਕਿਰਨ ਬਾਲਾ ਇਸ ਘਟਨਾ ਤੋਂ ਮਾਨਸਿਕ ਪ੍ਰੇਸ਼ਾਨ ਹੋ ਗਏ ਅਤੇ ਇਸ ਘਟਨਾ ਦੀ ਜਾਣਕਾਰੀ ਮਾਸਟਰ ਕੇਡਰ ਯੂਨੀਅਨ ਅਤੇ ਪੁਲਸ ਥਾਣੇ ਨੂੰ ਦਿੱਤੀ ਗਈ। ਕਿਰਨ ਬਾਲਾ ਵੱਲੋਂ ਇੱਕ ਲਿਖਤੀ ਸ਼ਿਕਾਇਤ ਵੀ ਥਾਣਾ ਸਿਟੀ ਸਾਊਥ ਵਿੱਚ ਦਿੱਤੀ ਗਈ ਸੀ।ਥਾਣਾ ਸਿਟੀ ਸਾਊਥ ਦੇ ਪੁਲਸ ਅਧਿਕਾਰੀ ਵੱਲੋਂ ਇਸ ਘਟਨਾ ਦੀ ਤੁਰੰਤ ਕਾਰਵਾਈ ਕਰਦੇ ਹੋਏ ਦੋਸ਼ੀ ਪਰਵਾਰ ਨੂੰ ਥਾਣੇ ਬੁਲਾ ਕੇ ਜਥੇਬੰਦੀ ਦੇ ਸਾਹਮਣੇ ਤੇ ਪੀੜਤ ਮਹਿਲਾ ਅਧਿਆਪਕਾ ਦੇ ਸਾਹਮਣੇ ਲਿਖਤੀ ਮਾਫੀ ਮੰਗਵਾਈ ਗਈ ਅਤੇ ਦੋਸ਼ੀ ਪਰਵਾਰ ਵੱਲੋਂ ਆਪਣੇ ਗਲਤੀ ਦਾ ਅਹਿਸਾਸ ਕਰਦੇ ਹੋਏ ਜਥੇਬੰਦੀ ਤੇ ਪੁਲਸ ਪ੍ਰਸ਼ਾਸਨ ਸਾਹਮਣੇ ਅੱਗੇ ਤੋਂ ਇਸ ਤਰ੍ਹਾਂ ਦੀ ਘਟਨਾ ਦੁਬਾਰਾ ਨਾ ਦਹਰਾਉਣ ਦਾ ਭਰੋਸਾ ਦਿੱਤਾ।ਆਪਣੀ ਗਲਤੀ ਮੰਨਦੇ ਹੋਏ ਲਿਖਤੀ ਮਾਫੀਨਾਮਾ ਵੀ ਦਿੱਤਾ ਗਿਆ।



# ਜਸਵੀਰ ਸਿੰਘ ਸੇਖੋਂ ਵੱਲੋਂ ਸਰਕਾਰੀ ਰਾਸ਼ਨ ਡਿਪੂਆਂ ਦਾ ਨਿਰੀਖਣ

**ਸੰਗਰੂਰ/ਧੂਰੀ (ਪ੍ਰਵੀਨ ਸਿੰਘ/ਮਨੋਹਰ ਸੱਗੂ, ਮੋਹਿਤ ਗਰਗ)** ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ ਵੱਲੋਂ ਨੈਸ਼ਨਲ ਫੂਡ ਸਕਿਉਰਿਟੀ ਐਕਟ 2013 ਦੇ ਪ੍ਰਭਾਵਸ਼ਾਲੀ ਅਮਲ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਸੰਗਰੂਰ ਦੇ ਪਿੰਡ ਬੁਰਜ ਸੇਢਾ ਤੇ ਜੱਖਲਾ ਵਿਖੇ ਸਥਿਤ ਸਰਕਾਰੀ ਰਾਸ਼ਨ ਡਿੱਪੂਆਂ ਦਾ ਅਚਨਚੇਤ ਨਿਰੀਖਣ ਕੀਤਾ ਗਿਆ।ਨਿਰੀਖਣ ਦੌਰਾਨ ਡਿੱਪੂਆਂ ਵਿੱਚ ਪ੍ਰਾਪਤ ਅਨਾਜ ਦੀ ਗੁਣਵੱਤਾ, ਭਾਰ, ਨਮੀ ਦੀ ਮਾਤਰਾ ਤੇ ਰਾਸ਼ਨ ਵੰਡ ਪ੍ਰਣਾਲੀ ਨਾਲ ਸਬੰਧਤ ਪ੍ਰਬੰਧਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਗਿਆ।ਇਸ ਮੌਕੇ ਅਨਾਜ ਦੀਆਂ ਵੱਖ-ਵੱਖ ਬੋਰੀਆਂ ਨੂੰ ਕੰਡੇ 'ਤੇ ਤੋਲਣ ਦੇ ਨਾਲ-ਨਾਲ ਨਮੀ ਮਾਪਣ ਵਾਲੇ ਮੀਟਰ ਰਾਹੀਂ ਤਕਨੀਕੀ ਜਾਂਚ ਵੀ ਕੀਤੀ ਗਈ।ਜਾਂਚ ਦੌਰਾਨ ਅਨਾਜ ਦੀ ਗੁਣਵੱਤਾ ਤੇ ਨਮੀ ਨਾਲ ਸਬੰਧਤ ਕੁਝ ਤਕਨੀਕੀ ਪਹਿਲੂ ਸਾਹਮਣੇ ਆਏ, ਜਿਨ੍ਹਾਂ ਦੇ ਮੱਦੇਨਜ਼ਰ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਲੋੜੀਂਦੀ ਸੁਧਾਰਾਤਮਕ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ।ਇਸ ਤੋਂ ਇਲਾਵਾ ਜਿਨ੍ਹਾਂ ਡਿੱਪੂਆਂ ਵਿੱਚ ਪੰਜਾਬ ਰਾਜ ਖੁਰਾਕ ਕਮਿਸ਼ਨ ਦਾ ਹੈਲਪਲਾਈਨ ਨੰਬਰ ਤੇ ਹੋਰ ਲੋੜੀਂਦੀ ਜਾਣਕਾਰੀ ਪ੍ਰਦਰਸ਼ਤ ਨਹੀਂ ਕੀਤੀ ਗਈ ਸੀ, ਉੱਥੇ ਸੂਚਨਾ ਬੋਰਡ ਤੁਰੰਤ ਲਗਾਉਣ ਦੀਆਂ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ।ਮੈਂਬਰ ਜਸਵੀਰ ਸਿੰਘ ਸੇਖੋਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਰਾਸ਼ਨ ਡਿੱਪੂਆਂ ਨੂੰ ਸਪਲਾਈ ਕੀਤਾ ਜਾਣ ਵਾਲਾ ਅਨਾਜ ਨਿਰਧਾਰਤ ਗੁਣਵੱਤਾ ਮਾਪਦੰਡਾਂ ਅਨੁਸਾਰ ਹੀ ਹੋਣਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਅਨਾਜ ਦੀ ਗੁਣਵੱਤਾ, ਭਾਰ ਤੇ ਨਮੀ ਦੀ ਨਿਯਮਿਤ ਜਾਂਚ ਕੀਤੀ ਜਾਵੇ ਅਤੇ ਰਾਸ਼ਨ ਵੰਡ ਪ੍ਰਕਿਰਿਆ ਵਿੱਚ ਪੂਰੀ ਪਾਰਦਰਸ਼ਤਾ ਤੇ ਜਵਾਬਦੇਹੀ ਬਰਕਰਾਰ ਰੱਖੀ ਜਾਵੇ, ਤਾਂ ਜੋ ਹਰ ਯੋਗ ਲਾਭਪਾਤਰੀ ਨੂੰ ਨਿਰਧਾਰਤ ਮਾਤਰਾ ਅਨੁਸਾਰ ਸਮੇਂ ਸਿਰ ਮਿਆਰੀ ਰਾਸ਼ਨ ਮਿਲ ਸਕੇ।ਉਨ੍ਹਾਂ ਕਿਹਾ ਕਿ ਲਾਭਪਾਤਰੀਆਂ ਦੇ ਹਿੱਤਾਂ ਦੀ ਸੁਰੱਖਿਆ ਤੇ ਜਨਤਕ ਵੰਡ ਪ੍ਰਣਾਲੀ ਵਿੱਚ ਪਾਰਦਰਸ਼ਤਾ ਤੇ ਜਵਾਬਦੇਹੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਪੰਜਾਬ ਰਾਜ ਖੁਰਾਕ ਕਮਿਸ਼ਨ ਵੱਲੋਂ ਸਮੇਂ-ਸਮੇਂ 'ਤੇ ਅਜਿਹੇ ਅਚਨਚੇਤ ਨਿਰੀਖਣ ਜਾਰੀ ਰੱਖੇ ਜਾਣਗੇ।



# ਨੰਬਰਦਾਰਾਂ ਨੂੰ ਵੀ ਮਿਲੇ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਾਣ-ਭੱਤਾ : ਮੇਹਰਦੀਪ ਸਿੰਘ

**ਹਠੂਰ (ਲਵਲੀ ਮਾਛੀਕੇ)-** ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਪੰਚਾਂ ਲਈ 15 ਅਗਸਤ ਤੋਂ 10 ਹਜ਼ਾਰ ਰੁਪਏ ਮਹੀਨਾਵਾਰ ਮਾਣ-ਭੱਤਾ ਦੇਣ ਦੇ ਐਲਾਨ ਤੋਂ ਬਾਅਦ ਹੁਣ ਪੰਜਾਬ ਦੇ ਨੰਬਰਦਾਰਾਂ ਨੇ ਵੀ ਆਪਣੇ ਮਾਣ-ਭੱਤੇ ਵਿੱਚ ਵਾਧੇ ਦੀ ਮੰਗ ਇੱਕ ਵਾਰ ਫਿਰ ਜ਼ੋਰਦਾਰ ਢੰਗ ਨਾਲ ਉਠਾਈ ਹੈ।ਇਸ ਸਬੰਧੀ ਮੰਗ ਰੱਖਦਿਆਂ ਪੰਜਾਬ ਨੰਬਰਦਾਰ ਯੂਨੀਅਨ ਦੇ ਸੀਨੀਅਰ ਆਗੂ ਨੰਬਰਦਾਰ ਮੇਹਰਦੀਪ ਸਿੰਘ ਹਠੂਰ ਨੇ ਕਿਹਾ ਕਿ ਯੂਨੀਅਨ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਬੰਧਤ ਮੰਤਰੀਆਂ ਨੂੰ ਕਈ ਵਾਰ ਲਿਖਤੀ ਮੰਗ ਪੱਤਰ ਸੌਂਪੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਨੰਬਰਦਾਰਾਂ ਦੇ ਮਾਣ-ਭੱਤੇ ਵਿੱਚ ਵਾਜਬ ਵਾਧੇ ਦੀ ਮੰਗ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਹੁਣ ਤੱਕ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਕੋਈ ਠੋਸ ਤੇ ਵਿਵਹਾਰਕ ਫੈਸਲਾ ਨਹੀਂ ਲਿਆ ਗਿਆ।ਨੰਬਰਦਾਰ ਮੇਹਰਦੀਪ ਸਿੰਘ ਹਠੂਰ ਨੇ ਕਿਹਾ ਕਿ ਮੌਜੂਦਾ ਸਮੇਂ ਨੰਬਰਦਾਰਾਂ ਨੂੰ ਦਿੱਤਾ ਜਾ ਰਿਹਾ ਮਾਣ-ਭੱਤਾ ਉਨ੍ਹਾਂ ਦੀਆਂ ਪ੍ਰਸ਼ਾਸਕੀ ਤੇ ਸਮਾਜਿਕ ਜ਼ਿੰਮੇਵਾਰੀਆਂ ਦੇ ਮੁਕਾਬਲੇ ਨਿਗੂਣਾ ਹੈ।ਉਨ੍ਹਾਂ ਕਿਹਾ ਕਿ ਨੰਬਰਦਾਰ ਪਿੰਡ ਪੱਧਰ 'ਤੇ ਮਾਲ ਵਿਭਾਗ, ਪ੍ਰਸ਼ਾਸਨ ਤੇ ਸਰਕਾਰ ਨਾਲ ਜੁੜੇ ਕਈ ਮਹੱਤਵਪੂਰਨ ਕੰਮਾਂ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਲੋਕਾਂ ਤੇ ਪ੍ਰਸ਼ਾਸਨ ਵਿਚਕਾਰ ਇੱਕ ਅਹਿਮ ਕੜੀ ਵਜੋਂ ਸੇਵਾਵਾਂ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਰਪੰਚਾਂ ਨੂੰ 10 ਹਜ਼ਾਰ ਰੁਪਏ ਮਹੀਨਾਵਾਰ ਮਾਣ-ਭੱਤਾ ਦੇਣ ਦਾ ਫੈਸਲਾ ਸਵਾਗਤਯੋਗ ਹੈ ਅਤੇ ਇਸ ਨਾਲ ਪੇਂਡੂ ਪ੍ਰਸ਼ਾਸਨ ਨੂੰ ਮਜ਼ਬੂਤੀ ਮਿਲੇਗੀ।ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਨੰਬਰਦਾਰਾਂ ਦੀਆਂ ਸੇਵਾਵਾਂ ਤੇ ਯੋਗਦਾਨ ਨੂੰ ਵੀ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਤੇ ਉਨ੍ਹਾਂ ਲਈ ਵੀ 10 ਹਜ਼ਾਰ ਰੁਪਏ ਮਹੀਨਾਵਾਰ ਮਾਣ-ਭੱਤਾ ਲਾਗੂ ਕੀਤਾ ਜਾਣਾ ਚਾਹੀਦਾ ਹੈ।ਇਸ ਮੌਕੇ ਉਨ੍ਹਾ ਨਾਲ ਨੰਬਰਦਾਰ ਯੂਨੀਅਨ ਦੇ ਵੱਖ-ਵੱਖ ਆਗੂ ਹਾਜ਼ਰ ਸਨ।



# ਕੇਸ਼ਵ ਗੋਇਲ ਨੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਵਜੋਂ ਅਹੁਦਾ ਸੰਭਾਲਿਆ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ/ਗੁਰਪ੍ਰੀਤ ਬੇਦੀ)** ਸ੍ਰੀ ਕੇਸ਼ਵ ਗੋਇਲ ਨੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਵਜੋਂ ਅਹੁਦਾ ਰਸਮੀ ਤੌਰ 'ਤੇ ਸੰਭਾਲ ਲਿਆ ਹੈ।ਅਹੁਦਾ ਸੰਭਾਲਣ ਉਪਰੰਤ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਤੇ ਕ੍ਰਮਚਾਰੀਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਸ੍ਰੀ ਕੇਸ਼ਵ ਗੋਇਲ ਇੱਕ ਤਜਰਬੇਕਾਰ ਪ੍ਰਸ਼ਾਸਨਿਕ ਅਧਿਕਾਰੀ ਹਨ।ਇਸ ਤੋਂ ਪਹਿਲਾਂ ਉਹ ਮੁੱਖ ਮੰਤਰੀ ਦੇ ਜੁਆਇੰਟ ਪ੍ਰਿੰਸੀਪਲ ਸਕੱਤਰ, ਏ.ਐੱਮ.ਡੀ. ਮਿਲਕਫੈੱਡ ਤੇ ਡਾਇਰੈਕਟਰ, ਸਕੂਲ ਸਿੱਖਿਆ (ਸੈਕੰਡਰੀ),ਵਰਗੇ ਅਹਿਮ ਅਹੁਦਿਆਂ 'ਤੇ ਸ਼ਾਨਦਾਰ ਸੇਵਾਵਾਂ ਨਿਭਾਅ ਚੁੱਕੇ ਹਨ।ਇਸ ਤੋਂ ਇਲਾਵਾ ਉਨ੍ਹਾਂ ਨੇ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ 'ਚ ਵੀ ਮਹੱਤਵਪੂਰਨ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਿਆ ਹੈ।ਜ਼ਿਲ੍ਹਾ ਪ੍ਰਸ਼ਾਸਨ ਦੀ ਸਮੁੱਚੀ ਟੀਮ ਨਾਲ ਬਿਹਤਰ ਤਾਲਮੇਲ ਬਣਾ ਕੇ ਲੋਕਾਂ ਨੂੰ ਪਾਰਦਰਸ਼ੀ, ਜਵਾਬਦੇਹ ਤੇ ਸਮੇਂ ਸਿਰ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ।



# ਡੇਰਾ ਸ੍ਰੀ ਭਜਨਗੜ੍ਹ ਸਾਹਿਬ ਗੋਲੂ ਕਾ ਮੋੜ 'ਚ ਸਮਾਗਮ ਜਾਰੀ

**ਗੁਰੂਹਰਸਹਾਏ, (ਗੁਰਬਚਨ ਸਿੰਘ)** ਡੇਰਾ ਸ੍ਰੀ ਭਜਨਗੜ੍ਹ ਗੋਲੂ ਕਾ ਮੋੜ ਵਿਖੇ ਡੇਰਾ ਭਜਨਗੜ੍ਹ ਤੇ ਸੰਸਥਾਪਕ ਸੰਤ ਸ਼੍ਰੀਮਾਨ 108 ਬਾਬਾ ਵਚਨ ਸਿੰਘ ਜੀ ਵੱਲੋਂ ਚਲਾਈ ਮਰਿਆਦਾ ਅਨੁਸਾਰ ਸ਼੍ਰੀ ਅਖੰਡ ਪਾਠ ਸਾਹਿਬ ਦੀ ਲੜੀ ਪਹਿਲੀ ਆਰੰਭ ਕੀਤੀ ਗਈ।ਡੇਰਾ ਭਜਨਗੜ੍ਹ ਦੇ ਗੱਦੀ ਨਸ਼ੀਨ ਸੰਤ ਬਾਬਾ ਰਜਿੰਦਰ ਸਿੰਘ ਨੇ ਦੱਸਿਆ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਸਮਾਗਮਾਂ ਦੀ ਸ਼ੁਰੂਆਤ ਪਹਿਲੀ ਹਾੜ ਤੋਂ ਕੀਤੀ ਗਈ ਹੈ। ਇਸ ਵਿੱਚ 6ਵੀਂ ਲੜੀ ਦੇ 11 ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਹਨ ਤੇ 12 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਹਨ।ਭਾਈ ਜਸਪ੍ਰੀਤ ਸਿੰਘ ਦੇ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਦੇ ਸ਼ਬਦ ਕੀਰਤਨ ਨਾਲ ਨਿਹਾਲ ਕੀਤਾ। ਇਲਾਕੇ ਦੀਆਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਤਮਸਤਕ ਹੋ ਕੇ ਆਪਣੀ ਹਾਜ਼ਰੀ ਲਵਾਈ। ਗੁਰੂ ਕੇ ਲੰਗਰ ਅਤੁੱਟ ਸੰਗਤਾਂ 'ਚ ਵਰਤਾਏ ਗਏ।




# ਰਿਸ਼ਵਦੀਪ ਕੋਟਭਾਈ ਨੇ 'ਵਾਇਸ ਆਫ਼ ਪੰਜਾਬ-11' 'ਚ ਬਣਾਈ ਜਗ੍ਹਾ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-** ਪੰਜਾਬੀ ਸੰਗੀਤ ਫੁਲਵਾੜੀ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਉਣ ਵਾਲਾ ਸੰਘਰਸ਼ ਦੇ ਰਾਹ 'ਤੇ ਚੱਲਿਆ ਛੋਟੀ ਉਮਰ ਵਿੱਚ ਵੱਡੀਆਂ ਮੱਲਾਂ ਮਾਰਨ ਵਾਲਾ ਗਿੱਦੜਬਾਹਾ ਦੇ ਪਿੰਡ ਕੋਟਭਾਈ ਦੇ ਗਾਇਕ ਰਿਸ਼ਵਦੀਪ ਨੇ ਪੀਟੀਸੀ ਪੰਜਾਬੀ 'ਤੇ ਚੱਲ ਰਿਹਾ ਪ੍ਰੋਗਰਾਮ 'ਵਾਇਸ ਆਫ਼ ਪੰਜਾਬ-11' ਦੇ ਐਡੀਸ਼ਨ ਮੌਕੇ ਆਪਣੀ ਗਾਇਕੀ ਦੇ ਜੌਹਰ ਵਿਖਾ ਕੇ ਮੁਕਾਬਲੇ ਵਿੱਚ ਆਪਣੀ ਜਗ੍ਹਾ ਬਣਾਈ।ਜ਼ਿਕਰਯੋਗ ਹੈ ਕਿ ਰਿਸ਼ਵਦੀਪ ਨੂੰ ਪੰਜਾਬੀ ਗਾਇਕੀ ਗੁੜਤੀ ਵਿੱਚ ਮਿਲੀ ਹੈ ਕਿਉਂਕਿ ਉਸ ਦੇ ਪਿਤਾ ਗੁਰਦੀਪ ਸਿੱਧੂ ਤੇ ਮਾਤਾ ਰੂਹਦੀਪ ਸਿੱਧੂ ਬਹੁਤ ਵਧੀਆ ਗਾਇਕ ਹਨ, ਜਿਨ੍ਹਾਂ ਨੇ ਬਚਪਨ ਤੋਂ ਹੀ ਰਿਸ਼ਵਦੀਪ ਨੂੰ ਸੁਰਤਾਲ ਦਾ ਗਿਆਨ ਦੇਣਾ ਸ਼ੁਰੂ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਰਿਸ਼ਵਦੀਪ ਤੇ ਪਿਤਾ ਗੁਰਦੀਪ ਸਿੱਧੂ ਨੇ ਦੱਸਿਆ ਕਿ ਪੀਟੀਸੀ ਪੰਜਾਬੀ 'ਤੇ ਚੱਲ ਰਿਹਾ ਪ੍ਰੋਗਰਾਮ ਵਾਇਸ ਆਫ ਪੰਜਾਬ-11 ਦਾ ਆਡੀਸ਼ਨ ਪਾਸ ਕਰਕੇ ਮੁਕਾਬਲੇ ਵਿੱਚ ਆਪਣੀ ਜਗ੍ਹਾ ਬਣਾਈ ਹੈ ਤੇ ਸਾਨੂੰ ਪੂਰੀ ਉਮੀਦ ਹੈ ਕਿ ਉਹ ਵਾਇਸ ਆਫ ਪੰਜਾਬ ਦਾ ਫਾਈਨਲ ਮੁਕਾਬਲਾ ਵੀ ਜਿੱਤ ਕੇ ਗਿੱਦੜਬਾਹਾ ਦਾ ਨਾਮ ਰੌਸ਼ਨ ਕਰੇਗਾ।ਪਿੰਡ ਦੇ ਇਸ ਬੱਚੇ ਵੱਲੋਂ ਵਾਇਸ ਆਫ਼ ਪੰਜਾਬ 11 ਲਈ ਚੁਣਿਆ ਜਾਣਾ ਇਲਾਕੇ ਲਈ ਬੇਹੱਦ ਮਾਣ ਵਾਲੀ ਗੱਲ ਹੈ।




# ਹਰਕੀਰਤ ਸਿੰਘ ਨੇ ਨਾਇਬ ਤਹਿਸੀਲਦਾਰ ਵਜੋਂ ਅਹੁਦਾ ਸੰਭਾਲਿਆ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-** ਸਬ ਤਹਿਸੀਲ ਮਾਛੀਵਾੜਾ ਸਾਹਿਬ ਵਿਚ ਹਰਕੀਰਤ ਸਿੰਘ ਨੇ ਨਾਇਬ ਤਹਿਸੀਲਦਾਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ, ਜਦਕਿ ਇੱਥੇ ਪਹਿਲਾਂ ਤਾਇਨਾਤ ਰਾਜੇਸ਼ ਕੁਮਾਰ ਅਹੂਜਾ ਦਾ ਤਬਾਦਲਾ ਖਨੌਰੀ ਵਿਖੇ ਕਰ ਦਿੱਤਾ ਗਿਆ ਹੈ। ਅਹੁਦਾ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਾਇਬ ਤਹਿਸੀਲਦਾਰ ਹਰਕੀਰਤ ਸਿੰਘ ਨੇ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕਰਨਾ ਉਨ੍ਹਾਂ ਦੀ ਪਹਿਲੀ ਜ਼ਿੰਮੇਵਾਰੀ ਹੋਵੇਗੀ, ਜੇਕਰ ਕਿਸੇ ਵਿਅਕਤੀ ਨੂੰ ਕੰਮ ਸਬੰਧੀ ਕੋਈ ਮੁਸ਼ਕਲ ਆਉਂਦੀ ਹੈ ਤਾਂ ਉਹ ਡਿਊਟੀ ਸਮੇਂ ਬੇਝਿਜਕ ਹੋ ਕੇ ਉਨ੍ਹਾਂ ਨੂੰ ਮਿਲ ਸਕਦਾ ਹੈ। ਅੱਜ ਸਬ-ਤਹਿਸੀਲ ਪੁੱਜਣ 'ਤੇ ਨਾਇਬ ਤਹਿਸੀਲਦਾਰ ਦਾ ਨੰਬਰਦਾਰ ਯੂਨੀਅਨ, ਤਹਿਸੀਲ ਕੰਪਲੈਕਸ ਯੂਨੀਅਨ ਤੇ ਸਮਾਜਿਕ ਜਥੇਬੰਦੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਨਾਇਬ ਤਹਿਸੀਲਦਾਰ ਹਰਕੀਰਤ ਸਿੰਘ ਇਸ ਤੋਂ ਪਹਿਲਾਂ ਸਬ-ਤਹਿਸੀਲ ਡੇਹਲੋਂ, ਸਾਹਨੇਵਾਲ ਤੇ ਲੁਧਿਆਣਾ ਤੋਂ ਇਲਾਵਾ ਹੋਰ ਸਟੇਸ਼ਨਾਂ 'ਤੇ ਆਪਣੀਆਂ ਵਧੀਆ ਸੇਵਾਵਾਂ ਦੇ ਚੁੱਕੇ ਹਨ।



# ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀ ਜ਼ਿਲ੍ਹਾ ਪੱਧਰੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)** ਆਮ ਆਦਮੀ ਪਾਰਟੀ ਇਸਤਰੀ ਵਿੰਗ ਜ਼ਿਲ੍ਹਾ ਇਕਾਈ ਮਾਨਸਾ ਦੀ ਮੀਟਿੰਗ ਰੈਸਟ ਹਾਊਸ 'ਚ ਹੋਈ। ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਜ਼ੋਨ ਇੰਚਾਰਜ ਸਰਪੰਚ ਜਸਵਿੰਦਰ ਕੌਰ ਮਹਿਲਾ ਕਮਿਸ਼ਨ ਦੇ ਮੈਂਬਰ ਵੱਲੋਂ ਸ਼ਿਰਕਤ ਕੀਤੀ ਗਈ। ਉਨ੍ਹਾਂ ਮੀਟਿੰਗ ਨੂੰ ਸੰਬੋਧਨ ਕੀਤਾ ਕਿ ਜਿਨ੍ਹਾਂ ਭੈਣਾਂ ਨੂੰ ਨਵੀਆਂ ਜ਼ਿੰਮੇਵਾਰੀਆਂ ਮਿਲੀਆਂ ਹਨ, ਨੂੰ ਸਨਮਾਨਤ ਵੀ ਕੀਤਾ। ਨਵੀਂਆਂ ਅਹੁਦੇਦਾਰਾਂ 'ਚ ਵੀਨਾ ਅਗਰਵਾਲ, ਸਟੇਟ ਜੁਆਇੰਟ ਸੈਕ੍ਰਟਰੀ, ਪਰਮਜੀਤ ਕੌਰ ਸਟੇਟ ਜੁਆਇੰਟ ਸੈਕਟਰੀ, ਇੰਦਰਜੀਤ ਕੌਰ, ਜ਼ਿਲ੍ਹਾ ਵਾਈਸ ਪ੍ਰਧਾਨ, ਮੈਡਮ ਪਰਮਿੰਦਰ ਕੌਰ, ਧਾਲੀਵਾਲ ਜ਼ਿਲ੍ਹਾ ਸੈਕਟਰੀ ਮਹਿਲਾ ਵਿੰਗ, ਆਰਤੀ ਰਾਣੀ ਨੂੰ ਜਿਲ੍ਹਾ ਜੁਆਇੰਟ ਸੈਕਟਰੀ, ਚਰਨਜੀਤ ਕੌਰ ਸਿੱਧੂ ਜਿਲ੍ਹਾ ਵਾਈਸ ਪ੍ਰੈਜੀਡੈਂਟ ਹਲਕਾ ਕੋਆਡੀਨੇਟਰ ਸਰਦੂਰਗੜ੍ਹ ਰੇਖਾ ਅਰੋੜਾ ਤੇ ਜਸਵੰਤ ਕੌਰ ਰਾਣੀ ਨੂੰ ਜ਼ਿਲ੍ਹਾ ਵਾਈਸ ਪ੍ਰਧਾਨ ਦੇ ਤੌਰ 'ਤੇ ਨਿਯੁਕਤ ਕੀਤਾ ਗਿਆ।

# ਸ਼੍ਰੋਮਣੀ ਰਾਗੀ, ਗ੍ਰੰਥੀ ਸਭਾ ਜ਼ਿਲ੍ਹਾ ਮੋਗਾ ਦੀ ਮੀਟਿੰਗ

**ਮੋਗਾ (ਇਕਬਾਲ ਸਿੰਘ ਖਹਿਰਾ)-** ਸ਼੍ਰੋਮਣੀ ਰਾਗੀ ਗ੍ਰੰਥੀ ਸਭਾ ਪੰਜਾਬ ਜ਼ਿਲ੍ਹਾ ਮੋਗਾ ਦੀ ਮੀਟਿੰਗ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਦੱਤ ਰੋਡ ਮੋਗਾ ਵਿਖੇ ਹੋਈ, ਜਿਸ ਵਿੱਚ ਇਹ ਪਤਾ ਪਾਸ ਕੀਤਾ ਗਿਆ ਹੈ ਕੋਈ ਵੀ ਗੁਰਦੁਆਰਾ ਸਾਹਿਬ ਵਿਖੇ ਸਿਆਸੀ ਪੋਸਟਰ ਲਾਉਣ ਆਉਂਦਾ ਹੈ ਜਾ ਲਾਉਂਦਾ ਹੈ, ਉਸ ਦਾ ਜ਼ਿੰਮੇਵਾਰ ਗ੍ਰੰਥੀ ਸਿੰਘ ਨਹੀਂ ਹੋਵੇਗਾ। ਉਸ ਦੀ ਜ਼ਿੰਮੇਵਾਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੈ ਕਿ ਉਹ ਪੋਸਟਰ ਲਾਉਣ ਦੇਵੇ ਜਾਂ ਨਾ, ਸਭਾ ਵੱਲੋਂ ਉੱਤਰਾਖੰਡ ਵਿੱਚ ਕਰਨ ਪ੍ਰਯਾਗ ਵਿਖੇ ਨਿਹੰਗ ਸਿੰਘ ਨਾਲ ਉਥੋਂ ਦੇ ਵਸਨੀਕਾਂ ਤੇ ਪੁਲਸ ਪ੍ਰਸ਼ਾਸਨ ਨੇ ਧੱਕਾ ਕੀਤਾ ਹੈ, ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਨਿਹੰਗ ਸਿੰਘਾਂ ਨੂੰ ਇਨਸਾਫ ਦਿਵਾਇਆ ਜਾਵੇ ਤੇ ਸਥਾਨਕ ਲੋਕਾਂ, ਜਿਨ੍ਹਾਂ ਨੇ ਪਹਿਲਾਂ ਹੁੱਲੜਬਾਜ਼ੀ ਕੀਤੀ ਹੈ, ਉਨ੍ਹਾਂ ਉਪਰ ਵੀ ਪ੍ਰਸ਼ਾਸਨ ਵੱਲੋਂ ਪਰਚੇ ਦਰਜ ਕੀਤੇ ਜਾਣ।ਮੀਟਿੰਗ ਵਿੱਚ ਹੋਰ ਵੀ ਕਈ ਅਹਿਮ ਵਿਚਾਰਾਂ ਹੋਈਆਂ ਤੇ ਸਭਾ ਵੱਲੋਂ ਸਿੰਘਾਂ ਦੇ ਨਵੇਂ ਆਈ ਕਾਰਡ ਬਣਾ ਕੇ ਦਿੱਤੇ। ਸਭਾ ਵਿਚ ਨਵੇ ਸਿੰਘਾਂ ਨੇ ਸ਼ਮੂਲੀਅਤ ਕਰਕੇ ਸਭਾ ਦੀ ਮੈਂਬਰਸ਼ਿਪ ਲਈ। ਇਸ ਮੌਕੇ ਪੰਜਾਬ ਪ੍ਰਧਾਨ ਭਾਈ ਸਵਰਨ ਸਿੰਘ, ਜ਼ਿਲ੍ਹਾ ਪ੍ਰਧਾਨ ਗਿਆਨੀ ਸੁਖਵੰਤ ਸਿੰਘ ਕਥਾਵਾਚਕ, ਸ਼ਹਿਰੀ ਪ੍ਰਧਾਨ ਭਾਈ ਇਕਬਾਲ ਸਿੰਘ ਬੁੱਟਰ, ਵਾਈਸ ਸ਼ਹਿਰੀ ਪ੍ਰਧਾਨ ਭਾਈ ਰਣਵੀਰ ਸਿੰਘ ਖੋਸਾ, ਦਫ਼ਤਰ ਸਕੱਤਰ, ਪ੍ਰੈੱਸ ਸਕੱਤਰ ਭਾਈ ਹਰਜਿੰਦਰ ਸਿੰਘ, ਜਨਰਲ ਸਕੱਤਰ ਭਾਈ ਮੰਗਲ ਸਿੰਘ ਵਾਈਸ ਜਨਰਲ ਸਕੱਤਰ ਭਾਈ ਪਤਵਿੰਦਰ ਸਿੰਘ ਸਾਫੂਵਾਲਾ, ਸਹਾਇਕ ਸਲਾਹਕਾਰ ਭਾਈ ਬਲਵੀਰ ਸਿੰਘ, ਵਾਈਸ ਸਕੱਤਰ ਜਸਵੀਰ ਸਿੰਘ ਧੂੜਕੋਟ, ਭਾਈ ਮਨਪ੍ਰੀਤ ਸਿੰਘ, ਭਾਈ ਸੁਰਜੀਤ ਸਿੰਘ, ਭਾਈ ਚਾਨਣ ਸਿੰਘ ਤੋਂ ਇਲਾਵਾ ਬਹੁਤ ਸਿੰਘ ਹਾਜ਼ਰ ਸਨ।



# ਰਮੇਸ਼ ਵਧਵਾ ਬਣੇ ਸੀਨੀਅਰ ਸਿਟੀਜ਼ਨ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ

**ਜਲਾਲਾਬਾਦ (ਜੀਤ ਕੁਮਾਰ)-** ਸੀਨੀਅਰ ਸਿਟੀਜਨ ਵੈੱਲਫੇਅਰ ਸੋਸਾਇਟੀ ਜਲਾਲਾਬਾਦ ਵੱਲੋਂ ਤਿਲਕ ਰਾਜ ਕੁਮਾਰ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਆਗੂਆਂ ਨੇ ਦੱਸਿਆ ਕਿ ਪ੍ਰਧਾਨ ਸ਼ਗਨ ਲਾਲ ਡੂਮੜਾ ਦੀ ਅਗਵਾਈ ਹੇਠ ਸੰਸਥਾ ਵੱਲੋਂ ਵਧੀਆ ਕੰਮ ਕੀਤੇ ਜਾ ਰਹੇ ਸੀ, ਪਰ ਸ਼ਗਨ ਲਾਲ ਡੂਮੜਾ ਵੱਲੋਂ ਆਪਣੀ ਸਿਹਤ ਠੀਕ ਨਾ ਹੋਣ ਦਾ ਹਵਾਲਾ ਦਿੰਦੇ ਹੋਏ ਪ੍ਰਧਾਨਗੀ ਦਾ ਅਹੁਦਾ ਛੱਡਣ ਦਾ ਏਜੰਡਾ ਲਿਆਂਦਾ ਗਿਆ, ਜਿਸ 'ਤੇ ਸੁਸਾਇਟੀ ਦਾ ਨਵਾਂ ਪ੍ਰਧਾਨ ਚੁਣਨ ਲਈ ਵਿਚਾਰ-ਵਟਾਂਦਰਾ ਕਰਨ ਉਪਰੰਤ ਰਮੇਸ਼ ਵਧਵਾ ਨੂੰ ਸੁਸਾਇਟੀ ਦਾ ਨਵਾਂ ਪ੍ਰਧਾਨ ਚੁਣਿਆ ਗਿਆ। ਮੀਟਿੰਗ ਦੌਰਾਨ ਸੰਸਥਾ ਵੱਲੋਂ ਕੀਤੇ ਜਾ ਰਹੇ ਵੱਖ ਵੱਖ ਸਮਾਜਿਕ ਕੰਮਾਂ ਪ੍ਰੋਜੈਕਟਾਂ ਦਾ ਜਾਇਜ਼ਾ ਲਿਆ ਗਿਆ ਤੇ ਆਉਣ ਵਾਲੇ ਸਮੇਂ ਵਿੱਚ ਲਏ ਜਾਣ ਵਾਲੇ ਹੋਰ ਪ੍ਰੋਜੈਕਟਾਂ ਦੀ ਰੂਪ-ਰੇਖਾ ਬਣਾਈ ਗਈ। ਇਸ ਮੌਕੇ ਨਵੇਂ ਚੁਣੇ ਗਏ ਪ੍ਰਧਾਨ ਰਮੇਸ਼ ਕੁਮਾਰ ਵਧਨਾ ਨੇ ਭਰੋਸਾ ਦਿੱਤਾ ਕਿ ਉਹ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਸਮਾਜ ਸੇਵਾ ਦੇ ਪ੍ਰੋਜੈਕਟਾਂ ਨੂੰ ਭਵਿੱਖ ਵਿੱਚ ਜਾਰੀ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ, ਜਿਸ ਲਈ ਉਨ੍ਹਾਂ ਸਮੂਹ ਮੈਂਬਰਾਂ ਪਾਸੋ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਇਸ ਮੀਟਿੰਗ ਵਿੱਚ ਨਵਨਿਯੁਕਤ ਪ੍ਰਧਾਨ ਰਮੇਸ਼ ਵਧਵਾ, ਡਾ. ਤਿਲਕ ਰਾਜ ਕੁਮਾਰ, ਕੇ.ਜੀ. ਸ਼ਰਮਾ, ਕੇਦਾਰ ਨਾਥ ਨਾਗਪਾਲ, ਰਾਜੇਸ਼ ਛਾਬੜਾ, ਸੁਭਾਸ਼ ਚੰਦਰ ਕੁਮਾਰ, ਅਸ਼ਵਨੀ ਮਦਾਨ, ਸਤੀਸ਼ ਸਚਦੇਵਾ, ਗਿਆਨ ਸਿੰਘ ਨਿਝਰ, ਰਮਨ ਗਗਨੇਜਾ, ਕ੍ਰਿਸ਼ਨ ਲਾਲ ਜੇ ਡੀ ਆਦਿ ਹਾਜ਼ਰ ਸਨ।



# ਭਾਜਪਾ ਆਗੂਆਂ ਕਰੁਣ ਕੌੜਾ ਤੇ ਨਾਜ਼ੀਆ ਖ਼ਾਨ ਖ਼ਿਲਾਫ਼ ਪੁਲਸ ਨੂੰ ਸ਼ਿਕਾਇਤ

## ਨਫ਼ਰਤ ਭਰੀ ਬਿਆਨਬਾਜ਼ੀ ਖ਼ਿਲਾਫ਼ ਕੀਤੀ ਜੰਮ ਕੇ ਨਾਅਰੇਬਾਜ਼ੀ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਪਹਿਲਗਾਮ ਦੇ ਭਾਜਪਾ ਆਗੂ ਕਰੁਣ ਕੌੜਾ ਤੇ ਪੱਛਮੀ ਬੰਗਾਲ ਤੋਂ ਭਾਜਪਾ ਘੱਟ ਗਿਣਤੀ ਮੋਰਚਾ ਦੀ ਮਹਿਲਾ ਆਗੂ ਨਾਜ਼ੀਆ ਇਲਾਹੀ ਖ਼ਾਨ ਵੱਲੋਂ ਕਥਿਤ ਤੌਰ 'ਤੇ ਨਫ਼ਰਤ ਭਰੇ ਤੇ ਭੜਕਾਊ ਬਿਆਨ ਦੇ ਕੇ ਮੁਸਲਿਮ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਗਰਮਾ ਗਿਆ ਹੈ।ਇਸ ਸਬੰਧੀ ਅੱਜ ਮੁਸਲਿਮ ਭਾਈਚਾਰੇ ਦੇ ਪਤਵੰਤੇ ਸੱਜਣਾਂ ਦਾ ਇੱਕ ਪ੍ਰਤੀਨਿਧ ਵਫ਼ਦ ਉੱਘੇ ਸਮਾਜ ਸੇਵਕ ਵਸੀਮ ਸ਼ੇਖ ਦੀ ਅਗਵਾਈ ਹੇਠ ਸੀਨੀਅਰ ਕਪਤਾਨ ਪੁਲਸ (ਐੱਸ.ਐੱਸ.ਪੀ.) ਮਾਲੇਰਕੋਟਲਾ ਨੂੰ ਮਿਲਿਆ ਤੇ ਦੋਵਾਂ ਆਗੂਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਲਈ ਲਿਖਤੀ ਸ਼ਿਕਾਇਤਾਂ ਸੌਂਪੀਆਂ।ਇਸ ਮੌਕੇ ਇਕੱਤਰ ਹੋਏ ਲੋਕਾਂ ਨੇ ਉਕਤ ਭਾਜਪਾ ਆਗੂਆਂ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ।

ਐੱਸ.ਐੱਸ.ਪੀ. ਨੂੰ ਸ਼ਿਕਾਇਤ ਪੱਤਰ ਸੌਂਪਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਸੀਮ ਸ਼ੇਖ ਨੇ ਦੱਸਿਆ ਕਿ ਪਹਿਲਾ ਮਾਮਲਾ ਭਾਜਪਾ ਆਗੂ ਕਰੁਣ ਕੌੜਾ ਨਾਲ ਸਬੰਧਤ ਹੈ, ਜਿਸ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਵੀਡੀਓ ਵਿੱਚ ਕੌੜਾ ਨੇ ਮੁਸਲਿਮ ਭਾਈਚਾਰੇ ਖ਼ਿਲਾਫ਼ ਬਹੁਤ ਹੀ ਇਤਰਾਜ਼ਯੋਗ ਤੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਹੈ।ਮੁਸਲਮਾਨਾਂ ਨੂੰ 'ਰੋਹਿੰਗਿਆ' ਤੇ 'ਬੰਗਲਾਦੇਸ਼ੀ' ਕਹਿ ਕੇ ਭੰਡਿਆ ਗਿਆ ਹੈ ਤੇ ਭਵਿੱਖ ਵਿੱਚ ਸੱਤਾ ਆਉਣ 'ਤੇ ਸਫ਼ਾਇਆ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ।ਉਨ੍ਹਾਂ ਆਖਿਆ ਕਿ ਪੰਜਾਬ ਗੁਰੂਆਂ, ਪੀਰਾਂ-ਫ਼ਕੀਰਾਂ ਦੀ ਪਵਿੱਤਰ ਧਰਤੀ ਹੈ, ਜਿੱਥੇ ਸਦੀਆਂ ਤੋਂ ਆਪਸੀ ਸਾਂਝ ਤੇ ਭਾਈਚਾਰਾ ਕਾਇਮ ਹੈ, ਪਰ ਅਜਿਹੇ ਲੋਕ ਸਸਤੀ ਸਿਆਸਤ ਚਮਕਾਉਣ ਲਈ ਸੂਬੇ ਦੇ ਅਮਨ-ਸ਼ਾਂਤੀ ਵਾਲੇ ਮਾਹੌਲ ਨੂੰ ਲਾਂਬੂ ਲਾਉਣਾ ਚਾਹੁੰਦੇ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਦੂਜੀ ਸ਼ਿਕਾਇਤ ਸਬੰਧੀ ਜਾਣਕਾਰੀ ਦਿੰਦਿਆਂ ਵਸੀਮ ਸ਼ੇਖ ਨੇ ਦੱਸਿਆ ਕਿ ਪੱਛਮੀ ਬੰਗਾਲ ਦੀ ਭਾਜਪਾ ਆਗੂ ਨਾਜ਼ੀਆ ਇਲਾਹੀ ਖ਼ਾਨ ਨੇ ਇੱਕ ਪੌਡਕਾਸਟ ਦੌਰਾਨ ਇਸਲਾਮ ਧਰਮ ਦੇ ਆਖ਼ਰੀ ਪੈਗੰਬਰ ਹਜ਼ਰਤ ਮੁਹੰਮਦ ਮੁਸਤਫ਼ਾ (ਸੱਲੱਲਾਹੁ ਅਲੈਹਿ ਵਸੱਲਮ) ਤੇ ਉਨ੍ਹਾਂ ਦੀ ਪਤਨੀ ਹਜ਼ਰਤ ਆਇਸ਼ਾ ਸਿੱਦੀਕੀ (ਰਜ਼ੀਅੱਲਾਹੂ ਅਨਹਾ) ਬਾਰੇ ਬੇਹੱਦ ਇਤਰਾਜ਼ਯੋਗ ਤੇ ਨਫ਼ਰਤ ਭਰੀ ਟਿੱਪਣੀ ਕੀਤੀ ਹੈ।

ਇਸ ਮੰਦਭਾਗੀ ਟਿੱਪਣੀ ਕਾਰਨ ਪੂਰੇ ਵਿਸ਼ਵ ਦੇ ਮੁਸਲਮਾਨਾਂ ਦੇ ਹਿਰਦੇ ਵਲੂੰਧਰੇ ਗਏ ਹਨ ਤੇ ਭਾਈਚਾਰੇ ਵਿੱਚ ਭਾਰੀ ਰੋਸ ਹੈ।ਸ਼ਿਕਾਇਤ ਵਿੱਚ ਇਹ ਵੀ ਉਜਾਗਰ ਕੀਤਾ ਗਿਆ ਹੈ ਕਿ ਨਾਜ਼ੀਆ ਇਲਾਹੀ ਖ਼ਾਨ ਖ਼ਿਲਾਫ਼ ਪਹਿਲਾਂ ਹੀ ਪੰਜਾਬ ਪੁਲਸ ਵੱਲੋਂ ਵੱਖ-ਵੱਖ ਐੱਫ.ਆਈ.ਆਰ. ਦਰਜ ਕੀਤੀਆਂ ਜਾ ਚੁੱਕੀਆਂ ਹਨ।ਵਫ਼ਦ ਵਿੱਚ ਸ਼ਾਮਲ ਸਮੂਹ ਪਤਵੰਤਿਆਂ ਨੇ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਇਨ੍ਹਾਂ ਸੰਵੇਦਨਸ਼ੀਲ ਮਾਮਲਿਆਂ ਦੀ ਤੁਰੰਤ ਤੇ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਬਣਦੀਆਂ ਸਖ਼ਤ ਕਾਨੂੰਨੀ ਧਾਰਾਵਾਂ ਤਹਿਤ ਮੁਕੱਦਮੇ ਦਰਜ ਕੀਤੇ ਜਾਣ।

# ਕਾਮਰੇਡ ਫਕੀਰੀਆ ਸਿੰਘ ਨੇ ਹਮੇਸ਼ਾ ਲੋਕ ਪੱਖੀ ਕੰਮਾਂ ਨੂੰ ਤਰਜੀਹ ਦਿੱਤੀ : ਆਗੂ

**ਭੀਖੀ (ਧਰਮਵੀਰ ਸ਼ਰਮਾ)**

ਮਰਹੂਮ ਕਾਮਰੇਡ ਫਕੀਰੀਆ ਸਿੰਘ ਦੀ ਨਿਰਸਵਾਰਥ ਤੇ ਲੋਕ ਪੱਖੀ ਭਾਵਨਾ ਤੋਂ ਅਜੋਕੀ ਪੀੜ੍ਹੀ ਨੂੰ ਜਾਣੂ ਕਰਵਾਉਣ ਲਈ ਸਥਾਨਕ ਕਾਮਰੇਡ ਫਕੀਰੀਆ ਸਿੰਘ ਭਵਨ ਵਿਖੇ ਉਨ੍ਹਾਂ ਦੀ 22ਵੀਂ ਬਰਸੀ ਸ਼ਰਧਾਪੂਰਵਕ ਮਨਾਈ ਗਈ। ਇਸ ਮੌਕੇ ਸੀ.ਪੀ.ਆਈ. ਦੇ ਸੂਬਾ ਸਕੱਤਰੇਤ ਮੈਂਬਰ ਤੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਸਿੰਘ ਸੋਚ ਤੇ ਵਿਚਾਰਧਾਰਾ ਸਾਡੀ ਨੌਜਵਾਨੀ ਸਮੇਤ ਸਮਾਜ ਨੂੰ ਸੇਧ ਦੇ ਸਕਦੀ ਹੈ। ਉਨ੍ਹਾਂ ਦੀ ਸੇਧ ਤੇ ਯੋਗ ਅਗਵਾਈ ਹੇਠ ਨੈਸ਼ਨਲ ਕਾਲਜ ਦੀ ਸਥਾਪਨਾ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਉਹ ਹਮੇਸ਼ਾ ਸਿੱਖਿਆ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਰੱਖਣ ਲਈ ਤੱਤਪਰ ਰਹੇ, ਜਿਸ ਕਾਰਨ ਉਹ ਇੱਕ ਸੋਚ ਤੇ ਲੋਕ ਪੱਖੀ ਆਗੂ ਬਣੇ। ਸਮਾਗਮ ਮੌਕੇ ਹਰਬੰਸ ਦਾਸ ਬਾਵਾ,



ਚੌਹਾਨ, ਨੈਸ਼ਨਲ ਕਾਲਜ ਦੇ ਪ੍ਰਧਾਨ ਹਰਬੰਸ ਦਾਸ ਬਾਵਾ, ਕਿਸਾਨ ਆਗੂ ਗੁਰਨਾਮ ਸਿੰਘ ਭੀਖੀ, ਕਮਿਊਨਿਸਟ ਆਗੂ ਛੱਜੂ ਰਾਮ ਰਿਸ਼ੀ, ਹਰਭਗਵਾਨ ਭੀਖੀ, ਕਿਸਾਨ ਆਗੂ ਗੁਰਚਰਨ ਭੀਖੀ, ਮਾਸਟਰ ਚਰਨਜੀਤ ਸਿੰਘ ਧਲੇਵਾਂ, ਸਤਪਾਲ ਰਿਸ਼ੀ ਤੇ ਸਮਾਜ ਸੇਵੀ ਬਲਵੰਤ ਸਿੰਘ ਭੀਖੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਖੱਬੀ ਵਿਚਾਰਧਾਰਾ ਦੇ ਧਾਰਨੀ ਲੋਕ ਪੱਖੀ ਆਗੂ ਕਾਮਰੇਡ ਫਕੀਰੀਆ ਸਿੰਘ ਨੇ ਹਮੇਸ਼ਾ ਨਿੱਜੀ ਹਿੱਤਾਂ ਨੂੰ ਛੱਡ ਲੋਕ ਪੱਖੀ ਕੰਮਾਂ ਨੂੰ ਤਰਜੀਹ ਦਿੱਤੀ, ਸਗੋਂ ਉਹ ਇੱਕ ਧਿਰ ਦੇ ਨਾ ਹੋ ਕੇ ਸਰਵਪੱਖੀ ਲੋਕ ਆਗੂ ਦੇ ਤੌਰ ਪ੍ਰਮਾਣਤ ਹੋਏ। ਉਨ੍ਹਾਂ ਦੀ ਐਡਵੋਕੇਟ ਮਨੋਜ ਸਿੰਗਲਾ ਰੋਕੀ, ਏਟਕ ਦੇ ਜ਼ਿਲ੍ਹਾ ਆਗੂ ਕਾਮਰੇਡ ਕਰਨੈਲ ਸਿੰਘ ਭੀਖੀ, ਸਬ ਡਵੀਜ਼ਨ ਮਾਨਸਾ ਦੇ ਸਕੱਤਰ ਕਾਮਰੇਡ ਰੂਪ ਸਿੰਘ ਢਿੱਲੋਂ, ਕਾਮਰੇਡ ਕੁਲਦੀਪ ਸਿੰਘ ਸਿੱਧੂ, ਕੇਵਲ ਸਿੰਘ ਸਮਾਓਂ, ਜੇ. ਈ. ਲੱਖਾ ਸਿੰਘ, ਮਨਜੀਤ ਸਿੰਘ ਐੱਸ.ਡੀ.ਓ., ਰਮੇਸ਼ ਕੁਮਾਰ ਸਾਬਕਾ ਕੌਂਸਲਰ, ਹਰਚਰਨ ਸਿੰਘ ਜੇ.ਈ., ਸੁਰਜੀਤ ਸਿੰਘ ਧੀਂਦਾ, ਅਮਰ ਨਾਥ, ਬਲਦੇਵ ਸਿੰਘ ਸਮਾਓਂ, ਮੰਗਤ ਰਾਮ ਬ੍ਰਾਂਚ ਸਕੱਤਰ, ਰਣਜੀਵ ਮਿੱਤਲ, ਪਿਆਰਾ ਸਿੰਘ ਫੌਜੀ, ਪਰਮਜੀਤ ਸਿੰਘ ਲੈਂਚੀ, ਪੱਤਰਕਾਰ ਪਰਵਿੰਦਰ ਸਿੰਘ, ਰਾਮ ਸਿੰਘ ਅਕਲੀਆ, ਮਾਸਟਰ ਗੋਗਾ ਰਾਮ, ਸੁੱਖਾ ਪੰਡਤ ਆਦਿ ਮੌਜੂਦ ਸਨ।

# 6 ਕਿੱਲੋ 76 ਗ੍ਰਾਮ ਹੈਰੋਇਨ ਸਮੇਤ ਦੋ ਤਸਕਰ ਕਾਬੂ

## ਪਾਕਿਸਤਾਨੀ ਤਸਕਰਾਂ ਨਾਲ ਸੋਸ਼ਲ ਮੀਡੀਆ ਰਾਹੀਂ ਜੁੜੇ ਸਨ ਤਾਰ; ਬੁਲੇਟ ਮੋਟਰਸਾਈਕਲ ਸਮੇਤ ਚੜ੍ਹੇ ਪੁਲਸ ਅੜਿੱਕੇ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏ ਐੱਨ ਟੀ ਐੱਫ) ਦੀ ਫਿਰੋਜ਼ਪੁਰ ਰੇਂਜ ਪੁਲਸ ਨੇ ਇੱਕ ਵੱਡੀ ਕਾਰਵਾਈ ਨੂੰ ਅੰਜਾਮ ਦਿੱਤਾ ਹੈ। ਸਬ-ਇੰਸਪੈਕਟਰ ਹਰਦੇਵ ਸਿੰਘ ਦੀ ਅਗਵਾਈ ਹੇਠਲੀ ਪੁਲਸ ਟੀਮ ਨੇ ਦੋ ਨਸ਼ਾ ਤਸਕਰਾਂ ਨੂੰ 6 ਕਿੱਲੋ 76 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਪੁਲਸ ਵੱਲੋਂ ਨਸ਼ੇ ਦੀ ਇਸ ਵੱਡੀ ਖੇਪ ਨੂੰ ਜ਼ਬਤ ਕਰਕੇ ਮੁਲਜ਼ਮਾਂ ਖ਼ਿਲਾਫ਼ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਰਾਤੋ-ਰਾਤ ਅਮੀਰ ਹੋਣ ਦੇ ਸੁਪਨੇ ਦੇਖਣ ਵਾਲੇ ਇਹ ਨੌਜਵਾਨ ਹੁਣ ਪੁਲਸ ਦੀ ਗ੍ਰਿਫ਼ਤ ਵਿੱਚ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਐਂਟੀ-ਨਾਰਕੋਟਿਕਸ ਟਾਸਕ ਫੋਰਸ ਫਿਰੋਜ਼ਪੁਰ ਰੇਂਜ ਦੇ ਡੀ.ਐੱਸ.ਪੀ. ਨੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਪੁਲਸ ਪਾਰਟੀ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਇਲਾਕੇ ਵਿੱਚ ਨਸ਼ੇ ਦੀ ਸਪਲਾਈ ਹੋਣ ਵਾਲੀ ਹੈ। ਮੁਖ਼ਬਰ ਨੇ ਖ਼ਬਰ ਦਿੱਤੀ ਸੀ ਕਿ ਪਿੰਡ ਮਸਤੇ ਦੇ ਰਹਿਣ ਵਾਲੇ ਦੋ ਵਿਅਕਤੀ, ਬਲਰਾਜ ਸਿੰਘ ਉਰਫ਼ ਬਾਜ ਪੁੱਤਰ ਦਰਸ਼ਨ ਸਿੰਘ ਤੇ ਸੁਖਵਿੰਦਰ ਸਿੰਘ ਉਰਫ਼ ਸੁੱਖਾ ਪੁੱਤਰ ਸੁਰਜੀਤ ਸਿੰਘ, ਹੈਰੋਇਨ ਦੀ ਤਸਕਰੀ ਦੇ ਧੰਦੇ ਵਿੱਚ ਸਰਗਰਮ ਹਨ। ਇਨ੍ਹਾਂ ਨੇ 'ਗੁੱਜਰ' ਨਾਮ ਦੇ ਇੱਕ ਪਾਕਿਸਤਾਨੀ ਤਸਕਰ ਤੋਂ ਹੈਰੋਇਨ ਦੀ ਇੱਕ ਵੱਡੀ ਖੇਪ ਮੰਗਵਾਈ ਹੈ, ਜਿਸ ਨੂੰ ਅੱਗੇ ਗਾਹਕਾਂ ਤੱਕ ਪਹੁੰਚਾਇਆ ਜਾਣਾ ਸੀ। ਮਿਲੀ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪੁਲਸ ਟੀਮ ਨੇ ਦੱਸੀ ਹੋਈ ਜਗ੍ਹਾ 'ਤੇ ਤੁਰੰਤ ਛਾਪੇਮਾਰੀ ਕੀਤੀ। ਇਸ ਦੌਰਾਨ ਪੁਲਸ ਨੇ ਨਾਮਜ਼ਦ ਕੀਤੇ ਗਏ ਦੋਵਾਂ ਮੁਲਜ਼ਮਾਂ ਨੂੰ ਪੰਜਾਬ ਨੰਬਰ ਦੇ ਇੱਕ ਬੁਲੇਟ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ। ਜਦੋਂ ਮੌਕੇ 'ਤੇ ਉਨ੍ਹਾਂ ਦੀ ਤਲਾਸ਼ੀ ਲਈ ਗਈ, ਤਾਂ ਉਨ੍ਹਾਂ ਦੇ ਕਬਜ਼ੇ ਵਿੱਚੋਂ 6 ਕਿੱਲੋ 76 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਵੱਲੋਂ ਕੀਤੀ ਗਈ ਮੁਢਲੀ ਪੁੱਛਗਿੱਛ ਦੌਰਾਨ ਫੜੇ ਗਏ ਤਸਕਰਾਂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਉਨ੍ਹਾਂ ਮੰਨਿਆ ਕਿ ਇਹ ਹੈਰੋਇਨ ਸਰਹੱਦ ਪਾਰੋਂ ਪਾਕਿਸਤਾਨੀ ਨਸ਼ਾ ਤਸਕਰਾਂ ਵੱਲੋਂ ਭੇਜੀ ਗਈ ਸੀ। ਹਾਲਾਂਕਿ, ਜਦੋਂ ਇਹ ਪੁੱਛਿਆ ਗਿਆ ਕਿ ਇਹ ਖੇਪ ਕਿਸ ਵੱਡੇ ਸਮਗਲਰ ਦੀ ਹੈ ਤੇ ਅੱਗੇ ਕਿਸ ਨੂੰ ਦਿੱਤੀ ਜਾਣੀ ਸੀ, ਤਾਂ ਮੁਲਜ਼ਮਾਂ ਨੇ ਅਣਜਾਣਤਾ ਪ੍ਰਗਟਾਈ। ਡੀ.ਐੱਸ.ਪੀ. ਨੇ ਕਿਹਾ ਕਿ ਰਾਤੋ-ਰਾਤ ਅਮੀਰ ਬਣਨ ਦੀ ਅੰਨ੍ਹੀ ਹਸਰਤ ਨੇ ਇਨ੍ਹਾਂ ਨੌਜਵਾਨਾਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਧੱਕ ਦਿੱਤਾ ਹੈ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਇਹ ਤਸਕਰ ਪਾਕਿਸਤਾਨੀ ਨੈੱਟਵਰਕ ਨਾਲ ਜੁੜਨ ਲਈ ਵਿਦੇਸ਼ੀ ਸੋਸ਼ਲ ਮੀਡੀਆ ਐਪਲੀਕੇਸ਼ਨ ਦੀ ਵਰਤੋਂ ਕਰਦੇ ਸਨ। ਉਸੇ ਐਪ ਰਾਹੀਂ ਉਨ੍ਹਾਂ ਨੂੰ ਨਸ਼ੇ ਦੀ ਸਪਲਾਈ ਦੇ ਅਗਲੇ ਨਿਰਦੇਸ਼ ਮਿਲਦੇ ਸਨ।

ਪੁਲਸ ਨੇ ਮੁਲਜ਼ਮਾਂ ਦੇ ਮੋਬਾਈਲ ਫੋਨਾਂ ਵਿੱਚੋਂ ਉਸ ਐਪ ਤੇ ਪਾਕਿਸਤਾਨੀ ਤਸਕਰਾਂ ਦੇ ਸੰਪਰਕ ਨੰਬਰਾਂ ਨੂੰ ਟਰੇਸ ਕਰ ਲਿਆ ਹੈ। ਫਿਲਹਾਲ, ਪੁਲਸ ਨੇ ਦੋਵਾਂ ਮੁਲਜ਼ਮਾਂ ਖ਼ਿਲਾਫ਼ ਐਨ.ਡੀ.ਪੀ.ਐੱਸ. ਐਕਟ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਨਸ਼ਾ ਤਸਕਰੀ ਦੇ ਇਸ ਪੂਰੇ ਜਾਲ ਨੂੰ ਤੋੜਨ ਲਈ ਇਨ੍ਹਾਂ ਦੇ ਅਗਲੇ-ਪਿਛਲੇ (ਬੈਕਵਰਡ ਤੇ ਫਾਰਵਰਡ) ਸਬੰਧਾਂ ਦੀ ਬਾਰੀਕੀ ਨਾਲ ਪੜਤਾਲ ਕੀਤੀ ਜਾ ਰਹੀ ਹੈ।

## ਕਾਤਰਾਂ

### ਹੈਰੋਇਨ ਸਮੇਤ ਨੌਜਵਾਨ ਕਾਬੂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਪੁਲਸ ਨੇ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਇੱਕ ਨੌਜਵਾਨ ਨੂੰ 2 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਥਾਣਾ ਸਿਟੀ ਮੁਕਤਸਰ ਦੀ ਪੁਲਸ ਪਾਰਟੀ, ਜਿਸ ਦੀ ਅਗਵਾਈ ਹੌਲਦਾਰ ਰਾਜ ਕਰ ਰਹੇ ਸਨ, ਬੂੜਾ ਗੁੱਜਰ ਰੋਡ, ਮਕੀਮਾ ਬਸਤੀ ਨੇੜੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੀ ਸੀ।ਇਸ ਦੌਰਾਨ ਇੱਕ ਮੋਨਾ ਨੌਜਵਾਨ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਤੇ ਪਿੱਛੇ ਮੁੜ ਕੇ ਭੱਜਣ ਦੀ ਕੋਸ਼ਿਸ਼ ਕਰਨ ਲੱਗਾ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਉਸ ਨੂੰ ਕਾਬੂ ਕਰ ਲਿਆ।ਪੁੱਛਗਿੱਛ ਦੌਰਾਨ ਉਸ ਨੇ ਆਪਣੀ ਪਛਾਣ ਬਲਕਿੰਦਰ ਸਿੰਘ ਪੁੱਤਰ ਸਵਰਗੀ ਹਰਬੰਸ ਸਿੰਘ, ਵਾਸੀ ਜਲਾਲਾਬਾਦ ਰੋਡ, ਮੈਦਾਨ ਕਲੋਨੀ, ਗਲੀ ਨੰਬਰ 3, ਸ੍ਰੀ ਮੁਕਤਸਰ ਸਾਹਿਬ ਵਜੋਂ ਦੱਸੀ।ਪੁਲਸ ਨੇ ਮੁਲਜ਼ਮ ਖ਼ਿਲਾਫ਼ ਥਾਣਾ ਸਿਟੀ ਮੁਕਤਸਰ ਵਿੱਚ ਮਾਮਲਾ ਦਰਜ ਕਰ ਲਿਆ ਹੈ।

### ਗੁਰਦੁਆਰਾ ਛਪੜੀ ਸਾਹਿਬ ਵਿਖੇ ਸਲਾਨਾ ਸ਼ਹੀਦੀ ਸਮਾਗਮ ਭਲਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਗੁਰਦੁਆਰਾ ਛਪੜੀ ਸਾਹਿਬ ਪਿੰਡ ਤੂਤ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਜੂਨ 1984 ਦੇ ਘੱਲੂਘਾਰੇ ਦੇ ਮਹਾਨ ਸ਼ਹੀਦਾਂ ਦੀ ਪਵਿੱਤਰ ਸ਼ਹੀਦੀ ਨੂੰ ਸਮਰਪਤ ਸਾਲਾਨਾ ਸ਼ਹੀਦੀ ਸਮਾਗਮ ਬੜੀ ਹੀ ਸ਼ਰਧਾ, ਭਾਵਨਾ ਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ। ਇਹ ਮਹਾਨ ਧਾਰਮਿਕ ਸਮਾਗਮ 29 ਜੂਨ ਸੋਮਵਾਰ ਨੂੰ ਪੂਰੀ ਚੜ੍ਹਦੀ ਕਲਾ ਨਾਲ ਕਰਵਾਇਆ ਜਾਵੇਗਾ, ਜਿਸ ਵਿੱਚ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰੀ ਭਰਨਗੀਆਂ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਛਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸ਼ਹੀਦਾਂ ਦੀ ਯਾਦ ਵਿੱਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ 27 ਜੂਨ ਨੂੰ ਆਰੰਭ ਕਰ ਦਿੱਤੇ ਗਏ ਹਨ, ਜਿਨ੍ਹਾਂ ਦੇ ਭੋਗ 29 ਜੂਨ ਸੋਮਵਾਰ ਨੂੰ ਬੜੀ ਸ਼ਰਧਾਪੂਰਵਕ ਪਾਏ ਜਾਣਗੇ। ਉਪਰੰਤ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਧਾਰਮਿਕ ਦੀਵਾਨ ਸਜਾਏ ਜਾਣਗੇ।

### ਜੋਰੜ ਪਿੰਡ 'ਚ ਖੇਤਾਂ ਤੋਂ ਮੱਛੀ ਮੋਟਰ ਚੋਰੀ, ਤਿੰਨ ਖ਼ਿਲਾਫ਼ ਕੇਸ ਦਰਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਥਾਣਾ ਸਦਰ ਮਲੋਟ ਪੁਲਸ ਨੇ ਖੇਤਾਂ ਵਿੱਚੋਂ ਮੱਛੀ ਮੋਟਰ ਚੋਰੀ ਕਰਨ ਦੇ ਦੋਸ਼ ਹੇਠ ਤਿੰਨ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।ਸ਼ਿਕਾਇਤਕਰਤਾ ਗੁਰਸ਼ਪਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਜੋਰੜ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ 22 ਮਈ 2026 ਨੂੰ ਸਵੇਰੇ ਕਰੀਬ 8 ਵਜੇ ਉਹ ਆਪਣੇ ਬੂਰ ਵਾਲਾ ਟਿੱਬਾ ਸਥਿਤ ਖੇਤ ਵਿੱਚ ਗਿਆ ਤਾਂ ਉੱਥੇ ਲੱਗੀ ਮੱਛੀ ਮੋਟਰ ਗਾਇਬ ਸੀ।ਉਸ ਨੂੰ ਸ਼ੱਕ ਸੀ ਕਿ ਕੋਈ ਅਣਪਛਾਤਾ ਵਿਅਕਤੀ ਮੋਟਰ ਚੋਰੀ ਕਰਕੇ ਲੈ ਗਿਆ ਹੈ।ਪੁਲਸ ਵੱਲੋਂ ਕੀਤੀ ਗਈ ਜਾਂਚ ਦੌਰਾਨ ਸਾਹਮਣੇ ਆਇਆ ਕਿ ਇਹ ਚੋਰੀ ਕਥਿਤ ਤੌਰ 'ਤੇ ਜਸਵਿੰਦਰ ਸਿੰਘ ਉਰਫ਼ ਮਾਲੀ ਪੁੱਤਰ ਭਜਨ ਸਿੰਘ, ਬਿੱਟੂ ਸਿੰਘ ਪੁੱਤਰ ਜੰਗੀਰ ਸਿੰਘ ਮੰਗਲ ਸਿੰਘ ਉਰਫ਼ ਗਾਂਧੀ ਪੁੱਤਰ ਬੂਟਾ ਸਿੰਘ, ਤਿੰਨੇ ਵਾਸੀ ਪਿੰਡ ਜੋਰੜ ਵੱਲੋਂ ਕੀਤੀ ਗਈ।ਇਸ ਸਬੰਧੀ ਥਾਣਾ ਸਦਰ ਮਲੋਟ ਵਿਖੇ ਤਿੰਨਾਂ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।ਪੁਲਸ ਵੱਲੋਂ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

# ਕਮਿਊਨਿਟੀ ਹੈਲਥ ਸੈਂਟਰ ਖਿਆਲਾ ਕਲਾਂ ਨੂੰ ਟਰਾਮਾ ਸੈਂਟਰ 'ਚ ਤਬਦੀਲ ਕਰਨ ਲਈ ਜਨ-ਅੰਦੋਲਨ ਤੇਜ਼

## ਪੰਚਾਇਤਾਂ, ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦਾ ਮਿਲ ਰਿਹੈ ਭਰਵਾਂ ਸਹਿਯੋਗ



**ਮਾਨਸਾ (ਆਤਮਾ ਸਿੰਘ ਪਮਾਰ)**

ਕਮਿਊਨਿਟੀ ਹੈਲਥ ਸੈਂਟਰ ਖਿਆਲਾ ਕਲਾਂ ਨੂੰ ਅਪਗ੍ਰੇਡ ਕਰਕੇ ਉਪ-ਮੰਡਲ ਹਸਪਤਾਲ ਤੇ ਟਰਾਮਾ ਸੈਂਟਰ 'ਚ ਤਬਦੀਲ ਕਰਨ ਲਈ ਬਣੀ ਸੀ ਐੱਚ ਸੀ ਖਿਆਲਾ ਕਲਾਂ ਅੱਪ-ਗਰੇਡ ਕਮੇਟੀ ਦੇ ਆਗੂ ਹੰਸ ਰਾਜ ਮੋਫ਼ਰ, ਡਾ. ਧੰਨਾ ਮੱਲ ਗੋਇਲ ਤੇ ਡਾ. ਬਿੱਕਰ ਖਿਆਲਾ ਤੇ ਮਾਸਟਰ ਲਖਵੀਰ ਸਿੰਘ ਖਿਆਲਾ ਨੇ ਦੱਸਿਆ ਕਿ ਇਸ ਜਨਤਕ ਮੁਹਿੰਮ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਯਤਨ ਲਗਾਤਾਰ ਜਾਰੀ ਹਨ।

ਧਾਰਮਿਕ, ਸਮਾਜਿਕ, ਜਨਤਕ ਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਪਿੰਡਾਂ ਦੀਆਂ ਪੰਚਾਇਤਾਂ ਤੇ ਆਮ ਲੋਕਾਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾ ਰਿਹਾ ਹੈ।ਇਸ ਲਈ ਪਿੰਡ ਪੱਧਰੀ ਟੀਮਾਂ ਦਾ ਗਠਨ ਕਰਕੇ ਜਨ-ਜਾਗ੍ਰਤੀ ਮੁਹਿੰਮ ਵੀ ਸ਼ੁਰੂ ਕੀਤੀ ਜਾ ਰਹੀ ਹੈ।ਇਸ ਤੋਂ ਇਲਾਵਾ ਪਿੰਡ ਰੱਲਾ ਤੇ ਭੁਪਾਲ ਪਲਾਟ ਵਿਖੇ ਪੰਚਾਇਤਾਂ, ਵੱਖ-ਵੱਖ ਸੰਸਥਾਵਾਂ ਤੇ ਮੋਹਤਬਰਾਂ ਨਾਲ ਵਿਸ਼ੇਸ਼ ਮੀਟਿੰਗਾਂ ਦਾ ਸਿਲਸਿਲਾ ਵੀ ਜਾਰੀ ਹੈ।ਵਿਚਾਰ-ਵਟਾਂਦਰੇ ਦਾ ਮਕਸਦ ਸਿਹਤ ਸੇਵਾਵਾਂ ਨਾਲ ਜੁੜੀ ਇਸ ਅਹਿਮ ਜਨਤਕ ਮੰਗ ਨੂੰ ਕੇਂਦਰ ਤੇ ਪੰਜਾਬ ਸਰਕਾਰ ਤੱਕ ਹੋਰ ਕਾਰਗਰ ਤਰੀਕੇ ਨਾਲ ਪਹੁੰਚਾਉਣਾ ਹੈ।ਨੈਸ਼ਨਲ ਹਾਈਵੇ 'ਤੇ ਸਥਿਤ ਕਮਿਊਨਿਟੀ ਹੈਲਥ ਸੈਂਟਰ ਖਿਆਲਾ ਕਲਾਂ ਕੋਲ ਆਪਣੀ ਇਮਾਰਤ, 9 ਏਕੜ ਰਕਬਾ ਜ਼ਮੀਨ ਤੇ ਵਧੀਆ ਪਹੁੰਚ ਹੋਣ ਦੇ ਬਾਵਜੂਦ ਆਧੁਨਿਕ ਸਹੂਲਤਾਂ ਦੀ ਘਾਟ ਰੜਕ ਰਹੀ ਹੈ।120 ਕਿਲੋਮੀਟਰ ਦੇ ਘੇਰੇ 'ਚ ਇੱਕ ਵੀ ਟਰਾਮਾ ਸੈਂਟਰ ਨਹੀਂ ਹੈ।ਮਾਹਰ ਡਾਕਟਰ, ਆਧੁਨਿਕ ਆਪ੍ਰੇਸ਼ਨ ਥੀਏਟਰ, ਬਲੱਡ ਬੈਂਕ ਤੇ ਲੈਬੋਰੇਟਰੀ ਨਾ ਹੋਣ ਕਾਰਨ ਨਿੱਤ ਦਿਹਾੜੇ ਹਾਈਵੇ 'ਤੇ ਹੋਣ ਵਾਲੀਆਂ ਦੁਰਘਟਨਾਵਾਂ ਦੇ ਮਰੀਜ਼ਾਂ ਨੂੰ ਸਿਵਲ ਹਸਪਤਾਲ ਮਾਨਸਾ ਭੇਜਣਾ ਪੈਂਦਾ ਹੈ।ਮਾਨਸਾ ਸ਼ਹਿਰ 'ਚ ਭੀੜ-ਭੜੱਕਾ ਤੇ ਦੋ ਰੇਲਵੇ ਫਾਟਕ ਹੋਣ ਕਾਰਨ 'ਗੋਲਡਨ ਆਵਰ' 'ਚ ਮਰੀਜ਼ ਦਾ ਪਹੁੰਚਣਾ ਸੰਭਵ ਨਹੀਂ ਹੁੰਦਾ, ਜਿਸ ਕਾਰਨ ਅਕਸਰ ਵੱਡਾ ਜਾਨੀ ਨੁਕਸਾਨ ਹੋ ਜਾਂਦਾ ਹੈ।

ਖਿਆਲਾ ਵਿਖੇ ਵੀ ਸਿਹਤ ਵਿਭਾਗ ਤੇ ਨੈਸ਼ਨਲ ਹੈਲਥ ਮਿਸ਼ਨ ਦੇ ਕਰਮਚਾਰੀਆਂ ਨਾਲ ਹੋਈ ਮੀਟਿੰਗ 'ਚ ਆਗੂ ਜਗਦੀਸ਼ ਸਿੰਘ ਰੜ, ਵਿਸ਼ਵਜੀਤ ਸਿੰਘ ਤੇ ਮਲਕੀਤ ਸਿੰਘ ਨੇ ਇਸ ਜਨਤਕ ਮੰਗ ਦਾ ਪੂਰਨ ਸਮਰਥਨ ਕਰਦਿਆਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ।ਆਗੂਆਂ ਨੇ ਕਿਹਾ ਕਿ ਇਹ ਪੰਜਾਬ ਸਰਕਾਰ ਦੇ 'ਘਰ-ਘਰ ਸਿਹਤ ਸੇਵਾਵਾਂ' ਦੇ ਟੀਚੇ ਵੱਲ ਸਾਰਥਿਕ ਕਦਮ ਹੋਵੇਗਾ।ਕਮੇਟੀ ਮੈਂਬਰ ਸੁੱਖੀ ਖਿਆਲਾ, ਜੀਵਨ ਕੁਮਾਰ ਤੇ ਜਗਸੀਰ ਸਿੰਘ ਖਿਆਲਾ ਨੇ ਦੱਸਿਆ ਕਿ ਹਸਪਤਾਲ ਤੇ ਟਰਾਮਾ ਸੈਂਟਰ ਬਣਨ ਨਾਲ ਜ਼ਿਲ੍ਹਾ ਮਾਨਸਾ ਹੀ ਨਹੀਂ ਸਗੋਂ ਸਮੁੱਚੇ ਪੰਜਾਬ ਦੇ ਲੋਕਾਂ ਨੂੰ ਐਮਰਜੈਂਸੀ ਸਿਹਤ ਸਹੂਲਤਾਂ ਸਮੂਹ ਮਿਲ ਸਕਣਗੀਆਂ।ਉਨ੍ਹਾਂ ਸੰਸਥਾਵਾਂ ਤੇ ਪੰਚਾਇਤਾਂ ਵੱਲੋਂ ਮਿਲ ਰਹੇ ਭਰਪੂਰ ਹੁੰਗਾਰੇ ਲਈ ਧੰਨਵਾਦ ਵੀ ਕੀਤਾ।

# ਰਾਜ ਮਾਰਗ ਤੋਂ ਪਿੰਡ ਮੋਹਰ ਸਿੰਘ ਵਾਲਾ ਨੂੰ ਜਾਂਦੀ ਸੜਕ ਦਾ ਮੰਦਾ ਹਾਲ



**ਭੀਖੀ (ਧਰਮਵੀਰ ਸ਼ਰਮਾ)**-ਰਾਜ ਮਾਰਗ 12 ਏ ਤੋਂ ਜੱਸੜਵਾਲਾ, ਮੋਹਰ ਸਿੰਘ ਵਾਲਾ ਤੇ ਧਲ਼ੇਵਾਂ ਨੂੰ ਜੋੜਨ ਵਾਲੀ ਸੰਪਰਕ ਸੜਕ ਬੀਤੇ ਸਾਲ ਅਗਸਤ ਮਹੀਨੇ ਵਿੱਚ ਪਈ ਭਾਰੀ ਬਾਰਿਸ਼ ਕਾਰਨ ਬੁਰੀ ਤਰ੍ਹਾਂ ਨੁਕਸਾਨੀ ਗਈ ਸੀ, ਜਿਸ ਦੀ ਹਾਲੇ ਤੱਕ ਕੋਈ ਮੁਰੰਮਤ ਨਾ ਹੋਣ ਕਾਰਨ ਇਸ ਸੜਕ 'ਤੇ ਪੈਂਦੇ ਪਿੰਡ ਜੱਸੜਵਾਲਾ, ਮੋਹਰ ਸਿੰਘ ਵਾਲਾ, ਹੋਡਲਾ ਕਲਾਂ ਤੇ ਧਲ਼ੇਵਾਂ ਆਦਿ ਪਿੰਡਾਂ ਦੇ ਰਾਹਗੀਰਾਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਤ ਇਹ ਹਨ ਕਿ ਇਥੇ ਰੋਜ਼ਾਨਾ ਕੋਈ ਨਾ ਕੋਈ ਦੁਪਹੀਆ ਵਾਹਨ ਵਾਲਾ ਡਿੱਗ ਕੇ ਹਾਦਸੇ ਦਾ ਸ਼ਿਕਾਰ ਹੋ ਜਾਂਦਾ ਹੈ। ਪਿੰਡ ਵਾਸੀ ਡਾ. ਹਰਬੰਸ ਸਿੰਘ, ਬਲਕਾਰ ਸਿੰਘ, ਮਨਪ੍ਰੀਤ ਸਿੰਘ ਤੇ ਹਰਬੰਸ ਸਿੰਘ ਆਦਿ ਨੇ ਸਰਕਾਰ ਤੋਂ ਸੜਕ ਦੀ ਮੁਰੰਮਤ ਦੀ ਮੰਗ ਕਰਦਿਆਂ ਕਿਹਾ ਕਿ ਸੜਕ ਦੇ ਹਾਲਾਤ ਬਹੁਤ ਬਦਹਾਲੀ ਵਾਲੇ ਹਨ ਤੇ ਰੋਜ਼ਾਨਾ ਕੋਈ ਨਾ ਕੋਈ ਵਿਅਕਤੀ ਹਾਦਸੇ ਦਾ ਸ਼ਿਕਾਰ ਹੋ ਜਾਂਦਾ ਹੈ। ਉਨ੍ਹਾਂ ਹਲਕਾ ਵਿਧਾਇਕ ਵਿਜੈ ਸਿੰਗਲਾ ਤੋਂ ਮੰਗ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਜੱਸੜਵਾਲਾ ਤੋਂ ਬੀਰ ਕਲਾਂ ਸੰਪਰਕ ਸੜਕ ਦੀ ਮੁਰੰਮਤ ਕਰਵਾਈ ਹੈ, ਉਸੇ ਤਰ੍ਹਾਂ ਇਸ ਸੜਕ ਦੀ ਵੀ ਮੁਰੰਮਤ ਕੀਤੀ ਜਾਵੇ ਤਾਂ ਜੋ ਰਾਹਗੀਰ ਅਣਚਾਹੀਆਂ ਦਿੱਕਤਾਂ ਤੋਂ ਬਚ ਸਕਣ।

# ਸਫਾਈ ਕਰਮਚਾਰੀਆਂ ਦੀ ਹੜਤਾਲ ਕਾਰਨ ਰਿਹਾਇਸ਼ੀ ਖੇਤਰ 'ਚ ਲੱਗੇ ਗੰਦਗੀ ਦੇ ਢੇਰ



**ਬਰੇਟਾ (ਰੀਤਵਾਲ)**-ਬਰੇਟਾ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਵੱਲੋਂ ਆਪਣੀਆਂ ਬਕਾਇਆ ਤਨਖਾਹਾਂ ਤੇ ਹੋਰ ਲੰਬਿਤ ਮੰਗਾਂ ਨੂੰ ਲੈ ਕੇ ਹੜਤਾਲ ਕੀਤੀ ਜਾ ਰਹੀ ਹੈ।ਕਰਮਚਾਰੀਆਂ ਦੇ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੂੰ ਕਈ ਮਹੀਨਿਆਂ ਤੋਂ ਤਨਖਾਹਾਂ ਸਮੇਂ ਸਿਰ ਨਹੀਂ ਮਿਲ ਰਹੀਆਂ, ਜਿਸ ਕਾਰਨ ਉਨ੍ਹਾਂ ਨੂੰ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸਿਹਤ ਵਿਭਾਗ ਵੱਲੋਂ ਅੱਜਕੱਲ੍ਹ ਫੈਲ ਰਹੀਆਂ ਡੇਂਗੂ ਵਰਗੀਆਂ ਭਿਆਨਕ ਬਿਮਾਰੀਆਂ ਤੋਂ ਲੋਕਾਂ ਦਾ ਬਚਾਅ ਕਰਨ ਲਈ ਘਰ ਘਰ ਜਾ ਕੇ ਬਿਮਾਰੀਆਂ ਦੇ ਕਾਰਨ ਸਬੰਧੀ ਜਾਣੂੰ ਕਰਵਾਇਆ ਜਾ ਰਿਹਾ ਹੈ ਅਤੇ ਸਿਹਤ ਸੇਵਾ ਦੇ ਕਰਮਚਾਰੀ ਘਰ ਘਰ ਜਾ ਕੇ ਦੱਸਦੇ ਹਨ ਕਿ ਕਿਸੇ ਵੀ ਥਾਂ 'ਤੇ ਜ਼ਿਆਦਾ ਸਮੇਂ ਲਈ ਖੜਾ ਪਾਣੀ ਤੇ ਗੰਦਗੀ ਦੇ ਢੇਰ ਉੱਤੇ ਪਲਪਣ ਵਾਲੇ ਮੱਖੀ ਮੱਛਰ, ਜਿਸ ਦਾ ਕਾਰਨ ਹਨ। ਸੋ ਆਪਣਾ ਆਲਾ ਦੁਆਲਾ ਸਾਫ ਰੱਖਿਆ ਜਾਵੇ, ਪ੍ਰੰਤੂ ਇਸ ਦੇ ਉਲਟ ਨਗਰ ਕੌਂਸਲ ਦੇ ਸਫਾਈ ਕਰਮਚਾਰੀਆਂ ਨੂੰ ਪਿਛਲੇ ਪੰਜ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਕਾਰਨ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਬੈਠੇ ਹਨ।ਬਰੇਟਾ ਮੰਡੀ ਵਿੱਚ ਥਾਂ ਥਾਂ ਗੰਦਗੀ ਦੇ ਢੇਰ ਲੱਗਣੇ ਸ਼ੁਰੂ ਹੋ ਗਏ ਹਨ, ਜੋ ਕਿ ਸਿੱਧੇ ਤੌਰ 'ਤੇ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਨ।ਇਸ ਤੋਂ ਦੁਖੀ ਹੋ ਕੇ ਬਿਸ਼ਨ ਦਾਸ ਮਸੱਦੀ ਲਾਲ ਕਾਰਖਾਨੇ ਵਾਲਿਆਂ ਦੇ ਸਾਹਮਣੇ ਬਣੇ ਕੂੜੇ ਦੇ ਡੰਪ ਉੱਤੇ ਪਿਛਲੇ ਪੰਜ ਛੇ ਦਿਨਾਂ ਤੋਂ ਇਕੱਠੇ ਹੋ ਰਹੇ ਕੂੜੇ ਕਰਕਟ ਕਰਕੇ ਫੈਲ ਰਹੀ ਬਦਬੂ ਤੇ ਮੱਖੀ ਮੱਛਰ ਦੇ ਪੈਦਾ ਹੋਣ ਕਰਕੇ ਬਬਲੂ ਗੁਪਤਾ, ਰਾਜ ਕੁਮਾਰ ਮਿੱਤਲ ਤੇ ਹੋਰ ਲਾਗੇ ਦੇ ਸਾਰੇ ਗੁਆਂਢੀਆਂ ਨੇ ਕਾਰਖਾਨੇ ਦੇ ਸਾਹਮਣੇ ਬਣੇ ਡੰਪ ਵਾਲੀ ਥਾਂ ਦੇ ਉੱਤੇ ਲੋਕਾਂ ਨੂੰ ਅਣਮਿੱਥੇ ਸਮੇਂ ਲਈ ਸਫਾਈ ਕਰਮਚਾਰੀਆਂ ਦੀ ਹੜਤਾਲ ਹੋਣ ਕਰਕੇ ਕੂੜਾ ਕਰਕਟ ਨਾ ਸੁੱਟਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਲੋਕਾਂ ਨੇ ਇੱਥੇ ਕੂੜਾ ਸੁੱਟਣਾ ਬੰਦ ਨਾ ਕੀਤਾ ਤਾਂ ਸੀਸੀਟੀਵੀ ਕੈਮਰੇ ਵਿੱਚੋਂ ਉਨ੍ਹਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਜਨਤਕ ਕੀਤੀਆਂ ਜਾਣਗੀਆਂ ਤੇ ਫਿਰ ਉਹ ਲੋਕ ਗੁੱਸਾ ਨਾ ਕਰਨ।ਉਨ੍ਹਾਂ ਨਗਰ ਕੌਂਸਲ ਤੋਂ ਵੀ ਮੰਗ ਕੀਤੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਇਥੋਂ ਇਹ ਡੰਪ ਖਤਮ ਕੀਤਾ ਜਾਵੇ।

# ਫਰੀਦਕੋਟ ਤੋਂ ਬਾਘਾ ਪੁਰਾਣਾ ਤੱਕ ਕੱਢੀ ਨਸ਼ਿਆਂ ਖਿਲਾਫ ਜਾਗਰੂਕਤਾ ਰੈਲੀ

## ਸਪੀਕਰ ਸੰਧਵਾਂ, ਏ ਡੀ ਸੀ ਗੋਇਲ ਤੇ ਡਾ. ਢਿੱਲੋਂ ਨੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਦਾ ਦਿੱਤਾ ਸੱਦਾ



**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ, ਰਛਪਾਲ ਭੁੱਲਰ)**-ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਪ੍ਰਸਿੱਧ ਸਮਾਜਸੇਵੀ ਸੰਸਥਾ 'ਗੁੱਡ ਮੌਰਨਿੰਗ ਵੈੱਲਫੇਅਰ ਕਲੱਬ' ਵੱਲੋਂ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਦੀ ਅਗਵਾਈ ਹੇਠ ਨਸ਼ਿਆਂ ਖ਼ਿਲਾਫ਼ ਇੱਕ ਵਿਸ਼ਾਲ ਜਾਗਰੂਕਤਾ ਰੈਲੀ ਕੱਢੀ ਗਈ।ਸੈਂਕੜੇ ਵਾਹਨਾਂ ਦੇ ਕਾਫ਼ਲੇ ਦੇ ਰੂਪ ਵਿੱਚ ਕੱਢੀ ਗਈ ਇਸ ਰੈਲੀ ਨੂੰ ਫਰੀਦਕੋਟ ਦੀ ਨਵੀਂ ਦਾਣਾ ਮੰਡੀ ਵਿਖੇ ਏਡੀਸੀ ਕੇਸ਼ਵ ਗੋਇਲ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਇਹ ਰੈਲੀ ਫਰੀਦਕੋਟ ਤੋਂ ਸ਼ੁਰੂ ਹੋ ਕੇ ਸੰਧਵਾਂ, ਕੋਟਕਪੂਰਾ, ਪੰਜਗਰਾਈਂ, ਸਮਾਲਸਰ ਤੇ ਰਾਜੇਆਣਾ ਮਾਰਗਾਂ ਤੋਂ ਹੁੰਦੀ ਹੋਈ ਤਹਿਸੀਲ ਕੰਪਲੈਕਸ ਮੁਦਕੀ ਰੋਡ ਬਾਘਾ ਪੁਰਾਣਾ ਵਿਖੇ ਸਫ਼ਲਤਾਪੂਰਵਕ ਸਮਾਪਤ ਹੋਈ।ਰੈਲੀ ਦਾ ਵੱਖ-ਵੱਖ ਪੜਾਵਾਂ 'ਤੇ ਲੋਕਾਂ ਵੱਲੋਂ ਸਿਰੋਪਾਉ ਬਖਸ਼ ਕੇ ਤੇ ਹਾਰ ਪਾ ਕੇ ਗਰਮਜੋਸ਼ੀ ਨਾਲ ਸੁਆਗਤ ਕੀਤਾ ਗਿਆ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਰੈਲੀ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਕਲੱਬ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਸਮੂਹ ਪੰਜਾਬੀਆਂ ਨੂੰ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਅੱਗੇ ਆਉਣ ਦਾ ਸੱਦਾ ਦਿੱਤਾ।ਫਰੀਦਕੋਟ ਵਿਖੇ ਵਿਚਾਰ ਸਾਂਝੇ ਕਰਦਿਆਂ ਮੁੱਖ ਮਹਿਮਾਨ ਏਡੀਸੀ ਕੇਸ਼ਵ ਗੋਇਲ, ਡਾ. ਮਨਜੀਤ ਸਿੰਘ ਢਿੱਲੋਂ, ਗੁਰਿੰਦਰ ਸਿੰਘ ਮਹਿੰਦੀਰੱਤਾ ਤੇ ਜਸਬੀਰ ਸਿੰਘ ਜੱਸੀ ਨੇ ਆਖਿਆ ਕਿ ਅੱਜ ਦਾ ਦਿਨ ਇਹ ਪ੍ਰਣ ਕਰਨ ਦਾ ਸੁਨਹਿਰੀ ਸਮਾਂ ਹੈ ਕਿ ਅਸੀਂ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰੀਏ ਤਾਂ ਜੋ ਕਿਸੇ ਵੀ ਘਰ ਵਿੱਚ ਨਸ਼ੇ ਕਾਰਨ ਸੱਥਰ ਨਾ ਵਿਛੇ।ਬਾਘਾ ਪੁਰਾਣਾ ਵਿਖੇ ਰੈਲੀ ਦੀ ਸਮਾਪਤੀ ਮੌਕੇ ਸਬ ਇੰਸਪੈਕਟਰ ਇਕਬਾਲ ਸਿੰਘ ਰੋਮਾਣਾ (ਐੱਸ ਐੱਚ ਓ ਸਮਾਲਸਰ), ਰਾਜਵੀਰ ਭਲੂਰੀਆ ਤੇ ਡਾ. ਸਾਧੂ ਰਾਮ ਲੰਡੇਆਣਾ ਨੇ ਨਸ਼ਾ ਮੁਕਤੀ ਦੇ ਅਹਿਮ ਨੁਕਤੇ ਸਾਂਝੇ ਕੀਤੇ।ਇਸ ਮੌਕੇ ਆਗੂਆਂ ਪੱਪੂ ਲਹੌਰੀਆ, ਬਿੱਟਾ ਠੇਕੇਦਾਰ, ਜਸਕਰਨ ਸਿੰਘ ਭੱਟੀ, ਡਾ. ਦੇਵ ਰਾਜ, ਮਾ. ਸੋਮਨਾਥ ਅਰੋੜਾ, ਨੰਬਰਦਾਰ ਸੁਖਵਿੰਦਰ ਸਿੰਘ ਪੱਪੂ, ਰਾਜਾ ਠੇਕੇਦਾਰ, ਸਰਨ ਕੁਮਾਰ, ਹਰਪ੍ਰੀਤ ਸਿੰਘ ਢਿੱਲੋਂ, ਗੁਰਚਰਨ ਸਿੰਘ ਬੱਬੂ, ਦਰਸ਼ਨ ਸਿੰਘ ਆਰੇਵਾਲਾ, ਸੁਖਵਿੰਦਰ ਸਿੰਘ ਬਾਗੀ, ਰਾਏਵਿੰਦਰ ਸਿੰਘ ਰਾਉ, ਉਮ ਪ੍ਰਕਾਸ਼ ਗੁਪਤਾ, ਮਾ. ਬਲਦੇਵ ਸਿੰਘ ਕਟਾਰੀਆ ਤੇ ਲੋਚਾ ਮੱਕੜ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।

# ਐੱਫ ਸੀ ਆਈ ਕਰ ਰਿਹੈ ਜੈਤੋ ਸੈਂਟਰ ਨਾਲ ਮਤਰੇਈ ਮਾਂ ਵਾਲਾ ਸਲੂਕ : ਜੈਨ

**ਜੈਤੋ (ਸਤੀਸ਼ ਕੁਮਾਰ ਭੀਗੀ)**-ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੈਲਰ ਐਸੋਸੀਏਸ਼ਨ ਦੇ ਆਗੂ ਪੰਨਾ ਲਾਲ ਜੈਨ ਨੇ ਕਿਹਾ ਕਿ ਪੰਜਾਬ



ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਸੈਲਰ ਉਦਯੋਗ ਨੂੰ ਬਰਬਾਦ ਕਰਨ ਲਈ ਕੋਈ ਕਸਰ ਨਹੀਂ ਛੱਡ ਰਹੀ। ਇਸ ਕੰਮ ਵਿੱਚ ਐੱਫ ਸੀ ਆਈ ਮਹਿਕਮੇ ਦੇ ਜ਼ਿਲ੍ਹਾ ਪੱਧਰੀ ਅਧਿਕਾਰੀ ਵੀ ਸ਼ਾਮਲ ਹਨ। ਜੈਨ ਨੇ ਦੱਸਿਆ ਕਿ ਜੈਤੋ ਸੈਂਟਰ ਜ਼ਿਲ੍ਹੇ ਵਿੱਚ ਅੱਗੇ ਚੱਲ ਰਿਹਾ ਸੀ, ਪਰ ਅਧਿਕਾਰੀਆਂ ਦੀ ਰਿਸ਼ਵਤ ਖੋਰੀ ਦੀ ਨੀਤੀ ਨਾਲ ਅੱਜ ਇਹ ਸੈਂਟਰ ਜ਼ਿਲ੍ਹੇ ਵਿੱਚ ਸਭ ਤੋਂ ਪਿੱਛੇ ਚੱਲ ਰਿਹਾ ਹੈ। ਹਰ ਮਹੀਨੇ ਇੱਕ ਦੋ ਚਾਵਲਾ ਦੀਆਂ ਸਪੈਸ਼ਲ ਨਾਲ ਸਬਰ ਕਰਨਾ ਪੈ ਰਿਹਾ ਹੈ ਸਾਡੇ ਸੈਲਰਾਂ ਵਿੱਚ ਪੈਡੀ ਲੱਗੀ ਨੂੰ ਲਗਭਗ 9 ਮਹੀਨੇ ਹੋ ਚੁੱਕੇ ਹਨ ਤੇ ਅਗਲਾ ਪੈਡੀ ਸੀਜ਼ਨ ਸਿਰ 'ਤੇ ਹੈ, ਪ੍ਰੰਤੂ ਸਰਕਾਰ ਵੱਲੋਂ ਸਿਰਫ 50% ਚਾਵਲ ਹੀ ਗੁਦਾਮਾਂ ਵਿੱਚ ਲਗਵਾਇਆ ਗਿਆ ਹੈ।ਪੰਨਾ ਲਾਲ ਜੈਨ ਨੇ ਕਿਹਾ ਕਿ ਜੇਕਰ ਸੈਲਰ ਮਾਲਕਾਂ ਦੀਆਂ ਤਕਲੀਫਾਂ ਵੱਲ ਧਿਆਨ ਨਹੀਂ ਦਿੱਤਾ ਗਿਆ ਤਾਂ ਪੰਜਾਬ ਦਾ ਸੈਲਰ ਉਦਯੋਗ ਤਬਾਹ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।ਇਸ ਸਬੰਧੀ ਪੱਖ ਜਾਣਨ ਲਈ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੇ ਜ਼ਿਲ੍ਹਾ ਮੈਨੇਜਰ ਫਰੀਦਕੋਟ ਮਹਾਂਵੀਰ ਪ੍ਰਸਾਦ ਨੂੰ ਫੋਨ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਪੋਲਸੀ ਤਹਿਤ ਹੀ ਕੰਮ ਹੋ ਰਿਹਾ ਹੈ, ਕਿੰਨੇ ਸਮੇਂ ਤੱਕ ਗੁਦਾਮਾਂ ਵਿੱਚ ਚਾਵਲ ਲਵਾਉਣ ਬਾਰੇ ਪੁੱਛਣ 'ਤੇ ਉਨ੍ਹਾ ਕਿਹਾ ਕਿ ਸਤੰਬਰ ਤੱਕ ਸੈਲਰ ਮਾਲਕਾਂ ਨੂੰ ਫਾਰਗ ਕਰ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ ਸਤੰਬਰ ਮਹੀਨੇ ਵਿੱਚ ਫਿਰ ਤੋਂ ਪੈਡੀ ਸੈਲਰ ਵਿੱਚ ਲੱਗਣ ਲਈ ਮੰਡੀਆਂ ਵਿੱਚ ਆ ਜਾਂਦੀ ਹੈ।ਜੈਤੋ ਵਿਖੇ ਐੱਫ ਸੀ ਆਈ ਦੇ ਡਿੱਪੂ ਮੈਨੇਜਰ ਸੁਖਬੀਰ ਸਿੰਘ ਦਾ ਪੱਖ ਜਾਣਨ 'ਤੇ ਉਨ੍ਹਾ ਦੱਸਿਆ ਕਿ ਸੈਲਰਾਂ ਵਿੱਚੋਂ ਚਾਵਲ ਚੁੱਕਣ ਦੀ ਸਮੱਸਿਆ ਨਾਲ ਸਿਰਫ ਪੰਜਾਬ ਸੈਲਰ ਉਦਯੋਗ ਨੂੰ ਹੀ ਜੂਝਣ ਲਈ ਮਜਬੂਰ ਕੀਤਾ ਹੋਇਆ ਹੈ, ਜਦਕਿ ਹਰਿਆਣਾ ਤੇ ਮੱਧ ਪ੍ਰਦੇਸ਼ ਸੈਲਰ ਉਦਯੋਗ ਨੂੰ ਕੋਈ ਸਮੱਸਿਆ ਪੇਸ਼ ਨਹੀਂ ਆ ਰਹੀ ਹੈ। ਡਿੱਪੂ ਮੈਨੇਜਰ ਨੇ ਦੱਸਿਆ ਕਿ ਕੇਂਦਰ ਸਰਕਾਰ ਸਾਨੂੰ ਮਾਲ ਚੁੱਕਣ ਲਈ ਗੱਡੀਆਂ ਨਹੀਂ ਦੇ ਰਹੀ ਹੈ, ਜਿਸ ਕਾਰਨ ਸਾਡੇ ਕੋਲ ਗੁਦਾਮਾਂ ਵਿੱਚ ਚਾਵਲ ਲਗਵਾਉਣ ਲਈ ਜਗਾ ਨਹੀਂ ਹੈ।

# ਸਬਜ਼ੀ ਮੰਡੀ 'ਚ ਚੱਲਦੀ ਗੁੰਡਾਗਰਦੀ 'ਤੇ ਪਾਈ ਜਾਵੇਗੀ ਠੱਲ੍ਹ : ਕਾਕਾ ਬਰਾੜ

## ਮੋਹਨ ਲਾਲ ਪ੍ਰਧਾਨ, ਨਰੇਸ਼ ਗਿਰਧਰ ਵਾਈਸ ਪ੍ਰਧਾਨ ਤੇ ਦੀਪਕ ਬਣੇ ਸਬਜ਼ੀ ਮੰਡੀ ਯੂਨੀਅਨ ਦੇ ਸੈਕਟਰੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸਥਾਨਕ ਸ਼ਹਿਰ ਦੀ ਮੇਨ ਸਬਜ਼ੀ ਮੰਡੀ ਯੂਨੀਅਨ ਦੀ ਚੋਣ ਸਰਵਸੰਮਤੀ ਨਾਲ ਹੋਈ, ਜਿਸ ਵਿੱਚ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਮੁੱਖ ਮਹਿਮਾਨ ਵਜੋਂ ਪਹੁੰਚੇ।ਚੋਣ ਤੋਂ ਪਹਿਲਾਂ ਪੂਰੀ ਟੀਮ ਨਾਲ ਨੇ ਵੱਖ ਵੱਖ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।ਇਸ ਮੌਕੇ ਆਪਣੇ ਸੰਬੋਧਨ ਦੌਰਾਨ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਪਿਛਲੇ ਦਿਨਾਂ ਤੋਂ ਸਬਜ਼ੀ ਮੰਡੀ ਦਾ ਬਹੁਤ ਬੁਰਾ ਹਾਲ ਹੈ, ਕਿਉਂਕਿ ਕੁਝ ਬਦਮਾਸ਼ਾਂ ਨੇ ਕਬਜ਼ਾ ਕਰ ਲਿਆ ਸੀ।ਪਿਛਲੇ ਦਿਨੀਂ ਸਾਰੇ ਯੂਨੀਅਨ ਦੇ ਨੁਮਾਇੰਦਿਆਂ ਨੇ ਉਨ੍ਹਾਂ ਨਾਲ ਮੀਟਿੰਗ ਕੀਤੀ ਤੇ ਸਾਰੀ ਗੱਲਬਾਤ ਤੋਂ ਜਾਣੂ ਕਰਵਾਇਆ।ਇਸ ਤੋਂ ਬਾਅਦ ਸਾਰਿਆਂ ਦੀ ਸਹਿਮਤੀ ਨਾਲ ਆਮ ਆਦਮੀ ਪਾਰਟੀ ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ, ਜਿਸ ਵਿੱਚ ਮੋਹਨ ਲਾਲ ਨੂੰ ਪ੍ਰਧਾਨ ਬਣਾਇਆ ਗਿਆ ਜਦਕਿ ਨਰੇਸ਼ ਗਿਰਧਰ ਨੂੰ ਵਾਈਸ ਪ੍ਰਧਾਨ ਤੇ ਦੀਪਕ ਕੁਮਾਰ ਨੂੰ ਸੈਕਟਰੀ ਬਣਾਇਆ ਗਿਆ।ਇਸ ਤੋਂ ਇਲਾਵਾ ਬਾਕੀ ਰਹਿੰਦੀ ਟੀਮ ਜਲਦ ਬਣਾਈ ਜਾਵੇਗੀ।ਵਿਧਾਇਕ ਕਾਕਾ ਬਰਾੜ ਨੇ ਸਮੂਹ ਸਬਜ਼ੀ ਮੰਡੀ ਨੂੰ ਵਿਸ਼ਵਾਸ ਦੁਆਇਆ ਕਿ ਉਨ੍ਹਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਦਿੱਕਤ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਜੋ ਗੁੰਡਾ ਅਨਸਰਾਂ ਵੱਲੋਂ ਬਦਮਾਸ਼ੀ ਕੀਤੀ ਜਾਂਦੀ ਹੈ ਉਸ ਤੇ ਠੱਲ੍ਹ ਪਾਈ ਜਾਵੇਗੀ।ਕਾਕਾ ਬਰਾੜ ਨੇ ਚੋਣ ਪ੍ਰਕਿਰਿਆ ਦੀ ਨਿਗਰਾਨੀ ਕੀਤੀ ਤੇ ਨਵੀਂ ਟੀਮ ਨੂੰ ਵਧਾਈ ਦਿੱਤੀ।ਇਸ ਮੌਕੇ ਉਨ੍ਹਾਂ ਸਬਜ਼ੀ ਮੰਡੀ ਦੇ ਵਿਕਾਸ, ਕਿਸਾਨਾਂ ਤੇ ਵਪਾਰੀਆਂ ਦੀਆਂ ਮੁਸ਼ਕਲਾਂ ਹੱਲ ਕਰਨ ਦਾ ਭਰੋਸਾ ਦਿੱਤਾ।ਨਵੀਂ ਚੁਣੀ ਗਈ ਯੂਨੀਅਨ ਦੇ ਪ੍ਰਧਾਨ ਮੋਹਨ ਲਾਲ ਤੇ ਬਾਕੀ ਮੈਂਬਰਾਂ ਨੇ ਵਿਧਾਇਕ ਦਾ ਧੰਨਵਾਦ ਕੀਤਾ ਤੇ ਸਬਜ਼ੀ ਮੰਡੀ ਨੂੰ ਹੋਰ ਬਿਹਤਰ ਬਣਾਉਣ ਦਾ ਪ੍ਰਣ ਲਿਆ।ਇਸ ਚੋਣ ਨਾਲ ਸਬਜ਼ੀ ਮੰਡੀ ਵਿੱਚ ਖੁਸ਼ੀ ਦਾ ਮਾਹੌਲ ਹੈ।ਇਸ ਮੌਕੇ ਮਾਰਕਿਟ ਕਮੇਟੀ ਚੇਅਰਮੈਨ ਸੁਰਜੀਤ ਸਿੰਘ ਸੰਧੂ, ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਇਕਬਾਲ ਸਿੰਘ ਵੜਿੰਗ, ਪੈਸਟੀਸਾਈਡ ਯੂਨੀਅਨ ਦੇ ਪ੍ਰਧਾਨ ਅਜਵਿੰਦਰ ਸਿੰਘ ਰਾਜੂ ਪੂਨੀਆਂ, ਨਿਸ਼ਚੈ ਫਾਊਂਡੇਸ਼ਨ ਦੇ ਪ੍ਰਧਾਨ ਉਪਕਾਰ ਸਿੰਘ, ਸੈਕਟਰੀ ਗੁਰਮੀਤ ਸਿੰਘ, ਕੌਂਸਲਰ ਰਮਨਦੀਪ ਬਰਾੜ, ਕੌਂਸਲਰ ਜ਼ਸਪਾਲ ਸ਼ਰਮਾ, ਕੌਂਸਲਰ ਵਿੱਕੀ ਕੁਮਾਰ, ਕੈਂਟਰ ਯੂਨੀਅਨ ਦੇ ਪ੍ਰਧਾਨ ਮਾਨਾ ਬੱਲਮਗੜ੍ਹ, ਐੱਸ ਐੱਚ ਓ ਸਿਟੀ ਰਵਿੰਦਰ ਕੌਰ ਬਰਾੜ ਆਦਿ ਹਾਜ਼ਰ ਸਨ।

# ਵਿਧਾਨ ਸਭਾ ਹਲਕਾ ਬੁਢਲਾਡਾ ਦੇ ਬਸਪਾ ਆਗੂਆਂ ਤੇ ਵਰਕਰਾਂ ਦੀ ਮੀਟਿੰਗ

## ਹਾਈਕਮਾਂਡ ਤੋਂ ਜ਼ਿਲ੍ਹਾ ਪ੍ਰਧਾਨ ਤੇ ਜਨਰਲ ਸਕੱਤਰ ਨੂੰ ਬਦਲਣ ਦੀ ਕੀਤੀ ਮੰਗ




**ਬੁਢਲਾਡਾ (ਅਸ਼ੋਕ ਲਾਕੜਾ)**

ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਬੁਢਲਾਡਾ ਦੇ ਸਰਗਰਮ ਆਗੂਆਂ ਤੇ ਵਰਕਰਾਂ ਦੀ ਇੱਕ ਭਰਵੀਂ ਮੀਟਿੰਗ ਸਥਾਨਕ ਰਵਿਦਾਸੀਆ ਸਿੱਖ ਧਰਮਸ਼ਾਲਾ ਵਿਖੇ ਹੋਈ।ਮੀਟਿੰਗ ਦਾ ਮੁੱਖ ਏਜੰਡਾ ਭਾਵੇਂ ਵਾਰਡ ਨੰਬਰ 09 ਤੋਂ ਐੱਮ ਸੀ ਵਜੋਂ ਜੇਤੂ ਸੰਦੀਪ ਕੌਰ ਵੱਲੋਂ ਆਪਣੇ ਵੋਟਰਾਂ ਤੇ ਸਮਰੱਥਕਾਂ ਦਾ ਧੰਨਵਾਦ ਕਰਨਾ ਹੀ ਸੀ, ਪ੍ਰੰਤੂ ਵਰਕਰਾਂ ਵੱਲੋਂ ਇਸ ਚੋਣ ਦਾ ਰੀਵਿਊ ਕਰਨ ਤੋਂ ਇਲਾਵਾ ਜ਼ਿਲ੍ਹੇ ਅੰਦਰ ਪਾਰਟੀ ਦੀ ਮੌਜੂਦਾ ਸਥਿਤੀ ਤੇ ਪਾਰਟੀ ਦੀ ਬਿਹਤਰੀ ਲਈ ਖੁੱਲ੍ਹ ਕੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ।ਮੀਟਿੰਗ ਦੌਰਾਨ ਨਗਰ ਕੌਂਸਲ ਦੀ ਚੋਣ ਸਮੇਂ ਪਾਰਟੀ ਦੀ ਜ਼ਿਲ੍ਹਾ ਪੱਧਰੀ ਤੇ ਸੂਬਾਈ ਪੱਧਰ ਦੇ ਕੁੱਝ ਆਗੂਆਂ ਦੀ ਨਾਕਾਰਾਤਮਕ ਕਾਰਗੁਜ਼ਾਰੀ 'ਤੇ ਤਿੱਖੇ ਸਵਾਲ ਖੜ੍ਹੇ ਕਰਦਿਆਂ ਪਾਰਟੀ ਉਮੀਦਵਾਰ ਦੇ ਖਿਲਾਫ ਭੁਗਤਣ ਤੱਕ ਦੇ ਕਥਿਤ ਦੋਸ਼ ਵੀ ਲਗਾਏ ਗਏ।ਇਸ ਮੌਕੇ ਵੱਖ ਬੁਲਾਰਿਆਂ ਨੇ ਪਾਰਟੀ ਦੀ ਮੌਜੂਦਾ ਜ਼ਿਲ੍ਹਾ ਪੱਧਰੀ ਲੀਡਰਸ਼ਿਪ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਆਗੂਆਂ ਦੀ ਇਸ ਸਮੇਂ ਕੋਈ ਸਰਗਰਮੀ ਨਹੀਂ ਸਗੋਂ ਇਨ੍ਹਾਂ ਦੀ ਅਗਵਾਈ ਹੇਠ ਪਾਰਟੀ ਢਹਿੰਦੀਆਂ ਕਲਾਂ ਵੱਲ ਜਾ ਰਹੀ ਹੈ।ਇਸ ਮੌਕੇ ਤੇਜ਼ਾ ਸਿੰਘ ਬਰੇਟਾ, ਗੁਰਮੇਲ ਸਿੰਘ ਬੋੜਾਵਾਲ, ਰਾਜਿੰਦਰ ਭੀਖੀ,ਸ਼ੇਰ ਸਿੰਘ ਸ਼ੇਰ ਅਤੇ ਅਵਤਾਰ ਸਿੰਘ ਕਟਾਰੀਆ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਅਜੋਕੇ ਟੈਕਨਾਲੋਜੀ ਤੇ ਕੰਪਿਊਟਰ ਦੇ ਯੁੱਗ 'ਚ ਕਿਸੇ ਨੈਸ਼ਨਲ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਤੇ ਜਨਰਲ ਸਕੱਤਰ ਜਿਹੜੇ ਕਿ ਨਿਰੋਲ ਅਣਪੜ੍ਹ ਹਨ ਕੀ ਪਾਰਟੀ ਨੂੰ ਚਲਾਉਣ ਦੇ ਸਮਰੱਥ ਹੋ ਸਕਦੇ ਹਨ ? ਮੀਟਿੰਗ ਦੌਰਾਨ ਸਾਂਝੇ ਤੌਰ 'ਤੇ ਪਾਰਟੀ ਹਾਈਕਮਾਂਡ ਨੂੰ ਅਪੀਲ ਕੀਤੀ ਗਈ ਪਾਰਟੀ ਦੀ ਬਿਹਤਰੀ ਲਈ ਜ਼ਿਲ੍ਹਾ ਪੱਧਰੀ ਟੀਮ ਦੀਆਂ ਨਿਯੁਕਤੀਆਂ 'ਤੇ ਮੁੜ ਨਜ਼ਰਸਾਨੀ ਕੀਤੀ ਜਾਵੇ।ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਆਉਂਦੇ ਦਿਨਾਂ 'ਚ ਸਮੁੱਚੇ ਹਲਕੇ ਦੇ ਪਿੰਡਾਂ 'ਚ ਜਾ ਕੇ ਮੀਟਿੰਗਾਂ ਦਾ ਦੌਰ ਸ਼ੁਰੂ ਕੀਤਾ ਜਾਵੇਗਾ।ਇਸ ਦੌਰਾਨ ਸੰਬੋਧਨ ਕਰਦਿਆਂ ਨਵ-ਨਿਯੁਕਤ ਨਗਰ ਕੌਂਸਲਰ ਸੰਦੀਪ ਕੌਰ ਨੇ ਜਿੱਥੇ ਆਪਣੇ ਵੋਟਰਾਂ ਤੇ ਸਮਰੱਥਕਾਂ ਦਾ ਧੰਨਵਾਦ ਕੀਤਾ, ਉਥੇ ਨਾਲ ਹੀ ਵਾਰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪਣੇ ਵੋਟਰਾਂ ਦੀ ਸੇਵਾ 'ਚ ਕੋਈ ਕਸਰ ਬਾਕੀ ਨਹੀਂ ਛੱਡਣਗੇ।ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਸਾਬਕਾ ਹਲਕਾ ਪ੍ਰਧਾਨ ਜਸਵੀਰ ਸਿੰਘ ਵੱਲੋਂ ਬਾਖ਼ੂਬੀ ਨਿਭਾਈ ਗਈ।ਇਸ ਸਮੇਂ ਸੋਨੂੰ ਕਟਾਰੀਆ, ਮਾਸਟਰ ਜਰਨੈਲ ਸਿੰਘ, ਲਛਮਣ ਸਿੰਘ, ਕੁੰਢਾ ਸਿੰਘ, ਮੱਖਣ ਸਿੰਘ, ਅਜੈਬ ਸਿੰਘ, ਗੋਰਾ ਸਿੰਘ ਅੱਕਾਂਵਾਲੀ, ਸੁਰਜੀਤ ਸਿੰਘ, ਜਸਵਿੰਦਰ ਕੁਲਾਣਾ, ਜਗਜੀਤ ਸਿੰਘ ਜੀਤਾ ਤੇ ਕਸ਼ਮੀਰ ਸਿੰਘ ਖੁਸ਼ੀ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਔਰਤਾਂ ਵੀ ਹਾਜ਼ਰ ਸਨ।

# ਲੋਕ ਇਸ ਵਾਰ ਚੰਨੀ ਨੂੰ ਦੇਖਣਾ ਚਾਹੁੰਦੇ ਸੂਬੇ ਦਾ ਮੁੱਖ ਮੰਤਰੀ : ਦੇਵੀਵਾਲਾ

## *ਚੰਨੀ ਦੇ ਮੁੱਖ ਮੰਤਰੀ ਕਾਰਜਕਾਲ ਨੂੰ ਜਨਤਾ ਅੱਜ ਵੀ ਕਰ ਰਹੀ ਯਾਦ : ਨਾਹਰ*



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਦੀ ਸਿਆਸਤ ਵਿੱਚ ਇਸ ਵਾਰ ਬਦਲਾਅ ਦੀ ਵੱਡੀ ਲਹਿਰ ਦੇਖਣ ਨੂੰ ਮਿਲ ਰਹੀ ਹੈ ਤੇ ਸੂਬੇ ਦੇ ਲੋਕ ਇੱਕ ਵਾਰ ਫਿਰ ਤੋਂ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਦੇ ਮੁੱਖ ਮੰਤਰੀ ਵਜੋਂ ਦੇਖਣ ਲਈ ਉਤਾਵਲੇ ਹਨ।ਇਹ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਤੇ ਆਲ ਇੰਡੀਆ ਰੰਗ ਰੇਟਾ ਦਲ ਦੇ ਪ੍ਰਧਾਨ ਰਮੇਸ਼ ਸਿੰਘ ਦੇਵੀਵਾਲਾ ਤੇ ਜ਼ਿਲ੍ਹਾ ਪ੍ਰਧਾਨ ਰਸ਼ਪਾਲ ਸਿੰਘ ਨਾਹਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਰਮੇਸ਼ ਸਿੰਘ ਦੇਵੀਵਾਲਾ ਨੇ ਦੱਸਿਆ ਕਿ ਪੰਜਾਬ ਦੀ ਮੌਜੂਦਾ ਜਨਤਾ ਮੌਜੂਦਾ ਸਰਕਾਰ ਦੀਆਂ ਨਾਕਾਮੀਆਂ ਤੋਂ ਤੰਗ ਆ ਚੁੱਕੀ ਹੈ ਤੇ ਸੂਬੇ ਦੇ ਹਰ ਵਰਗ ਵਿੱਚ ਨਿਰਾਸ਼ਾ ਦਾ ਮਾਹੌਲ ਹੈ।ਉਨ੍ਹਾਂ ਕਿਹਾ ਕਿ ਚਰਨਜੀਤ ਸਿੰਘ ਚੰਨੀ ਨੇ ਆਪਣੇ 111 ਦਿਨਾਂ ਦੇ ਮੁੱਖ ਮੰਤਰੀ ਕਾਰਜਕਾਲ ਦੌਰਾਨ ਜੋ ਇਤਿਹਾਸਕ ਤੇ ਲੋਕ-ਪੱਖੀ ਫੈਸਲੇ ਲਏ ਸਨ, ਉਨ੍ਹਾਂ ਨੂੰ ਪੰਜਾਬ ਦੇ ਲੋਕ ਅੱਜ ਵੀ ਯਾਦ ਕਰਦੇ ਹਨ।ਉਨ੍ਹਾਂ ਕਿਹਾ ਕਿ ਗਰੀਬਾਂ, ਕਿਸਾਨਾਂ, ਮੁਲਾਜ਼ਮਾਂ ਤੇ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਸਿਰਫ਼ ਕਾਂਗਰਸ ਪਾਰਟੀ ਹੀ ਕਰ ਸਕਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਇਸ ਵਾਰ ਕਾਂਗਰਸ ਪਾਰਟੀ ਨੂੰ ਵੱਡਾ ਫ਼ਤਵਾ ਦੇਣਗੇ ਤੇ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਪੰਜਾਬ ਵਿੱਚ ਮੁੜ ਖੁਸ਼ਹਾਲੀ ਤੇ ਵਿਕਾਸ ਦਾ ਦੌਰ ਸ਼ੁਰੂ ਹੋਵੇਗਾ।ਉਨ੍ਹਾਂ ਪਾਰਟੀ ਵਰਕਰਾਂ ਨੂੰ ਲਾਮਬੰਦ ਹੋਣ ਤੇ ਕਾਂਗਰਸ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦੀ ਅਪੀਲ ਕੀਤੀ।

# ਸ਼ੀਆ ਭਾਈਚਾਰੇ ਨੇ ਪੂਰੇ ਮਾਤਮੀ ਮਾਹੌਲ 'ਚ ਮਨਾਇਆ ਮੁਹੱਰਮ ਦਾ ਦਿਹਾੜਾ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਮੁਸਲਿਮ ਸ਼ੀਆ ਭਾਈਚਾਰੇ ਵੱਲੋਂ ਹਜ਼ਰਤ ਇਮਾਮ ਹੁਸੈਨ ਜੀ ਤੇ ਉਨ੍ਹਾਂ ਦੇ ਸਾਥੀਆਂ ਦੀ ਲਾਸਾਨੀ ਸ਼ਹਾਦਤ ਦੀ ਯਾਦ ਨੂੰ ਸਮਰਪਤ 'ਮੁਹੱਰਮ' ਦਾ ਦਿਹਾੜਾ ਜਿਥੇ ਦੁਨੀਆਂ ਭਰ ਵਿੱਚ ਮਨਾਇਆ ਜਾ ਰਿਹਾ ਹੈ, ਉੱਥੇ ਹੀ ਪੰਜਾਬ ਦੇ ਇਤਿਹਾਸਕ ਤੇ ਮੁਸਲਿਮ ਬਹੁ-ਗਿਣਤੀ ਜ਼ਿਲ੍ਹੇ ਮਾਲੇਰਕੋਟਲਾ ਵਿਖੇ ਵੀ ਸ਼ੀਆ ਭਾਈਚਾਰੇ ਵੱਲੋਂ ਪੂਰੇ ਮਾਤਮੀ ਮਾਹੌਲ ਵਿੱਚ ਮੁਹੱਰਮ ਦਾ ਦਿਹਾੜਾ ਮਨਾਇਆ ਗਿਆ।ਇਸ ਸਬੰਧੀ ਸ਼ਹਿਰ ਅੰਦਰ ਬੀਤੇ ਕੱਲ੍ਹ ਤੇ ਅੱਜ ਵੱਡੇ ਮਾਤਮੀ ਜਲੂਸ ਕੱਢੇ ਗਏ।

ਹਜ਼ਰਤ ਇਮਾਮ ਹੁਸੈਨ ਜੀ ਦੀ ਸ਼ਹਾਦਤ ਦੇ ਗ਼ਮ ਵਿੱਚ ਡੁੱਬੇ ਤੇ ਕਾਲੇ ਕੱਪੜੇ ਪਹਿਨੀਂ ਸ਼ੀਆ ਭਾਈਚਾਰੇ ਦੇ ਲੋਕ ਸਿਰਾਂ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਇਮਾਮਬਾੜਾ ਸ਼ੇਖ ਬੂਟਾ (ਖੋਜ਼ਗਾਨ) ਵਿਖੇ ਇਕੱਠੇ ਹੋਏ।ਇੱਥੇ ਆਯੋਜਿਤ ਮਜਲਿਸ ਦੌਰਾਨ ਮੌਲਾਨਾ ਸੱਯਦ ਅੱਬੂਤਾਲਿਬ ਨੇ ਹਜ਼ਰਤ ਇਮਾਮ ਹੁਸੈਨ ਜੀ ਦੀ ਸ਼ਹਾਦਤ 'ਤੇ ਰੋਸ਼ਨੀ ਪਾਉਂਦਿਆਂ ਕਿਹਾ ਕਿ ਇਮਾਮ ਹੁਸੈਨ ਹਿਦਾਇਤ (ਅਗਵਾਈ) ਦਾ ਉਹ ਮਿਨਾਰਾ ਹਨ, ਜਿਨ੍ਹਾਂ ਨੇ ਉੱਮਤ-ਏ-ਇਸਲਾਮ ਤੇ ਇਨਸਾਨੀਅਤ ਦੀ ਖ਼ਾਤਰ ਆਪਣੀ ਜਾਨ ਦੀ ਵੀ ਪ੍ਰਵਾਹ ਨਹੀਂ ਕੀਤੀ।ਤਕਰੀਰ ਤੋਂ ਬਾਅਦ ਇਮਾਮਬਾੜਾ ਖੋਜਗਾਨ ਤੋਂ ਮਾਤਮ ਕਰਦੇ ਹੋਏ ਇਹ ਜਲੂਸ ਰਵਾਨਾ ਹੋਇਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ। ਇਸ ਦੌਰਾਨ ਇਮਾਮਬਾੜਾ ਸੱਯਦਾਨ ਵਿਖੇ ਮੌਲਾਨਾ ਰਜ਼ੀ ਹੈਦਰ ਨੇ ਸੰਗਤ ਨੂੰ ਸੰਬੋਧਨ ਕੀਤਾ। ਇਸ ਤੋਂ ਬਾਅਦ ਦੁਪਹਿਰ ਵੇਲੇ ਇਹ ਜਲੂਸ ਸ਼ੀਸ਼-ਮਹਿਲ ਨੇੜੇ ਸਥਿਤ ਇਮਾਮਬਾੜਾ ਅਹਿਸਾਨੀਆ ਵਿਖੇ ਪੁੱਜਿਆ।ਇਸ ਤੋਂ ਇਲਾਵਾ ਇਮਾਮਬਾੜਾ ਯੰਗ ਮੈਨ ਵਿਖੇ ਵੀ ਮਜਲਿਸ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।ਸਰਕਾਰੀ ਇਮਾਮਬਾੜਾ ਤੋਂ ਰਵਾਨਾ ਹੋ ਕੇ ਇਹ ਜਲੂਸ ਦੇਰ ਸ਼ਾਮ ਸਥਾਨਕ ਬੱਸ ਸਟੈਂਡ ਨੇੜੇ ਸਥਿਤ ਕਰਬਲਾ ਵਿਖੇ ਪਹੁੰਚ ਕੇ ਸੰਪੰਨ ਹੋਇਆ।

ਇਸ ਮੌਕੇ ਸ਼ੇਖ ਅਜ਼ਾਦਾਰ ਹੁਸੈਨ (ਪ੍ਰਧਾਨ ਇਮਾਮਬਾੜਾ ਸ਼ੇਖ ਬੂਟਾ ਖੋਜਗਾਨ), ਸ਼ੇਖ ਇੰਤਜ਼ਾਰ ਹੁਸੈਨ (ਪ੍ਰਧਾਨ ਅੰਜੁਮਨ-ਏ-ਯੰਗਮੈਨ), ਸ਼ਬੀਰ ਹੁਸੈਨ (ਜਨਰਲ ਸਕੱਤਰ ਸਮਾਨਾ ਦਰਗਾਹ), ਅੱਮਾਰ ਹੈਦਰ (ਪ੍ਰਧਾਨ ਅੰਜੁਮਨ-ਏ-ਹੁਸੈਨੀਆ), ਨਵਾਬ ਹੈਦਰ (ਪ੍ਰਧਾਨ ਅੰਜੁਮਨ ਹੈਦਰੀ ਜਾਮਾ ਮਸਜਿਦ), ਸਗੀਰ ਹੁਸੈਨ ਜੈਦੀ (ਪ੍ਰਧਾਨ ਸਰਕਾਰੀ ਇਮਾਮਬਾੜਾ), ਸ਼ਾਇਰ ਜਮੀਰ ਅਲੀ ਜਮੀਰ, ਮਿਸਮ ਜੈਦੀ ਅਤੇ ਸੱਯਦ ਅਸਦ ਆਦਿ ਨੇ ਮੁਹੱਰਮ ਦੌਰਾਨ ਪ੍ਰਸ਼ਾਸਨ ਵੱਲੋਂ ਦਿੱਤੇ ਗਏ ਸਹਿਯੋਗ ਤੇ ਬਿਹਤਰ ਪ੍ਰਬੰਧਾਂ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ ਤੇ ਆਪਸੀ ਭਾਈਚਾਰੇ, ਅਮਨ ਤੇ ਇੱਕਜੁੱਟਤਾ ਦਾ ਸੰਦੇਸ਼ ਦਿੱਤਾ।

# ਐੱਲ ਪੀ ਯੂ ਨੂੰ ਦੁਨੀਆ ਦੀਆਂ ਚੋਟੀ ਦੀਆਂ 25 'ਵਰਸਿਟੀਆਂ 'ਚ ਦਰਜਾ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੂੰ ਪ੍ਰਤਿਸ਼ਠਾਵਾਨ ਟਾਈਮਜ਼ ਹਾਇਰ ਐਜੂਕੇਸ਼ਨ ਸਸਟੇਨੇਬਿਲਿਟੀ ਇੰਪੈਕਟ ਰੇਟਿੰਗਜ਼ 2026 ਵਿੱਚ ਦੁਨੀਆ ਦੀਆਂ ਚੋਟੀ ਦੀਆਂ 25 ਯੂਨੀਵਰਸਿਟੀਆਂ ਵਿੱਚ ਦਰਜਾ ਦਿੱਤਾ ਗਿਆ ਹੈ। ਇਸ ਨੇ ਦੁਨੀਆ ਵਿੱਚ 23ਵਾਂ ਰੈਂਕ ਪ੍ਰਾਪਤ ਕੀਤਾ ਹੈ ਅਤੇ ਭਾਰਤ ਵਿੱਚ ਨੰਬਰ 1 ਯੂਨੀਵਰਸਿਟੀ ਵਜੋਂ ਉਭਰਿਆ ਹੈ। ਇਹ ਮੁਲਾਂਕਣ, 116 ਦੇਸ਼ਾਂ ਅਤੇ ਪ੍ਰਦੇਸ਼ਾਂ ਵਿੱਚ ਕੀਤਾ ਗਿਆ, ਸੰਯੁਕਤ ਰਾਸ਼ਟਰ ਦੇ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ ਦੇ ਸਾਰੇ 17 ਵਿੱਚ ਯੂਨੀਵਰਸਿਟੀਆਂ ਦਾ ਮੁਲਾਂਕਣ ਕਰਦਾ ਹੈ। ਇਹ ਉਹਨਾਂ ਸੰਸਥਾਵਾਂ ਨੂੰ ਮਾਨਤਾ ਦਿੰਦਾ ਹੈ ਜੋ ਸਿੱਖਿਆ, ਖੋਜ, ਨਵੀਨਤਾ, ਸ਼ਾਸਨ, ਵਾਤਾਵਰਣ ਪ੍ਰਬੰਧਨ, ਅਤੇ ਭਾਈਚਾਰਕ ਸ਼ਮੂਲੀਅਤ ਰਾਹੀਂ ਮਾਪਣਯੋਗ ਪ੍ਰਭਾਵ ਪਾਉਂਦੀਆਂ ਹਨ। 95.2 ਦੇ ਪ੍ਰਭਾਵਸ਼ਾਲੀ ਸਮੁੱਚੇ ਸਕੋਰ ਦੇ ਨਾਲ ਐਲ ਪੀ ਯੂ ਨੇ ਵਿਸ਼ਵ ਪੱਧਰ 'ਤੇ ਕਈ ਪ੍ਰਸਿੱਧ ਸੰਸਥਾਵਾਂ ਨੂੰ ਪਛਾੜ ਦਿੱਤਾ। ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਅਤੇ ਰਾਜ ਸਭਾ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ, "ਅੱਜ ਯੂਨੀਵਰਸਿਟੀਆਂ ਤੋਂ ਸਿਰਫ਼ ਸਿੱਖਿਆ ਦੇਣ ਤੋਂ ਵੱਧ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਅਜਿਹੀਆਂ ਸੰਸਥਾਵਾਂ ਵਜੋਂ ਕੰਮ ਕਰਨ ਦੀ ਲੋੜ ਹੈ ਜੋ ਸਮੱਸਿਆਵਾਂ ਨੂੰ ਹੱਲ ਕਰਨ, ਭਾਈਚਾਰਿਆਂ ਨੂੰ ਉੱਚਾ ਚੁੱਕਣ, ਵਾਤਾਵਰਣ ਦੀ ਰੱਖਿਆ ਕਰਨ ਅਤੇ ਦੇਸ਼ ਦੀ ਤਰੱਕੀ ਵਿੱਚ ਸਾਰਥਕ ਯੋਗਦਾਨ ਪਾਉਣ।



# 30 ਨੂੰ ਮੁੱਖ ਮੰਤਰੀ ਦੇ ਨਾਂਅ ਯਾਦ ਪੱਤਰ ਦੇਣ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਵਰਕਰਾਂ ਨੂੰ ਪੁੱਜਣ ਦਾ ਸੱਦਾ

**ਜਲੰਧਰ (ਰਾਜੇਸ਼ ਥਾਪਾ, ਲਖਵਿੰਦਰ ਸਿੰਘ ਆਧੀ)**- ਦਿਹਾਤੀ ਮਜ਼ਦੂਰ ਸਭਾ ਦੀ ਸੂਬਾ ਕਾਰਜਕਾਰਨੀ ਦੀ ਮੀਟਿੰਗ ਸੂਬਾ ਦਫਤਰ ਜਲੰਧਰ ਸਾਥੀ ਅਮਰੀਕ ਸਿੰਘ ਦਾਊਦ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ ਅਤੇ ਪ੍ਰੈਸ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਦੱਸਿਆ ਕਿ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋਂ ਦਿੱਤੇ ਸੱਦੇ ਨੂੰ ਗੰਭੀਰਤਾ ਨਾਲ ਲਾਗੂ ਕਰਦਿਆਂ ਪੰਜਾਬ ਭਰ ਦੀਆਂ ਸਮੂਹ ਜ਼ਿਲ੍ਹਾ/ਤਹਿਸੀਲ ਕਮੇਟੀਆਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ। ਇਹਨਾਂ ਯਾਦ ਪੱਤਰਾਂ ਰਾਹੀਂ ਪੰਜਾਬ ਸਰਕਾਰ ਨੂੰ ਯਾਦ ਕਰਵਾਇਆ ਜਾਵੇਗਾ ਕਿ ਸਰਕਾਰ ਬਨਣ ਵੇਲੇ ਤੋਂ ਲੈ ਕੇ ਮਜ਼ਦੂਰ ਦੇ ਪੱਕੇ ਰੁਜ਼ਗਾਰ ਬਣਾਉਣ, ਮਨਰੇਗਾ ਤਹਿਤ ਪੂਰੇ ਸਾਲ ਦੇ ਵਾਸਤੇ ਕੰਮ ਅਤੇ ਘੱਟੋ ਘੱਟ ਦਿਹਾੜੀ 700 ਕਰਨ ਅਤੇ ਵਿਕਸਤ ਭਾਰਤ 'ਜੀ ਰਾਮ ਜੀ ਕਾਨੂੰਨ' ਰੱਦ ਕਰਵਾਉਣ ਲਈ ਚੋਣ ਗਰੰਟੀਆਂ ਪੂਰੀਆਂ ਕਰਨ ਅਤੇ ਔਰਤਾਂ ਦੇ ਖਾਤੇ ਵਿੱਚ 1000/1500 ਰੁਪਏ ਕਿਸ਼ਤਾਂ ਸ਼ਰਤ, ਬਕਾਏ ਸਮੇਤ ਦੇਣ, ਵਿਧਵਾ ਬੁਢਾਪਾ ਅਤੇ ਅੰਗਹੀਣ ਪੈਨਸ਼ਨ 5000 ਕਰਨ, ਮਜ਼ਦੂਰਾਂ ਸਿਰ ਚੜ੍ਹਿਆ ਸਰਕਾਰੀ, ਗੈਰ-ਸਰਕਾਰੀ, ਸਹਿਕਾਰੀ ਅਤੇ ਮਾਈਕਰੋ ਫਾਇਨਾਂਸ ਕੰਪਨੀ ਦਾ ਕਰਜ਼ਾ ਮੁਆਫ ਕਰਨ, ਕੇਂਦਰ ਸਰਕਾਰ ਵਲੋਂ ਕਿਰਤ ਕਾਨੂੰਨਾਂ ਦੀ ਥਾਂ ਬਣਾਏ ਚਾਰ ਲੇਬਰ ਕੋਡ ਰੱਦ ਕਰਨ, ਜ਼ਮੀਨੀ ਸੁਧਾਰ



ਕਾਨੂੰਨ ਲਾਗੂ ਕਰਕੇ, ਵਾਧੂ ਨਿਕਲਦੀਆਂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ ਅਤੇ ਥੁੜ ਜ਼ਮੀਨੇ ਕਿਸਾਨਾਂ 'ਚ ਵੰਡਣ, ਪੰਚਾਇਤੀ ਜ਼ਮੀਨ 'ਚੋਂ ਤੀਸਰੇ ਹਿੱਸੇ ਦੀ ਜ਼ਮੀਨ ਮਜ਼ਦੂਰਾਂ ਨੂੰ ਦੇਣ ਤੇ ਲੋੜਵੰਦ ਪਰਵਾਰਾਂ ਨੂੰ ਰਿਹਾਇਸ਼ੀ ਪਲਾਟ ਅਤੇ ਮਕਾਨ ਬਣਾਉਣ ਲਈ 5 ਲੱਖ ਰੁਪਏ ਦੀ ਗ੍ਰਾਂਟ ਦੇਣ ਵਰਗੀਆਂ ਬੁਨਿਆਦੀ ਅਤੇ ਹੱਕੀ ਮੰਗਾਂ ਵਾਸਤੇ ਮਜ਼ਦੂਰ ਲਗਾਤਾਰ ਸੰਘਰਸ਼ ਕਰ ਰਹੇ ਹਨ। ਇਸ ਮੌਕੇ ਸਾਥੀ ਸ਼ਮਸ਼ੇਰ ਸਿੰਘ ਬਟਾਲਾ, ਪਰਮਜੀਤ ਰੰਧਾਵਾ, ਗੁਰਨਾਮ ਸਿੰਘ ਭਿੰਡਰ ਅਤੇ ਜਗਜੀਤ ਸਿੰਘ ਜੱਸੇਆਣਾ ਹਾਜ਼ਰ ਸਨ।

# ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਵੱਲੋਂ ਪਹਿਲੀ ਜੁਲਾਈ ਤੋਂ ਮੁੰਡੀਆਂ ਦੀ ਰਿਹਾਇਸ਼ ਅੱਗੇ ਰੋਸ ਮੁਜ਼ਾਹਰਾ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੈਂਡੂ)** ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਰਜਿ ਨੰ. 26 ਦੀ ਬ੍ਰਾਂਚ ਟਾਂਡਾ ਦੀ ਮੀਟਿੰਗ ਹੋਈ ਜਿਸ ਵਿੱਚ ਬ੍ਰਾਂਚ ਪ੍ਰਧਾਨ ਅਨਿਲ ਕੁਮਾਰ ਅਤੇ ਜਨਰਲ ਸਕੱਤਰ ਮਨਦੀਪ ਸਿੰਘ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਥੇਬੰਦੀ ਵੱਲੋਂ 2800 ਦੇ ਲੱਗਭਗ ਇਨਲਿਸਟਮੈਂਟ ਕਾਮਿਆਂ ਨੂੰ ਪੰਜਾਬ ਸਰਕਾਰ ਤੇ ਜਲ ਸਪਲਾਈ ਵਿਭਾਗ ਦੀ ਮੈਨੇਜਮੈਂਟ ਵੱਲੋਂ ਕੀਤੇ ਅੱਖੋਂ ਪਰੋਖੇ ਤੇ ਨਵੇਂ ਆਰਡੀਨੈਂਸ ਵਿਚ ਸ਼ਾਮਲ ਕਰਨ ਦਾ ਕੋਈ ਸਿਧਾ ਨਾਂ ਹੋਣ ਤੇ ਜਥੇਬੰਦੀ ਨੇ ਤਿੱਖੇ ਸੰਘਰਸ਼ ਦੇ ਰਾਹ ਤੇ ਸੀ ਜਿਸ ਦੌਰਾਨ ਪੰਜਾਬ ਸਰਕਾਰ, ਸਬ ਕਮੇਟੀ ਚੇਅਰਮੈਨ ਹਰਪਾਲ ਸਿੰਘ ਚੀਮਾ, ਜਲ ਸਪਲਾਈ ਮੰਤਰੀ ਹਰਦੀਪ ਸਿੰਘ ਮੁੰਡੀਆਂ ਤੇ ਜਲ ਸਪਲਾਈ ਵਿਭਾਗ ਦੀ ਉੱਚ ਮੈਨੇਜਮੈਂਟ ਵੱਲੋਂ ਲਗਾਤਾਰ ਮੀਟਿੰਗਾਂ ਕਰਕੇ ਇਹ ਭਰੋਸਾ ਦਿੱਤਾ ਜਾਂਦਾ ਸੀ ਕਿ ਇਸ ਬਿੱਲ ਵਿਚ ਇਨਲਿਸਟਮੈਂਟ ਕਾਮਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ। ਜਲ ਸਪਲਾਈ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਜਥੇਬੰਦੀ ਨਾਲ ਪੰਜਾਬ ਭਵਨ ਚੰਡੀਗੜ੍ਹ ਮੀਟਿੰਗ ਦੌਰਾਨ ਵਾਅਦਾ ਕੀਤਾ ਸੀ ਕਿ ਇੱਕ ਹਫ਼ਤੇ ਦੇ ਅੰਦਰ-ਅੰਦਰ ਇਨਲਿਸਟਮੈਂਟ ਕੈਟਾਗਰੀ ਨੂੰ ਸ਼ਾਮਲ ਕਰਕੇ ਜਥੇਬੰਦੀ ਸੂਚਿਤ ਕਰ ਦਿੱਤਾ ਜਾਵੇਗਾ। ਪਰ ਅਫਸੋਸ ਦੋ ਹਫ਼ਤੇ ਬੀਤ ਜਾਣ



ਦੇ ਬਾਵਜੂਦ ਵੀ ਪਰਨਾਲਾ ਉੱਥੇ ਦਾ ਉੱਥੇ ਹੀ ਹੈ।ਉਸ ਸਮੇਂ ਵਰਕਰਾਂ ਵਿੱਚ ਭਾਰੀ ਨਿਰਾਸ਼ਾ ਪਾਈ ਗਈ ਜਦੋਂ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਡਿਪਟੀ ਡਾਇਰੈਕਟਰ (ਪ੍ਰਸ਼ਾਸਨ) ਹੈਡ ਆਫਿਸ ਪਟਿਆਲਾ ਵੱਲੋਂ ਬੋਲੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਠੇਕਾ ਕਾਮਿਆਂ ਦੀਆਂ ਐਂਟਰੀਆਂ ਐਚ ਆਰ ਐਮ ਐਸ ਪੋਰਟਲ ਉਪਰ ਕਰਕੇ 25/06/2026 ਤੱਕ ਵਿਭਾਗ ਨੂੰ ਸੂਚਿਤ ਕੀਤਾ ਜਾਵੇ, ਜਿਸ 'ਚੋਂ ਇਨਲਿਸਟਮੈਂਟ ਕਾਮਿਆਂ ਦਾ ਕੋਈ ਜ਼ਿਕਰ ਨਹੀਂ ਜਦੋਂ ਇਸ ਸਬੰਧੀ ਜਥੇਬੰਦੀ ਨੇ ਵਿਭਾਗੀ ਅਧਿਕਾਰੀਆਂ ਨਾਲ ਤਾਲਮੇਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਦਾ ਹਵਾਲਾ ਦਿੰਦਿਆਂ ਪੱਲਾ ਝਾੜ ਦਿੱਤਾ। ਜਿਸ ਤੇ ਜਥੇਬੰਦੀ ਨੇ ਤੁਰੰਤ ਐਕਸ਼ਨ ਲੈਂਦਿਆਂ ਫੈਸਲਾ ਕੀਤਾ ਕਿ ਵਾਅਦਾ ਖ਼ਿਲਾਫ਼ੀ ਵਿਰੁੱਧ 01/07/2026 ਨੂੰ ਜਲ ਸਪਲਾਈ ਮੰਤਰੀ ਹਰਦੀਪ ਸਿੰਘ ਮੁੰਡੀਆਂ ਦੀ ਰਿਹਾਇਸ਼ ਮੁੰਡੀਆਂ ਕਲਾਂ ਮੂਹਰੇ ਜ਼ਬਰਦਸਤ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਵਿੱਚ ਟਾਂਡਾ ਬ੍ਰਾਂਚ ਦੇ ਸਾਥੀ ਵੱਧ ਚੜ੍ਹ ਕੇ ਹਣਾਂ ਵਿੱਚ ਸ਼ਮੂਲੀਅਤ ਕਰਨਗੇ ਅਤੇ ਆਗੂਆਂ ਨੇ ਕਿਹਾ ਕਿ ਇਹ ਸੰਘਰਸ਼ ਇਨਲਿਸਟਮੈਂਟ ਕਾਮਿਆਂ ਨੂੰ ਨਵੇਂ ਬਿੱਲਾਂ ਵਿਚ ਸ਼ਾਮਲ ਕਰਨ ਤੱਕ ਜਾਰੀ ਰਹੇਗਾ। ਹਾਜ਼ਰ ਸਾਥੀ ਅਸ਼ੋਕ ਕੁਮਾਰ, ਸੁਖਵਿੰਦਰ ਸਿੰਘ, ਰਣਜੀਤ ਕੁਮਾਰ ਗਿੱਲ, ਰਮਨ ਸੈਣੀ, ਪ੍ਰਦੀਪ ਸਿੰਘ, ਸ਼ਰਨਜੀਤ ਸਿੰਘ, ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਸਰਕਾਰੀ ਪੋਲੀਟੈਕਨਿਕ ਕਾਲਜ ਖੂਨੀ ਮਾਜਰਾ ਵਿਖੇ ਲੈਬ ਦਾ ਉਦਘਾਟਨ

**ਖਰੜ (ਹਰਨਾਮ ਸਿੰਘ ਡੱਲਾ)**- ਸਰਕਾਰੀ ਪੋਲੀਟੈਕਨਿਕ ਕਾਲਜ ਖੂਨੀ ਮਾਜਰਾ ਵਿਖੇ ਵਿਦਿਆਰਥੀਆਂ ਨੂੰ ਆਧੁਨਿਕ ਤਕਨੀਕੀ ਸਿੱਖਿਆ ਨਾਲ ਜੋੜਨ ਦੇ ਉਦੇਸ਼ ਨਾਲ ਪ੍ਰਿੰਸੀਪਲ ਰਕਸ਼ਾ ਕਿਰਨ ਦੇ ਯਤਨਾਂ ਸਦਕਾ ਆਈ ਆਈ ਟੀ ਰੋਪੜ ਦੇ ਸਹਿਯੋਗ ਨਾਲ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਦੇ ਉੱਚ ਅਫ਼ਸਰਾਂ ਦੇ ਤਕਨੀਕੀ ਸਿੱਖਿਆ ਨੂੰ ਨਵੀਂ ਦਿਸ਼ਾ ਦੇਣ ਦੇ ਮੰਤਵ ਸਥਾਪਿਤ ਕੀਤੀ ਗਈ ਸਾਈਬਰ-ਫਿਜ਼ੀਕਲ ਸਿਸਟਮ (ਸੀ ਪੀ ਐਸ) ਲੈਬ ਦਾ ਉਦਘਾਟਨ ਐਸ.ਡੀ.ਐਮ. ਖਰੜ ਗੁਰਮੀਤ ਸਿੰਘ ਵੱਲੋਂ ਕੀਤਾ ਗਿਆ।ਇਸ ਮੌਕੇ ਐਸ.ਡੀ.ਐਮ. ਨੇ ਕਿਹਾ ਕਿ ਸੀ ਪੀ ਐਸ ਲੈਬ ਵਿਦਿਆਰਥੀਆਂ ਨੂੰ ਨਵੀਆਂ ਤਕਨੀਕਾਂ, ਆਟੋਮੇਸ਼ਨ, ਇੰਟਰਨੈੱਟ ਆਫ ਥਿੰਗਜ਼, ਰੋਬੋਟਿਕਸ ਅਤੇ ਇੰਡਸਟਰੀ 4.0 ਨਾਲ ਸਬੰਧਤ ਵਿਹਾਰਕ ਸਿਖਲਾਈ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ ਅਤੇ ਭੂਮੀ ਪਰਖ ਅਤੇ ਵਾਤਾਵਰਣ ਦੇ ਫੋਰਕਾਸਟ ਬਾਰੇ ਅਹਿਮ ਜਾਣਕਾਰੀ ਉਪਲੱਬਧ ਕਰਵਾਏਗੀ। ਉਨ੍ਹਾਂ ਨੇ ਕਾਲਜ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਪ੍ਰਯੋਗਸ਼ਾਲਾਵਾਂ ਵਿਦਿਆਰਥੀਆਂ ਨੂੰ ਰੋਜ਼ਗਾਰ ਅਤੇ ਉਦਯੋਗਿਕ ਲੋੜਾਂ ਅਨੁਸਾਰ ਤਿਆਰ ਕਰਨ ਵਿੱਚ ਮਦਦਗਾਰ ਸਾਬਤ ਹੋਣਗੀਆਂ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਰਵਿੰਦਰ ਸਿੰਘ ਵਾਲੀਆ ਅਤੇ ਆਈ ਆਈ ਟੀ ਰੋਪੜ ਤੋਂ ਆਏ ਅਦਿਤਿਆ ਮਦਾਨ ਨੇ ਦੱਸਿਆ ਕਿ ਸੰਸਥਾ ਵਿੱਚ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਅਤੇ ਆਧੁਨਿਕ ਤਕਨੀਕੀ ਸਿੱਖਿਆ ਪ੍ਰਦਾਨ ਕਰਨ ਲਈ ਲਗਾਤਾਰ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ। ਸੀ ਪੀ ਐਸ ਲੈਬ ਵੀ ਇਸੇ ਲੜੀ ਦੀ ਇੱਕ ਮਹੱਤਵਪੂਰਨ ਕੜੀ ਹੈ। ਕਾਲਜ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ



ਇੰਚਾਰਜ ਪ੍ਰੋ. ਗੁਰਬਖਸ਼ੀਸ਼ ਸਿੰਘ ਅੰਟਾਲ ਨੇ ਦੱਸਿਆ ਕਿ ਆਈ ਆਈ ਟੀ ਰੋਪੜ ਵੱਲੋਂ ਅਦਿਤਿਆ ਮਦਾਨ, ਚੀਫ ਪਾਰਟਨਰਸ਼ਿਪ ਅਫ਼ਸਰ, ਅਖਿਲਾ ਅਨਿਲ ਡਿਪਟੀ ਮੈਨੇਜਰ ਸਕਿੱਲ ਅਤੇ ਪਾਰਟਨਰਸ਼ਿਪ, ਅੰਕਿਤ ਸ਼ਰਮਾ ਯੰਗ ਪ੍ਰੋਫੈਸ਼ਨਲ ਸਕਿੱਲ ਅਤੇ ਪਾਰਟਨਰਸ਼ਿਪ ਅਤੇ ਉਨ੍ਹਾਂ ਦੀ ਟੀਮ ਨੇ ਸੀ ਪੀ ਐਸ ਲੈਬ ਦੀ ਸਥਾਪਨਾ ਵਿੱਚ ਵਿਸ਼ੇਸ਼ ਯੋਗਦਾਨ ਪਾਇਆ।ਸਮਾਗਮ ਦੌਰਾਨ ਹਰਪ੍ਰੀਤ ਕੌਰ ਮੁਖੀ ਮੈਡੀਕਲ ਲੈਬ ਟੈਕਨੋਲੋਜੀ ਵਿਭਾਗ, ਕਵਿਤਾ ਮੌਂਗਾ ਮੁਖੀ ਅਪਲਾਈਡ ਸਾਇੰਸ ਵਿਭਾਗ, ਸੰਜੀਵ ਜਿੰਦਲ ਮੁਖੀ ਮਕੈਨਿਕਲ ਵਿਭਾਗ, ਕਾਲਜ ਦੇ ਅਧਿਆਪਕ, ਸਟਾਫ ਮੈਂਬਰ, ਵਿਦਿਆਰਥੀ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਅਧਿਆਪਕਾਂ ਦੀ ਤਨਖਾਹ ਜਾਰੀ ਨਾ ਹੋਣ 'ਤੇ ਯੂਨੀਅਨ ਵੱਲੋਂ ਸੰਘਰਸ਼ ਦਾ ਐਲਾਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਦੇ ਏਡਿਡ ਸਕੂਲਾਂ ਦੇ ਹਜ਼ਾਰਾਂ ਅਧਿਆਪਕਾਂ ਅਤੇ ਹੋਰ ਮੁਲਾਜ਼ਮਾਂ ਦੀਆਂ ਤਨਖਾਹਾਂ ਲੰਬੇ ਸਮੇਂ ਤੋਂ ਜਾਰੀ ਨਾ ਹੋਣ ਕਾਰਨ ਰੋਸ ਵਧਦਾ ਜਾ ਰਿਹਾ ਹੈ।ਏਡਿਡ ਸਕੂਲ ਕਰਮਚਾਰੀ ਯੂਨੀਅਨ ਨੇ ਦੋਸ਼ ਲਗਾਇਆ ਹੈ ਕਿ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਹਰਪਾਲ ਸਿੰਘ ਚੀਮਾ ਵੱਲੋਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਪਿਛਲੇ ਦਿਨੀ ਹੋਈ ਮੀਟਿੰਗ ਵਿੱਚ ਤਨਖਾਹਾਂ ਤੁਰੰਤ ਜਾਰੀ ਕਰਨ ਦੇ ਆਦੇਸ਼ ਦਿੱਤੇ ਜਾਣ ਦੇ ਬਾਵਜੂਦ ਅਜੇ ਤੱਕ ਕਿਸੇ ਵੀ ਜ਼ਿਲ੍ਹੇ ਦੇ ਅਧਿਆਪਕਾਂ ਦੀ ਤਨਖਾਹ ਜਾਰੀ ਨਹੀਂ ਕੀਤੀ ਗਈ। ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੀਤ ਸਿੰਘ ਮਦਨੀਪੁਰ ਅਤੇ ਜਨਰਲ ਸਕੱਤਰ ਸ਼ਰਨਜੀਤ ਸਿੰਘ ਕਾਦੀਮਾਜਰਾ ਨੇ ਕਿਹਾ ਕਿ ਜਥੇਬੰਦੀ ਦੇ ਆਗੂਆਂ ਵੱਲੋਂ ਮੁਹਾਲੀ ਵਿਖੇ ਸਿੱਖਿਆ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ।ਮੁੱਖ ਦਫ਼ਤਰ ਵਲੋਂ ਕਿਸੀ ਵੀ ਜ਼ਿਲ੍ਹੇ ਦੀ ਤਨਖਾਹ ਗਰਾਂਟ ਜਾਰੀ ਨਹੀਂ ਕੀਤੀ ਗਈ।ਉਹਨਾਂ ਕਿਹਾ ਕਿ ਏਡਿਡ ਸਕੂਲਾਂ ਦੇ ਅਧਿਆਪਕ ਅਤੇ ਹੋਰ ਕਰਮਚਾਰੀ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਨ।ਉਨ੍ਹਾਂ



ਦੱਸਿਆ ਕਿ ਕੈਬਨਿਟ ਸਬ ਕਮੇਟੀ ਦੀ ਮੀਟਿੰਗ ਦੌਰਾਨ ਤਨਖਾਹਾਂ ਜਲਦ ਜਾਰੀ ਕਰਨ ਦਾ ਭਰੋਸਾ ਦਿੱਤਾ ਗਿਆ ਸੀ, ਪਰ ਸਿੱਖਿਆ ਵਿਭਾਗ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।ਉਹਨਾਂ ਕਿਹਾ ਕਿ 4 ਜੂਨ ਨੂੰ ਸਿੱਖਿਆ ਵਿਭਾਗ ਨੂੰ ਲਿਖਤੀ ਮੀਟਿੰਗ ਆਫ ਮਿਨਟਸ ਦਿੱਤਾ ਗਿਆ ਪਰ ਨਾ ਮਿਲਣ ਦੇ ਬਹਾਨੇ ਮੀਟਿੰਗ ਨਹੀਂ ਕੀਤੀ ਗਈ ।ਏਡਿਡ ਸਕੂਲਾਂ ਤੋਂ ਸੇਵਾ ਮੁਕਤ ਹੋਏ ਅਧਿਆਪਕਾਂ ਦੇ ਢਾਈ ਢਾਈ ਸਾਲ ਤੋਂ ਪੀ ਪ ਓ ਆਰਡਰ ਪੈਂਡਿੰਗ ਹਨ।ਸਿਰਤਾਜਸ਼ੀਆਂ ਤੇ ਮਿਲ ਕੇ ਜਾਣ ਵਾਲਿਆਂ ਦੇ ਕੇਸ ਲਾਈਨ ਤੋੜ ਕੇ ਤਰਜੀਹ ਤੇ ਕੀਤੇ ਗਏ ਹਨ।ਯੂਨੀਅਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਤਨਖਾਹਾਂ ਤੁਰੰਤ ਜਾਰੀ ਨਾ ਕੀਤੀਆਂ ਗਈਆਂ ਤਾਂ ਯੂਨੀਅਨ ਵੱਲੋਂ ਜਲਦ ਹੀ ਸੂਬਾ ਪੱਧਰੀ ਮੀਟਿੰਗ ਕਰਕੇ ਡੀਪੀਆਈ ਦਫ਼ਤਰ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਰਕਾਰ ਅਤੇ ਸਿੱਖਿਆ ਵਿਭਾਗ ਦੀ ਲਾਪਰਵਾਹੀ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਨਿਰਾਸ਼ਾ ਅਤੇ ਰੋਸ ਪਾਇਆ ਜਾ ਰਿਹਾ ਹੈ।ਯੂਨੀਅਨ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਏਡਿਡ ਸਕੂਲਾਂ ਦੇ ਅਧਿਆਪਕਾਂ ਅਤੇ ਕਰਮਚਾਰੀਆਂ ਦੀਆਂ ਬਕਾਇਆ ਤਨਖਾਹਾਂ ਤੁਰੰਤ ਜਾਰੀ ਕਰਕੇ ਉਨ੍ਹਾਂ ਨੂੰ ਆ ਰਹੀਆਂ ਆਰਥਿਕ ਮੁਸ਼ਕਲਾਂ ਤੋਂ ਰਾਹਤ ਦਿੱਤੀ ਜਾਵੇ।ਇਸ ਮੌਕੇ ਮਹੇਸ਼ ਗੌਤਮ, ਗੁਰਦੀਪ ਸਿੰਘ, ਬਲਵੰਤ ਕੌਰ ਤੇ ਹੋਰ ਵੀ ਹਾਜ਼ਰ ਸਨ ।

# ਭੁੰਗਰਨੀ 'ਚ ਮੁਫ਼ਤ ਮੈਡੀਕਲ ਕੈਂਪ ਲਗਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭੁੰਗਰਨੀ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਜੋਤੀ ਜੋਤ ਦਿਵਸ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮਨਜੀਤ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਮਾਗਮ ਦੌਰਾਨ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਪ੍ਰਸ਼ੋਤਮ ਸਿੰਘ ਭੁੰਗਰਨੀ, ਬੀਬੀ ਮਨਦੀਪ ਕੌਰ ਕਡਿਆਣਾ ਆਦਿ ਨੇ ਗੁਰਬਾਣੀ ਗੁਰਇਤਿਹਾਸ, ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਵਿਸ਼ਾਲ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਡਾਕਟਰ ਅਮਨ ਕੁਮਾਰ ਰਿਹਾਣਾ ਜੱਟਾਂ ਦੀ ਅਗਵਾਈ ਹੇਠ ਟੀਮ ਨੇ 150 ਤੋਂ ਵੱਧ ਲੋੜਵੰਦ ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ। ਇਸ ਮੌਕੇ ਪ੍ਰਬੰਧਕਾਂ ਵੱਲੋਂ ਡਾਕਟਰਾਂ ਦੀ ਟੀਮ ਨੂੰ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਗਮ ਦੌਰਾਨ ਡਾਕਟਰ ਅਮਨ ਕੁਮਾਰ ਰਿਹਾਣਾ ਜੱਟਾਂ, ਡਾਕਟਰ ਕਿਰਨ, ਕਮੇਟੀ ਪ੍ਰਧਾਨ ਮਨਜੀਤ ਸਿੰਘ, ਜੋਗਿੰਦਰ ਸਿੰਘ, ਅਮਰੀਕ ਸਿੰਘ ਪਚਾਨੰਗੀ, ਸੈਕਟਰੀ ਸੁਰਿੰਦਰ ਸਿੰਘ, ਰਾਜ ਕੁਮਾਰ ਲੰਬੜਦਾਰ, ਸੁਖਜੀਤ ਸਿੰਘ ਕਾਲਾ, ਅਮਨਦੀਪ ਸਿੰਘ, ਹਰਭਜਨ ਸਿੰਘ, ਹਰੀ ਸਿੰਘ ਫੌਜੀ, ਸੁਰਜੀਤ ਕੁਮਾਰ ਸਾਬਕਾ, ਪੰਚ, ਹਰਦੀਪ ਸਿੰਘ, ਕੁਲਦੀਪ ਸਿੰਘ, ਸਤਪਾਲ ਸਿੰਘ , ਜਰਨੈਲ ਸਿੰਘ ਆਦਿ ਹਾਜ਼ਰ ਸਨ।



# ਕੈਨੇਡਾ 'ਚ ਜੱਫਲ ਝਿੰਗੜ ਦੇ ਦਲਰਾਜ ਸਿੰਘ ਗਿੱਲ ਨੇ ਲਾਅ ਤੇ ਐਮ ਬੀ ਏ ਦੀਆਂ ਡਿਗਰੀਆਂ ਹਾਸਲ ਕਰਕੇ ਕੀਤਾ ਨਾਂਅ ਰੌਸ਼ਨ



**ਅਲਾਵਲਪੁਰ, ਕਿਸ਼ਨਗੜ੍ਹ (ਮਦਨ ਬੰਗੜ, ਸੁਖਜੀਤ ਕੁਮਾਰ)**: ਪਿੰਡ ਜੱਫਲ ਝਿੰਗੜ ਦੇ ਵਸਨੀਕ ਅਤੇ ਕੈਨੇਡਾ ਵਿੱਚ ਰਹਿੰਦੇ ਪੂਰਨ ਗੁਰਸਿੱਖ ਨੌਜਵਾਨ ਦਲਰਾਜ ਸਿੰਘ ਗਿੱਲ ਪੁੱਤਰ ਸੁਖਬੀਰ ਸਿੰਘ ਗਿੱਲ ਨੇ ਬੈਚਲਰ ਦੀ ਪੜ੍ਹਾਈ ਤੋਂ ਬਾਅਦ ਲਾਅ ਅਤੇ ਐਮਬੀਏ ਦੀਆਂ ਡਿਗਰੀਆਂ ਹਾਸਲ ਕਰਕੇ ਆਪਣੇ ਪਰਵਾਰ ਅਤੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ। ਦਲਰਾਜ ਦੇ ਪਿਤਾ ਸੁਖਬੀਰ ਸਿੰਘ ਗਿੱਲ ਅਤੇ ਤਾਇਆ ਮਦਨ ਸਿੰਘ ਗਿੱਲ ਨੇ ਦੱਸਿਆ ਕਿ ਉਹ 1989 ਵਿੱਚ ਕੈਨੇਡਾ ਗਏ ਸਨ, ਜਿੱਥੇ ਮਿਹਨਤ ਸਦਕਾ ਉਨ੍ਹਾਂ ਨੇ ਆਪਣਾ ਟਰਾਂਸਪੋਰਟ ਕਾਰੋਬਾਰ ਸਥਾਪਤ ਕੀਤਾ। ਉਨ੍ਹਾਂ ਦੇ ਦਾਦਾ ਮੇਜਰ ਲਾਲ ਸਿੰਘ ਗਿੱਲ ਬ੍ਰਿਟਿਸ਼ ਆਰਮੀ ਵਿੱਚ ਇਲਾਕੇ ਦੇ ਪਹਿਲੇ ਮੇਜਰ ਰਹੇ ਹਨ, ਜਦਕਿ ਮਾਤਾ ਯਾਦਵਿੰਦਰ ਕੌਰ ਗਿੱਲ ਸੀ.ਏ. ਹੋਣ ਦੇ ਨਾਲ ਕੈਨੇਡਾ ਵਿੱਚ ਅਕਾਊਂਟੈਂਟ ਵਜੋਂ ਸੇਵਾਵਾਂ ਨਿਭਾ ਰਹੇ ਹਨ। ਚਾਚਾ ਕਰਨਵੀਰ ਸਿੰਘ ਗਿੱਲ ਨੇ ਦੱਸਿਆ ਕਿ ਦਲਰਾਜ ਸਿੰਘ ਗਿੱਲ ਦਾ ਵਿਆਹ 18 ਜੁਲਾਈ ਨੂੰ ਹਰਮਨਪ੍ਰੀਤ ਕੌਰ ਝਾਂਗਰਾ ਨਾਲ ਹੋਵੇਗਾ। ਇਸ ਮੌਕੇ ਸਮੂਹ ਗਿੱਲ ਪਰਿਵਾਰ ਨੂੰ ਰਿਸ਼ਤੇਦਾਰਾਂ ਅਤੇ ਇਲਾਕਾ ਨਿਵਾਸੀਆਂ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

# ਦਰਬਾਰ ਹਜ਼ਰਤ ਸਾਈਂ ਫੱਜੇਸ਼ਾਹ ਦਾ ਸਾਲਾਨਾ ਜੋੜ ਮੇਲਾ 1 ਤੇ 2 ਨੂੰ

**ਅਲਾਵਲਪੁਰ (ਮਦਨ ਬੰਗੜ)**: ਦਰਬਾਰ ਹਜ਼ਰਤ ਸਾਂਈ ਫੱਜੇਸ਼ਾਹ ਅਤੇ ਬਾਬਾ ਇੱਛਾਧਾਰੀ ਸ਼ਿਵ ਮੰਦਰ ਸਿਕੰਦਰਪੁਰ ਵਿਖੇ 24ਵਾਂ ਸਾਲਾਨਾ ਜੋੜ ਮੇਲਾ ਗੱਦੀ ਨਸ਼ੀਨ ਗੁਰਪਿੰਦਰ ਸਿੰਘ ਸੂਸ ਦੀ ਅਗਵਾਈ ਵਿੱਚ 1 ਅਤੇ 2 ਜੁਲਾਈ 2026 ਨੂੰ ਸ਼ਰਧਾ ਅਤੇ ਧਾਰਮਿਕ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਮੇਲੇ ਦੌਰਾਨ ਧਾਰਮਿਕ ਰਸਮਾਂ, ਸੂਫ਼ੀਆਨਾ ਰੰਗ, ਸੱਭਿਆਚਾਰਕ ਪ੍ਰੋਗਰਾਮ ਅਤੇ ਪ੍ਰਸਿੱਧ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਸੰਗਤਾਂ ਲਈ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਰਹਿਣਗੀਆਂ।ਪ੍ਰਬੰਧਕ ਕਮੇਟੀ ਅਨੁਸਾਰ 1 ਜੁਲਾਈ, ਦਿਨ ਬੁੱਧਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਜਾਵੇਗੀ। ਸ਼ਾਮ 4 ਵਜੇ ਚਿਰਾਗਾਂ ਦੀ ਰਸਮ ਹੋਵੇਗੀ, ਜਦਕਿ ਸ਼ਾਮ 6 ਵਜੇ ਤੋਂ ਰਾਤ 9 ਵਜੇ ਤੱਕ ਨਕਾਲ ਪਾਰਟੀ ਵੱਲੋਂ ਨਕਲਾਂ ਪੇਸ਼ ਕੀਤੀਆਂ ਜਾਣਗੀਆਂ। 2 ਜੁਲਾਈ, ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਚਾਦਰ ਦੀ ਰਸਮ ਅਦਾ ਕੀਤੀ ਜਾਵੇਗੀ। ਇਸ ਤੋਂ ਬਾਅਦ ਦੁਪਹਿਰ 12 ਵਜੇ ਤੋਂ ਪ੍ਰਸਿੱਧ ਪੰਜਾਬੀ ਅਤੇ ਸੂਫ਼ੀ ਕਲਾਕਾਰ ਆਪਣੀਆਂ ਪੇਸ਼ਕਾਰੀਆਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਸਿੱਧ ਗਾਇਕ ਕੰਠ ਕਲੇਰ, ਕੁਲਵਿੰਦਰ ਕਿੰਦਾ, ਅਰਜਨ ਲਾਡਲਾ, ਅਸ਼ੀਸ਼ ਕੌਰ, ਅਬਾਦ ਸ਼ੌਕਤ ਅਲੀ ਕਵਾਲ ਅਤੇ ਈਸ਼ਾ ਨਕਾਲ ਪਾਰਟੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ।

# ਬਾਬਾ ਬਰਫਾਨੀ ਲੰਗਰ ਸੇਵਾ ਸਮਿਤੀ ਨੇ ਅਮਰਨਾਥ ਯਾਤਰਾ ਲਈ ਲੰਗਰ ਰਸਦ ਸਮੱਗਰੀ ਭੇਜੀ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਬਾਬਾ ਬਰਫਾਨੀ ਲੰਗਰ ਸੇਵਾ ਸਮਿਤੀ ਮੁਕੇਰੀਆਂ ਹੁਸ਼ਿਆਰਪੁਰ ਬਰਾਂਚ ਮਾਹਿਲਪੁਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀ ਅਮਰਨਾਥ ਯਾਤਰਾ ਮੌਕੇ ਲਗਾਉਣ ਵਾਲੇ ਲੰਗਰ ( ਬਾਲਟਾਲ ਲੰਗਰ ਨੰਬਰ 3 ) ਲਈ ਰਸਦ ਸਮੱਗਰੀ ਡੇਰਾ ਬਾਪੂ ਗੰਗਾ ਦਾਸ



ਮਾਹਿਲਪੁਰ ਤੋਂ ਭੇਜੀ ਗਈ।ਇਸ ਮੌਕੇ ਸਭ ਤੋਂ ਪਹਿਲਾਂ ਡੇਰੇ ਦੇ ਮੁੱਖ ਸੇਵਾਦਾਰ ਮਨਦੀਪ ਬੈਂਸ ਜੀ ਦੀ ਯੋਗ ਅਗਵਾਈ ਹੇਠ ਹਵਨ ਦੀ ਰਸਮ ਅਦਾ ਕੀਤੀ ਗਈ।ਉਸ ਤੋਂ ਬਾਅਦ ਬਾਬਾ ਬਰਫਾਨੀ ਲੰਗਰ ਸੇਵਾ ਸਮਿਤੀ ਮੁਕੇਰੀਆਂ ਦੇ ਆਏ ਹੋਏ ਪ੍ਰਮੁੱਖ ਵਿਅਕਤੀਆਂ ਨੂੰ 4 ਲੱਖ ਰੁਪਏ ਦੀ ਰਾਸ਼ੀ ਅਤੇ ਲੰਗਰ ਵਾਸਤੇ ਰਸਤ/ ਸਮੱਗਰੀ ਦਿੱਤੀ ਗਈ।ਲੰਗਰ ਵਾਸਤੇ ਰਸਦ ਸਮੱਗਰੀ ਦੀ ਗੱਡੀ ਰਵਾਨਾ ਕਰਨ ਮੌਕੇ ਮਨਦੀਪ ਬੈਂਸ ਮੁੱਖ ਸੇਵਾਦਾਰ ਡੇਰਾ ਬਾਪੂ ਗੰਗਾ ਦਾਸ, ਜੋਗਿੰਦਰ ਪਾਲ ਪਿੰਕੀ, ਅਨਿਲ ਕੁਮਾਰ ਕਾਲਾ, ਵਿੱਕੀ ਅਗਨੀਹੋਤਰੀ, ਇੰਸਪੈਕਟਰ ਪਰਮਜੀਤ ਬੈਂਸ, ਅੱਛਰ ਕੁਮਾਰ ਜੋਸ਼ੀ, ਰੋਹਿਤ ਧਵਨ, ਰਾਜ ਕੁਮਾਰ, ਮੁਕੇਰੀਆਂ ਬਰਾਂਚ ਤੋਂ ਅਮਨ ਠਾਕਰ, ਚੰਡੀਗੜ੍ਹ ਤੋਂ ਸੰਤੋਸ਼ ਸ਼ਰਮਾ, ਉਮੇਸ਼ ਗੌਤਮ, ਸੁਲਤਾਨਪੁਰ ਲੋਧੀ ਬਰਾਂਚ ਤੋਂ ਵਿਨੋਦ ਕੁਮਾਰ, ਸੁਭਾਸ਼ ਗੌਤਮ, ਅਨੁਰਾਗ ਹਾਂਡਾ, ਜਤਿਨ ਤਨੇਜਾ, ਰਵੀ ਖੜੌਂਦੀ, ਕਮਲਜੀਤ ਬਾਲੀ, ਗੋਪੀ ਬਸਰਾ, ਸੰਜੇ ਮਲਹੋਤਰਾ, ਸੜੋਆ ਬਰਾਂਚ ਤੋਂ ਪਵਨ ਕੁਮਾਰ, ਰਾਜ ਕੁਮਾਰ, ਜੀਵਨ, ਰੀਟਾ ਰਾਣੀ ਸਾਬਕਾ ਐਮ.ਸੀ, ਗਗਨਦੀਪ ਕੌਰ, ਬਲਦੇਵ ਐਰੀ, ਹੁਸ਼ਿਆਰਪੁਰ ਬਰਾਂਚ ਤੋਂ ਪ੍ਰਦੀਪ, ਦਰਸ਼ਨ, ਨਰੂਲਾ, ਭਨੋਟ, ਲੀ ਫੋਲਡ ਵਾਲੇ ਸਨਮਾਨਯੋਗ ਸਾਥੀ ਅਤੇ ਮਾਹਿਲਪੁਰ ਪੁਰ ਬ੍ਰਾਂਚ ਨਾਲ ਸੰਬੰਧਿਤ ਕੋਟ ਬ੍ਰਾਂਚ, ਗੁਰਾਇਆ ਬਰਾਂਚ, ਸੁਲਤਾਨਪੁਰ ਲੋਧੀ ਬਰਾਂਚ ਅਤੇ ਸੜੋਆਂ ਬਰਾਂਚ ਦੀਆਂ ਸਨਮਾਨਯੋਗ ਸ਼ਖਸ਼ੀਅਤਾਂ ਹਾਜ਼ਰ ਸਨ।ਗੱਲਬਾਤ ਕਰਦਿਆ ਜੋਗਿੰਦਰ ਪਾਲ ਪਿੰਕੀ, ਅਨਿਲ ਕੁਮਾਰ ਕਾਲਾ, ਵਿੱਕੀ ਅਗਨੀਹੋਤਰੀ ਅਤੇ ਹੋਰ ਪ੍ਰਬੰਧਕਾਂ ਨੇ ਦੱਸਿਆ ਕਿ ਸ਼੍ਰੀ ਅਮਰਨਾਥ ਯਾਤਰਾ ਲਈ ਮਾਹਿਲਪੁਰ ਤੋਂ ਸ਼ਿਵ ਭਗਤਾਂ ਦੀ ਇੱਕ ਬੱਸ 3 ਜੁਲਾਈ ਦਿਨ ਸ਼ੁਕਰਵਾਰ ਨੂੰ ਸਵੇਰੇ 11 ਵਜੇ ਰਵਾਨਾ ਹੋਵੇਗੀ।

# ਮੋਰਿੰਡਾ ਵਿਖੇ ਸੱਭਿਆਚਾਰਕ ਮੇਲਾ ਅੱਜ

## ਚੰਨੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ



**ਮੋਰਿੰਡਾ (ਨਿਹਾਲ ਸਿੰਘ ਕਲਸੀ)** ਯੂਥ ਕਾਂਗਰਸ ਦੇ ਆਗੂ ਗੁਰਸੇਵਕ ਸਿੰਘ ਗਿੱਲ (ਗੁਰੂ ਸ਼ੇਰਗਿੱਲ) ਵਲੋਂ ਮਾਤਾ ਸਿਕਦਰ ਕੌਰ ਗਿੱਲ ਕੌਂਸਲਰ ਦੀ ਅਗਵਾਈ ਵਿੱਚ 28 ਜੂਨ ਨੂੰ ਸੱਭਿਆਚਾਰਕ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਯੂਥ ਆਗੂ ਗੁਰੂ ਸ਼ੇਰਗਿੱਲ ਨੇ ਦੱਸਿਆ ਇਸ ਸੱਭਿਆਚਾਰਕ ਸਮਾਗਮ 28 ਜੂਨ ਨੂੰ ਸ਼ਾਮ 7 ਵਜੇ ਸਥਾਨਕ ਅਨਾਜ ਮੰਡੀ ਮੋਰਿੰਡਾ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਪੰਜਾਬ ਦੇ ਪ੍ਰਸਿੱਧ ਕਲਾਕਾਰ ਗੁਲਾਬ ਸਿੱਧੂ ਆਪਣੇ ਸਾਥੀਆਂ ਸਮੇਤ ਆਪਣੀ ਕਲਾ ਦੇ ਜੌਹਰ ਦਿਖਾਉਣਗੇ। ਇਸ ਮੌਕੇ ਬੰਤ ਸਿੰਘ ਕਲਾਰਾਂ ਸਾਬਕਾ ਚੇਅਰਮੈਨ ਪੰਨਗ੍ਰੇਨ, ਹਰਮਿੰਦਰ ਸਿੰਘ ਲੱਕੀ, ਕੌਂਸਲਰ ਹਰਜਿੰਦਰ ਸਿੰਘ ਛਿੱਬਰ, ਕੌਂਸਲਰ ਹਰਜੀਤ ਸਿੰਘ ਸੋਢੀ, ਕੌਂਸਲਰ ਮਨਦੀਪ ਸਿੰਘ ਬਾਜਵਾ, ਕੌਂਸਲਰ ਰਜੇਸ਼ ਕੁਮਾਰ ਸਿਸੋਦੀਆ, ਵਿਗੇਸ਼ ਸੂਦ, ਕੌਂਸਲਰ ਮਹਿੰਦਰ ਸਿੰਘ ਢਿੱਲੋਂ, ਰਾਹੁਲ ਸ਼ਰਮਾ, ਬਲਵੀਰ ਸਿੰਘ ਲਾਲਾ, ਨੰਬਰਦਾਰ ਰੁਪਿੰਦਰ ਸਿੰਘ ਭੀਚਰਾ ਅਤੇ ਸੰਨੀ ਭੂਮਕ ਆਦਿ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਵਾਰਡ ਨੰਬਰ 10 ਵਿੱਚ ਰਾਸ਼ਨ ਕਿੱਟਾਂ ਵੰਡੀਆਂ

**ਫਿਲੌਰ (ਨਿਰਮਲ)**- ਪੰਜਾਬ ਸਰਕਾਰ ਦੀ ਸਕੀਮ ਤਹਿਤ ਫਿਲੌਰ ਦੇ ਵਾਰਡ ਨੰਬਰ 10 ਵਿੱਚ ਹਲਕਾ ਇੰਚਾਰਜ ਹਰਜੋਤ ਕੌਰ ਲੋਹਟੀਆ ਵੱਲੋਂ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਗਈਆਂ।ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਮੈਡਮ ਲੋਹਟੀਆ ਨੇ ਕਿਹਾ ਕਿ ਪੰਜਾਬ ਸਰਕਾਰ ਲੋਕ-ਭਲਾਈ ਲਈ ਅਨੇਕਾਂ ਅਹਿਮ ਸਕੀਮਾਂ ਚਲਾ ਰਹੀ ਹੈ। ਇਨ੍ਹਾਂ ਵਿੱਚ ਮੁਫ਼ਤ ਬਿਜਲੀ, ਔਰਤਾਂ ਨੂੰ 1000 ਤੋਂ 1500 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ,



ਔਰਤਾਂ ਲਈ ਮੁਫ਼ਤ ਬੱਸ ਸਫ਼ਰ ਅਤੇ ਬਜ਼ੁਰਗਾਂ ਲਈ ਮੁਫ਼ਤ ਤੀਰਥ ਯਾਤਰਾ ਸ਼ਾਮਲ ਹਨ।ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਫਿਲੌਰ ਨੂੰ ਜਲਦ ਹੀ ਨਵਾਂ ਪ੍ਰਧਾਨ ਮਿਲੇਗਾ ਅਤੇ ਪ੍ਰਧਾਨ ਦੀ ਨਿਯੁਕਤੀ ਤੋਂ ਤੁਰੰਤ ਬਾਅਦ ਸ਼ਹਿਰ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਆਰੰਭ ਕਰ ਦਿੱਤੇ ਜਾਣਗੇ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਫਿਲੌਰ ਰੋਸ਼ਨ ਲਾਲ ਰੋਸ਼ੀ, ਕੌਂਸਲਰ ਸੁਰਿੰਦਰ ਡਾਬਰ, ਅਮਰਜੀਤ ਸਿੰਘ, ਗੌਰੀ ਗਾਬਾ, ਹੀਰਾ ਕੌਂਸਲਰ ਪਤੀ, ਕਮਲਾ ਮਸੀਹ ਸਮੇਤ ਕਈ ਹੋਰ ਵਿਅਕਤੀ ਹਾਜ਼ਰ ਸਨ।

# ਖ਼ਾਲਸਾ ਕਾਲਜ ਨੂੰ ਬੀ ਐੱਸ ਸੀ (ਆਰਟੀਫਿਸ਼ਲ ਇੰਟੈਲੀਜੈਂਸ ਐਂਡ ਮਸ਼ੀਨ ਲਰਨਿੰਗ) ਕੋਰਸ ਦੀ ਮਾਨਤਾ

**ਮਾਹਿਲਪੁਰ (ਸ.ਫ਼ਰੀ)**- ਕੰਢੀ ਖੇਤਰ ਵਿੱਚ 1946 ਤੋਂ ਮਿਸ਼ਨਰੀ ਭਾਵਨਾ ਨਾਲ ਸਿੱਖਿਆ ਦੇ ਖੇਤਰ ਵਿਚ ਸ਼ਾਨਦਾਰ ਯੋਗਦਾਨ ਪਾਉਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਨੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਹਰ ਸੈਸ਼ਨ ਤੋਂ ਨਵੇਂ ਨਵੇਂ ਕੋਰਸ ਆਰੰਭ ਕੀਤੇ ਹਨ।ਇਸ ਲੜੀ ਤਹਿਤ ਪੰਜਾਬ



ਯੂਨੀਵਰਸਿਟੀ ਚੰਡੀਗੜ੍ਹ ਅਧੀਨ ਕਾਲਜ ਨੇ ਨਵੇਂ ਸੈਸ਼ਨ 2026-27 ਤੋਂ ਬੀ ਐੱਸ ਸੀ (ਆਰਟੀਫਿਸ਼ਲ ਇੰਟੈਲੀਜੈਂਸ ਐਂਡ ਮਸ਼ੀਨ ਲਰਨਿੰਗ) ਕੋਰਸ ਦੀ ਮਾਨਤਾ ਹਾਸਲ ਕਰ ਲਈ ਹੈ। ਇਸ ਸਬੰਧੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਮਾਹਿਰ ਟੀਮ ਵੱਲੋਂ ਖ਼ਾਲਸਾ ਕਾਲਜ ਮਾਹਿਲਪੁਰ ਦੇ ਪ੍ਰਬੰਧਕੀ ਢਾਂਚੇ, ਲੈਬਾਰਟਰੀਆਂ, ਖੇਡ ਮੈਦਾਨ, ਪ੍ਰਸ਼ਾਸਕੀ ਪ੍ਰਬੰਧ, ਸਟਾਫ ਅਤੇ ਲਾਇਬ੍ਰੇਰੀ ਸਮੇਤ ਸਮੁੱਚੇ ਵਿੱਦਿਅਕ ਢਾਂਚੇ ਦੀ ਪੜਤਾਲ ਕਰਨ ਉਪਰੰਤ ਕਾਲਜ ਨੂੰ ਬੀ ਐੱਸ ਸੀ (ਆਰਟੀਫਿਸ਼ਲ ਇੰਟੈਲੀਜੈਂਸ ਐਂਡ ਮਸ਼ੀਨ ਲਰਨਿੰਗ) ਕੋਰਸ ਦੀ ਮਾਨਤਾ ਦਿੱਤੀ ਗਈ ਹੈ ਜੋ ਕਿ ਇਲਾਕੇ ਦੇ ਵਿਦਿਆਰਥੀਆਂ ਲਈ ਰੁਜ਼ਗਾਰ ਕੇਂਦਰਿਤ ਅਤੇ ਭਵਿਖਮੁਖੀ ਸੰਭਾਵਨਾਵਾਂ ਵਾਲਾ ਕੋਰਸ ਸਿੱਧ ਹੋਵੇਗਾ। ਉਨ੍ਹਾਂ ਦੱਸਿਆ ਕਿ ਕਿਸੇ ਵੀ ਸਟਰੀਮ ਵਿੱਚ ਬਾਰ੍ਹਵੀਂ ਦੀ ਪ੍ਰੀਖਿਆ ਪਾਸ ਕਰ ਚੁੱਕੇ ਵਿਦਿਆਰਥੀ ਬੀਐੱਸਸੀ (ਆਰਟੀਫਿਸ਼ਲ ਇੰਟੈਲੀਜੈਂਸ ਐਂਡ ਮਸ਼ੀਨ ਲਰਨਿੰਗ ) ਦੇ ਕੋਰਸ ਵਿੱਚ ਦਾਖਲ ਹੋਣ ਦੇ ਯੋਗ ਹਨ। ਉਨ੍ਹਾਂ ਦੱਸਿਆ ਕਿ ਇਸ ਕੋਰਸ ਦੀ ਸਮਾਪਤੀ ਉਪਰੰਤ ਵਿਦਿਆਰਥੀ ਈ ਕਾਮਰਸ, ਬੈਂਕਿੰਗ, ਤਕਨੀਕੀ ਖੇਤਰ, ਸਿਹਤ ਸੇਵਾਵਾਂ, ਏ ਆਈ ਡਿਵੈਲਪਰ, ਡੈਟਾ ਸਾਇੰਸਿਸਟ, ਮਸ਼ੀਨ ਲਰਨਿੰਗ ਇੰਜੀਨੀਅਰਿੰਗ ਅਤੇ ਹੋਰ ਅਨੇਕਾਂ ਖੇਤਰਾਂ ਵਿੱਚ ਰੁਜ਼ਗਾਰ ਹਾਇਰ ਕਰ ਸਕਦੇ ਹਨ।

# ਪੰਜਾਬੀ ਲੈਕਚਰਾਰਾਂ ਦੀ ਭਰਤੀ 'ਚ ਐੱਸ ਸੀ ਤੇ ਬੀ ਸੀ ਭਾਈਚਾਰੇ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਡਾ. ਕਰੀਮਪੁਰੀ

## ਰਿਜ਼ਰਵੇਸ਼ਨ ਕੋਟੇ 'ਤੇ ਡਾਕਾ ਮਾਰਨ ਖ਼ਿਲਾਫ਼ ਬਸਪਾ ਖੋਲ੍ਹੇਗੀ ਮੋਰਚਾ

**ਹੁਸ਼ਿਆਰਪੁਰ (ਓ ਪੀ ਰਾਣਾ)**- ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਪੰਜਾਬ ਸਰਕਾਰ ਵੱਲੋਂ ਪੰਜਾਬੀ ਵਿਸ਼ੇ ਦੇ ਲੈਕਚਰਾਰਾਂ ਦੀਆਂ 71 ਅਸਾਮੀਆਂ ਦੀ ਭਰਤੀ ਵਿੱਚ ਐੱਸ.ਸੀ. ਅਤੇ ਬੀ.ਸੀ. ਭਾਈਚਾਰੇ ਨਾਲ ਕੀਤੇ ਗਏ ਵੱਡੇ ਧੱਕੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਪ੍ਰੈਸ ਬਿਆਨ ਜਾਰੀ ਕਰਦਿਆਂ ਡਾ. ਕਰੀਮਪੁਰੀ ਨੇ ਕਿਹਾ ਕਿ ਰਿਜ਼ਰਵੇਸ਼ਨ ਨੀਤੀ ਦਾ ਘਾਣ ਕਰਨ ਕਰਕੇ ਮੌਜੂਦਾ ਸਰਕਾਰ ਦਾ ਦਲਿਤ ਅਤੇ ਪਿਛੜਾ ਵਰਗ ਵਿਰੋਧੀ ਚਿਹਰਾ ਹੁਣ ਪੂਰੀ ਤਰ੍ਹਾਂ ਨੰਗਾ ਹੋ ਚੁੱਕਾ ਹੈ। ?ਡਾ. ਕਰੀਮਪੁਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਜਾਰੀ ਕੀਤੇ ਗਏ ਇਸ਼ਤਿਹਾਰ ਵਿੱਚ ਆਮ ਰਿਜ਼ਰਵੇਸ਼ਨ ਕੋਟੇ ਅਧੀਨ ਐੱਸ.ਸੀ. ਅਤੇ ਬੀ.ਸੀ. ਵਰਗ ਲਈ ਕੋਈ ਵੀ ਨਵੀਂ ਅਸਾਮੀ ਰਾਖਵੀਂ ਨਹੀਂ ਰੱਖੀ ਗਈ, ਇਹ ਸਿੱਧੇ ਤੌਰ 'ਤੇ ਸੰਵਿਧਾਨਕ ਰਿਜ਼ਰਵੇਸ਼ਨ ਨੀਤੀ ਦੀ ਭਾਵਨਾ ਅਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਦਾ ਘੋਰ ਉਲੰਘਣ ਹੈ। ਸੰਵਿਧਾਨ ਵੱਲੋਂ ਮਿਲੇ ਹੱਕਾਂ ਨੂੰ ਇਸ ਤਰ੍ਹਾਂ ਕੁਚਲਣ ਦੀ ਇਜਾਜ਼ਤ ਕਿਸੇ ਨੂੰ ਨਹੀਂ ਦਿੱਤੀ ਜਾਵੇਗੀ। ਡਾ. ਕਰੀਮਪੁਰੀ ਨੇ ਰਾਖਵਾਂਕਰਨ ਮਾਮਲੇ 'ਤੇ ਸਖ਼ਤ ਰੁਖ ਅਪਣਾਉਂਦਿਆਂ ਅਤੇ ਪੰਜਾਬ ਦੀ ਆਪ ਸਰਕਾਰ ਨੂੰ ?ਚੇਤਾਵਨੀ ਦਿੰਦਿਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਸਰਕਾਰ ਤੋਂ ਇਸ ਮਾਮਲੇ 'ਤੇ ਤੁਰੰਤ ਅਮਲ ਦੀ ਮੰਗ ਕਰਦੀ ਹੈ ਅਤੇ ਤਿੱਖੇ ਸੰਘਰਸ਼ ਦੀ ਚੇਤਾਵਨੀ ਦਿੰਦੀ ਹੈ।ਉਨ੍ਹਾਂ ਕਿਹਾ ਪੰਜਾਬ



ਸਰਕਾਰ ਇਸ ਭਰਤੀ ਦਾ ਪੂਰਾ ਰੋਸਟਰ ਤੁਰੰਤ ਜਨਤਕ ਕਰੇ ਤਾਂ ਜੋ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਸਕੇ। ਐੱਸ.ਸੀ. ਅਤੇ ਬੀ.ਸੀ. ਭਾਈਚਾਰੇ ਦਾ ਜੋ ਬਣਦਾ ਕਾਨੂੰਨੀ ਅਤੇ ਸੰਵਿਧਾਨਕ ਹੱਕ ਹੈ, ਉਸ ਅਨੁਸਾਰ ਨਵੀਂਆਂ ਅਸਾਮੀਆਂ ਰਾਖਵੀਆਂ ਕੀਤੀਆਂ ਜਾਣ। ?ਕਰੀਮਪੁਰੀ ਨੇ ਕਿਹਾ ਬਸਪਾ ਸਪੱਸ਼ਟ ਕਰਦੀ ਹੈ ਕਿ ਰਾਖਵੇਂਕਰਨ ਦੇ ਹੱਕਾਂ ਉੱਤੇ ਕੋਈ ਵੀ ਡਾਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਮਜ਼ਬੂਤੀ ਨਾਲ ਵੱਡਾ ਅੰਦੋਲਨ ਆਰੰਭ ਕੀਤਾ ਜਾਵੇਗਾ। ?ਡਾ. ਕਰੀਮਪੁਰੀ ਨੇ ਪੰਜਾਬ ਦੇ ਸਮੂਹ ਇਨਸਾਫ਼ ਪਸੰਦ ਲੋਕਾਂ, ਨੌਜਵਾਨਾਂ ਅਤੇ ਖਾਸ ਕਰਕੇ ਐੱਸ.ਸੀ./ਬੀ.ਸੀ. ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਇਨ੍ਹਾਂ ਮਾਰੂ ਨੀਤੀਆਂ ਖ਼ਿਲਾਫ਼ ਇਕਜੁੱਟ ਹੋਣ। ਉਨ੍ਹਾਂ ਨੇ ਸਾਰਿਆਂ ਨੂੰ ਬਸਪਾ ਵੱਲੋਂ ਵਿੱਢੀ ਗਈ 'ਪੰਜਾਬ ਸੰਭਾਲੋ ਮੁਹਿੰਮ' ਨਾਲ ਜੁੜਨ ਦਾ ਜ਼ੋਰਦਾਰ ਸੱਦਾ ਦਿੱਤਾ ਤਾਂ ਜੋ ਪੰਜਾਬ ਦੇ ਸਰਵਸਮਾਜ ਦੇ ਹੱਕਾਂ ਦੀ ਰਾਖੀ ਕੀਤੀ ਜਾ ਸਕੇ ਅਤੇ ਇਸ ਗੂੰਗੀ-ਬੋਲੀ ਸਰਕਾਰ ਨੂੰ ਜਗਾ ਕੇ ਦਲਿਤਾਂ-ਪਿਛੜਿਆਂ ਦਾ ਹੱਕ ਦਿਵਾਇਆ ਜਾ ਸਕੇ।

# ਅੱਜ ਨਿੱਕੜਿਆਂ ਨੂੰ ਪਿਆਈਆਂ ਜਾਣਗੀਆਂ ਪੋਲੀਓ ਰੋਕੂ ਬੂੰਦਾਂ : ਡਾ. ਮਨਪ੍ਰੀਤ ਕੌਰ

**ਬੁੱਲ੍ਹੋਵਾਲ, (ਵਿਰਦੀ)** ਸਿਹਤ ਵਿਭਾਗ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਮਨਪ੍ਰੀਤ ਕੌਰ ਦੀ ਅਗਵਾਈ ਵਿਚ 28, 29 ਅਤੇ 30 ਜੂਨ ਨੂੰ 5 ਸਾਲ ਤੱਕ



ਦੇ ਬੱਚਿਆਂ ਨੂੰ ਪੋਲੀਓ ਰੋਕੂ ਦਵਾਈ ਪਿਆਈ ਜਾਵੇਗੀ। ਐਸ.ਐਮ.ਓ. ਡਾ. ਮਨਪ੍ਰੀਤ ਕੌਰ ਨੇ ਦੱਸਿਆ ਕਿ ਰਾਸ਼ਟਰੀ ਪਲਸ ਪੋਲੀਓ ਪ੍ਰੋਗਰਾਮ ਤਹਿਤ 28 ਜੂਨ ਤੋਂ ਤਿੰਨ ਦਿਨ ਲਈ ਸਿਹਤ ਵਿਭਾਗ ਦੇ ਕਰਮਚਾਰੀ ਬੱਚਿਆਂ ਨੂੰ ਬੂੰਦਾਂ ਪਿਲਾਉਣਗੇ। ਬਲਾਕ ਪੀ.ਐਚ.ਸੀ. ਚੱਕੋਵਾਲ ਵਿਚ ਐਤਵਾਰ ਨੂੰ 77 ਜਗ੍ਹਾ ਬੂਥ ਲੱਗਣਗੇ। ਇਸ ਤੋਂ ਇਲਾਵਾ 29 ਅਤੇ 30 ਜੂਨ ਨੂੰ ਟੀਮਾਂ ਘਰ-ਘਰ ਜਾ ਕੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਆਉਣਗੀਆਂ। ਉਹਨਾਂ ਦੱਸਿਆ ਕਿ 2011 ਵਿਚ ਆਖਰੀ ਪੋਲੀਓ ਦਾ ਕੇਸ ਮਿਲਿਆ ਸੀ, ਉਸ ਤੋਂ ਬਾਅਦ ਕੋਈ ਕੇਸ ਨਹੀਂ ਨਿਕਲਿਆ। ਲੋਕਾਂ ਦੇ ਸਹਿਯੋਗ ਨਾਲ ਹੀ ਇਹ ਸੰਭਵ ਹੋ ਸਕਿਆ ਹੈ ਕਿਉਂਕਿ ਸਮੇਂ ਸਿਰ ਬੱਚਿਆਂ ਨੂੰ ਪੋਲੀਓ ਦੀ ਦਵਾਈ ਦੇਣ ਨਾਲ ਪੋਲੀਓ ਮੁਕਤ ਭਾਰਤ ਬਣ ਸਕਿਆ ਹੈ। ਡਾ. ਮਨਪ੍ਰੀਤ ਕੌਰ ਨੇ ਦੱਸਿਆ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਜਿਥੇ ਕਿਤੇ ਵੀ ਹੋਣ ਓਥੇ ਉਹ ਐਤਵਾਰ 28 ਜੂਨ ਨੂੰ ਨਜ਼ਦੀਕ ਦੇ ਬੂਥ 'ਤੇ ਜਾ ਕੇ ਬੱਚਿਆਂ ਨੂੰ ਦਵਾਈ ਜ਼ਰੂਰ ਪਿਆਉਣ।

# ਸਤਿਗੁਰੂ ਕਬੀਰ ਚੌਂਕ ਦਾ ਨਵੀਨੀਕਰਨ ਉਪਰੰਤ ਉਦਘਾਟਨ




**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ, ਲਖਵਿੰਦਰ ਸਿੰਘ ਆਧੀ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਸਤਿਗੁਰੂ ਕਬੀਰ ਜੀ ਦੇ 628ਵੇਂ ਪ੍ਰਕਾਸ਼ ਉਤਸਵ ਸਮਾਗਮਾਂ ਤੋਂ ਪਹਿਲਾਂ ਨਕੋਦਰ ਰੋਡ 'ਤੇ ਸਤਿਗੁਰੂ ਕਬੀਰ ਚੌਂਕ ਦਾ ਨਵੀਨੀਕਰਨ ਉਪਰੰਤ ਉਦਘਾਟਨ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਨੇ ਪੰਜਾਬ ਸਰਕਾਰ ਦੀ ਇਤਿਹਾਸਕ ਅਤੇ ਧਾਰਮਿਕ ਸ਼ਖਸੀਅਤਾਂ ਦਾ ਸਨਮਾਨ ਕਰਨ ਪ੍ਰਤੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੱਭਿਆਚਾਰਕ ਸਥਾਨਾਂ ਨੂੰ ਬਿਹਤਰ ਬਣਾਉਣ ਲਈ ਸਰਗਰਮੀ ਨਾਲ ਕੰਮ ਕੀਤਾ ਹੈ।

ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਸਤਿਗੁਰੂ ਕਬੀਰ ਜੀ ਦੇ ਪ੍ਰਕਾਸ਼ ਉਤਸਵ ਦੇ ਸ਼ੁੱਭ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 29 ਜੂਨ ਦੀ ਸ਼ਾਮ ਨੂੰ ਵਿਸ਼ਾਲ ਰਾਜ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਭਾਰਗਵ ਨਗਰ ਸਥਿਤ ਸਤਿਗੁਰੂ ਕਬੀਰ ਜੀ ਮੁੱਖ ਮੰਦਰ ਵਿਖੇ ਹੋਵੇਗਾ।ਉਦਘਾਟਨ ਸਮਾਰੋਹ ਵਿੱਚ ਅਚਾਰੀਆ ਮਹੰਤ ਜਗਦੀਸ਼ ਦਾਸ ਅਤੇ ਮਹੰਤ ਰਾਮ ਸਰਨ ਸਮੇਤ ਪ੍ਰਸਿੱਧ ਧਾਰਮਿਕ ਆਗੂਆਂ ਦੇ ਨਾਲ-ਨਾਲ ਮੰਦਰ ਕਮੇਟੀ ਦੇ ਮੈਂਬਰ, ਚੇਅਰਮੈਨ ਅਤੇ ਵੱਖ-ਵੱਖ ਧਾਰਮਿਕ ਸਥਾਨਾਂ ਦੇ ਪ੍ਰਮੁੱਖ ਆਗੂ ਵੀ ਸ਼ਾਮਲ ਹੋਏ ।

# ਐਸ ਸੀ ਬਹੁ-ਗਿਣਤੀ ਵਾਲੇ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ 72.21 ਕਰੋੜ ਰੁਪਏ ਜਾਰੀ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸਮੂਹਿਕ ਪੇਂਡੂ ਵਿਕਾਸ ਨੂੰ ਵੱਡਾ ਹੁਲਾਰਾ ਦਿੰਦਿਆਂ ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਨੇ ਸੂਬੇ ਭਰ ਵਿੱਚ 40 ਫੀਸਦੀ ਜਾਂ ਇਸ ਤੋਂ ਵੱਧ ਅਨੁਸੂਚਿਤ ਜਾਤੀ (ਐਸ.ਸੀ.) ਦੀ ਆਬਾਦੀ ਵਾਲੇ ਪਿੰਡਾਂ ਦੇ ਵਿਕਾਸ ਲਈ ਆਦਰਸ਼ ਗ੍ਰਾਮ ਯੋਜਨਾ ਤਹਿਤ 72.21 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਇੱਕ ਅਜਿਹਾ ਰੰਗਲਾ ਪੰਜਾਬ ਸਿਰਜਣ ਲਈ ਵਚਨਬੱਧ ਹੈ ਜਿੱਥੇ ਹਰ ਪਿੰਡ ਨੂੰ ਵਿਕਾਸ ਦੇ ਬਰਾਬਰ ਮੌਕੇ ਅਤੇ ਮਿਆਰੀ ਬਨਿਆਦੀ ਢਾਂਚਾ ਮਿਲੇ। ਉਨ੍ਹਾਂ ਕਿਹਾ ਕਿ ਸਰਕਾਰ ਵਿਕਾਸ ਦੇ ਵਿੱਤੀ ਪਾੜੇ ਨੂੰ ਪੂਰਨ, ਬੁਨਿਆਦੀ ਨਾਗਰਿਕ ਸਹੂਲਤਾਂ ਨੂੰ ਮਜ਼ਬੂਤ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਨਿਰੰਤਰ ਕੰਮ ਕਰ ਰਹੀ ਹੈ ਕਿ ਪ੍ਰਗਤੀ ਦਾ ਲਾਭ ਹਰ ਘਰ, ਖਾਸ ਕਰਕੇ ਸਮਾਜਿਕ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਤੱਕ ਪਹੁੰਚੇ।

# ਸੜਕ ਹਾਦਸੇ 'ਚ ਨੌਜਵਾਨ ਦੀ ਮੌਤ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਨਜ਼ਦੀਕੀ ਪਿੰਡ ਸਰਹਾਣਾ ਨੇੜੇ ਹੋਏ ਹਾਦਸੇ ਦੌਰਾਨ ਤਿੰਨ ਭੈਣਾਂ ਦੇ ਇਕਲੌਤੇ ਨੌਜਵਾਨ ਭਰਾ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਬੀਤੀ ਰਾਤ ਸ੍ਰੀ ਚਮਕੌਰ ਸਾਹਿਬ ਤੋਂ ਮੋਰਿੰਡਾ ਵੱਲ ਮੋਟਰਸਾਈਕਲ 'ਤੇ ਆ ਰਹੇ ਇੱਕ ਨੌਜਵਾਨ ਨੂੰ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ ਜਿਸ ਕਾਰਨ ਨੌਜਵਾਨ ਨਵਜੋਤ ਸਿੰਘ ( 26 ) ਪੁੱਤਰ ਨੈਬ ਸਿੰਘ ਪਿੰਡ ਮਾਮੂਪੁਰ ਦੀ ਮੌਤ ਹੋ ਗਈ। ਜਦੋਂ ਕਿ ਦੂਸਰਾ ਵਾਹਨ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਨਵਜੋਤ ਸਿੰਘ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ ਜੋ ਚੰਡੀਗੜ੍ਹ



ਯੂਨੀਵਰਸਿਟੀ ਵਿੱਚ ਪਲੰਬਰ ਦਾ ਕੰਮ ਕਰਦਾ ਸੀ। ਮੋਰਿੰਡਾ ਪੁਲਸ ਨੇ ਮ੍ਰਿਤਕ ਦੀ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਦੇ ਹਵਾਲੇ ਕਰ ਦਿੱਤੀ। ਨਵਜੋਤ ਸਿੰਘ ਦਾ ਅੱਜ ਪਿੰਡ ਮਾਮੂਪੁਰ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਮੌਕੇ ਨੰਬਰਦਾਰ ਜਗਵਿੰਦਰ ਸਿੰਘ ਪੰਮੀ, ਹਰਪ੍ਰੀਤ ਸਿੰਘ, ਤਰਲੋਚਨ ਸਿੰਘ, ਸੁਰਿੰਦਰ ਸਿੰਘ ਅਤੇ ਕਰਮ ਸਿੰਘ ਆਦਿ ਨੇ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਰਵਾਰ ਵਿੱਚ ਕਮਾਉਣ ਵਾਲੇ ਨੌਜਵਾਨ ਦੀ ਮੌਤ ਹੋ ਜਾਣ ਤੇ ਪਰਵਾਰ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ।

# ਹਸਪਤਾਲ ਢਾਹਾਂ ਕਲੇਰਾਂ 'ਚ ਆਧੁਨਿਕ ਸਿਸਟਮ ਨਾਲ ਦਿਮਾਗ ਤੇ ਰੀੜ੍ਹ ਦੀ ਹੱਡੀ ਦੇ ਇਲਾਜ ਦੀ ਸ਼ੁਰੂਆਤ

**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਨਿਊਰੋਸਰਜਰੀ ਵਿਭਾਗ ਵਿਚ ਦਿਮਾਗ ਅਤੇ ਰੀੜ੍ਹ ਦੀ ਹੱਡੀ ਨਾਲ ਸੰਬੰਧਤ ਬਿਮਾਰੀਆਂ ਦੇ ਇਲਾਜ ਅਤੇ ਅਪਰੇਸ਼ਨਾਂ ਲਈ ਅਤਿ-ਆਧੁਨਿਕ ਨਿਊਰੋ ਨੈਵੀਗੇਸ਼ਨ ਸਿਸਟਮ ਦੀ ਸ਼ੁਰੂਆਤ ਹਸਪਤਾਲ ਦੇ ਮੁੱਖ ਨਿਊਰੋਸਰਜਨ ਡਾ. ਜਸਦੀਪ ਸਿੰਘ ਸੈਣੀ ਐਮ.ਸੀ.ਐਚ. ਦੀ ਅਗਵਾਈ ਵਿੱਚ ਕੀਤੀ ਗਈ ਹੈ। ਇਹ ਜਾਣਕਾਰੀ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਨੇ ਮੀਡੀਆ ਨੂੰ ਦਿੰਦੇ ਕਿਹਾ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਹਮੇਸ਼ਾ ਹੀ ਲੋਕਾਂ ਨੂੰ ਆਧੁਨਿਕ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਰਿਹਾ ਹੈ । ਇਸੇ ਤਹਿਤ ਹਸਪਤਾਲ ਵਿਚ ਆਧੁਨਿਕ ਥਰੀ ਡੀ ਨਿਊਰੋ ਨੈਵੀਗੇਸ਼ਨ ਸਿਸਟਮ ਮਰੀਜ਼ਾਂ ਨੂੰ ਉੱਚ ਪੱਧਰੀ ਨਿਊਰੋਸਰਜਰੀ ਸੇਵਾਵਾਂ ਦਾ ਆਰੰਭ ਕੀਤਾ ਗਿਆ ਹੈ। ਡਾ. ਜਸਦੀਪ ਸਿੰਘ ਸੈਣੀ ਨੇ ਕੰਪਿਊਟਰਾਈਜ਼ਡ ਥਰੀ-ਡੀ ਨਿਊਰੋ ਨੈਵੀਗੇਸ਼ਨ ਸਿਸਟਮ ਸਬੰਧੀ ਦੱਸਿਆ ਕਿ ਇਸ



ਨਵੀਂ ਤਕਨੀਕ ਨਾਲ ਦਿਮਾਗ ਦੇ ਟਿਊਮਰ, ਸਿਰ ਦੀਆਂ ਗੰਭੀਰ ਸੱਟਾਂ, ਰੀੜ੍ਹ ਦੀ ਹੱਡੀ ਦੇ ਰੋਗਾਂ ਤੇ ਹੋਰ ਜਟਿਲ ਨਿਊਰੋਸਰਜਰੀ ਦੇ ਗੰਭੀਰ ਕੇਸਾਂ ਦਾ ਵਿਚ ਇਲਾਜ ਅਤੇ ਅਪਰੇਸ਼ਨ ਮਿਆਰੀ ਢੰਗ ਨਾਲ ਹੋ ਸਕਦੇ ਹਨ। ਆਧੁਨਿਕ ਮੈਡੀਕਲ ਤਕਨਾਲੋਜੀ ਦੇ ਖੇਤਰ ਵਿੱਚ ਇਹ ਸਿਸਟਮ ਜੀਵਨ ਬਚਾਉਣ ਦੀ ਨਵੀਂ ਕੰਪਿਊਟਰਾਈਜ਼ਡ ਤਕਨੀਕ ਹੈ, ਜਿਸ ਦੀ ਵਰਤੋਂ ਨਾਲ ਛੋਟੇ ਚੀਰੇ ਰਾਹੀਂ ਅਪਰੇਸ਼ਨ ਕਰਨੇ ਸੰਭਵ ਹੋ ਗਏ ਹਨ ।ਇਸ ਦੌਰਾਨ ਕੰਪਿਊਟਰ ਮੋਨੀਟਰ 'ਤੇ ਲਾਈਵ ਅਪਰੇਸ਼ਨ ਦੇਖਣ ਨਾਲ ਮਰੀਜ਼ ਦੇ ਸਰੀਰ ਦੇ ਤੰਦਰੁਸਤ ਟਿਸ਼ੂਆਂ ਨੂੰ ਨੁਕਸਾਨ ਨਹੀਂ ਹੁੰਦਾ । ਡਾ. ਸੈਣੀ ਨੇ ਦੱਸਿਆ ਕਿ ਇਸ ਤਕਨੀਕ ਵਿਚ ਮਰੀਜ਼ ਦੇ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਐਕਸੀਡੈਂਟ ਜਾਂ ਬਿਮਾਰੀ ਨਾਲ ਪ੍ਰਭਾਵਿਤ ਹਿੱਸੇ ਦੀ ਸਹੀ ਪਛਾਣ ਹੁੰਦੀ ਹੈ । ਰੀੜ੍ਹ ਦੀ ਹੱਡੀ ਦੇ ਅਪਰੇਸ਼ਨਾਂ ਵਿੱਚ ਵੀ ਸਕਰੂ ਅਤੇ ਇੰਪਲਾਂਟ ਬਹੁਤ ਸਟੀਕਤਾ ਨਾਲ ਲਗਾਏ ਜਾ ਸਕਦੇ ਹਨ । ਵਰਨਣਯੋਗ ਹੈ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਨਿਊਰੋਸਾਇੰਸ ਵਿਭਾਗ ਵਿਚ ਸਿਰ ਅਤੇ ਰੀੜ੍ਹ ਦੀ ਹੱਡੀ ਦੀਆਂ ਬਿਮਾਰੀਆਂ ਅਤੇ ਐਕਸੀਡੈਂਟਾਂ ਵਿਚ ਦੇ ਗੰਭੀਰ ਜਖਮੀਆਂ ਲਈ ਦੇ ਇਲਾਜ ਲਈ 24 ਘੰਟੇ ਮਾਹਿਰ ਡਾਕਟਰ ਸਾਹਿਬਾਨ ਮਰੀਜ਼ਾਂ ਦੀ ਸਾਂਭ ਸੰਭਾਲ ਲਈ ਤਾਇਨਾਤ ਹੁੰਦੇ ਹਨ, ਜਿੱਥੇ ਆਈ ਸੀ ਯੂ, ਐਚ.ਡੀ.ਯੂ. ਅਤੇ ਅਮਰਜੈਂਸੀ ਵਾਰਡ ਨਵੀਨਤਮ ਮੋਨੀਟਰਾਂ, ਵੈਂਟੀਲੇਟਰਾਂ ਅਤੇ ਹੋਰ ਜੀਵਨ ਬਚਾਊ ਯੰਤਰਾਂ ਨਾਲ ਲੈਸ ਹਨ।

# ਡਮੁੰਡਾ 'ਚ ਸਿੱਧੂ ਜਠੇਰਿਆਂ ਦਾ ਸਲਾਨਾ ਜੋੜ ਮੇਲਾ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਦੇ ਪਿੰਡ ਡਮੁੰਡਾ ਵਿਖੇ ਸਥਿਤ ਸਿੱਧੂ ਜਠੇਰਿਆਂ ਦੇ ਧਾਰਮਿਕ ਅਸਥਾਨ ਵਿਖੇ ਕਮੇਟੀ ਪ੍ਰਧਾਨ ਦਿਲਬਾਗ ਸਿੰਘ ਸਿੱਧੂ ਦੀ ਦੇਖ-ਰੇਖ ਹੇਠ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ ਸਲਾਨਾ ਜੋੜ ਅਮਿੱਟ ਯਾਦਾਂ ਛੱਡਦਾ ਸਮਾਪਤ ਹੋ ਗਿਆ। ਮੇਲੇ 'ਚ ਸਮਾਜ ਸੇਵਕ ਤੇ ਐਡਵੋਕੇਟ ਪ੍ਰਸ਼ੋਤਮ ਰਾਜ ਅਹੀਰ ਨੇ ਵਿਸੇਸ਼ ਤੌਰ 'ਤੇ ਸ਼ਿਰਕਤ ਕੀਤੀ। ਕਮੇਟੀ ਪ੍ਰਧਾਨ ਦਿਲਬਾਗ ਸਿੰਘ ਸਿੱਧੂ ਨੇ ਦੱਸਿਆ ਕਿ ਸਲਾਨਾ ਜੋੜ ਮੇਲੇ ਦੌਰਾਨ ਕਮੇਟੀ ਮੈਂਬਰਾਂ ਤੇ ਸਮੂਹ ਸੰਗਤਾਂ ਵੱਲੋਂ ਸਵੇਰੇ 11 ਵਜੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ ਗਈ। ਉਪਰੰਤ ਵੋਆਇਸ ਆਫ ਪੰਜਾਬ ਰੋਹਨ, ਫਤਹਿਵੀਰ ਸਿੰਘ ਤੇ ਪੰਜਾਬ ਦੇ ਹੋਰ ਵੱਖ ਵੱਖ ਜ਼ਿਲ੍ਹਿਆਂ ਚੋਂ ਆਏ ਕਲਾਕਾਰਾਂ ਨੇ ਜਗਤ ਗੁਰੂ ਰਵਿਦਾਸ ਜੀ ਦੀ ਮਹਿਮਾ ਦਾ ਗੁਣਗਾਨ ਕਰ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਮੇਲੇ 'ਚ ਸਮਾਜ ਸੇਵਕ ਤੇ ਐਡਵੋਕੇਟ ਪ੍ਰਸ਼ੋਤਮ ਰਾਜ ਅਹੀਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਵੱਡੇ ਵਡੇਰਿਆਂ ਦੀ ਯਾਦ 'ਚ ਇਹੋ ਜਿਹੇ ਧਾਰਮਿਕ ਸਮਾਗਮ ਕਰਵਾਉਣੇ ਚਾਹੀਦੇ ਹਨ ਕਿਉਂਕਿ ਅਸੀਂ ਅੱਜ ਜੋ ਕੁਝ ਵੀ ਹਾਂ ਆਪਣੇ ਬਜ਼ੁਰਗਾਂ ਦੀ ਬਦੌਲਤ ਹਾਂ ਤੇ ਮੈਨੂੰ ਅੱਜ ਬਹੁਤ ਖੁਸ਼ੀ ਹੋਈ ਕਿ ਅੱਜ ਸਿੱਧੂ ਜਠੇਰਿਆਂ ਦੇ ਪਵਿੱਤਰ ਧਾਰਮਿਕ ਅਸਥਾਨ 'ਤੇ ਨਤਮਸਤਕ ਹੋਣ ਦਾ ਮੌਕਾ ਮਿਲਿਆ। ਗੁਰੂ



ਦਾ ਅਤੁੱਟ ਲੰਗਰ ਵਰਤਾਇਆ ਗਿਆ। ਪ੍ਰਬੰਧਕਾਂ ਨੇ ਆਏ ਹੋਏ ਪਤਵੰਤਿਆਂ ਤੇ ਕਲਾਕਾਰਾਂ ਨੂੰ ਸਨਮਾਨਤ ਕੀਤਾ। ਸਮਾਗਮ ਦੀ ਸਮਾਪਤੀ ਮੌਕੇ ਸਿੱਧੂ ਜਠੇਰਿਆਂ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਿਲਬਾਗ ਸਿੰਘ ਸਿੱਧੂ ਨੇ ਸਮੂਹ ਸੰਗਤਾਂ ਨੂੰ ਜੋੜ ਮੇਲੇ ਦੀ ਵਧਾਈ ਦਿੱਤੀ। ਇਸ ਮੌਕੇ ਨਰੇਸ਼ ਗੱਗੀ, ਲੱਕੀ ਸਿੱਧੂ, ਅਮਨ ਸਿੱਧੂ, ਬੱਬਲੂ ਸਿੱਧੂ, ਅਮਰ ਨਾਥ, ਪਰਮਜੀਤ ਡਮੁੰਡਾ, ਰਾਜ ਕੁਮਾਰ, ਸੁਰਜੀਤ ਲਾਲ ਕਾਲਾ, ਗੌਰਵ ਸਿੱਧੂ, ਅਮਨਦੀਪ ਸਿੱਧੂ, ਜੀਤ ਰਾਮ, ਅਮਿਤ ਸਿੱਧੂ, ਪਰਮਜੀਤ ਸਿੰਘ ਸਿੱਧੂ ਤੇ ਹੋਰ ਪਤਵੰਤੇ ਹਾਜ਼ਰ ਸਨ।

# ਖੰਡ ਮਿੱਲ ਸ਼ੇਰੋਂ ਵਿਖੇ ਲੱਗਾ ਪੱਕਾ ਮੋਰਚਾ 38ਵੇਂ ਦਿਨ 'ਚ ਦਾਖਲ : ਐੱਸ ਕੇ ਐੱਮ



ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਵਿਰੁੱਧ ਲੱਗਾ ਪੱਕਾ ਮੋਰਚਾ 38ਵੇਂ ਦਿਨ ਵੀ ਜਾਰੀ ਰਿਹਾ ।ਧਰਨੇ 'ਤੇ ਬੈਠੇ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਦੇ ਆਗੂਆਂ ਵੱਲੋਂ ਪੰਜਾਬ ਸਰਕਾਰ ਦੇ ਤਾਨਾਸ਼ਾਹੀ ਭਰੇ ਰਵੱਈਏ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ । ਪੁਲਸ ਪ੍ਰਸ਼ਾਸਨ ਵੱਲੋਂ ਜਿਸ ਤਰ੍ਹਾਂ ਕਿਸਾਨਾਂ ਨਾਲ ਧੱਕਾ-ਮੁੱਕੀ ਕੀਤੀ ਉਸ ਤੋਂ ਸਾਫ ਜ਼ਾਹਰ ਹੈ ਕਿ ਪੰਜਾਬ ਸਰਕਾਰ ਲੋਕਾਂ ਨੂੰ ਆਪਣੀ ਗੱਲਬਾਤ ਕਰਨ ਤੋਂ ਰੋਕ ਰਹੀ ਹੈ ਜੋ ਕਿ ਸਰਾਸਰ ਧੱਕੇਸ਼ਾਹੀ ਤੇ ਗੈਰ-ਕਾਨੂੰਨੀ ਹੈ।ਕਿਸਾਨ ਸਿਰਫ ਸਰਕਾਰ ਨੂੰ ਇਹੀ ਦੱਸਣਾ ਚਾਹੁੰਦੇ ਸਨ ਕਿ ਇਹ ਖੰਡ ਮਿੱਲ ਵਿੱਚ ਕਿਸਾਨਾਂ ਦਾ 60 ਫੀਸਦੀ ਸ਼ੇਅਰ ਹੈ।ਇਸ ਮੌਕੇ ਦਲਜੀਤ ਸਿੰਘ ਦਿਆਲਪੁਰ, ਮਨਜੀਤ ਸਿੰਘ ਬੱਗੂ, ਮਹਾਂਵੀਰ ਸਿੰਘ ਗਿੱਲ ਨਛੱਤਰ ਸਿੰਘ ਪੰਨੂ, ਤਰਸੇਮ ਸਿੰਘ ਲੁਹਾਰ, ਇੰਦਰਜੀਤ ਸਿੰਘ ਮਰਹਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਬਿਲਕੁਲ ਕੇਂਦਰ ਦੀ ਤਰਜ਼ 'ਤੇ ਲੋਕਾਂ ਦੀ ਜ਼ੁਬਾਨਬੰਦੀ ਕਰਨ 'ਤੇ ਤੁਲੀ ਹੋਈ ਹੈ ਜੋ ਸੰਵਿਧਾਨ ਦੁਆਰਾ ਲੋਕਾਂ ਨੂੰ ਮਿਲੇ ਹੱਕਾਂ ਦੇ ਬਿਲਕੁਲ ਉਲਟ ਹੈ ।ਨੇਤਾਵਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਆਪਣੀ ਆਵਾਜ਼ ਉਠਾ ਰਹੇ ਲੋਕਾਂ ਨੂੰ ਇਸ ਤਰ੍ਹਾਂ ਦਬਾਉਣ ਦੀ ਕੋਸ਼ਿਸ਼ ਕੀਤੀ ਤਾਂ ਆਉਣ ਵਾਲੇ ਸਮੇਂ ਵਿੱਚ ਬਹੁਤ ਤਿੱਖੇ ਸੰਘਰਸ਼ ਕੀਤੇ ਜਾਣਗੇ। ਮੋਰਚੇ ਦੇ ਆਗੂ ਅਗਲੇ ਦਿਨਾਂ ਵਿੱਚ ਮੀਟਿੰਗ ਕਰਕੇ ਇਸ ਸਬੰਧੀ ਕੋਈ ਸਖ਼ਤ ਪ੍ਰੋਗਰਾਮ ਉਲੀਕਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਗੰਡੀਵਿੰਡ, ਗੁਰਦਿਆਲ ਸਿੰਘ ਵਰਨਾਲਾ, ਰੇਸ਼ਮ ਸਿੰਘ ਫੇਲੋਕੇ, ਬਲਦੇਵ ਸਿੰਘ ਅਹਿਮਦਪੁਰ, ਪ੍ਰਗਟ ਸਿੰਘ ਤੁੜ, ਮਹਿਪਾਲ ਸਿੰਘ ਠੱਟੀਆਂ, ਅੰਮ੍ਰਿਤਪਾਲ ਸਿੰਘ ਚੌਧਰੀਵਾਲਾ, ਗੁਰਵਿੰਦਰ ਸਿੰਘ ਠੱਠੀਆਂ ਮਹੰਤਾਂ, ਸੁਮਸ਼ੇਰ ਸਿੰਘ ਦਲੀਪ ਸਿੰਘ ਦੋਦੇਹਰਚੰਦ ਸਿੰਘ, ਸੁਲੱਖਣ ਸਿੰਘ ਤੁੜ, ਗੁਰਮੀਤ ਸਿੰਘ ਬੀਕੇਯੂ ਉਗਰਾਹਾਂ, ਲਖਵਿੰਦਰ ਸਿੰਘ ਮੰਨਣ, ਸੁਖਬਾਜ ਸਿੰਘ ਸਿੱਧੂ, ਖਜਾਨ ਸਿੰਘ ਸਰਪੰਚ, ਨਾਜਰ ਸਿੰਘ ਸਰਹਾਲੀ ਦਵਿੰਦਰ ਸਿੰਘ ਸ਼ੇਰੋਂ ਆਦਿ ਹਾਜ਼ਰ ਸਨ।

# 'ਏਕ ਸ਼ਾਮ ਭਗਵਾਨ ਸ਼ਿਵ ਦੇ ਨਾਮ' ਸਮਾਗਮ ਸੰਬੰਧੀ ਤਿਆਰੀਆਂ ਦਾ ਡੀ ਸੀ ਨੇ ਲਿਆ ਜਾਇਜ਼ਾ



ਬਟਾਲਾ, (ਤਰਲੋਕ ਬੱਗਾ)-29 ਜੂਨ ਦਿਨ ਸੋਮਵਾਰ ਨੂੰ ਪੰਜਾਬ ਸਰਕਾਰ ਵੱਲੋਂ ਐੱਸ. ਐੱਲ. ਬਾਵਾ ਕਾਲਜ ਗਰਾਊਂਡ ਸਾਹਮਣੇ ਆਰ. ਡੀ. ਖੋਸਲਾ ਸਕੂਲ ਬਟਾਲਾ ਵਿਖੇ 'ਏਕ ਸ਼ਾਮ ਭਗਵਾਨ ਸ਼ਿਵ ਦੇ ਨਾਮ' ਤਹਿਤ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ ਜਿਸ ਸਸਬੰਧੀ ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਆਰ. ਡੀ. ਖੋਸਲਾ ਸਕੂਲ, ਬਟਾਲਾ ਵਿਖੇ ਸਿਵਲ ਤੇ ਪੁਲਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।ਇਸ ਮੌਕੇ ਡਾ. ਮਹਿਤਾਬ ਸਿੰਘ ਐੱਸ ਐੱਸ ਪੀ ਬਟਾਲਾ, ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ -ਕਮ-ਕਮਿਸ਼ਨਰ ਕਾਰਪੋਰੇਸ਼ਨ ਬਟਾਲਾ ਵੀ ਮੌਜੂਦ ਸਨ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਮੂਹ ਅਧਿਕਾਰੀਆਂ ਨੂੰ ਇਸ ਮਹਾਨ ਸਮਾਗਮ ਲਈ ਪੂਰੀ ਸ਼ਰਧਾ ਭਾਵਨਾ ਨਾਲ ਡਿਊਟੀ ਨਿਭਾਉਣ ਲਈ ਕਿਹਾ।ਉਨ੍ਹਾਂ ਦੱਸਿਆ ਕਿ 29 ਜੂਨ ਦਿਨ ਸੋਮਵਾਰ ਨੂੰ ਐੱਸ. ਐੱਲ. ਬਾਵਾ ਕਾਲਜ ਗਰਾਊਂਡ ਸਾਹਮਣੇ ਆਰ. ਡੀ. ਖੋਸਲਾ ਸਕੂਲ, ਬਟਾਲਾ ਵਿਖੇ ਸ਼ਾਮ 6 ਵਜੇ ਸਮਾਗਮ ਸ਼ੁਰੂ ਹੋਵੇਗਾ ਜਿਸ ਵਿਚ ਭਗਵਾਨ ਸ਼ਿਵ ਦਾ ਗੁਣਗਾਨ ਕਰਨ ਲਈ ਵਿਸ਼ਵ ਪ੍ਰਸਿੱਧ ਸ਼ਿਵ ਭਗਤ ਗਾਇਕ ਹੰਸਰਾਜ ਰਘੂਵੰਸ਼ੀ ਭਗਵਾਨ ਸ਼ੰਕਰ ਦਾ ਗੁਣਗਾਨ ਕਰਨਗੇ।ਉਨ੍ਹਾਂ ਬਟਾਲਾ ਸਮੇਤ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮਹਾਨ ਸਮਾਗਮ ਵਿਚ ਪਰਿਵਾਰਾਂ ਸਮੇਤ ਸ਼ਿਰਕਤ ਕਰਨ।ਪ੍ਰੋਗਰਾਮ ਦੀ ਸ਼ੁਰੂਆਤ ਸ਼ਾਮ 6 ਵਜੇ ਹੋਵੇਗੀ ਅਤੇ ਰਾਤ ਤੱਕ ਭਗਵਾਨ ਸ਼ਿਵ ਦਾ ਗੁਣਗਾਨ ਹੋਵੇਗਾ।ਇਸ ਮੌਕੇ ਕੁਲਦੀਪ ਚੰਦ ਸਹਾਇਕ ਕਮਿਸ਼ਨਰ (ਜ), ਮੈਡਮ ਖੁਸ਼ਬੀਰ ਕੌਰ ਐੱਸ ਪੀ (ਐੱਚ), ਸਾਰੰਗਪ੍ਰੀਤ ਸਿੰਘ ਐੱਸ ਡੀ ਐੱਮ ਬਟਾਲਾ, ਲਛਮਣ ਸਿੰਘ ਐੱਸ ਡੀ ਐੱਮ ਡੇਰਾ ਬਾਬਾ ਨਾਨਕ, ਸੁਖਜਿੰਦਰ ਸਿੰਘ ਟਿਵਾਣਾ ਐੱਸ ਡੀ ਐੱਮ ਫਤਿਹਗੜ੍ਹ ਚੂੜੀਆਂ, ਅਰਜਨ ਸਿੰਘ ਤਹਿਸੀਲਦਾਰ ਬਟਾਲਾ ਅਤੇ ਡੀ ਐੱਸ ਪੀ ਸੁਖਇੰਦਰ ਸਿੰਘ ਸਮੇਤ ਸਿਵਲ ਤੇ ਪੁਲਸ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

# ਭੋਆ ਹਲਕੇ 'ਚ ਸੜਕਾਂ ਦੇ ਵਿਕਾਸ ਨੂੰ ਮਿਲੀ ਨਵੀਂ ਰਫ਼ਤਾਰ



ਪਠਾਨਕੋਟ, (ਦਵਿੰਦਰ ਸਿੰਘ)-ਵਿਧਾਨ ਸਭਾ ਹਲਕਾ ਭੋਆ ਵਿੱਚ ਸੜਕਾਂ ਅਤੇ ਪੁਲਾਂ ਦੇ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਮਿਲਣ ਜਾ ਰਹੀ ਹੈ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਨੇ ਜਸਵਾਲੀ ਰੈਸਟ ਹਾਊਸ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਲਕੇ ਦੇ ਕਰੀਬ ਤਿੰਨ ਦਰਜਨ ਪਿੰਡਾਂ ਨੂੰ ਜੋੜਨ ਵਾਲੀਆਂ 20 ਕਿਲੋਮੀਟਰ ਨਵੀਆਂ ਸੜਕਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ ਅਤੇ ਇਨ੍ਹਾਂ ਲਈ 100 ਫੀਸਦੀ ਫੰਡ ਵੀ ਜਾਰੀ ਕਰ ਦਿੱਤਾ ਗਿਆ ਹੈ।ਇਨ੍ਹਾਂ ਸੜਕਾਂ ਦੇ ਨਿਰਮਾਣ ਕਾਰਜਾਂ ਦਾ ਰਸਮੀ ਉਦਘਾਟਨ 29 ਜੂਨ ਨੂੰ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਸੰਮਤੀ ਘਰੋਟਾ ਦੇ ਚੇਅਰਮੈਨ ਪਵਨ ਕੁਮਾਰ ਭਰਦਵਾਜ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਭੁਪਿੰਦਰ ਸਿੰਘ ਮੁੰਨਾ, ਬੀ. ਸੀ. ਵਿੰਗ ਦੇ ਮਾਝਾ ਜ਼ੋਨ ਸਕੱਤਰ ਨਰੇਸ਼ ਸੈਣੀ, ਜ਼ਿਲ੍ਹਾ ਪਰਿਸ਼ਦ ਮੈਂਬਰ ਠਾਕੁਰ ਨਿਤਿਨ, ਵਿਜੇ ਕਟਾਰੂ ਚੱਕ, ਸਰਪੰਚ ਨਵੀ ਜਸਵਾਲੀ ਰਵੀ ਕੁਮਾਰ ਅਤੇ ਹੋਰ ਆਗੂ ਵੀ ਮੌਜੂਦ ਸਨ।ਕੈਬਨਿਟ ਮੰਤਰੀ ਨੇ ਦੱਸਿਆ ਕਿ ਨਵੀਆਂ ਸੜਕਾਂ ਦਾ ਮੁੱਖ ਉਦੇਸ਼ ਉਨ੍ਹਾਂ ਇਲਾਕਿਆਂ ਨੂੰ ਆਵਾਜਾਈ ਸਹੂਲਤਾਂ ਨਾਲ ਜੋੜਨਾ ਹੈ, ਜਿੱਥੇ ਲੋਕ ਪਿੰਡਾਂ ਤੋਂ ਬਾਹਰ ਆਪਣੇ ਘਰ ਬਣਾ ਕੇ ਰਹਿ ਰਹੇ ਹਨ ਅਤੇ ਅਜੇ ਤੱਕ ਪੱਕੀ ਸੜਕ ਦੀ ਸਹੂਲਤ ਤੋਂ ਵਾਂਝੇ ਸਨ।ਉਨ੍ਹਾਂ ਕਿਹਾ ਕਿ ਕਈ ਥਾਵਾਂ 'ਤੇ ਸਿਰਫ਼ ਚਾਰ, ਪੰਜ ਜਾਂ ਦਸ ਘਰਾਂ ਵਾਲੀਆਂ ਬਸਤੀਆਂ ਤੱਕ ਵੀ ਪੱਕੀ ਸੜਕ ਨਹੀਂ ਸੀ, ਜਿਸ ਕਾਰਨ ਲੋਕਾਂ ਨੂੰ ਖਾਸ ਕਰਕੇ ਬਰਸਾਤ ਦੇ ਮੌਸਮ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਭੋਆ ਦੇ ਕਰੀਬ ਤਿੰਨ ਦਰਜਨ ਪਿੰਡਾਂ ਨੂੰ ਜੋੜਨ ਵਾਲੀਆਂ ਅਤੇ ਹੋਰ ਪਿੰਡਾਂ ਦੀਆਂ ਫਿਰਨੀਆਂ ਦੇ ਨਾਲ-ਨਾਲ ਕਈ ਸ਼ਮਸ਼ਾਨਘਾਟਾਂ ਨੂੰ ਜਾਣ ਵਾਲੀਆਂ ਕੱਚੀਆਂ ਸੜਕਾਂ ਨੂੰ ਵੀ ਪੱਕਾ ਕੀਤਾ ਜਾਵੇਗਾ।ਉਨ੍ਹਾਂ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਨੇ ਸੜਕਾਂ ਦੇ ਵਿਕਾਸ ਸਬੰਧੀ ਅੰਕੜੇ ਵੀ ਪੇਸ਼ ਕੀਤੇ।ਉਨ੍ਹਾਂ ਕਿਹਾ ਕਿ ਪਿਛਲੀਆਂ ਦੋ ਸਰਕਾਰਾਂ ਦੇ 10 ਸਾਲਾਂ ਦੌਰਾਨ ਕੁੱਲ 126 ਕਰੋੜ ਰੁਪਏ ਹੀ ਹਲਕਾ ਭੋਆ ਦੇ ਸੜਕ ਨੈੱਟਵਰਕ 'ਤੇ ਖਰਚ ਹੋਏ।

ਇਸ ਦੇ ਉਲਟ ਮੌਜੂਦਾ ਸਰਕਾਰ ਦੇ ਸਿਰਫ਼ ਸਵਾ ਚਾਰ ਸਾਲਾਂ ਦੇ ਕਾਰਜਕਾਲ ਵਿੱਚ ਹੀ 421 ਕਰੋੜ ਰੁਪਏ ਦੇ ਸੜਕ ਅਤੇ ਪੁਲ ਪ੍ਰੋਜੈਕਟਾਂ ਨੂੰ ਮਨਜ਼ੂਰੀ ਮਿਲੀ ਹੈ।ਉਨ੍ਹਾਂ ਦੱਸਿਆ ਕਿ ਇਸ 421 ਕਰੋੜ ਰੁਪਏ ਵਿੱਚੋਂ 289 ਕਰੋੜ ਰੁਪਏ ਲੋਕ ਨਿਰਮਾਣ ਵਿਭਾਗ (ਪੀਡਬਲਿਊਡੀ) ਵੱਲੋਂ ਅਤੇ 142 ਕਰੋੜ ਰੁਪਏ ਮੰਡੀ ਬੋਰਡ ਵੱਲੋਂ ਖਰਚ ਕੀਤੇ ਜਾ ਰਹੇ ਹਨ।ਇਨ੍ਹਾਂ ਪ੍ਰੋਜੈਕਟਾਂ ਵਿੱਚ ਸੜਕਾਂ ਦੀ ਮੁਰੰਮਤ, ਸੜਕਾਂ ਨੂੰ ਚੌੜਾ ਕਰਨਾ, ਨਵੀਆਂ ਸੜਕਾਂ ਦਾ ਨਿਰਮਾਣ ਅਤੇ ਨਵੇਂ ਪੁਲਾਂ ਦੀ ਉਸਾਰੀ ਸ਼ਾਮਲ ਹੈ।

# ਈ ਟੀ ਓ ਦਾ ਕਹਿਣਾ 'ਸਿਰ ਮੱਥੇ, ਪਰਨਾਲਾ ਉੱਥੇ ਦਾ ਉੱਥੇ'

ਬਿਆਸ (ਪਰਮਜੀਤ ਸਿੰਘ ਰੱਖੜਾ)-ਕਸਬਾ ਬਿਆਸ ਦੇ ਨਜ਼ਦੀਕ ਪੈਂਦੇ ਪਿੰਡ ਵਜ਼ੀਰ ਭੁੱਲਰ ਨੂੰ ਜਾਣ ਵਾਲੀ ਸੜਕ, ਜੋ ਕੇ ਕਲੋਨੀ ਅਜੀਤ ਨਗਰ ਤੋਂ ਲੰਘਦੀ ਹੈ, ਜਿਸ ਦੀ ਹਾਲਤ ਬਹੁਤ ਹੀ ਖ਼ਸਤਾ ਹੈ। ਕਾਫੀ ਦਿਨ ਪਹਿਲਾਂ ਲੋਕ ਨਿਰਮਾਣ ਵਿਭਾਗ ਵੱਲੋਂ ਬਿਆਸ ਜਿਥੋਂ ਸੜਕ ਸ਼ੁਰੂ ਹੁੰਦੀ ਹੈ ਅਤੇ ਪਿੰਡ ਵਜ਼ੀਰ ਭੁੱਲਰ ਦੀ ਅੱਧੀ ਸੜਕ, ਜੋ ਕਿ ਗੁਰਦੁਆਰਾ ਸਾਹਿਬ ਤੋਂ ਲੈ ਕੇ ਡਾਕਖ਼ਾਨੇ ਤੱਕ ਸਿਰਫ ਲੁੱਕ ਪਾਉਣ ਦਾ ਕੰਮ ਕੀਤਾ ਗਿਆ ਸੀ, ਪਰ ਕਲੋਨੀ ਅਜੀਤ ਨਗਰ ਤੇ ਪਿੰਡ ਵਜ਼ੀਰ ਭੁੱਲਰ ਦੀ ਬਾਕੀ ਗੁਰਦੁਆਰਾ ਸਾਹਿਬ ਤੋਂ ਲੈ ਕੇ ਸਾਰੇ ਪਿੰਡ ਦੀ ਸੜਕ ਦੀ ਹਾਲਤ ਅਜੇ ਵੀ ਤਰਸਯੋਗ ਬਣੀ ਹੋਈ ਹੈ। ਇਸ ਸੰਬੰਧੀ ਲੋਕ ਨਿਰਮਾਣ ਵਿਭਾਗ ਦੇ ਐੱਸ ਡੀ ਓ ਨਾਲ ਕਈ ਵਾਰ ਫੋਨ 'ਤੇ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਹਨਾ ਫੋਨ ਨਹੀਂ ਚੁੱਕਿਆ ਅਤੇ ਜੇ ਈ ਰੋਸ਼ਨਦੀਪ ਸਿੰਘ ਨਾਲ ਫੋਨ 'ਤੇ ਗੱਲ ਕਰ ਕੇ ਸੜਕ ਦੇ ਕਾਫੀ ਸਮੇਂ ਤੋਂ ਰੁਕੇ ਹੋਏ ਕੰਮ ਬਾਰੇ ਪੁੱਛਣ 'ਤੇ ਉਹਨਾ ਕਿਹਾ ਕਿ ਸਾਡਾ ਹੋਰ ਸਾਈਡਾਂ 'ਤੇ ਕੰਮ ਚੱਲ ਰਿਹਾ ਹੈ, ਸਾਡੇ ਕੋਲ ਲੇਬਰ ਦੀ ਘਾਟ ਹੋਣ ਕਾਰਨ ਕੰਮ ਰੁਕਿਆ ਹੋਇਆ ਹੈ, ਥੋੜ੍ਹੇ ਦਿਨ ਤੱਕ ਤੁਹਾਡੀ ਸੜਕ ਦਾ ਕੰਮ ਮੁਕੰਮਲ ਹੋ ਜਾਵੇਗਾ। ਇਸ ਗੱਲ ਨੂੰ ਵੀ ਅੱਜ ਬਹੁਤ ਜ਼ਿਆਦਾ ਦਿਨ ਹੋ



ਗਏ ਹਨ, ਪਰ ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਇਸ ਸੰਬੰਧੀ ਪਿੰਡ ਵਜ਼ੀਰ ਭੁੱਲਰ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਵੱਲੋਂ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਹਰਭਜਨ ਸਿੰਘ ਈ ਟੀ ਓ ਨਾਲ ਵੀ ਗੱਲਬਾਤ ਕੀਤੀ ਗਈ ਸੀ, ਉਹਨਾ ਵੀ ਵਿਸ਼ਵਾਸ ਦਿਵਾਇਆ ਸੀ ਕਿ ਪਿੰਡ ਵਜ਼ੀਰ ਭੁੱਲਰ ਦੀ ਸੜਕ ਦੀ ਮੁਰੰਮਤ ਜਲਦ ਹੀ ਕਰਵਾਈ ਜਾਏਗੀ। ਪਿੰਡ ਵਜ਼ੀਰ ਭੁੱਲਰ ਤੇ ਕਲੋਨੀ ਅਜੀਤ ਨਗਰ ਵਾਸੀਆਂ ਦੀ ਹਰਭਜਨ ਸਿੰਘ ਈ ਟੀ ਓ ਨੂੰ ਪੁਰਜ਼ੋਰ ਅਪੀਲ ਹੈ ਕਿ ਸੜਕ ਦੀ ਮੁਰੰਮਤ ਜਲਦ ਤੋਂ ਜਲਦ ਕਰਾਈ ਜਾਵੇ।

## ਸੈਂਕੜੇ ਕਿਸਾਨਾਂ ਦੀ ਕਾਤਲ ਭਾਜਪਾ ਪੰਜਾਬ ਦੀ ਸੱਤਾ 'ਚ ਆਉਣ ਲਈ ਤਰਲੋ-ਮੱਛੀ ਹੋ ਰਹੀ: ਦਦੇਹਰ ਸਾਹਿਬ



ਚੋਹਲਾ ਸਾਹਿਬ (ਰਮਨ ਚੱਢਾ)-ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੇ ਮੈਂਬਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ 800 ਕਿਸਾਨਾਂ ਦੀ ਕਾਤਿਲ ਬੀਜੇਪੀ ਪੰਜਾਬ ਦੀ ਸੱਤਾ ਵਿਚ ਆਉਣ ਲਈ ਤਰਲੋ-ਮੱਛੀ ਹੋ ਰਹੀ ਹੈ।

ਵੱਖ-ਵੱਖ ਡੇਰਾ ਮੁਖੀਆਂ ਨਾਲ ਮੁਲਾਕਾਤਾਂ ਅਤੇ ਰਾਮ ਰਹੀਮ ਨੂੰ ਵਾਰ ਵਾਰ ਪੈਰੋਲ ਦੇਣਾ ਸਭ ਭਾਜਪਾ ਪੰਜਾਬ ਦੀ ਸੱਤਾ ਹਾਸਿਲ ਕਰਨ ਲਈ ਕਰ ਰਹੀ ਹੈ।ਕੇਂਦਰ ਦੀ ਭਾਜਪਾ ਸਰਕਾਰ ਨੇ ਦਿੱਲੀ ਕਿਸਾਨ ਮੋਰਚੇ ਵਿਚ ਜਿਨ੍ਹਾਂ ਮਾਵਾਂ ਦੇ ਪੁੱਤ ਖੋਹ ਲਏ, ਜਿਨ੍ਹਾਂ ਭੈਣਾਂ ਦੇ ਵੀਰ ਖੋਹ ਲਏ ਹਨ ਉਹ ਕਦੇ ਵੀ ਇਸ ਨੂੰ ਮੂੰਹ ਨਹੀਂ ਲਾਉਣਗੇ ।

ਦੂਸਰੇ ਪਾਸੇ ਜੋ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਉਨ੍ਹਾਂ ਨੂੰ ਬੀਜੇਪੀ ਸਰਕਾਰ ਰਿਹਾਅ ਨਹੀਂ ਕਰ ਰਹੀ ਜਦਕਿ ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਰਾਮ ਰਹੀਮ ਨੂੰ ਵਾਰ ਵਾਰ ਪੈਰੋਲ ਦੇਣੀ ਬੰਦ ਕੀਤੀ ਜਾਵੇ ।

# ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਸ਼ੁਰੂ; ਪਹਿਲੇ ਦਿਨ 354537 ਫਾਰਮ ਵੰਡੇ

ਗੁਰਦਾਸਪੁਰ, (ਜਨਕ ਮਹਾਜਨ)- ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਜ਼ਿਲ੍ਹੇ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ. ਆਈ. ਆਰ.) ਦਾ ਕੰਮ ਸ਼ੁਰੂ ਹੋ ਗਿਆ ਜਿਸ ਤਹਿਤ ਪਹਿਲੇ ਦਿਨ ਬੂਥ ਲੈਵਲ ਅਫ਼ਸਰਾਂ (ਬੀ. ਐਲ. ਓਜ਼) ਨੇ ਘਰ-ਘਰ ਜਾ ਕੇ 354537 ਗਣਨਾ ਫਾਰਮ ਵੰਡੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਦਿਤਿਆ ਉੱਪਲ ਨੇ ਦੱਸਿਆ ਕਿ ਇਹ ਪ੍ਰਕਿਰਿਆ ਜ਼ਿਲ੍ਹੇ ਦੇ ਸਾਰੇ ਸੱਤ ਵਿਧਾਨ ਸਭਾ ਹਲਕਿਆਂ ਵਿੱਚ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲੇ ਵਿਚ ਕੁੱਲ 1,553 ਬੀ. ਐੱਲ. ਓ. 12,93,682 ਵੋਟਰਾਂ ਤੱਕ ਪਹੁੰਚ ਕਰਨਗੇ। ਉਨ੍ਹਾਂ ਦੱਸਿਆ ਕਿ ਸੁਪਰਵਾਈਜ਼ਰਾਂ ਦੀ ਨਿਗਰਾਨੀ ਹੇਠ ਬੀ. ਐੱਲ. ਓ. ਵੋਟਰਾਂ ਨੂੰ ਗਣਨਾ ਫਾਰਮ ਵੰਡਣ ਦਾ ਕੰਮ ਕਰ ਰਹੇ ਹਨ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦੇ (ਬੀਐੱਲਏ) ਵੀ ਇਸ ਦੌਰਾਨ ਬੀ. ਐੱਲ. ਓ. ਦੇ ਨਾਲ ਮੌਜੂਦ ਰਹਿਣਗੇ। ਉਨ੍ਹਾਂ ਕਿਹਾ ਕਿ ਇਸ ਪੂਰੀ ਪ੍ਰਕਿਰਿਆ ਦੀ ਨਿਗਰਾਨੀ ਜ਼ਿਲ੍ਹਾ ਚੋਣ ਦਫ਼ਤਰ ਵੱਲੋਂ ਵੀ ਕੀਤੀ ਜਾ ਰਹੀ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਚੱਲ ਰਹੀ ਐੱਸ. ਆਈ. ਆਰ. ਮੁਹਿੰਮ ਵਿੱਚ ਸਰਗਰਮ ਹਿੱਸੇਦਾਰ ਬਣਨ ਤਾਂ ਜੋ ਕੋਈ ਵੀ ਯੋਗ ਵੋਟਰ ਰਹਿ ਨਾ



ਜਾਵੇ। ਉਨ੍ਹਾਂ ਕਿਹਾ ਕਿ ਬੀ. ਐੱਲ. ਓ. ਤੋਂ ਫਾਰਮ ਪ੍ਰਾਪਤ ਕਰਨ ਤੋਂ ਬਾਅਦ ਵੋਟਰਾਂ ਨੂੰ ਇਹ ਫਾਰਮ ਭਰ ਕੇ ਰੱਖਣਾ ਹੋਵੇਗਾ ਅਤੇ ਜਦੋਂ ਬੀ. ਐਲ. ਓ. ਦੁਬਾਰਾ ਘਰਾਂ ਵਿੱਚ ਫਾਰਮ ਇਕੱਠੇ ਕਰਨ ਲਈ ਆਉਣ, ਤਾਂ ਉਨ੍ਹਾਂ ਨੂੰ ਜਮਾਂ ਕਰਵਾਉਣਾ ਹੋਵੇਗਾ ਅਤੇ ਇਸ ਦੇ ਨਾਲ ਇੱਕ ਕਾਪੀ ਆਪਣੇ ਕੋਲ ਰੱਖਣੀ ਹੋਵੇਗੀ। ਉਨ੍ਹਾਂ ਕਿਹਾ ਕਿ ਹਰੇਕ ਬੀ. ਐੱਲ. ਓ. ਹਰ ਘਰ ਵਿੱਚ ਵੱਧ ਤੋਂ ਵੱਧ ਤਿੰਨ ਵਾਰ ਜਾਵੇਗਾ ਜੇਕਰ ਕੋਈ ਘਰ ਬੰਦ ਮਿਲਦਾ ਹੈ ਤਾਂ ਗਣਨਾ ਫਾਰਮ ਘਰ ਦੇ ਦਰਵਾਜ਼ੇ 'ਤੇ ਰੱਖਿਆ ਜਾਵੇਗਾ। ਹਰੇਕ ਵੋਟਰ ਨੂੰ ਪਹਿਲਾਂ ਤੋਂ ਛਪੇ ਹੋਏ ਫਾਰਮਾਂ ਦੀਆਂ ਦੋ ਕਾਪੀਆਂ ਦਿੱਤੀਆਂ ਜਾਣਗੀਆਂ। ਵੋਟਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਅਸਲ ਫਾਰਮ ਭਰ ਕੇ ਅਗਲੀ ਫੇਰੀ ਦੌਰਾਨ ਬੀ. ਐੱਲ. ਓ. ਨੂੰ ਸੌਂਪਣ ਅਤੇ ਫਾਰਮ ਪ੍ਰਾਪਤ ਕਰਨ ਤੋਂ ਬਾਅਦ ਬੀ. ਐੱਲ. ਓ. ਪਰਚੀ ਜਾਰੀ ਕਰੇਗਾ ਜਿਹੜੀ ਕਾਪੀ ਵੋਟਰ ਕੋਲ ਰਹੇਗੀ। ਜੇਕਰ ਵੋਟਰ ਘਰ ਵਿੱਚ ਮੌਜੂਦ ਨਾ ਹੋਵੇ ਤਾਂ ਫਾਰਮ ਪਰਿਵਾਰ ਦੇ ਕਿਸੇ ਵੀ ਬਾਲਗ ਮੈਂਬਰ ਨੂੰ ਦਿੱਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਘਰ-ਘਰ ਜਾ ਕੇ ਗਣਨਾ ਕਰਨ ਦਾ ਇਹ ਅਭਿਆਨ 24 ਜੁਲਾਈ ਤੱਕ ਜਾਰੀ ਰਹੇਗਾ, ਜਦਕਿ ਪੋਲਿੰਗ ਸਟੇਸ਼ਨਾਂ ਦੇ ਤਰਕ ਸੰਗਤੀਕਰਨ ਦਾ ਕੰਮ ਵੀ 24 ਜੁਲਾਈ 2026 ਤੱਕ ਮੁਕੰਮਲ ਕੀਤਾ ਜਾਵੇਗਾ। ਵੋਟਰ ਸੂਚੀਆਂ ਦਾ ਖਰੜਾ 3 ਅਗਸਤ ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। ਵੋਟਰ ਸੂਚੀਆਂ ਸਬੰਧੀ ਦਾਅਵੇ ਅਤੇ ਇਤਰਾਜ਼ 3 ਅਗਸਤ ਤੋਂ 2 ਸਤੰਬਰ ਤੱਕ ਜਮ੍ਹਾ ਕਰਵਾਏ ਜਾ ਸਕਣਗੇ, ਜਦਕਿ ਇਨ੍ਹਾਂ ਦਾ ਨਿਪਟਾਰਾ 3 ਅਗਸਤ ਤੋਂ 28 ਸਤੰਬਰ ਤੱਕ ਕੀਤਾ ਜਾਵੇਗਾ। ਅੰਤਿਮ ਵੋਟਰ ਸੂਚੀਆਂ 1 ਅਕਤੂਬਰ ਨੂੰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।

# 'ਹਾਲ ਮਿੱਤਰਾ' ਨਾਲ ਸਿਮਰਨ ਕੌਰ ਧਡਲੀ ਦੀ ਧਮਾਕੇਦਾਰ ਵਾਪਸੀ

ਲੁਧਿਆਣਾ : ਪੰਜਾਬ ਦੀ ਬੇਬਾਕ ਅਤੇ ਦਮਦਾਰ ਗਾਇਕਾ ਸਿਮਰਨ ਕੌਰ ਧਡਲੀ ਨੇ ਆਪਣੇ ਨਵੇਂ ਸਿੰਗਲ 'ਹਾਲ ਮਿੱਤਰਾ' ਨਾਲ ਇੱਕ ਵਾਰ ਫਿਰ ਸੰਗੀਤ ਜਗਤ ਵਿੱਚ ਪ੍ਰਭਾਵਸ਼ਾਲੀ ਵਾਪਸੀ ਕੀਤੀ ਹੈ।ਕਈ ਦਿਨਾਂ ਤੋਂ ਪ੍ਰਸ਼ੰਸਕਾਂ ਵਿੱਚ ਚੱਲ ਰਹੀ ਉਤਸੁਕਤਾ ਤੋਂ ਬਾਅਦ ਰਿਲੀਜ਼ ਹੋਏ ਇਸ ਗੀਤ ਵਿੱਚ ਬ੍ਰੇਕਅੱਪ ਨੂੰ ਸਿਰਫ ਵਿਛੋੜੇ ਦੀ ਕਹਾਣੀ ਨਹੀਂ, ਸਗੋਂ ਆਤਮ-ਵਿਸ਼ਵਾਸ, ਸਵੈ-ਸਨਮਾਨ ਅਤੇ ਆਪਣੇ ਆਪ ਨੂੰ ਮੁੜ ਪਛਾਣਨ ਦੀ ਪ੍ਰੇਰਣਾਦਾਇਕ ਯਾਤਰਾ ਵਜੋਂ ਪੇਸ਼ ਕੀਤਾ ਗਿਆ ਹੈ। ਆਪਣੀ ਪ੍ਰਭਾਵਸ਼ਾਲੀ ਗਾਇਕੀ, ਦਮਦਾਰ ਗੀਤਕਾਰੀ ਅਤੇ ਭਾਵਨਾਤਮਕ ਅੰਦਾਜ਼ ਰਾਹੀਂ ਸਿਮਰਨ ਕੌਰ ਧਡਲੀ ਨੇ ਇੱਕ ਅਜਿਹਾ ਗੀਤ ਪੇਸ਼ ਕੀਤਾ ਹੈ, ਜੋ ਖਾਸ ਤੌਰ 'ਤੇ ਔਰਤਾਂ ਨੂੰ ਆਪਣੀ ਤਾਕਤ ਅਤੇ ਆਪਣੀ ਕਦਰ ਪਛਾਣਨ ਦਾ ਸੰਦੇਸ਼ ਦਿੰਦਾ ਹੈ।ਗੀਤ ਬਾਰੇ ਸਿਮਰਨ ਕੌਰ ਧਡਲੀ ਨੇ ਕਿਹਾ ਕਿ 'ਹਾਲ ਮਿੱਤਰਾ' ਗੀਤ ਹਰ ਉਸ ਔਰਤ ਲਈ ਹੈ, ਜੋ ਬਿਨਾਂ ਕਿਸੇ ਮਾਫੀ ਦੇ ਆਪਣੇ ਆਪ ਨੂੰ ਚੁਣਦੀ ਹੈ।ਕਈ ਵਾਰ ਜੋ ਲੋਕ ਤੁਹਾਨੂੰ ਸਭ ਤੋਂ ਵੱਧ ਦੁੱਖ ਦਿੰਦੇ ਹਨ, ਉਹੀ ਤੁਹਾਨੂੰ ਜ਼ਿੰਦਗੀ ਦੇ ਸਭ ਤੋਂ ਵੱਡੇ ਸਬਕ ਵੀ ਸਿਖਾ ਜਾਂਦੇ ਹਨ।ਇਹ ਗੀਤ ਆਪਣੀ ਕਦਰ ਪਛਾਣਨ, ਆਤਮ-ਵਿਸ਼ਵਾਸ ਨਾਲ ਅੱਗੇ ਵਧਣ ਅਤੇ ਇਹ ਸਮਝਣ ਦਾ ਸੰਦੇਸ਼ ਦਿੰਦਾ ਹੈ ਕਿ ਤੁਹਾਡੀ ਸਭ ਤੋਂ ਵਧੀਆ ਕਹਾਣੀ ਤੁਹਾਡੇ ਸਭ ਤੋਂ ਔਖੇ ਦੌਰ ਤੋਂ ਬਾਅਦ ਵੀ ਸ਼ੁਰੂ ਹੋ ਸਕਦੀ ਹੈ।

## ਯਾਰਾ ਇੰਡੀਆ ਵੱਲੋਂ ਝੋਨਾ ਉਤਪਾਦਕ ਕਿਸਾਨਾਂ ਲਈ ਵਿਸ਼ੇਸ਼ ਐਡਵਾਈਜ਼ਰੀ ਜਾਰੀ

ਲੁਧਿਆਣਾ : ਉੱਤਰੀ ਭਾਰਤ ਵਿੱਚ ਲਗਾਤਾਰ ਵੱਧ ਰਹੀ ਭਿਆਨਕ ਗਰਮੀ ਦੇ ਮੱਦੇਨਜ਼ਰ ਯਾਰਾ ਇੰਡੀਆ ਨੇ ਪੰਜਾਬ ਦੇ ਝੋਨਾ ਉਤਪਾਦਕ ਕਿਸਾਨਾਂ ਲਈ ਵਿਸ਼ੇਸ਼ ਖੇਤੀਬਾੜੀ ਐਡਵਾਈਜ਼ਰੀ ਜਾਰੀ ਕੀਤੀ ਹੈ।ਕੰਪਨੀ ਦਾ ਕਹਿਣਾ ਹੈ ਕਿ ਰਿਕਾਰਡ ਪੱਧਰ ਦੇ ਤਾਪਮਾਨ ਕਾਰਨ ਫ਼ਸਲਾਂ 'ਤੇ ਥਰਮਲ ਸ਼ਾਕ ਅਤੇ ਜੈਵਿਕ ਤਣਾਅ (ਬਾਇਓਲੋਜੀਕਲ ਸਟ੍ਰੈੱਸ) ਵੱਧ ਰਿਹਾ ਹੈ, ਜਿਸ ਨਾਲ ਉਤਪਾਦਨ ਅਤੇ ਕਿਸਾਨਾਂ ਦੀ ਆਮਦਨ ਪ੍ਰਭਾਵਿਤ ਹੋ ਸਕਦੀ ਹੈ।ਐਡਵਾਈਜ਼ਰੀ ਵਿੱਚ ਵਿਗਿਆਨਕ ਪੋਸ਼ਣ ਪ੍ਰਬੰਧਨ ਰਾਹੀਂ ਪੌਦਿਆਂ ਦੀ ਸਿਹਤ ਬਣਾਈ ਰੱਖਣ ਅਤੇ ਗਰਮੀ ਦੇ ਮਾੜੇ ਪ੍ਰਭਾਵ ਨੂੰ ਘਟਾਉਣ 'ਤੇ ਜ਼ੋਰ ਦਿੱਤਾ ਗਿਆ ਹੈ।ਮਾਹਿਰਾਂ ਅਨੁਸਾਰ ਬਹੁਤ ਜ਼ਿਆਦਾ ਤਾਪਮਾਨ ਕਾਰਨ ਪੌਦਿਆਂ ਵਿੱਚ ਆਕਸੀਡੇਟਿਵ ਸਟ੍ਰੈੱਸ ਵੱਧ ਜਾਂਦਾ ਹੈ, ਜਿਸ ਨਾਲ ਕੋਸ਼ਿਕਾਵਾਂ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਫੁੱਲਾਂ ਤੇ ਦਾਣਿਆਂ ਦੇ ਵਿਕਾਸ ਤੇ ਨਕਾਰਾਤਮਕ ਅਸਰ ਪੈਂਦਾ ਹੈ।

ਯਾਰਾ ਸਾਊਥ ਏਸ਼ੀਆ ਦੇ ਮੈਨੇਜਿੰਗ ਡਾਇਰੈਕਟਰ ਸੰਜੀਵ ਕੰਵਰ ਨੇ ਕਿਹਾ ਕਿ ਯਾਰਾ ਇੰਡੀਆ ਵਿੱਚ ਸਾਡੀ ਪਹਿਲੀ ਤਰਜੀਹ ਕਿਸਾਨਾਂ ਨੂੰ ਵਿਗਿਆਨ-ਅਧਾਰਿਤ ਪੋਸ਼ਣ ਹੱਲ ਮੁਹੱਈਆ ਕਰਵਾਉਣਾ ਹੈ, ਤਾਂ ਜੋ ਉਹ ਮੌਸਮੀ ਚੁਣੌਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਸਾਹਮਣਾ ਕਰ ਸਕਣ।ਕੰਪਨੀ ਨੇ ਸਲਾਹ ਦਿੱਤੀ ਹੈ ਕਿ ਕਿਸਾਨ ਗਰਮੀ ਦੇ ਤਣਾਅ ਨੂੰ ਘਟਾਉਣ ਲਈ ਯਾਰਾਵੀਟਾ ਜ਼ਿਨਟ੍ਰੈਕ ਅਤੇ ਯਾਰਾਟੇਰਾ ਕ੍ਰਿਸਟਾ ਕੇ ਦੇ ਮਿਸ਼ਰਣ ਦਾ ਛਿੜਕਾਅ ਕਰਨ।

## ਸ੍ਰੀ ਅਕਾਲ ਤਖ਼ਤ ਦੇ ਆਦੇਸ਼ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦਾ ਅਹਿਦ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸ਼ਨੀਵਾਰ ਨੂੰ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਵਿਸ਼ੇਸ਼ ਜਨਰਲ ਇਕੱਤਰਤਾ ਹੋਈ, ਜਿਸ ਵਿਚ ਸ੍ਰੀ ਅਕਾਲ ਤਖਤ ਦੇ ਆਦੇਸ਼ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦਾ ਅਹਿਦ ਲਿਆ ਗਿਆ।

ਇਕੱਤਰਤਾ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਗੁਰੂ ਦੋਖੀ ਅਤੇ ਖ਼ਾਲਸਾ ਪੰਥ ਵਿਰੋਧੀ ਕਰਾਰ ਦੇਣ ਦੇ ਫੈਸਲੇ ਦੀ ਪ੍ਰੋੜ੍ਹਤਾ ਕਰਦਿਆਂ ਇਸ ਆਦੇਸ਼ ਪ੍ਰਤੀ ਸੰਗਤਾਂ ਨੂੰ ਜਾਗਰੂਕ ਕਰਨ ਲਈ ਪੁਰਾਤਨ ਰਵਾਇਤ ਅਨੁਸਾਰ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ 5 ਜੁਲਾਈ ਨੂੰ ਵਿਸ਼ਾਲ ਪੰਥਕ ਇਕੱਠ ਕਰਨ ਦਾ ਫੈਸਲਾ ਕੀਤਾ ਗਿਆ।

ਇਸ ਦੇ ਨਾਲ ਹੀ ਹਰ ਹਲਕੇ ਵਿਚ ਵੱਡੀ ਮੁਹਿੰਮ ਚਲਾਉਣ ਅਤੇ ਪ੍ਰਚਾਰਕ ਜਥਿਆਂ ਰਾਹੀਂ ਸੰਗਤਾਂ ਨੂੰ ਇਸ ਆਦੇਸ਼ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਲਈ ਪ੍ਰੇਰਿਤ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਹੋਈ ਇਸ ਵਿਸ਼ੇਸ਼ ਇਕੱਤਰਤਾ 'ਚ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਲਈ ਸਰਵਉੱਚ ਹੈ, ਜਿਥੋਂ ਆਏ ਆਦੇਸ਼ ਦੀ ਪਾਲਣਾ ਕਰਨਾ ਹਰ ਸਿੱਖ ਦਾ ਫ਼ਰਜ਼ ਹੈ। ਇਕੱਤਰਤਾ 'ਚ ਸੰਬੋਧਨ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਦਾ ਏਜੰਡਾ ਹੀ ਪੰਥਕ ਸੰਸਥਾਵਾਂ ਨੂੰ ਨਿਸ਼ਾਨੇ 'ਤੇ ਲੈਣਾ ਹੈ।

# ਪੰਜਾਬ 'ਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ : ਡਾ. ਅਨਵਰ ਭਸੌੜ

ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)-ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਤੇ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਨੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਸੂਬੇ ਦੇ ਲੋਕ ਮੌਜੂਦਾ ਸਰਕਾਰ ਦੀਆਂ ਜਨ-ਹਿਤੈਸ਼ੀ ਨੀਤੀਆਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੀ ਸਿਆਸੀ ਫ਼ਿਜ਼ਾ ਦੱਸ ਰਹੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਵੀ ਸੂਬੇ ਅੰਦਰ ਭਾਰੀ ਬਹੁਮਤ ਨਾਲ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਵੇਗੀ।



ਡਾ. ਭਸੌੜ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੇ ਪ੍ਰਸ਼ਾਸਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰ ਨੇ ਰਵਾਇਤੀ ਸਿਆਸੀ ਪਾਰਟੀਆਂ ਦੇ ਪੁਰਾਣੇ ਢਾਂਚੇ ਨੂੰ ਬਦਲ ਕੇ ਰੱਖ ਦਿੱਤਾ ਹੈ।ਅੱਜ ਪੰਜਾਬ ਦਾ ਹਰ ਵਰਗ, ਭਾਵੇਂ ਉਹ ਕਿਸਾਨ ਹੋਵੇ, ਮੁਲਾਜ਼ਮ ਹੋਵੇ, ਵਪਾਰੀ ਹੋਵੇ ਜਾਂ ਨੌਜਵਾਨ, ਸਰਕਾਰ ਦੀਆਂ ਪਾਰਦਰਸ਼ੀ ਤੇ ਇਮਾਨਦਾਰ ਨੀਤੀਆਂ ਦਾ ਖੁੱਲ੍ਹੇ ਦਿਲ ਨਾਲ ਸਮਰਥਨ ਕਰ ਰਿਹਾ ਹੈ।ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕ ਤੇ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਦਿੱਤੀਆਂ ਜਾ ਰਹੀਆਂ ਸਰਕਾਰੀ ਨੌਕਰੀਆਂ ਨੇ ਲੋਕਾਂ ਦੇ ਦਿਲਾਂ ਵਿੱਚ ਸਰਕਾਰ ਪ੍ਰਤੀ ਵਿਸ਼ਵਾਸ ਨੂੰ ਹੋਰ ਮਜ਼ਬੂਤ ਕੀਤਾ ਹੈ।ਹਲਕਾ ਧੂਰੀ ਦੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇਲਾਕੇ ਦੀ ਨੁਹਾਰ ਬਦਲਣ ਲਈ ਦਿਨ-ਰਾਤ ਕੰਮ ਚੱਲ ਰਿਹਾ ਹੈ।ਕੈਂਪਸ ਦਫ਼ਤਰ ਰਾਹੀਂ ਆਮ ਲੋਕਾਂ ਦੀਆਂ ਮੁਸ਼ਕਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾ ਰਿਹਾ ਹੈ ਤਾਂ ਜੋ ਕਿਸੇ ਵੀ ਨਾਗਰਿਕ ਨੂੰ ਖੱਜਲ-ਖੁਆਰ ਨਾ ਹੋਣਾ ਪਵੇ।

ਡਾ. ਅਨਵਰ ਭਸੌੜ ਨੇ ਵਿਰੋਧੀ ਧਿਰਾਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਵਿਰੋਧੀਆਂ ਕੋਲ ਹੁਣ ਕੋਈ ਠੋਸ ਮੁੱਦਾ ਨਹੀਂ ਬਚਿਆ, ਜਿਸ ਕਾਰਨ ਉਹ ਬੁਖਲਾਹਟ ਵਿੱਚ ਆ ਕੇ ਬੇਬੁਨਿਆਦ ਬਿਆਨਬਾਜ਼ੀ ਕਰ ਰਹੇ ਹਨ, ਪਰ ਪੰਜਾਬ ਦੇ ਸੂਝਵਾਨ ਲੋਕ ਵਿਕਾਸ ਦੇ ਰਾਹ ਨੂੰ ਚੁਣ ਚੁੱਕੇ ਹਨ ਤੇ ਉਹ ਕਿਸੇ ਦੇ ਬਹਿਕਾਵੇ ਵਿੱਚ ਨਹੀਂ ਆਉਣਗੇ।ਉਨ੍ਹਾਂ ਮੁੜ ਦੁਹਰਾਇਆ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਆਮ ਆਦਮੀ ਪਾਰਟੀ ਹੂੰਝਾ ਫੇਰ ਜਿੱਤ ਦਰਜ ਕਰੇਗੀ।


PROJECT: SHIROMANI GURDWARA PARBANDHAK COMMITTEE

SRI GURU GRANTH SAHIB WORLD UNIVERSITY

ESTABLISHED UNDER PUNJAB STATE ACT 20/2008 & APPROVED BY UGC

NAAC ACCREDITED

FATEHGARH SAHIB (NEAR CHANDIGARH), PUNJAB

ADMISSION OPEN 2026-27

PROGRAMMES AFTER 10+2

B.Tech. COMPUTER SCIENCE & ENGG. AI AND MACHINE LEARNING DATA SCIENCE BIOTECHNOLOGY FOOD PROCESSING TECH. | BCA | BPT

B.Sc. (Hons.) AGRICULTURE CHEMISTRY MATHEMATICS PHYSICS | B.Sc. MEDICAL NON-MEDICAL MED. LAB TECHNOLOGY

BBA | B.Com. | B.M.S. | B.P.E.S. | B.A.-LL.B (Hons.) | B.A.-LL.B | B.A.-B.Ed. (ITEP) | B.Sc.-B.Ed. (ITEP)

B.A. (Hons.) ECONOMICS ENGLISH | B.A. (GURMUKHI) | B.A. | DIPLOMA IN GATKA

*Students opting for 4 year UG Programme will be awarded Honours/Honours with Research Degree

PROGRAMMES AFTER GRADUATION

M.Tech. | MCA | MPT | M.Sc. (Hons.) CHEMISTRY MATHEMATICS PHYSICS

M.Sc. AGRICULTURE BIOTECHNOLOGY BOTANY ZOOLOGY FOOD PROCESSING TECH. | BPEd. | MPEd.

MBA FINANCE HR MARKETING | M.Com. | LLB | LLM

M.A. SIKH STUDIES RELIGIOUS STUDIES PUNJABI ENGLISH MUSIC (VOCAL) ECONOMICS HISTORY POLITICAL SCIENCE SOCIOLOGY EDUCATION

Ph.D. IN VARIOUS DISCIPLINES

Advt. No. 25/2026

ADMISSION HELPLINE: 98759-03360, 98759-03361

1800 180 2803 | visit us: www.sggswu.edu.in | e-mail: admission@sggswu.edu.in


## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਰਣਜੀਤ ਸਿੰਘ, ਜਾਇੰਟ ਸਬ-ਰਜਿਸਟਰਾਰ ਬਟਾਲਾ, ਜ਼ਿਲ੍ਹਾ ਗੁਰਦਾਸਪੁਰ

ਵਿਸ਼ਾ : ਤਸਦੀਕ ਵਸੀਅਤ ਅਧੀਨ ਜ਼ੇਰ ਧਾਰਾ 40 (1) ਆਫ ਰਜਿਸਟਰੇਸ਼ਨ ਐਕਟ, 1908 ਰਜਿਸਟਰਡ ਕਰਨ ਸੰਬੰਧੀ।

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਸੇਵਕ ਸਿੰਘ ਪੁੱਤਰ ਬਲਬੀਰ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਦਮੋਦਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਨੇ ਇੱਕ ਅਣ-ਰਜਿਸਟਰਡ ਵਸੀਅਤ ਪੇਸ਼ ਕੀਤੀ ਹੈ, ਜੋ ਉਸ ਦੇ ਚਾਚਾ ਗੁਰਦੀਪ ਸਿੰਘ ਪੁੱਤਰ ਸੋਹਣ ਸਿੰਘ ਪੁੱਤਰ ਭਗਤ ਸਿੰਘ ਵਾਸੀ ਪਿੰਡ ਦਮੋਦਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਮਿਤੀ 12.03.2003 ਨੂੰ ਆਪਣੇ ਭਤੀਜੇ ਗੁਰਸੇਵਕ ਸਿੰਘ ਪੁੱਤਰ ਬਲਬੀਰ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਦਮੋਦਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੇ ਹੱਕ ਵਿੱਚ ਕੀਤੀ ਸੀ। ਹੁਣ ਗੁਰਦੀਪ ਸਿੰਘ ਦੀ ਮਿਤੀ 05.04.2004 ਨੂੰ ਮੌਤ ਹੋ ਚੁੱਕੀ ਹੈ ਅਤੇ ਹੁਣ ਇਹ ਵਸੀਅਤ ਸ੍ਰੀ ਗੁਰਸੇਵਕ ਸਿੰਘ (ਭਤੀਜਾ) ਨੇ ਰਜਿਸਟਰਡ ਕਰਨ ਲਈ ਪੇਸ਼ ਕੀਤੀ ਹੈ। ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕੁਦਰਤੀ/ਕਾਨੂੰਨੀ ਵਾਰਸ/ਵਿਅਕਤੀ/ਰਿਸ਼ਤੇਦਾਰ ਨੂੰ ਜ਼ੇਰ ਧਾਰਾ 40 (1) ਭਾਰਤੀ ਰਜਿਸਟਰੇਸ਼ਨ ਐਕਟ 1908 ਤਹਿਤ ਵਸੀਅਤ ਦੇ ਰਜਿਸਟਰਡ ਹੋਣ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਜਾਰੀ ਹੋਣ ਤੋਂ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਅਸਾਲਤਨ ਜਾਂ ਵਕਾਲਤਨ ਪੇਸ਼ ਕਰ ਸਕਦਾ ਹੈ। ਸਮਾਂ ਬੀਤ ਜਾਣ ਉਪਰੰਤ ਕੋਈ ਉਜਰ ਨਹੀਂ ਸੁਣਿਆ ਜਾਵੇਗਾ ਅਤੇ ਵਸੀਅਤ ਹਸਬ ਜ਼ਾਬਤਾ ਰਜਿਸਟਰਡ ਕਰ ਦਿੱਤੀ ਜਾਵੇਗੀ।

ਅੱਜ ਮਿਤੀ 26/06/2026 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤ ਮੋਹਰ ਨਾਲ ਜਾਰੀ ਹੋਇਆ।

ਸਹੀ/- ਸਬ-ਰਜਿਸਟਰਾਰ, ਬਟਾਲਾ

ਨੰਬਰ : 173/ਆਰ ਸੀ, ਮਿਤੀ 26/06/2026

## ਦਫਤਰ ਨਗਰ ਸੁਧਾਰ ਟਰੱਸਟ ਅੰਮ੍ਰਿਤਸਰ

### ਪਬਲਿਕ ਨੋਟਿਸ

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦੀ ਐਕਸਪੈਨਸ਼ਨ ਸਕੀਮ ਅਜਨਾਲਾ ਰੋਡ ਬਲਾਕ-ਈ ਵਿੱਚ ਪੈਂਦੀ ਜੀ ਐੱਸ ਭੁੱਲਰ ਦੇ ਨਾਂਅ ਨਾਲ ਜਾਣੀ ਜਾਂਦੀ ਹੈ, ਜਿਸ ਦਾ ਰਕਬਾ 2563 ਏਕੜ ਹੈ, ਜੋ ਸਰਕਾਰ ਵੱਲੋਂ ਐਗਜ਼ੈਮਪਟ ਕੀਤਾ ਜਾ ਚੁੱਕਾ ਹੈ। ਇਸ ਪਾਕੇਟ ਵਿੱਚ ਪੈਂਦਾ 13.04 ਏਕੜ ਭੌਂ ਦਾ ਭੌਂ ਮੰਤਵ ਕਮਰਸ਼ੀਅਲ ਕੀਤਾ ਜਾ ਰਿਹਾ ਹੈ, ਜਿਸ ਨੂੰ ਸੋਧੇ ਹੋਏ ਪਾਰਟ ਲੇ-ਆਊਟ ਪਲੈਨ ਡਰਾਇੰਗ ਨੰ. ਏ ਆਈ ਟੀ/ਟੀ ਪੀ/4326 ਮਿਤੀ 6.9.2021 ਵਿੱਚ ਕਰ ਦਿੱਤਾ ਹੈ। ਇਸ ਸੰਬੰਧ ਵਿੱਚ ਜੇਕਰ ਕਿਸੇ ਆਮ ਜਾਂ ਖਾਸ ਨੂੰ ਕਿਸੇ ਤਰ੍ਹਾਂ ਦਾ ਕੋਈ ਇਤਰਾਜ਼ ਹੈ, ਤਾਂ ਨੋਟਿਸ ਪ੍ਰਕਾਸ਼ਤ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਦਫਤਰ ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ, ਰਣਜੀਤ ਐਵੀਨਿਊ ਅੰਮ੍ਰਿਤਸਰ ਵਿਖੇ ਲਿਖਤੀ ਤੌਰ 'ਤੇ ਆਪਣਾ ਇਤਰਾਜ਼ ਦਰਜ ਕਰਵਾਏ ਜਾ ਸਕਦੇ ਹਨ। ਨਿਸ਼ਚਿਤ ਮਿਤੀ ਉਪਰੰਤ ਪ੍ਰਾਪਤ ਹੋਏ ਇਤਰਾਜ਼ਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

# ਕਲਾਸੀਫਾਈਡ ਇਸ਼ਤਿਹਾਰ

## Public Notice

I, Jasvir Kaur W/o Sahib Singh R/o Boepur, Shahkot, Punjab, declare that original Sale Deed of my 7 Marla Property at Boepur (Khewat 78/83, Khasra 14//3 (7-2)) has been lost. Deed doc. No. 2022-23/177/1/712, Dated 29 Aug-2022, Authorities/Public treat it invalid Finder please contact : * Branch Manager Rohit Bagga : 90230-56169, * Advocate Tarsem Chand Mittal : 98727-55236

I, Sapna Sahotra W/o Naresh Kumar R/o H.No. 635/6, Mohalla Onkar Nagar, Gurdaspur, Tehsil/Distt. Gurdaspur, Punjab-143521, India, declare that my given name as Sapna and my Surname as Sahotra.

I, Naresh Kumar S/o Joginder Pal R/o H.No. 635/6, Mohalla Onkar Nagar, Gurdaspur, Tehsil/Distt. Gurdaspur, Punjab-143521, India, declare that my given name as Naresh and my Surname as Kumar.

## ਆਮ ਸੂਚਨਾ

ਮੈਂ, ਸਵੀਤਾ ਪਤਨੀ ਸੁਰਿੰਦਰ ਸਿੰਘ ਵਾਸੀ ਗਗਨ ਵਿਹਾਰ, ਭਾਦਸੋਂ ਰੋਡ, ਜੱਸੋਵਾਲ, ਡਾਕ: ਸਿੱਧੂਵਆਲ, ਪਟਿਆਲਾ ਦੀ ਰਹਿਣ ਵਾਲੀ ਹਾਂ। ਮੇਰਾ ਵਿਆਹ ਤੋਂ ਪਹਿਲਾਂ ਦਾ ਨਾਮ ਸਰਬਜੀਤ ਕੌਰ ਸੀ। ਮੈਨੂੰ ਸਵੀਤਾ ਅਤੇ ਸਰਬਜੀਤ ਕੌਰ ਦੋਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹ ਦੋਵੇਂ ਨਾਂਅ ਮੇਰੇ ਹੀ ਹਨ।

ਰਾਮਫਲ ਸਿੰਘ ਪੁੱਤਰ ਨਿੱਕਾ ਸਿੰਘ ਭੂੰਦੜ ਭੈਣੀ ਬੀ ਐੱਫ-606 ਦੇ ਨਾਂਅ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਸਿੰਦਰਪਾਲ ਕੌਰ ਪਤਨੀ ਬਲਵਿੰਦਰ ਸਿੰਘ ਸੰਗਤੀਵਾਲਾ ਰਕਬਾ ਭੂੰਦੜ ਭੈਣੀ ਦੇ ਨਾਂਅ ਬਦਲੀ ਕਰਨ ਦੀ ਅਰਜ਼ੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੈ, ਤਾਂ 15 ਦਿਨਾਂ ਵਿੱਚ ਕਰ ਸਕਦਾ ਹੈ। ਵੱਲੋਂ:- ਐਸ ਡੀ ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਬੰਗਾ।

ਰਾਮਫਲ ਸਿੰਘ ਪੁੱਤਰ ਨਿੱਕਾ ਸਿੰਘ ਭੂੰਦੜ ਭੈਣੀ ਬੀ ਐੱਫ-1070 ਦੇ ਨਾਂਅ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਸਿੰਦਰਪਾਲ ਕੌਰ ਪਤਨੀ ਬਲਵਿੰਦਰ ਸਿੰਘ ਸੰਗਤੀਵਾਲਾ ਰਕਬਾ ਭੂੰਦੜ ਭੈਣੀ ਦੇ ਨਾਂਅ ਬਦਲੀ ਕਰਨ ਦੀ ਅਰਜ਼ੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੈ, ਤਾਂ 15 ਦਿਨਾਂ ਵਿੱਚ ਕਰ ਸਕਦਾ ਹੈ। ਵੱਲੋਂ:- ਐੱਸ ਡੀ ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਬੰਗਾ।

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਪੁਰਾਣਾ ਏ ਯੂ 2 ਏ ਪੀ 181578 ਡਬਲਯੂ, ਨਵਾਂ 300341-8188, 7.5 ਹਾਰਸ ਪਾਵਰ, ਜੋ ਕੁਲਵੰਤ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਦਾਦੂਪੁਰਾ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਕੁਲਵੰਤ ਸਿੰਘ ਅਤੇ ਰਣਜੀਤ ਸਿੰਘ ਦੋਵਾਂ ਦੇ ਨਾਂਅ 'ਤੇ ਸਾਂਝਾ ਤਬਦੀਲ ਹੋਣ ਜਾ ਰਿਹਾ ਹੈ। ਜੇ ਕਿਸੇ ਨੂੰ ਇਸ ਨਾਂਅ ਦੇ ਤਬਦੀਲ ਹੋਣ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ ਮਜੀਠਾ ਨੰ. 1, ਐੱਸ ਡੀ ਓ ਸਾਹਿਬ ਨਾਲ ਸੰਪਰਕ ਕਰ ਸਕਦਾ ਹੈ।

ਮੈਂ, ਜਸਵਿੰਦਰ ਕੌਰ ਬੋਪਾਰਾਏ ਪਤਨੀ ਕੁਲਵਿੰਦਰ ਸਿੰਘ ਵਾਸੀ ਪਿੰਡ ਤਲਵੰਡੀ ਮਾਧੋ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਦੀ ਰਹਿਣ ਵਾਲੀ ਹਾਂ। ਮੋਟਰ ਕੁਨੈਕਸ਼ਨ, ਜਿਸ ਦਾ ਖਾਤਾ ਨੰ. ਐੱਮ ਟੀ-10/256 (ਏ ਪੀ 53/0256) ਜੋ ਕਿ ਜਗਦੀਸ਼ ਸਿੰਘ ਪੁੱਤਰ ਬਹਾਦਰ ਸਿੰਘ ਦੇ ਨਾਂਅ 'ਤੇ ਹੈ, ਜੋ ਇਹ ਮੋਟਰ ਕੁਨੈਕਸ਼ਨ ਜਗਦੀਸ਼ ਸਿੰਘ ਪੁੱਤਰ ਬਹਾਦਰ ਸਿੰਘ ਪਾਸੋਂ ਖਰੀਦ ਲਿਆ ਹੈ। ਇਹ ਕੁਨੈਕਸ਼ਨ ਜਸਵਿੰਦਰ ਕੌਰ ਬੋਪਾਰਾਏ, ਜਿਸ ਨੂੰ ਆਪਣੇ ਨਾਂਅ ਟਰਾਂਸਫਰ ਕਰਵਾਉਣ ਵਾਸਤੇ ਅਪਲਾਈ ਕੀਤਾ ਹੈ। ਜੇਕਰ ਇਸ ਸੰਬੰਧੀ ਕਿਸੇ ਨੂੰ ਇਤਰਾਜ਼ ਹੈ ਤਾਂ 15 ਦਿਨਾਂ ਦੇ ਅੰਦਰ-ਅੰਦਰ ਪਾਵਰਕਾਮ ਸਬ-ਡਵੀਜ਼ਨ-2 ਸੁਲਤਾਨਪੁਰ ਲੋਧੀ ਪਾਸ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

## ਬੇਦਖਲੀ ਨੋਟਿਸ

ਮੈਂ ਰੰਜੀਤਾ ਪਤਨੀ ਕਮਲੇਸ਼ ਵਾਸੀ ਸੀ-431, ਨਿਊ ਪ੍ਰਤਾਪ ਨਗਰ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਹੁਲ ਅਤੇ ਉਸ ਦੀ ਪਤਨੀ ਦਿਵਿਆ ਮੇਰੇ ਕਹਿਣੇ ਵਿੱਚ ਨਹੀਂ ਹਨ। ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਅਸੀਂ, ਗੁਰਪਾਲ ਸਿੰਘ ਪੁੱਤਰ ਨਸੀਬ ਸਿੰਘ ਅਤੇ ਪਰਮਜੀਤ ਕੌਰ ਪਤਨੀ ਗੁਰਪਾਲ ਸਿੰਘ ਵਾਸੀ ਪਿੰਡ ਨਵਾਂਪਿੰਡ ਅਕਾਲੀਵਾਲਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਜਗਪ੍ਰੀਤ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕਿਰਪਾਲ ਸਿੰਘ ਪੁੱਤਰ ਨਿਰੰਜਨ ਸਿੰਘ ਵਾਸੀ ਮਕਾਨ ਨੰ. 27, ਮਜੀਠਾ ਐਵੀਨਿਊ, ਘਨੂੰਪੁਰ ਕਾਲੇ ਰੋਡ ਛੇਹਰਟਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗਗਨਦੀਪ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਲੜਾਈ-ਝਗੜਾ ਕਰਦਾ ਰਹਿੰਦਾ ਹੈ ਅਤੇ ਬਹੁਤ ਪਰੇਸ਼ਾਨ ਕਰਦਾ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਉਸ ਨਾਲ ਕੋਈ ਤਾਲੁਕ-ਵਾਸਤਾ ਨਹੀਂ।

ਮੈਂ, ਅੰਗੂਰੀ ਦੇਵੀ ਪਤਨੀ ਸਵਰਗਵਾਸੀ ਸੱਤ ਪਾਲ ਵਾਸੀ ਮਕਾਨ ਨੰ. 1031, ਗਲੀ ਨੰ. 2, ਨੇੜੇ ਗੀਤਾ ਭਵਨ, ਵੇਦਾਂਤ ਨਗਰ, ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਯੋਗੇਸ਼ ਮੰਗਲਾ, ਉਸ ਦੀ ਪਤਨੀ ਅਤੇ ਦੋਵੇਂ ਬੱਚੇ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੈਨੂੰ ਤੰਗ-ਪਰੇਸ਼ਾਨ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਕਵਲਜੀਤ ਸਿੰਘ ਸੁਰਿੰਦਰ ਸਿੰਘ ਵਾਸੀ ਮਕਾਨ ਨੰ.ਡੀ 2/2325, ਮੇਨ ਰੋਡ, ਏਕਤਾ ਨਗਰ ਮੁਹਲਾ ਘੁਮਿਆਰਾਂ ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਚਾਹਤ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜ਼ੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦੇ ਦੂਜੇ ਮੈਂਬਰਾ ਦਾ ਇਸ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ ਹੈ।

## ਨਾਂਅ ਦੀ ਬਦਲੀ

ਮੈਂ ਰਮਨਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਮਾਨਸਾ ਜ਼ਿਲ੍ਹਾ ਮਾਨਸਾ ਨੇ ਆਪਣੀ ਬੇਟੀ ਸਵਾਸ ਕੌਰ ਦਾ ਨਾਂਅ ਬਦਲ ਕੇ ਸਵਾਸ ਕੌਰ ਮਾਨ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਹੰਸ ਰਾਜ ਪੁੱਤਰ ਸੋਮ ਚੰਦ ਵਾਸੀ # 253, ਫੇਸ-1, ਮਾਡਲ ਟਾਊਨ, ਬਠਿੰਡਾ (ਪੰਜਾਬ) ਨੇ ਆਪਣਾ ਨਾਂਅ ਬਦਲ ਕੇ ਹੰਸ ਰਾਜ ਗਰੋਵਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਲੀਨਾ ਪਤਨੀ ਹੰਸ ਰਾਜ ਗਰੋਵਰ ਵਾਸੀ # 253, ਫੇਸ-1, ਮਾਡਲ ਟਾਊਨ, ਬਠਿੰਡਾ (ਪੰਜਾਬ) ਨੇ ਆਪਣਾ ਨਾਂਅ ਬਦਲ ਕੇ ਲੀਨਾ ਗਰੋਵਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਚਰਨਜੀਤ ਕੌਰ (Charanjit Kaur) ਪਤਨੀ ਹਰਜੀਤ ਸਿੰਘ ਵਾਸੀ # 22114, ਗਲੀ ਨੰ. 11/4, ਪਾਵਰ ਹਾਊਸ ਰੋਡ, ਬਠਿੰਡਾ ਨੇ ਆਪਣਾ ਨਾਂਅ ਚਰਨਜੀਤ ਕੌਰ (Charanjit Kaur) ਤੋਂ ਬਦਲ ਕੇ ਚਰਨਜੀਤ ਕੌਰ (Charanjeet Kaur) ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## Change of Name

I, Prinka Verma W/o Lovish Aggarwal R/o H.No. 75, Gali No. 11, New Jaspal Nagar, Sultanwind Road, Amritsar have changed my name after marriage from Prinka Verma to Priyanka Aggarwal. All concerns, Please note.

I, Sharanjit Kaur D/o Baldev Singh R/o Village Sarhala, PO Kotli Dhole Shah, Distt. Amritsar Punjab-143504 have changed my name from Sharanjit Kaur to Kaur is my surname and Sharanjit is my given name.

## Change of Name

I, Rabia Talwar W/O Vishal Kumar R/O 1672/16,Gali Darbara Singh, Kubi Beri, Amritsar,Punjab have changed my name from Rabia Talwar to Palak.Concerned note.

I,Rakesh Talwar S/O Tilak Raj R/O 1282/13, Gali Kucha Khan Singh, Bazar Bharbhujian, Amritsar, Punjab have changed my name from Rakesh Talwar to Rakesh Kumar. Concerned note.

I Dheeraj Kumar S/o Pawan Kumar R/o H.No.636 Gali No.5 Navi Abadi Karampura Amritsar have changed my name from Dheeraj Kumar to Given name Dheeraj Surname Kumar

I, Parnaam Singh S/o Balbir Singh R/o 45, Gali No.4, Diamond Estate, Sultanwind Bypass, Near Small Town, Amritsar have changed my name from Parnaam Singh to Parnam Singh

I, Amarjit Singh S/o. Surta Singh R/o. Village Shezada Kalan, Gurdaspur have changed my name from Amarjit Singh to Ajit Singh. All concerned noted.

I, Samreen Kaur Chhina D/o Gurbakhash Singh Chhina R/o VPO Harse Chhina (Vichla Qilla) Tehsil Ajnala District Amritsar have changed my name from Samreen Kaur Chhina to Samreen Kaur

I Sham Piyari W/o Buta Ram resident of H No 110/1 Arya Nagar, Jail Road Gurdaspur have changed my name from Sham Piyari to Sham Piari concerned note please.

I, DEEPANSH SINGH S/o JAG-MEET SINGH R/o H.No. 3-A, Ajit Nagar, Kapurthala have changed my name from DEEPANSH SINGH TO SINGH DEEPANSH.

I, Joginder Pal S/o Dilbag Rai R/o Village Daulatpur district Jalandhar declare that have changed my name from Joginder Pal to Pal as surname and given name is Joginder. Please note

I, Sarbjeet Singh S/o Bhupinder Singh R/o Village Sarja, PO Dhulka, Tehsil Baba Bakala, Distt. Amritsar, Punjab have changed my name from Sarbjeet Singh to Singh is my surname and Sarbjeet is my given name.

I, Lovish S/o Rajnish Kumar R/o H.No. 75, Gali No. 11, New Jaspal Nagar, Sultanwind Road, Amritsar have changed my name from Lovish to Lovish Aggarwal. All concerns, Please note.

I, Jaspreet Kaur W/o Jarmanjit Singh Batth R/o Village Bhoe, PO Mattewal, Tehsil Baba Bakala, Distt. Amritsar, Punjab have changed my name from Jaspreet kaur to Kaur is my surname and Jaspreet is my given name.

I, Parmjit Kaur W/o Mahinga Singh R/o VPO Chabba, Chabba, Distt. Amritsar, Punjab-143022 have changed my name from Parmjit Kaur to Paramjit Kaur.

I, Damanbir Singh S/o Malwinder Singh R/o Village Sehnewali, PO Abdal, Tehsil Majitha, Distt. Amritsar Punjab-143502 have changed my name from Damanbir Singh to Singh is my surname and Damanbir is my given name.

I, Gopal Chand S/o Khazan Chand R/o H.No. 430/2, Gurdawara Wali Gali, Nangal Kotli, Gurdaspur, Tehsil/Distt. Gurdaspur, Punjab-143521, India, have changed my name from Gopal Chand to Gopal Singh.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸੂਬੇਦਾਰ ਅਮਰਿੰਦਰ ਸਿੰਘ ਨੇ ਫ਼ੌਜ ਤੇ ਪੰਜਾਬ ਦਾ ਨਾਂਅ ਰੁਸ਼ਨਾਇਆ



ਗੁਰਦਾਸਪੁਰ, (ਜਨਕ ਮਹਾਜਨ)-ਸੂਬੇਦਾਰ ਅਮਰਿੰਦਰ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਫ਼ੌਜੀ ਕਾਲੋਨੀ (ਨੌਸ਼ਹਿਰਾ) ਤਿੱਬੜੀ ਨੇ ਫ਼ੌਜ ਤੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਸਬੰਧੀ ਸੂਬੇਦਾਰ ਅਮਰਿੰਦਰ ਸਿੰਘ ਨੇ ਦੱਸਿਆ ਕਿ 14 ਅਪ੍ਰੈਲ ਤੋਂ 15 ਜੂਨ ਤੱਕ ਚੱਲੇ ਇਸ ਮੁਕਾਬਲੇ ਵਿਚ ਉਸ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ 450 ਇਨਫੈਂਟਰੀ ਪਲਟੂਨਾਂ ਵਿਚੋਂ ਨੰਬਰ ਇਕ ਹਾਸਲ ਕੀਤਾ। ਜਦੋਂ ਕਿ ਪਲਟੂਨ ਕਮਾਂਡਰ ਕੋਰਸ ਵਿਚ 292 ਜਵਾਨਾਂ ਵਿਚੋਂ ਅਮਰਿੰਦਰ ਸਿੰਘ ਬੈਸਟ ਜਵਾਨ ਗਿਣਿਆ ਗਿਆ। ਉਸ ਨੇ ਦੱਸਿਆ ਕਿ ਇਸ ਮੁਕਾਬਲੇ ਵਿਚ ਦੂਜੇ ਰਾਜਾਂ ਜਿਵੇਂ ਮਿਆਂਮਾਰ, ਭੂਟਾਨ, ਸ੍ਰੀਲੰਕਾ ਤੇ ਨੇਪਾਲ ਤੋਂ ਵੀ ਵਿਦਿਆਰਥੀ ਪਹੁੰਚੇ ਸਨ। ਇਸ ਕੋਰਸ ਵਿਚ ਆਨਲਾਈਨ ਕੁਇਜ਼, ਮੈਪ ਮਾਰਕੀਟਿੰਗ, ਲਿਖਤੀ ਟੈਸਟ, ਵਰਬਲ ਆਰਡਰ, ਅਸੈਸਮੈਂਟ ਆਦਿ ਵਿਚੋਂ 1000 ਵਿਚੋਂ 750.91 ਅੰਕ ਹਾਸਲ ਕਰਕੇ ਪੂਰੇ ਇੰਡੀਆ 'ਚ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਜਿਸ ਲਈ ਅਮਰਿੰਦਰ ਸਿੰਘ ਨੂੰ ਗੂਗਲ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

# ਐਡਵੋਕੇਟ ਦੇ ਘਰ 'ਚੋਂ ਲੱਖਾਂ ਦੇ ਗਹਿਣੇ ਤੇ ਨਗਦੀ ਚੋਰੀ

ਮਾਲੇਰਕੋਟਲਾ (ਅਸਗਰ ਪਰਿਹਾਰ)-ਸਥਾਨਕ ਲੁਧਿਆਣਾ ਬਾਈਪਾਸ ਸਥਿਤ ਗੁਲਸ਼ਨ ਇਕਬਾਲ ਕਾਲੋਨੀ ਵਿਖੇ ਬੀਤੀ ਰਾਤ ਚੋਰਾਂ ਵੱਲੋਂ ਇੱਕ ਵੱਡੀ ਵਾਰਦਾਤ ਨੂੰ ਅੰਜਾਮ ਦਿੰਦੇ ਹੋਏ ਇਲਾਕੇ ਦੇ ਨਾਮਵਰ ਐਡਵੋਕੇਟ ਐੱਸ. ਐੱਸ. ਹੈਦਰ ਦੇ ਘਰੋਂ ਲੱਖਾਂ ਰੁਪਏ ਦੇ ਸੋਨੇ-ਚਾਂਦੀ ਦੇ ਗਹਿਣੇ ਤੇ ਨਕਦੀ ਚੋਰੀ ਕਰ ਲੈਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ।ਘਟਨਾ ਦੀ ਸੂਚਨਾ ਮਿਲਦਿਆਂ ਹੀ ਸਥਾਨਕ ਪੁਲਸ ਤੇ ਫੋਰੈਂਸਿਕ ਟੀਮ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਐਡਵੋਕੇਟ ਐੱਸ. ਐੱਸ. ਹੈਦਰ ਦਾ ਪਰਿਵਾਰ ਕਿਸੇ ਮੁਹੱਰਮ ਦੇ ਧਾਰਮਿਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਗਿਆ ਹੋਇਆ ਸੀ ਤੇ ਘਰ ਸੁੰਨਾ ਸੀ।ਜਦੋਂ ਐਡਵੋਕੇਟ ਹੈਦਰ ਦੇ ਬੇਟਾ ਐਡਵੋਕੇਟ ਸਈਅਦ ਮੁਨੀਲ ਅਬਾਸ ਸਵੇਰੇ ਕਰੀਬ 4 ਵਜੇ ਘਰ ਵਾਪਸ ਪਰਤੇ, ਤਾਂ ਉਨ੍ਹਾਂ ਦੇਖਿਆ ਕਿ ਘਰ ਦੇ ਮੇਨ ਗੇਟ ਦਾ ਦਰਵਾਜ਼ਾ ਖੁੱਲ੍ਹਿਆ ਹੋਇਆ ਸੀ।ਅੰਦਰ ਜਾਣ 'ਤੇ ਕਮਰਿਆਂ ਦੇ ਜਿੰਦਰੇ ਟੁੱਟੇ ਹੋਏ ਸਨ, ਅਲਮਾਰੀ ਦੇ ਸੇਫ਼ ਵਾਲੇ ਖਾਨੇ ਬੁਰੀ ਤਰ੍ਹਾਂ ਤੋੜੇ ਹੋਏ ਸਨ ਤੇ ਸਾਰਾ ਸਾਮਾਨ ਇੱਧਰ-ਉੱਧਰ ਖਿਲਰਿਆ ਪਿਆ ਸੀ।ਪੀੜਤ ਪਰਵਾਰ ਅਨੁਸਾਰ ਚੋਰਾਂ ਨੇ ਘਰ ਦੇ ਅੰਦਰ ਰੱਖੇ ਸੋਨੇ ਦੇ ਗਹਿਣੇ ਕਰੀਬ ਸਾਢੇ 6 ਤੋਲੇ, ਚਾਂਦੀ ਦੇ ਗਹਿਣੇ ਕਰੀਬ 10 ਤੋਲੇ, ਨਕਦ ਰਾਸ਼ੀ 1 ਲੱਖ ਰੁਪਏ, ਵਿਆਹ ਵਾਲੇ ਹਾਰ ਤੇ ਹੋਰ ਕੀਮਤੀ ਸਮਾਨ ਨੂੰ ਨਿਸ਼ਾਨਾ ਬਣਾਇਆ।ਘਟਨਾ ਦੀ ਸੂਚਨਾ ਤੁਰੰਤ ਸਥਾਨਕ ਪੁਲਸ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਏ.ਐੱਸ.ਆਈ. ਜਸਪਾਲ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ। ਪੁਲਸ ਵੱਲੋਂ ਸੱਦੀ ਗਈ ਫੋਰੈਂਸਿਕ ਮਾਹਰਾਂ ਦੀ ਟੀਮ ਨੇ ਘਰ ਦੀਆਂ ਵੱਖ-ਵੱਖ ਥਾਵਾਂ ਤੇ ਅਲਮਾਰੀਆਂ ਤੋਂ ਉਂਗਲਾਂ ਦੇ ਨਿਸ਼ਾਨ (ਫਿੰਗਰ ਪ੍ਰਿੰਟਸ) ਇਕੱਠੇ ਕੀਤੇ ਹਨ।ਪੁਲਸ ਨੇ ਇਸ ਸਬੰਧੀ ਨਾਮਾਲੂਮ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਸੀ.ਸੀ.ਟੀ.ਵੀ. ਫੁਟੇਜ ਦੇ ਅਧਾਰ 'ਤੇ ਚੋਰਾਂ ਦੀ ਭਾਲ ਤੇ ਤਫ਼ਤੀਸ਼ ਤੇਜ਼ ਕਰ ਦਿੱਤੀ ਹੈ।

# ਮੁੱਖ ਮੰਤਰੀ ਵੱਲੋਂ ਅੱਜ ਚੰਦਬਾਜਾ 'ਚ ਲੋਕ ਮਿਲਣੀ

## ਰਾਜ ਦੇ 500 ਪੇਂਡੂ ਜਿੰਮਾਂ ਦਾ ਉਦਘਾਟਨ ਵੀ ਹੋਵੇਗਾ : ਸੰਧਵਾਂ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-ਪੰਜਾਬ ਦੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਆਪਣੇ 'ਲੋਕ ਮਿਲਣੀ' ਪ੍ਰੋਗਰਾਮ ਤਹਿਤ 28 ਜੂਨ 2026 ਨੂੰ ਕੋਟਕਪੂਰਾ ਹਲਕੇ ਦੇ ਪਿੰਡ ਚੰਦਬਾਜਾ ਦੀ ਸੱਥ ਵਿੱਚ ਪਹੁੰਚ ਰਹੇ ਹਨ।ਇਸ ਦੌਰਾਨ ਉਹ ਜਿੱਥੇ ਲੋਕਾਂ ਦੀਆਂ ਮੁਸ਼ਕਲਾਂ ਸੁਣਨਗੇ, ਉੱਥੇ ਹੀ ਪਿੰਡ ਵਾਸੀਆਂ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਵੀ ਕਰਨਗੇ।ਇਹ ਜਾਣਕਾਰੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍. ਕੁਲਤਾਰ ਸਿੰਘ ਸੰਧਵਾਂ ਨੇ ਦਿੱਤੀ।ਸਪੀਕਰ ਸੰਧਵਾਂ ਨੇ ਦੱਸਿਆ ਕਿ ਇਸ ਲੋਕ ਮਿਲਣੀ ਤੋਂ ਪਹਿਲਾਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਪਿੰਡ ਚੰਦਬਾਜਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਨਜ਼ਦੀਕ ਬਣੇ ਜਿੰਮ ਦਾ ਉਦਘਾਟਨ ਕਰਨਗੇ।ਇਸ ਦੇ ਨਾਲ ਹੀ 'ਮੁੱਖ ਮੰਤਰੀ ਪਿੰਡ ਜਿੰਮ ਪ੍ਰੋਜੈਕਟ' ਤਹਿਤ ਸੂਬੇ ਦੇ 500 ਪੇਂਡੂ ਜਿੰਮਾਂ ਨੂੰ ਲੋਕ ਅਰਪਣ ਕੀਤਾ ਜਾਵੇਗਾ।ਸਪੀਕਰ ਨੇ ਆਖਿਆ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਨਿਰੰਤਰ ਯਤਨਸ਼ੀਲ ਹੈ।



ਸ਼ਹਿਰਾਂ ਵਾਂਗ ਪਿੰਡਾਂ ਦੇ ਲੋਕਾਂ ਨੂੰ ਵੀ ਤੰਦਰੁਸਤ ਤੇ ਸਰੀਰਕ ਤੌਰ 'ਤੇ ਫਿੱਟ ਰੱਖਣ ਲਈ ਵੱਡੇ ਕਦਮ ਚੁੱਕੇ ਜਾ ਰਹੇ ਹਨ, ਜਿਨ੍ਹਾਂ ਤਹਿਤ ਰਾਜ ਭਰ ਵਿੱਚ 3148 ਪੇਂਡੂ ਖੇਡ ਮੈਦਾਨ ਬਣਾਏ ਜਾ ਰਹੇ ਹਨ।

ਸਪੀਕਰ ਸੰਧਵਾਂ ਨੇ ਇਲਾਕਾ ਨਿਵਾਸੀਆਂ ਤੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੌਕੇ ਪਿੰਡ ਦੀ ਸੱਥ ਵਿੱਚ ਹੁੰਮਹੁਮਾ ਕੇ ਪਹੁੰਚਣ।

# ਨਸ਼ੀਲੀਆਂ ਗੋਲੀਆਂ ਸਣੇ 2 ਗ੍ਰਿਫਤਾਰ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਵੱਲੋਂ 40 ਐਲਪਾਜੋਰਮ ਨਸ਼ੀਲੀਆਂ ਗੋਲੀਆਂ ਸਣੇ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਇਸ ਸੰਬੰਧੀ ਜਾਂਚ ਅਧਿਕਾਰੀ ਹੌਲਦਾਰ ਪਾਇਲ ਬਜਾਜ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਦੇ ਹੋਏ ਪਿੰਡ ਕਾਠਗੜ੍ਹ ਤੋਂ ਜੈਮਲ ਵਾਲਾ ਨੂੰ ਜਾ ਰਹੇ ਸੀ ਤੇ ਰਸਤੇ ਵਿੱਚ ਢਾਣੀ ਕਰਤਾਰ ਸਿੰਘ ਵਿਖੇ ਪੈਲੇਸ ਕੋਲ ਪੁਲਸ ਪਾਰਟੀ ਪੁੱਜੀ ਤਾਂ ਸਾਹਮਣੇ ਤੋਂ ਦੋ ਵਿਅਕਤੀ ਪੈਦਲ ਆਉਂਦੇ ਦਿਖਾਈ ਦਿੱਤੀ, ਜੋ ਪੁਲਸ ਪਾਰਟੀ ਦੀ ਗੱਡੀ ਨੂੰ ਵੇਖ ਕੇ ਇਕ ਵਿਅਕਤੀ ਨੇ ਆਪਣੇ ਸੱਜੇ ਹੱਥ ਵਿੱਚ ਫੜੀ ਹੋਈ ਕੋਈ ਵਸਤੂ ਨੂੰ ਦਿੱਤਾ, ਜਿਸ ਨੂੰ ਪੁਲਸ ਪਾਰਟੀ ਨੇ ਚੈੱਕ ਕਰਨ 'ਤੇ 40 ਐਲਪਾਜੋਰਮ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ। ਪੁਲਸ ਨੇ ਨਸ਼ੀਲੀਆਂ ਗੋਲੀਆਂ ਸਮੇਤ ਦਿਲਪ੍ਰੀਤ ਸਿੰਘ ਉਰਫ ਦਿੱਲੀ ਪੁਤਰ ਜਗਦੇਵ ਸਿੰਘ ਤੇ ਦਿਲਬਾਗ ਸਿੰਘ ਉਰਫ ਬਾਗਾ ਪੁੱਤਰ ਜਗਦੇਵ ਸਿੰਘ ਵਾਸੀਆਨ ਚੱਕ ਦੁਮਾਲ ਵਾਲਾ ਉਰਫ ਟਿੰਡਾ ਵਾਲਾ ਨੂੰ ਕਾਬੂ ਕਰਨ ਉਪਰੰਤ ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 5091 ਮਾਮਲੇ ਦਰਜ, 7105 ਨਸ਼ਾ ਤਸਕਰ ਗ੍ਰਿਫ਼ਤਾਰ : ਧਾਲੀਵਾਲ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)**- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਧਾਲੀਵਾਲ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਅਤੇ ਗੈਂਗਸਟਰ ਮੁਕਤ ਬਣਾਉਣ ਲਈ ਕੀਤੇ ਜਾ ਰਹੇ ਇਤਿਹਾਸਕ ਕਾਰਜਾਂ ਦਾ ਵੇਰਵਾ ਸਾਂਝਾ ਕੀਤਾ।ਪਾਰਟੀ ਦਫਤਰ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਪੁਲਿਸ ਨੇ ਬੇਮਿਸਾਲ ਸਫਲਤਾ ਹਾਸਲ ਕੀਤੀ ਹੈ। 1 ਮਾਰਚ 2025 ਤੋਂ 25 ਜੂਨ 2026 ਤੱਕ ਪੁਲਸ ਨੇ ਕੁੱਲ 5091 ਮਾਮਲੇ ਦਰਜ ਕਰਕੇ 7105 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੌਰਾਨ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ, ਜਿਨ੍ਹਾਂ ਵਿੱਚ 3103 ਕਿਲੋਗ੍ਰਾਮ ਹੈਰੋਇਨ, 2.4 ਕਿਲੋਗ੍ਰਾਮ ਸਮੈਕ, 831 ਕਿਲੋਗ੍ਰਾਮ ਅਫ਼ੀਮ, 6 ਕੁਇੰਟਲ 74 ਕਿਲੋਗ੍ਰਾਮ ਚੂਰਾ ਪੋਸਤ, 84 ਕੁਇੰਟਲ 789 ਕਿਲੋਗ੍ਰਾਮ ਚਰਸ, 10 ਕੁਇੰਟਲ ਗਾਂਜਾ, 4 ਕੁਇੰਟਲ ਕੋਕੀਨ, 5 ਕੁਇੰਟਲ ਆਈਸ ਅਤੇ 165 ਕਿਲੋਗ੍ਰਾਮ ਨਸ਼ੀਲਾ ਪਾਊਡਰ ਸ਼ਾਮਲ ਹੈ। ਇਸ ਤੋਂ ਇਲਾਵਾ 2100 ਨਸ਼ੀਲੀਆਂ ਦਵਾਈਆਂ, ਟੀਕੇ ਅਤੇ ਕੈਪਸੂਲ ਬਰਾਮਦ ਕਰਨ ਦੇ ਨਾਲ-ਨਾਲ ਤਸਕਰਾਂ ਕੋਲੋਂ ਰਿਕਾਰਡ 18 ਕਰੋੜ 73 ਲੱਖ ਰੁਪਏ ਦੀ ਡਰੱਗ ਮਨੀ ਵੀ ਜ਼ਬਤ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਦੀ ਇਹ ਪਹਿਲੀ ਅਜਿਹੀ ਸਰਕਾਰ ਹੈ ਜਿਸ ਨੇ ਵੱਡੇ ਡਰੱਗ ਡੀਲਰਾਂ ਅਤੇ ਸਮਗਲਰਾਂ ਦੇ ਘਰਾਂ ਨੂੰ ਢਾਹ ਦਿੱਤਾ ਹੈ। ਧਾਲੀਵਾਲ ਨੇ ਅੱਗੇ ਕਿਹਾ ਕਿ ਸਰਹੱਦ 'ਤੇ ਤਾਇਨਾਤ ਬੀਐਸਐਫ ਦੇ ਜਵਾਨ ਪੂਰੀ ਕੋਸ਼ਿਸ਼ ਕਰਦੇ ਹਨ, ਪਰ ਤਕਨਾਲੋਜੀ ਦੀ ਘਾਟ ਕਾਰਨ ਕਈ ਵਾਰ ਡਰੋਨ ਨਸ਼ਾ ਜਾਂ ਹਥਿਆਰ ਸੁੱਟ ਕੇ ਵਾਪਸ ਚਲੇ ਜਾਂਦੇ ਹਨ। ਜੇਕਰ ਕੇਂਦਰ ਸਰਕਾਰ ਸਾਡੀ ਮੰਗ ਅਨੁਸਾਰ ਸਰਹੱਦ 'ਤੇ ਐਂਟੀ-ਡਰੋਨ ਸਿਸਟਮ ਮੁਹੱਈਆ ਕਰਵਾ ਦਿੰਦੀ, ਤਾਂ ਪੰਜਾਬ ਵਿੱਚੋਂ ਨਸ਼ਾ ਹੁਣ ਤੱਕ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੁੰਦਾ। ।ਕੁਲਦੀਪ ਧਾਲੀਵਾਲ ਨੇ ਮਾਨ ਸਰਕਾਰ ਦੀਆਂ ਲੋਕ-ਭਲਾਈ ਨੀਤੀਆਂ 'ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਇੱਕ ਪਾਸੇ ਜਿੱਥੇ ਸਰਕਾਰ ਅਪਰਾਧ ਖ਼ਿਲਾਫ਼ ਸਖ਼ਤ ਹੈ, ਉੱਥੇ ਹੀ ਦੂਜੇ ਪਾਸੇ ਆਮ ਲੋਕਾਂ ਨੂੰ ਵੱਡੀਆਂ ਰਾਹਤਾਂ ਦੇ ਰਹੀ ਹੈ। ਮਾਨ ਸਰਕਾਰ ਨੇ ਮਾਵਾਂ-ਭੈਣਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ 1500 ਰੁਪਏ ਦੀ ਵਿੱਤੀ ਸਹਾਇਤਾ, ਪੰਜਾਬ ਦੇ ਹਰ ਘਰ ਨੂੰ 600 ਯੂਨਿਟ ਮੁਫ਼ਤ ਬਿਜਲੀ, ਹਰ ਪਰਿਵਾਰ ਲਈ 10 ਲੱਖ ਰੁਪਏ ਦਾ ਹੈਲਥ ਕਾਰਡ ਅਤੇ ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਦਾ ਇਤਿਹਾਸਕ ਕਾਰਜ ਕੀਤਾ ਹੈ।



# ਜੀ ਬੀ ਪੀ ਸੁਪੀਰੀਆ ਸੋਸਾਇਟੀ ਵਿਖੇ ਸਨਮਾਨ ਸਮਾਰੋਹ ਕਰਵਾਇਆ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸਥਾਨਕ ਜੀ ਬੀ ਪੀ ਸੁਪੀਰੀਆ ਸੋਸਾਇਟੀ ਵਿਖੇ ਜੀ ਬੀ ਪੀ ਸੁਪੀਰੀਆ ਵੈਲਫੇਅਰ ਐਸੋਸੀਏਸ਼ਨ (ਰਜਿਸਟਰਡ) ਵੱਲੋਂ ਇੱਕ ਵਿਸ਼ਾਲ ਮਿਲਣੀ ਅਤੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਖੇਤਰ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਸਮਾਗਮ ਵਿੱਚ ਵਾਰਡ ਨੰਬਰ 8 ਦੇ ਕੌਂਸਲਰ ਅਜੈ ਕੁਮਾਰ, ਸਮਾਜ ਸੇਵੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਵਿੰਦਰ ਸਿੰਘ ਬਿੰਦਰ, ਵਾਰਡ ਨੰਬਰ 7 ਦੀ ਕੌਂਸਲਰ ਬਿਪਨਦੀਪ ਕੌਰ ਸਮੇਤ ਆਮ ਆਦਮੀ ਪਾਰਟੀ ਦੇ ਕਈ ਅਹੁਦੇਦਾਰ, ਵਰਕਰ ਅਤੇ ਇਲਾਕੇ ਦੇ ਪਤਵੰਤੇ ਨਾਗਰਿਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।ਸਮਾਗਮ ਦੀ ਸ਼ੁਰੂਆਤ ਮਹਿਮਾਨਾਂ ਦੇ ਨਿੱਘੇ ਸਵਾਗਤ ਅਤੇ ਸਨਮਾਨ ਨਾਲ ਹੋਈ। ਜੀ ਬੀ ਪੀ ਸੁਪੀਰੀਆ ਵੈਲਫੇਅਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਵੱਲੋਂ ਮੁੱਖ ਮਹਿਮਾਨ ਤੇ ਹੋਰ ਵਿਸ਼ੇਸ਼ ਮਹਿਮਾਨਾਂ ਨੂੰ ਫੁੱਲਾਂ ਦੇ ਗੁਲਦਸਤੇ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੋਸਾਇਟੀ ਦੇ ਵਸਨੀਕਾਂ ਨੇ ਵੀ ਉਤਸ਼ਾਹ ਨਾਲ ਭਾਗ ਲਿਆ ਅਤੇ ਇਲਾਕੇ ਦੇ ਵਿਕਾਸ ਅਤੇ ਲੋਕ ਹਿੱਤ ਨਾਲ ਜੁੜੇ ਵੱਖ-ਵੱਖ ਮੁੱਦਿਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਆਪਣੇ ਸੰਬੋਧਨ ਦੌਰਾਨ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦੀ ਭਲਾਈ ਅਤੇ ਸਰਬਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਖੇਤਰ ਵਿੱਚ ਬੁਨਿਆਦੀ ਸਹੂਲਤਾਂ ਨੂੰ ਹੋਰ ਮਜ਼ਬੂਤ ਅਤੇ ਬਿਹਤਰ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਨਾਗਰਿਕ ਸਹੂਲਤਾਂ ਨੂੰ ਹੋਰ ਮਜ਼ਬੂਤ ਕਰਨ ਲਈ ਹਰ ਸੰਭਵ ਕਦਮ ਚੁੱਕਿਆ ਜਾਵੇਗਾ।ਵਾਰਡ ਨੰਬਰ 8 ਦੇ ਕੌਂਸਲਰ ਅਜੈ ਕੁਮਾਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਥਾਨਕ ਨਿਵਾਸੀਆਂ ਦੇ ਸਹਿਯੋਗ ਅਤੇ ਵਿਸ਼ਵਾਸ ਸਦਕਾ ਖੇਤਰ ਵਿੱਚ ਕਈ ਵਿਕਾਸ ਕਾਰਜਾਂ ਨੂੰ ਗਤੀ ਮਿਲੀ ਹੈ।ਸਮਾਰੋਹ ਦੇ ਅੰਤ ਵਿੱਚ ਜੀ ਬੀ ਪੀ ਸੁਪੀਰੀਆ ਵੈਲਫੇਅਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਸਾਰੇ ਮਹਿਮਾਨਾਂ, ਸਮਾਜ ਸੇਵੀਆਂ, ਪਾਰਟੀ ਅਹੁੱਦੇਦਾਰਾਂ, ਵਰਕਰਾਂ ਅਤੇ ਹਾਜ਼ਰ ਨਾਗਰਿਕਾਂ ਦਾ ਧੰਨਵਾਦ ਕੀਤਾ।



# ਦੋ ਸਕੇ ਭਰਾਵਾਂ ਨੇ ਜ਼ਿਲ੍ਹਾ ਸ਼ੂਟਿੰਗ ਚੈਂਪੀਅਨਸ਼ਿਪ 'ਚ ਜਿੱਤੇ ਕਈ ਮੈਡਲ

**ਮੋਹਾਲੀ (ਗੁਰਜੀਤ ਬਿੱਲਾ)** ਜਲਵਾਯੂ ਟਾਵਰਜ਼ (ਮੋਹਾਲੀ) ਦੇ ਦੋ ਸਕੇ ਭਰਾਵਾਂ ਨੇ ਆਪਣੀ ਸ਼ਾਨਦਾਰ ਨਿਸ਼ਾਨੇਬਾਜ਼ੀ ਦੀ ਬਦੌਲਤ ਆਪਣੇ ਮਾਪਿਆਂ ਅਤੇ ਇਲਾਕੇ ਦਾ ਨਾਮ ਪੂਰੇ ਜ਼ਿਲ੍ਹੇ ਵਿੱਚ ਰੌਸ਼ਨ ਕੀਤਾ ਹੈ। ਫੇਜ਼ 6 ਸ਼ੂਟਿੰਗ ਰੇਂਜ, ਮੋਹਾਲੀ ਵਿਖੇ ਹੋਈ ਜ਼ਿਲ੍ਹਾ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਦਲਬੀਰ ਸਿੰਘ ਅਤੇ ਸਰਦਾਰਨੀ ਅਮਨਦੀਪ ਕੌਰ ਦੇ ਹੋਣਹਾਰ ਸਪੁੱਤਰਾਂ- ਲਕਸ਼ਵੀਰ ਸਿੰਘ ਅਤੇ ਮਿਹਰਜਵੀਰ ਸਿੰਘ ਨੇ ਮੈਡਲਾਂ ਦੀ ਝੜੀ ਲਗਾ ਦਿੱਤੀ।ਵਰਣਯੋਗ ਹੈ ਕਿ ਇਹ ਦੋਵੇਂ ਬੱਚੇ ਬਾਗਲਾ ਸ਼ੂਟਿੰਗ ਰੇਂਜ, ਮੋਹਾਲੀ ਵਿਖੇ ਨਿਸ਼ਾਨੇਬਾਜ਼ੀ ਦੀ ਪੇਸ਼ੇਵਰ ਟ੍ਰੇਨਿੰਗ ਲੈ ਰਹੇ ਹਨ। ਆਪਣੀ ਸਖ਼ਤ ਮਿਹਨਤ ਸਦਕਾ ਇਸ ਚੈਂਪੀਅਨਸ਼ਿਪ ਵਿੱਚ ਲਕਸ਼ਵੀਰ ਸਿੰਘ ਨੇ ਸ਼ਾਨਦਾਰ ਖੇਡ ਦਾ ਮੁਜ਼ਾਹਰਾ ਕਰਦੇ ਹੋਏ 3 ਗੋਲਡ (ਸੋਨਾ), 1 ਸਿਲਵਰ (ਚਾਂਦੀ) ਅਤੇ 3 ਬ੍ਰੌਂਜ਼ (ਕਾਂਸੀ) ਮੈਡਲ ਆਪਣੇ ਨਾਂਅ ਕੀਤੇ। ਉਸ ਦੇ ਭਰਾ ਮਿਹਰਜਵੀਰ ਸਿੰਘ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 2 ਬ੍ਰੌਂਜ਼ ਮੈਡਲ ਜਿੱਤ ਕੇ ਪਰਵਾਰ ਦਾ ਮਾਣ ਵਧਾਇਆ।ਜਲਵਾਯੂ ਟਾਵਰਜ਼ ਦੇ ਨਿਵਾਸੀਆਂ ਅਤੇ ਬਾਗਲਾ ਸ਼ੂਟਿੰਗ ਰੇਂਜ ਦੇ ਪ੍ਰਬੰਧਕਾਂ ਵੱਲੋਂ ਦੋਵਾਂ ਹੋਣਹਾਰ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਇਸ ਵੱਡੀ ਸਫਲਤਾ 'ਤੇ ਨਿੱਘੀ ਵਧਾਈ ਦਿੱਤੀ ਗਈ ਹੈ।



# ਪਰਾਲੀ ਪ੍ਰਬੰਧਨ ਮਸ਼ੀਨਾਂ ਖਰੀਦਣ ਲਈ ਕਿਸਾਨਾਂ ਨੂੰ ਵੰਡੇ ਸੈਂਕਸ਼ਨ ਲੈਟਰ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਟਾਂਡਾ ਵੱਲੋਂ ਆਤਮਾ ਸਕੀਮ ਅਧੀਨ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਬਾਰੇ ਖੇਤੀਬਾੜੀ ਦਫਤਰ ਹਰਸੀ ਪਿੰਡ ਟਾਂਡਾ ਵਿਖੇ ਕਿਸਾਨ ਗੋਸ਼ਟੀ ਲਗਾਈ ਗਈ। ਇਸ ਕੈਂਪ ਵਿੱਚ ਐਮ ਐਲ ਏ ਜਸਵੀਰ ਸਿੰਘ ਰਾਜਾ ਗਿੱਲ ਵੱਲੋਂ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਉਹਨਾਂ ਵੱਲੋਂ ਕਰਾਪ ਰੈਜੀਡਿਊ ਮੈਨੇਜਮੈਂਟ ਸਕੀਮ ਅਧੀਨ ਬਲਾਕ ਟਾਂਡਾ ਦੇ 40 ਕਿਸਾਨਾਂ ਲਈ ਪਰਾਲੀ ਪ੍ਰਬੰਧਨ ਮਸ਼ੀਨਰੀ ਦੀ ਖਰੀਦ ਲਈ 61,94,300 ਰੁਪਏ ਦੀ ਸਬਸਿਡੀ ਦੇ ਸੈਂਕਸ਼ਨ ਲੈਟਰ ਜਾਰੀ ਕੀਤੇ ਗਏ। ਉਹਨਾਂ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਸਬਸਿਡੀ ਉੱਤੇ ਦਿੱਤੀਆਂ ਜਾ ਰਹੀਆਂ ਵੱਖ-ਵੱਖ ਮਸ਼ੀਨਾਂ ਰਾਹੀਂ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਪਰਮਿੰਦਰ ਸਿੰਘ ਕੇਵੀਕੇ ਬਾਹੋਵਾਲ ਕਿਸਾਨਾਂ ਨੂੰ ਪਸ਼ੂ ਪਾਲਣ ਸਬੰਧੀ ਸੰਪੂਰਨ ਜਾਣਕਾਰੀ ਦਿੱਤੀ ਗਈ। ਡਾ. ਕਰਮਵੀਰ ਗਰਚਾ ਵੱਲੋਂ ਕਿਸਾਨਾਂ ਨੂੰ ਸਬਜ਼ੀਆਂ ਦੀ ਕਾਸ਼ਤ ਸਬੰਧੀ ਜਾਣਕਾਰੀ ਦਿੰਦਿਆਂ ਘਰੇਲੂ ਫਲ ਅਤੇ ਸਬਜ਼ੀ ਬਗੀਚੀ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੰਧਿਆ, ਰੇਨੂ ਬਾਲਾ, ਜਸਪਾਲ ਸਿੰਘ, ਵਿਜੇ ਕੁਮਾਰ, ਜਸਮੀਨ ਕੌਰ, ਹਰਪ੍ਰੀਤ ਸਿੰਘ, ਰਾਜਦੀਪ ਕੌਰ, ਆਕਾਸ਼ਦੀਪ ਸਿੰਘ, ਸਰਪੰਚ ਰਸ਼ਪਾਲ ਸਿੰਘ ਸਮੇਤ ਸਮੂਹ ਪੰਚਾਇਤ ਹਰਸੀ ਪਿੰਡ, ਮਨਜੀਤ ਸਿੰਘ, ਓਂਕਾਰ ਸਿੰਘ, ਸ਼ੇਰ ਅਲੀ ਤੇ ਹੋਰ ਕਿਸਾਨ ਮੌਜੂਦ ਸਨ।



# ਮੋਹਾਲੀ ਕਾਰਪੋਰੇਸ਼ਨ ਦੀ ਨਵੀਂ ਚੁਣੀ ਗਈ ਟੀਮ ਦਾ ਸਨਮਾਨ ਸਮਾਰੋਹ

**ਮੋਹਾਲੀ (ਗੁਰਜੀਤ ਬਿੱਲਾ)**- ਮੋਹਾਲੀ ਕਾਰਪੋਰੇਸ਼ਨ ਦੀ ਨਵੀਂ ਚੁਣੀ ਗਈ ਟੀਮ ਦਾ ਸਨਮਾਨ ਕਰਨ ਦੇ ਲਈ ਸਨਮਾਨ ਸਮਾਰੋਹ ਦਾ ਆਯੋਜਨ ਸ਼ਾਨਦਾਰ ਰਵਾਇਤਾਂ ਦੇ ਅਨੁਸਾਰ ਕੀਤਾ ਗਿਆ। ਇਸ ਮੌਕੇ ਤੇ ਵਾਰਡ ਨੰਬਰ -44 ਦੇ ਨਿਵਾਸੀਆਂ ਦੇ ਵੱਲੋਂ ਜਿੱਥੇ ਮੇਅਰ, ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ ਅਤੇ ਮਜੂਦੇ ਕੌਂਸਲਰਾਂ ਨੂੰ ਜੀ ਆਇਆ ਆਖਿਆ ਗਿਆ, ਉੱਥੇ ਮਹਿਲਾ ਕੌਂਸਲਰਾਂ ਨੂੰ ਵਾਰਡ ਨੰਬਰ- 44 ਦੀਆਂ ਮਹਿਲਾਵਾਂ ਦੇ ਵੱਲੋਂ ਇਕੱਲੇ- ਇਕੱਲੇ ਤੌਰ ਤੇ ਪੂਰੇ ਜਾਹੋ- ਜਲਾਲ ਦੇ ਨਾਲ ਜੀ ਆਇਆ ਆਖਿਆ ਗਿਆ ਅਤੇ ਉਹਨਾਂ ਨੂੰ ਪੰਡਾਲ ਵਿੱਚ ਬਿਠਾਇਆ ਗਿਆ। ਇਸ ਸਨਮਾਨ ਸਮਾਰੋਹ ਦੇ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ- ਕੁਲਵੰਤ ਸਿੰਘ ਨੇ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ। ਇਹ ਸਨਮਾਨ ਸਮਾਰੋਹ ਸਬੰਧੀ ਸਮਾਗਮ ਸੈਕਟਰ 91-91 ਵਿਖੇ ਵਾਰਡ ਨੰਬਰ -44 ਦੇ ਨਿਵਾਸੀਆਂ ਦੇ ਵੱਲੋਂ ਸਟੇਟ ਐਵਾਰਡੀ ਅਤੇ ਹਲਕਾ ਕੋਆਰਡੀਨੇਟਰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਫੂਲਰਾਜ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ। ਗੱਲਬਾਤ ਦੌਰਾਨ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੋਹਾਲੀ ਕਾਰਪੋਰੇਸ਼ਨ ਦੀ ਨਵੀਂ ਚੁਣੀ ਗਈ ਟੀਮ ਦਾ ਬਹੁਤ ਥਾਵਾਂ ਤੇ ਸਨਮਾਨ ਸਮਾਰੋਹ ਰੱਖਿਆ ਗਿਆ ਹੈ ਅਤੇ ਰੱਖਿਆ ਜਾ ਰਿਹਾ ਹੈ, ਪਰੰਤੂ ਚੁਣੇ ਹੋਏ ਨੁਮਾਇੰਦਿਆਂ ਦਾ ਜਿਸ ਤਰ੍ਹਾਂ ਦਾ ਸਨਮਾਨ ਵਾਰਡ ਨੰਬਰ- 44 ਦੇ ਨਿਵਾਸੀਆਂ ਵੱਲੋਂ ਫੂਲਰਾਜ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ ਹੈ, ਇਸ ਦੀ ਉਦਾਹਰਨ ਹੋਰ ਕਿਧਰੇ ਨਹੀਂ ਮਿਲਦੀ। ਇਹ ਆਪਣੇ- ਆਪ ਵਿੱਚ ਇੱਕ ਨਿਵੇਕਲਾ ਸਨਮਾਨ ਸਮਾਰੋਹ ਹੋ ਨਿਬੜਿਆ ਹੈ, ਜੋ ਕਿ ਹਾਜ਼ਰੀਨ ਸਭਨਾ ਦੇ ਜ਼ਹਿਨ ਵਿੱਚ ਵਿੱਚ ਉਮਰ ਭਰ ਵੱਖਰੀ ਅਤੇ ਅਭੁੱਲ ਯਾਦ ਬਣ ਕੇ ਉਕਰਿਆ ਰਹੇਗਾ। ਇਸ ਮੌਕੇ ਤੇ ਇੰਪਰੂਵਮੈਂਟ ਟਰਸਟ ਨਾਭਾ ਦੇ ਚੇਅਰਮੈਨ- ਜਸਵੀਰ ਸਿੰਘ ਅਤੇ ਜਿਲਾ ਯੋਜਨਾ ਬੋਰਡ ਮੁਹਾਲੀ ਦੇ ਚੇਅਰਪਰਸਨ ਇੰਜੀਨੀਅਰ ਪ੍ਰਭਜੋਤ ਕੌਰ ਦਾ ਵੀ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਸਟੇਟ ਅਵਾਰਡੀ- ਫੂਲਰਾਜ ਸਿੰਘ ਸਿੰਘ ਨੇ ਚੁਣੇ ਹੋਏ ਮੇਅਰ, ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ ਅਤੇ ਸਭਨਾ ਕੌਂਸਲਰਾਂ ਦੇ ਸੰਘਰਸ਼ ਦੇ ਸਬੰਧ ਵਿੱਚ ਵਿਸਥਾਰ ਵਿੱਚ ਹਾਜ਼ਰੀਨ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਤੇ ਗੁਰਮੀਤ ਸਿੰਘ ਸੈਣੀ, ਜਸਜੀਤ ਸਿੰਘ ਭਾਟੀਆ, ਵਿਕਰਮ ਸਿੰਘ ਸਰਾਉ, ਮਨਿੰਦਰ ਸਿੰਘ, ਹਰਭਜਨ ਸਿੰਘ ਭਾਟੀਆ, ਜਗਜੀਤ ਸਿੰਘ, ਗੁਰਦੀਪ ਸਿੰਘ, ਤਰਲੋਚਨ ਸਿੰਘ, ਪਵਨ ਧੀਮਾਨ, ਤਰਲੋਚਨ ਸਿੰਘ, ਗੁਰਪ੍ਰੀਤ ਸਿੰਘ,ਦਰਸ਼ਨ ਸਿੰਘ ਬਰਾੜ, ਗਾਬਾ ਸਾਹਿਬ, ਗੁਰਵਿੰਦਰ ਸਿੰਘ,ਗੁਰਬੀਰ ਸਿੰਘ, ਬਚਿੱਤਰ ਸਿੰਘ, ਪ੍ਰਧਾਨ ਰਜਿੰਦਰ ਸਿੰਘ ਸਿੱਧੂ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ, ਕੰਮਰਾ ਸਾਹਿਬ ਚੇਅਰਮੈਨ ਮਲਟੀਟੈੱਕ,ਜਗਵਿੰਦਰ ਸਿੰਘ ਢਿੱਲੋਂ, ਨਰਿੰਦਰ ਸਿੰਘ ਮੱਲੀ, ਸੁਖਬੀਰ ਸਿੰਘ- ਪ੍ਰਧਾਨ, ਕਰਮ ਚੰਦ ਪ੍ਰਧਾਨ ਮੁੰਡੀ ਸੁਸਾਇਟੀ, ਗੁਰਪ੍ਰੀਤ ਸਿੰਘ ਲਿਖਾਰੀ- ਪ੍ਰਧਾਨ ਸਵਿੱਤਰੀ ਟਾਵਰ, ਗੁਲਾਟੀ ਸਾਹਿਬ, ਅਵਤਾਰ ਸਿੰਘ -ਜਨਰਲ ਸਕੱਤਰ, ਗਾਬਾ ਸਾਹਿਬ, ਜਸਪਾਲ ਸਿੰਘ, ਸਮਰ ਸੰਧੂ, ਕੇ ਐ ਮਾਨ , ਗੁਰਪ੍ਰੀਤ ਢਿੱਲੋਂ, ਰਿਜੈਂਸੀ ਹਾਈਟ, ਮਾਈ ਭਾਗੋ ਇਸਤਰੀ ਸਤਿਸੰਗ ਸਭਾ ਵੀ ਹਾਜ਼ਰ ਸਨ।



# ਲਾਲੜੂ ਨਗਰ ਕੌਂਸਲ ਨੂੰ ਮਿਲੀ ਨਵੀਂ ਲੀਡਰਸ਼ਿਪ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਲਾਲੜੂ ਨਗਰ ਕੌਂਸਲ ਵਿੱਚ ਆਮ ਆਦਮੀ ਪਾਰਟੀ ਨੂੰ ਸਪੱਸ਼ਟ ਬਹੁਮਤ ਮਿਲਣ ਉਪਰੰਤ ਨਗਰ ਕੌਂਸਲ ਦੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਚੋਣ ਕਰਵਾਈ ਗਈ।ਚੋਣ ਦੌਰਾਨ ਵਾਰਡ ਨੰਬਰ 6 ਤੋਂ ਕੌਂਸਲਰ ਜੋਰਾਵਰ ਸਿੰਘ ਨੂੰ ਸਰਬਸੰਮਤੀ ਨਾਲ ਨਗਰ ਕੌਂਸਲ ਦਾ ਪ੍ਰਧਾਨ, ਵਾਰਡ ਨੰਬਰ 8 ਤੋਂ ਕੌਂਸਲਰ ਹਰੀਸ਼ ਮਦਾਨ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਵਾਰਡ ਨੰਬਰ 4 ਤੋਂ ਕੌਂਸਲਰ ਅਮਨ ਰਾਣਾ ਨੂੰ ਮੀਤ ਪ੍ਰਧਾਨ ਚੁਣਿਆ ਗਿਆ।ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਲਾਲੜੂ ਦੇ ਸ਼ਹਿਰੀ ਵੋਟਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਨੇ ਨਗਰ ਕੌਂਸਲ ਦੀਆਂ 17 ਵਿੱਚੋਂ 13 ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿੱਤ ਦਿਵਾਈ।ਵਿਧਾਇਕ ਰੰਧਾਵਾ ਨੇ ਕਿਹਾ ਕਿ ਹੁਣ ਸਮੂਹ ਕੌਂਸਲਰਾਂ ਦੀ ਜ਼ਿੰਮੇਵਾਰੀ ਸ਼ਹਿਰ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਅਤੇ ਨਾਗਰਿਕਾਂ ਨੂੰ ਸਾਫ਼-ਸਫ਼ਾਈ, ਪੀਣ ਵਾਲਾ ਪਾਣੀ, ਸੜਕਾਂ, ਸੀਵਰੇਜ ਅਤੇ ਹੋਰ ਮੁੱਢਲੀਆਂ ਨਾਗਰਿਕ ਸਹੂਲਤਾਂ ਸਮੇਂ ਸਿਰ ਉਪਲਬਧ ਕਰਵਾਉਣ ਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨਾ ਹੀ ਨਵੇਂ ਚੁਣੇ ਗਏ ਨੁਮਾਇੰਦਿਆਂ ਦੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ।ਇਸ ਮੌਕੇ ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ ਵੀ ਹਾਜ਼ਰ ਸਨ।



# ਸਿੱਖ ਮਿਸ਼ਨਰੀ ਕਾਲਜ ਵੱਲੋਂ ਗੁਰਬਾਣੀ ਸੰਥਿਆ 'ਚ ਭਾਗ ਲੈਣ ਵਾਲੇ ਬੱਚਿਆਂ ਨੂੰ ਕੀਤਾ ਸਨਮਾਨਤ

**ਚੰਡੀਗੜ੍ਹ (ਸੁਰਜੀਤ ਸੁਮਨ)** ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਸੈਕਟਰ 40-ਬੀ ਚੰਡੀਗੜ੍ਹ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਜਵਿੰਦਰ ਸਿੰਘ ਗੱਡੂ ਨੇ ਦੱਸਿਆ ਕਿ ਗਰਮੀ ਦੀਆਂ ਛੁੱਟੀਆਂ ਵਿੱਚ ਪੰਜ ਤੋਂ ਸੋਲਾਂ ਸਾਲ ਦੀ ਉਮਰ ਦੇ ਬੱਚਿਆਂ ਨੂੰ ਸਿੱਖ ਮਿਸ਼ਨਰੀ ਕਾਲਜ ਵੱਲੋਂ ਗੁਰਬਾਣੀ ਸੰਥਿਆ ਕਰਾਉਣ ਲਈ ਗੁਰੂਦੁਆਰਾ ਸਾਹਿਬ ਵਿਖੇ ਇੱਕ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਗਗਨਦੀਪ ਸਿੰਘ, ਗੁਰਸ਼ਰਨ ਸਿੰਘ ਸੁਪਰਵਾਈਜ਼ਰ, ਜਸਪ੍ਰੀਤ ਕੌਰ, ਅਰਸ਼ਦੀਪ ਕੌਰ, ਤ੍ਰਿਪਤ ਕੌਰ, ਸਿਮਰਪ੍ਰੀਤ ਕੌਰ ਅਤੇ ਸੁਖਜੀਤ ਕੌਰ ਆਦਿ ਅਧਿਆਪਕਾਂ ਨੇ 82 ਬੱਚਿਆਂ ਨੂੰ ਸਿੱਖਿਆ ਦੇਣ ਦਾ ਵੱਡਮੁੱਲਾ ਕਾਰਜ ਕੀਤਾ। ਕਮੇਟੀ ਦੇ ਪ੍ਰਧਾਨ ਰਾਜਵਿੰਦਰ ਸਿੰਘ ਗੱਡੂ ਅਤੇ ਮੈਂਬਰ ਸਾਹਿਬਾਨ ਵਲੋਂ ਗੁਰਬਾਣੀ ਸੰਥਿਆ ਦੇ ਆਖਰੀ ਦਿਨ ਉਕਤ ਬੱਚਿਆਂ ਅਤੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਦਵਿੰਦਰ ਸਿੰਘ ਵਾਲੀਆ ਜਨਰਲ ਸਕੱਤਰ, ਕਿਰਪਾਲ ਸਿੰਘ ਕਾਰਜਕਾਰੀ ਮੈਂਬਰ, ਸਰਦੂਲ ਸਿੰਘ ਕੈਸ਼ੀਅਰ, ਰਾਮ ਸਿੰਘ ਸਟੋਰ ਕੀਪਰ ਅਤੇ ਹੋਰ ਕਮੇਟੀ ਮੈਂਬਰਾਂ ਵੀ ਹਾਜ਼ਰ ਸਨ।



# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਮੁਹਾਲੀ ਤੋਂ 65ਵੀਂ ਬੱਸ ਰਵਾਨਾ

**ਮੁਹਾਲੀ (ਗੁਰਜੀਤ ਬਿੱਲਾ)**- ਹਲਕਾ ਮੋਹਾਲੀ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ 65ਵੀਂ ਬੱਸ ਨੂੰ ਵਾਰਡ ਨੰਬਰ- 32 ਤੋਂ ਕੌਂਸਲਰ -ਗੁਰਜੀਤ ਸਿੰਘ ਮਾਮਾ ਮਟੌਰ ਦੀ ਅਗਵਾਈ ਹੇਠ ਰਵਾਨਾ ਕੀਤਾ ਗਿਆ। ਵਿਧਾਨ ਸਭਾ ਹਲਕਾ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਦੀ ਦੇਖ-ਰੇਖ ਹੇਠ ਅੰਮ੍ਰਿਤਸਰ ਲਈ ਰਵਾਨਾ ਹੋਣ ਵਾਲੀ ਇਸ ਬੱਸ ਨੂੰ ਮੋਹਾਲੀ ਕਾਰਪੋਰੇਸ਼ਨ ਦੇ ਮੇਅਰ- ਸਰਬਜੀਤ ਸਿੰਘ ਸਮਾਣਾ ਅਤੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਹਲਕਾ ਕੋਆਰਡੀਨੇਟਰ- ਫੂਲਰਾਜ ਸਿੰਘ, ਨੇ ਹਰੀ ਝੰਡੀ ਦਿੱਤੀ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੇਅਰ ਮੋਹਾਲੀ ਕਾਰਪੋਰੇਸ਼ਨ ਸਰਬਜੀਤ ਸਿੰਘ ਸਮਾਣਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇਹ ਇੱਛਾ ਸੀ ਕਿ ਪੰਜਾਬ ਦੇ ਹਰ ਇੱਕ ਸੀਨੀਅਰ ਸਿਟੀਜਨ ਨੂੰ ਧਾਰਮਿਕ ਯਾਤਰਾ ਸੰਗਤ ਦੇ ਰੂਪ ਵਿੱਚ ਕਰਵਾਈ ਜਾਵੇ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਰਾਂ ਦੀ ਤਰਫੋਂ ਤੁਰੰਤ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਐਲਾਨ ਕੀਤਾ ਗਿਆ ਅਤੇ ਵੱਡੀ ਗਿਣਤੀ ਦੇ ਵਿੱਚ ਰੋਜ਼ਾਨਾ ਹੀ ਲਗਭਗ ਹਰ ਵਿਧਾਨ ਸਭਾ ਹਲਕੇ ਤੋਂ ਅੰਮ੍ਰਿਤਸਰ ਲਈ ਬੱਸਾਂ ਰਵਾਨਾ ਹੋ ਰਹੀਆਂ ਹਨ ਤੇ ਅੰਮ੍ਰਿਤਸਰ ਲਈ ਜਾਣ ਵਾਲੀਆਂ ਬੱਸਾਂ ਦਾ ਇਹ ਕਾਫਲਾ ਸਫਲਤਾ ਪੂਰਵਕ ਲਗਾਤਾਰ ਜਾਰੀ ਹੈ।

ਮੇਅਰ ਸਰਬਜੀਤ ਸਿੰਘ ਸਮਾਣਾ ਨੇ ਕਿਹਾ ਕਿ ਇਸ ਯਾਤਰਾ ਦੇ ਦੌਰਾਨ ਸ਼ਰਧਾਲੂ ਸ਼੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਨਾ, ਰਾਮ ਤੀਰਥ ਵਾਲਮੀਕੀ ਮੰਦਰ, ਬਾਗਾ ਬਾਰਡਰ ਅਤੇ ਜਲਿਆਂਵਾਲਾ ਬਾਗ ਦੇ ਦਰਸ਼ਨ ਸੰਗਤ ਦੇ ਰੂਪ ਵਿੱਚ ਕਰਕੇ ਵਾਪਸ ਪਰਤਦੇ ਹਨ, ਇਸ ਯਾਤਰਾ ਦੇ ਦੌਰਾਨ ਸੀਨੀਅਰ ਸਿਟੀਜਨ ਦੀ ਸਹੂਲਤ ਦੇ ਲਈ ਜਿੱਥੇ ਹਰ ਵੇਲੇ ਮੈਡੀਕਲ ਟੀਮ ਮੌਜੂਦ ਰਹਿੰਦੀ ਹੈ, ਉੱਥੇ ਗਾਈਡ ਵੀ ਹਰ ਵੇਲੇ ਸੀਨੀਅਰ ਸਿਟੀਜਨ ਦੀ ਸਹੂਲਤ ਦੇ ਲਈ ਉਪਲਬਧ ਕਰਵਾਇਆ ਜਾਂਦਾ ਹੈ, ਤਾਂ ਕਿ ਸੀਨੀਅਰ ਸਿਟੀਜਨ ਨੂੰ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਸੀਨੀਅਰ ਸਿਟੀਜਨ ਨੂੰ ਲੋੜੀਂਦੀ ਕਿਸੇ ਤਰ੍ਹਾਂ ਦੀ ਜਾਣਕਾਰੀ ਵੀ ਤੁਰੰਤ ਗਾਈਡ ਤੋਂ ਪ੍ਰਾਪਤ ਕਰ ਲਈ ਜਾਂਦੀ ਹੈ। ਇਸ ਮੌਕੇ ਤੇ ਕੌਂਸਲਰ ਗੁਰਜੀਤ ਸਿੰਘ ਮਟੌਰ ਤੋਂ ਇਲਾਵਾ ਜਗਤਾਰ ਸਿੰਘ, ਰਵਿੰਦਰ ਸਿੰਘ ਸੈਣੀ, ਮਨਜੀਤ ਸਿੰਘ, ਸਤਵਿੰਦਰ ਸਿੰਘ ਸ਼ਾਹੀ, ਅੰਮ੍ਰਿਤ ਕੌਰ,ਮੰਜੂ ਬਾਲਾ, ਦਲਜੀਤ ਕੌਰ, ਚੰਨੀ ਮਟੌਰ, ਪ੍ਰੇਮ ਕੁਮਾਰ, ਅਕਵਿੰਦਰ ਸਿੰਘ ਗੋਸਲ ਵੀ ਹਾਜ਼ਰ ਸਨ।



# ਸ੍ਰੀ ਗੁਰੂ ਅਰਜਨ ਦੇਵ ਨੂੰ ਸਮਰਪਿਤ ਗੁਰਮਤਿ ਸਮਾਗਮ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਸ੍ਰੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਰਾਮਗੜ੍ਹੀਆ ਸਿੰਘ ਸਭਾ (ਰਜਿ:) ਮੋਰਿੰਡਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਗੀਹਲ ਨੇ ਦੱਸਿਆ ਕਿ ਸਵੇਰੇ 9.00 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਸ੍ਰੀ ਸੁਖਮਨੀ ਸਾਹਿਬ ਇਸਤਰੀ ਸਤਿਸੰਗ ਸੇਵਾ ਸੁਸਾਇਟੀ ਦੀਆਂ ਬੀਬੀਆਂ ਨੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਅਤੇ ਭਾਈ ਪਰਮਜੀਤ ਸਿੰਘ ਖਰੜ ਵਾਲਿਆਂ ਨੇ ਸ਼ਬਦ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਦੌਰਾਨ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਮੋਰਿੰਡਾ ਸਰਪ੍ਰਸਤ ਕੁਲਵੀਰ ਸਿੰਘ ਸੋਨੂੰ ਗੀਹਲ ਨੇ ਦੱਸਿਆ ਕਿ ਫੈਡਰੇਸ਼ਨ ਵੱਲੋਂ ਠੰਢੇ ਮਿੱਠੇ ਜਲ ਦੀ ਛਬੀਲ ਦੀ ਸੇਵਾ ਨਿਭਾਈ ਗਈ। ਉਨ੍ਹਾਂ ਛਬੀਲ ਦੀ ਸੇਵਾ ਨਿਭਾ ਰਹੇ ਫੈਡਰੇਸ਼ਨ ਦੇ ਮੈਂਬਰਾਂ ਅਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਦੁਆਰਾ ਰਾਮਗੜ੍ਹੀਆ ਸਿੰਘ ਸਭਾ ਦੇ ਸੈਕਟਰੀ ਗੁਰਮੀਤ ਸਿੰਘ ਊਬੀ, ਗੁਰਚਰਨ ਸਿੰਘ ਗੀਹਲ, ਰਵਿੰਦਰ ਸਿੰਘ ਰਵੀ, ਤਰਲੋਚਨ ਸਿੰਘ ਗੀਹਲ, ਅਮਰੀਕ ਸਿੰਘ ਡੱਫੂ, ਅਵਤਾਰ ਸਿੰਘ ਗੀਹਲ, ਜਸਵਿੰਦਰ ਸਿੰਘ ਗੀਹਲ ਤੋਂ ਇਲਾਵਾ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਮੋਰਿੰਡਾ ਦੇ ਸੈਕਟਰੀ ਦਲਜੀਤ ਸਿੰਘ ਮੁੰਡੇ ਤੇ ਸੰਗਤਾਂ ਹਾਜ਼ਰ ਸਨ। ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਸਮਾਗਮ ਦੇ ਅਖੀਰ ਵਿੱਚ ਜਗਜੀਤ ਸਿੰਘ ਗੀਹਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।



# ਹੀਰ ਗੋਤ ਜਠੇਰਿਆ ਦਾ ਸਾਲਾਨਾ ਜੋੜ ਮੇਲਾ ਅੱਜ

**ਆਦਮਪੁਰ (ਪਰਮਜੀਤ ਸਿੰਘ)**- ਹੀਰ ਗੋਤ ਜਠੇਰਿਆਂ ਦਾ ਸਲਾਨਾ ਜੋੜ ਮੇਲਾ 28 ਜੂਨ ਨੂੰ ਆਦਮਪੁਰ ਦੇ ਨਜ਼ਦੀਕ ਪਿੰਡ ਖੋਜਕੀਪੁਰ ਸਲਾਲਾ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਬਕਾ ਸਰਪੰਚ ਤੁਲਸੀ ਰਾਮ ਹੀਰ ਨੇ ਦੱਸਿਆ ਕਿ ਪਿੰਡ ਖੋਜਕੀਪੁਰ 'ਚ ਸਥਿਤ ਹੀਰ ਜਠੇਰਿਆਂ ਦੇ ਪਵਿੱਤਰ ਧਾਰਮਿਕ ਅਸਥਾਨ 'ਤੇ 28 ਜੂਨ ਨੂੰ ਕਰਵਾਏ ਜਾ ਰਹੇ ਮੇਲੇ ਦੌਰਾਨ ਸਵੇਰੇ 10 ਵਜੇ ਨਿਸ਼ਾਨ ਸਾਹਿਬ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਵੇਗੀ, ਉਪਰੰਤ ਅੰਮ੍ਰਿਤਬਾਣੀ ਦੇ ਜਾਪ ਉਪਰੰਤ ਰਾਗੀ ਜਥੇ ਜਗਤ ਗੁਰੂ ਰਵਿਦਾਸ ਮਹਾਰਾਜ ਦੀ ਮਹਿਮਾ ਦਾ ਗੁਣਗਾਨ ਕਰਨਗੇ। ਸੰਗਤਾਂ 'ਚ ਚਾਹ ਪਕੌੜੇ, ਠੰਢੇ ਮਿੱਠੇ ਜਲ ਦੀ ਛਬੀਲ ਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਜਾਵੇਗਾ।



# ਕੌਰ ਸਿਸਟਰਜ਼ ਵੱਲੋਂ ਗਾਏ ਭਜਨਾਂ ਦਾ ਪੋਸਟਰ ਜਾਰੀ ਕੀਤਾ

**ਬੰਗਾ (ਅਵਤਾਰ ਕਲੇਰ)**- ਧੰਨ ਧੰਨ ਸ੍ਰੀ ਹਜ਼ੂਰ ਨਾਭ ਕੰਵਲ ਰਾਜਾ ਸਾਹਿਬ ਮਹਾਰਾਜ ਦੀ ਮਹਿਮਾਂ ਦੇ ਗੁਣਗਾਨ ਕਰਦੇ ਨਵੇਂ ਧਾਰਮਿਕ ਗੀਤ ( ਮੇਰੇ ਰਾਜਾ ਸਾਹਿਬ ਜੀ ਅਤੇ ਲੱਗੇ ਰਹਿਦੇ ਮੇਲੇ ) ਦੇ ਪੋਸਟਰ ਪਿੰਡ ਚੱਕ ਰਾਮੂੰ ਦੀਆਂ ਸੰਗਤਾਂ ਅਤੇ ਹਲਕਾ ਬੰਗਾ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਵਲੋਂ ਸਾਂਝੇ ਤੋਰ 'ਤੇ ਰਿਲੀਜ਼ ਕੀਤੇ ਗਏ। ਇਹਨਾਂ ਗੀਤਾਂ ਨੂੰ ਪ੍ਰਸਿੱਧ ਗਾਇਕ ਭੈਣਾਂ ਕੌਰ ਸਿਸਟਰਜ਼ ਪਰਮੀਤ ਕੌਰ ਹਰਮੀਤ ਕੌਰ ਵਲੋਂ ਗਾਇਆ ਗਿਆ ਹੈ। ਮਿਊਜ਼ਿਕ ਰਣਵੀਰ ਬੇਰਾਜ ਵਲੋਂ ਤਿਆਰ ਕੀਤਾ ਗਿਆ ਹੈ। ਇਹਨਾਂ ਭਜਨਾਂ ਨੂੰ ਗੀਤਕਾਰ ਰਣਵੀਰ ਬੇਰਾਜ ਅਤੇ ਮੁਕੇਸ਼ ਕਟਾਰੀਆ ਵਾਲੇ ਵਲੋਂ ਕਲਮਬੱਧ ਕੀਤਾ ਗਿਆ ਹੈ। ਗੀਤਾਂ ਲਈ ਸਹਿਯੋਗ ਡਾ. ਕੁਲਵੰਤ ਸਿੰਘ ਰਾਮਾ, ਸੁਰਿੰਦਰ ਪਾਲ ਦੁਬਈ, ਗਾਇਕਾ ਬੇਬੀ ਏ ਕੌਰ ਦਾ ਹੈ। ਇਸ ਮੌਕੇ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਗੁਰਦੀਪ ਸਿੰਘ ਵਿਰਦੀ, ਸੁਰਿੰਦਰ ਸਿੰਘ ਵਿਰਦੀ, ਹਰਜਾਪ ਸਿੰਘ ਖ਼ਾਲਸਾ, ਜਿੰਦਰ ਬੰਗੜ, ਡਾ.ਨਿਰਮਲ ਬੰਗੜ, ਸੁਰਜੀਤ ਰਾਮ ਬਿੱਲੂ ਆਦਿ ਹੋਰ ਸੰਗਤਾਂ ਹਾਜ਼ਰ ਸਨ।



# ਹਰ ਬੱਚੇ ਨੂੰ ਪੋਲੀਓ ਰੋਕੂ ਬੂੰਦਾਂ ਜ਼ਰੂਰ ਪਿਲਾਓ : ਡਿਪਟੀ ਕਮਿਸ਼ਨਰ

**ਬਲਾਚੌਰ (ਜਸਵਿੰਦਰ ਬੈਂਸ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ 28 ਜੂਨ ਤੋਂ ਸ਼ੁਰੂ ਹੋ ਰਹੀ ਤਿੰਨ ਦਿਨਾ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ 0 ਤੋਂ 5 ਸਾਲ ਤੱਕ ਦੇ ਹਰ ਬੱਚੇ ਨੂੰ ਪੋਲੀਓ ਰੋਕੂ ਬੂੰਦਾਂ ਜ਼ਰੂਰ ਪਿਲਾ ਕੇ ਇਸ ਰਾਸ਼ਟਰੀ ਮੁਹਿੰਮ ਨੂੰ ਸਫ਼ਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੋਲੀਓ ਇੱਕ ਗੰਭੀਰ ਅਤੇ ਸਥਾਈ ਅਪਾਹਜਤਾ ਦਾ ਕਾਰਨ ਬਣ ਸਕਣ ਵਾਲੀ ਬਿਮਾਰੀ ਹੈ, ਜਿਸ ਤੋਂ ਬੱਚਿਆਂ ਦੀ ਸੁਰੱਖਿਆ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਪੋਲੀਓ ਰੋਕੂ ਬੂੰਦਾਂ ਪਿਲਾਉਣਾ ਹੈ। ਉਨ੍ਹਾਂ ਦੱਸਿਆ ਕਿ 28 ਜੂਨ ਨੂੰ ਜ਼ਿਲ੍ਹੇ ਭਰ ਵਿੱਚ ਸਥਾਪਿਤ ਪੋਲੀਓ ਬੂਥਾਂ 'ਤੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ, ਜਦਕਿ 29 ਅਤੇ 30 ਜੂਨ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਉਨ੍ਹਾਂ ਬੱਚਿਆਂ ਨੂੰ ਬੂੰਦਾਂ ਪਿਲਾਉਣਗੀਆਂ ਜੋ ਪਹਿਲੇ ਦਿਨ ਬੂਥਾਂ ਤੱਕ ਨਹੀਂ ਪਹੁੰਚ ਸਕਣਗੇ।

# ਪੰਜਾਬ ਦੇ ਅੰਡਰ-14 ਸਾਲ ਦੇ ਨੈਸ਼ਨਲ ਸਕੂਲ ਖੇਡਾਂ ਦੇ ਮੈਡਲ ਜੇਤੂ ਖਿਡਾਰੀਆਂ ਨੂੰ ਨਾ ਮਾਣ ਤੇ ਨਾ ਹੀ ਭੱਤਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਅੰਡਰ-14 ਸਾਲ ਵਰਗ ਦੇ ਨੈਸ਼ਨਲ ਸਕੂਲ ਖੇਡਾਂ ਦੇ ਮੈਡਲ ਜੇਤੂ ਖਿਡਾਰੀਆਂ ਨੂੰ ਪਿਛਲੇ ਦੋ ਸਾਲਾਂ ਤੋਂ ਬਣਦੇ ਲੱਖਾਂ ਰੁਪਏ ਦੀ ਇਨਾਮੀ ਖੇਡ ਰਾਸ਼ੀ ਦੇਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ ਜਦ ਕਿ ਖੇਡ ਵਿਭਾਗ ਪੰਜਾਬ ਵੱਲੋਂ ਬਣਾਈ ਖੇਡ ਨੀਤੀ ਅਨੁਸਾਰ ਨੈਸ਼ਨਲ ਸਕੂਲ ਖੇਡਾਂ ਵਿੱਚ ਮੈਡਲ ਜਿੱਤਣ ਤੇ ਕ੍ਰਮਵਾਰ ਗੋਲਡ ਮੈਡਲ ਜਿੱਤਣ ਤੇ 75000, ਸਿਲਵਰ ਮੈਡਲ ਜਿੱਤਣ ਤੇ 50000, ਅਤੇ ਬਰਾਉਨਜ ਮੈਡਲ ਜਿੱਤਣ ਤੇ 30000 ਹਜ਼ਾਰ ਰੁਪਏ ਦੇਣ ਦੀ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਇਸ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦਿਆਂ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਕਈ ਸਾਲਾਂ ਤੋਂ ਵੱਖ ਵੱਖ ਸਮੇਂ ਦੀਆਂ ਸਰਕਾਰਾਂ ਵੱਲੋਂ ਖਿਡਾਰੀਆਂ ਲਈ ਬਣਾਈ ਖੇਡ ਨੀਤੀ ਅਨੁਸਾਰ ਨੈਸ਼ਨਲ ਸਕੂਲ ਖੇਡਾਂ ਦੇ ਮੈਡਲ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਜਾਂਦੇ ਰਹੇ ਹਨ। ਹੁਣ ਖੇਡ ਵਿਭਾਗ ਪੰਜਾਬ ਵੱਲੋਂ ਅੰਡਰ-17 ਸਾਲ, ਅੰਡਰ-19 ਸਾਲ, ਨੂੰ ਬਣਦੀ ਇਨਾਮੀ ਰਾਸ਼ੀ ਜਾਰੀ ਕਰ ਦਿੱਤੀ ਹੈ ਜਦੋਂ ਕਿ ਅੰਡਰ-14 ਸਾਲ ਦੇ ਖਿਡਾਰੀਆਂ ਨੂੰ ਇਹ ਰਾਸ਼ੀ ਜਾਰੀ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਇਸ ਟਾਲ ਮਟੋਲ ਲਈ ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਇਹ ਖਿਡਾਰੀ ਸਾਡੀ ਬਣਾਈ ਖੇਡ ਨੀਤੀ ਦਾ ਹਿੱਸਾ ਨਹੀਂ ਹਨ। ਇਹ ਵਰਨਣਯੋਗ ਹੈ ਕਿ ਪੰਜਾਬ ਦੇ ਖਿਡਾਰੀਆਂ ਨੂੰ ਸਾਲ 2023-24, ਸਾਲ 2024-25 ਦੀ ਬਣਦੀ ਅਦਾਇਗੀ ਪਿਛਲੇ ਵੀਹ ਦਿਨਾਂ ਤੋਂ ਜਾਰੀ ਕਰ ਦਿੱਤੀ ਹੈ। ਪਰ ਅੰਡਰ-14 ਸਾਲ ਵਰਗ ਦੇ ਖਿਡਾਰੀ ਖੇਡ ਵਿਭਾਗ ਪੰਜਾਬ ਦੀ ਸਵੱਲੀ ਨਜ਼ਰ ਨੂੰ ਤਰਸ ਰਹੇ ਹਨ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਮੀਤ ਪ੍ਰਧਾਨਾਂ ਰਾਜੀਵ ਬਰਨਾਲਾ, ਜਗਪਾਲ ਬੰਗੀ, ਗੁਰਪਿਆਰ ਕੋਟਲੀ, ਬੇਅੰਤ ਫੂਲੇਵਾਲਾ, ਹਰਜਿੰਦਰ ਵਡਾਲਾ ਬਾਂਗਰ ਅਤੇ ਰਘਵੀਰ ਭਵਾਨੀਗੜ੍ਹ, ਸੰਯੁਕਤ ਸਕੱਤਰਾਂ ਮੁਕੇਸ਼ ਕੁਮਾਰ, ਕੁਲਵਿੰਦਰ ਜੋਸ਼ਨ ਅਤੇ ਜਸਵਿੰਦਰ ਔਜਲਾ, ਪ੍ਰੈੱਸ ਸਕੱਤਰ ਪਵਨ ਕੁਮਾਰ, ਸਹਾਇਕ ਵਿੱਤ ਸਕੱਤਰ ਤਜਿੰਦਰ ਸਿੰਘ ਅਤੇ ਪ੍ਰਚਾਰ ਸਕੱਤਰ ਸੁਖਦੇਵ ਡਾਨਸੀਵਾਲ ਨੇ ਖੇਡ ਵਿਭਾਗ ਪੰਜਾਬ ਨੂੰ ਖੇਡ ਨੀਤੀ ਅਨੁਸਾਰ ਅੰਡਰ 14 ਸਾਲ ਵਰਗ ਦੇ ਨੈਸ਼ਨਲ ਸਕੂਲ ਖੇਡਾਂ ਵਿੱਚ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਪਿਛਲੇ ਤਿੰਨ ਸਾਲਾਂ ਤੋਂ ਬਣਦੀ ਬਕਾਇਆ ਰਾਸ਼ੀ ਜਾਰੀ ਕਰਨ ਦੀ ਮੰਗ ਕੀਤੀ ਹੈ। ਸਕੂਲੀ ਖਿਡਾਰੀਆਂ ਨੂੰ ਨਾ ਤਾਂ ਮੈਰੀਟੋਰੀਅਸ ਸਕੂਲਾਂ ਵਿੱਚ, ਨਾ ਹੀ ਹੋਰ ਵਿਦਿਅਕ ਅਦਾਰਿਆਂ ਵਿਚ ਦਾਖ਼ਲੇ ਸਮੇਂ ਪਹਿਲ ਦਿੱਤੀ ਜਾਂਦੀ ਹੈ। ਇਥੋਂ ਤੱਕ ਕਿ ਸਿਖਿਆ ਵਿਭਾਗ ਪੰਜਾਬ ਦੀ ਵਿਸ਼ੇਸ਼ ਅੰਕ ਵਖਰੇ ਤੌਰ 'ਤੇ ਦੇਣ ਦੀ ਨੀਤੀ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਨੰਬਰ ਲਗਾਉਣ ਮੌਕੇ ਉਨ੍ਹਾਂ ਦੀਆਂ ਰਾਜ ਪੱਧਰੀ ਅਤੇ ਨੈਸ਼ਨਲ ਪੱਧਰ ਦੀਆਂ ਖੇਡ ਪ੍ਰਾਪਤੀਆਂ ਦਾ ਬੋਰਡ ਦੇ ਨਤੀਜਿਆਂ ਵਿੱਚ ਦਿਖਾਇਆ ਜਾਂਦਾ ਹੈ। ਅਧਿਆਪਕ ਆਗੂ ਸਿੱਖਿਆ ਮੰਤਰੀ ਪੰਜਾਬ ਅਤੇ ਖੇਡ ਵਿਭਾਗ ਪੰਜਾਬ ਦੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਛੋਟੇ ਬੱਚਿਆਂ ਨੂੰ ਬਣਦੀ ਇਨਾਮੀ ਰਾਸ਼ੀ ਜਾਰੀ ਕਰਨ।

# ਐਡਵੋਕੇਟ ਮਨਜੀਤ ਕੌਰ ਸਾਥੀਆਂ ਸਣੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਹੁਸ਼ਿਆਰਪੁਰ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਵੇਲੇ ਭਾਰੀ ਝਟਕਾ ਲੱਗਾ ਜਦੋਂ 'ਆਪ' ਦੀ ਮੌਜੂਦਾ ਪਾਰਸ਼ਦ ਐਡਵੋਕੇਟ ਮਨਜੀਤ ਕੌਰ ਆਪਣੇ ਸਾਥੀਆਂ ਅਤੇ ਐਡਵੋਕੇਟ ਸੁਖਬੀਰ ਸਿੰਘ ਸਮੇਤ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋ ਗਏ। ਇਸ ਨਾਲ ਹੁਸ਼ਿਆਰਪੁਰ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਮਜ਼ਬੂਤੀ ਮਿਲੀ ਹੈ।ਇਸ ਮੌਕੇ ਹਲਕਾ ਇੰਚਾਰਜ ਸੰਜੀਵ ਤਲਵਾਰ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਆਗੂਆਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਰ ਉਸ ਇਨਸਾਨ ਦੀ ਪਾਰਟੀ ਹੈ ਜਿਹੜਾ ਪੰਜਾਬ ਅਤੇ ਪੰਜਾਬੀਅਤ ਨੂੰ ਪਿਆਰ ਕਰਦਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਹਰ ਵਰਕਰ ਦਾ ਪੂਰਾ ਮਾਣ-ਸਨਮਾਨ ਕੀਤਾ ਜਾਵੇਗਾ। ਪਾਰਟੀ ਵਿੱਚ ਵਾਪਸੀ ਮੌਕੇ ਪਾਰਸ਼ਦ ਐਡਵੋਕੇਟ ਮਨਜੀਤ ਕੌਰ ਨੇ ਕਿਹਾ ਕਿ ਉਹ ਜਨਮਜਾਤ ਅਕਾਲੀ ਸਨ, ਪਰ ਕੁਝ ਕਾਰਨਾਂ ਕਰਕੇ ਉਨ੍ਹਾਂ ਨੇ ਅਕਾਲੀ ਦਲ ਨੂੰ ਅਲਵਿਦਾ ਕਹਿ ਦਿੱਤਾ ਸੀ। ਉਨ੍ਹਾਂ ਸੰਜੀਵ ਤਲਵਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜਦੋਂ ਤੋਂ ਉਨ੍ਹਾਂ ਨੇ ਅਕਾਲੀ ਪਰਵਾਰਾਂ ਨਾਲ ਤਾਲਮੇਲ ਵਧਾਉਣਾ ਸ਼ੁਰੂ ਕੀਤਾ ਹੈ, ਉਦੋਂ ਤੋਂ ਘਰ ਬੈਠੇ ਬਹੁਤ ਸਾਰੇ ਪਰਿਵਾਰ ਮੁੜ ਅਕਾਲੀ ਰਾਜਨੀਤੀ ਵਿੱਚ ਸਰਗਰਮ ਹੋ ਰਹੇ ਹਨ।ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਜੇਕਰ ਪਾਰਟੀ ਉਨ੍ਹਾਂ 'ਤੇ ਭਰੋਸਾ ਜਤਾਉਂਦਿਆਂ ਟਿਕਟ ਦੇਵੇਗੀ ਤਾਂ ਉਹ ਵੱਡੀ ਜਿੱਤ ਦਰਜ ਕਰਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹੱਥ ਮਜ਼ਬੂਤ ਕਰਨਗੇ। ਇਸ ਮੌਕੇ ਐਡਵੋਕੇਟ ਸੁਖਬੀਰ ਸਿੰਘ ਨੇ ਵੀ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਦਾ ਪੱਲਾ ਫੜਿਆ। ਇਸ ਮੌਕੇ ਸਾਬਕਾ ਡਿਪਟੀ ਮੇਅਰ ਪ੍ਰੇਮ ਸਿੰਘ, ਸ਼ਹਿਰੀ ਪ੍ਰਧਾਨ ਸੰਜੀਵ ਥਾਪਰ ਵੀ ਹਾਜ਼ਰ ਸਨ।



# 284 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨਿਕਾਸ ਕੁਮਾਰ ਨੇ ਦੱਸਿਆ ਕਿ ਨਗਰ ਨਿਗਮ ਹੁਸ਼ਿਆਰਪੁਰ ਦੀਆਂ ਆਮ ਚੋਣਾਂ-2026 ਲਈ 286 ਨਾਮਜ਼ਦਗੀਆਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਉਪਰੰਤ ਦੋ ਨਾਮਜ਼ਦਗੀਆਂ ਰੱਦ ਕੀਤੀਆਂ ਗਈਆਂ ਅਤੇ 284 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਸਹੀ ਪਾਏ ਗਏ। ਨਿਕਾਸ ਕੁਮਾਰ ਨੇ ਦੱਸਿਆ ਕਿ 27 ਜੂਨ ਨੂੰ ਨਾਮਜ਼ਦਗੀਆਂ ਵਾਪਸ ਲੈਣ ਦੀ ਪ੍ਰਕਿਰਿਆ ਪੂਰੀ ਹੋਣ ਉਪਰੰਤ ਚੋਣ ਮੈਦਾਨ ਵਿੱਚ ਰਹਿਣ ਵਾਲੇ ਯੋਗ ਉਮੀਦਵਾਰਾਂ ਦੀ ਅੰਤਿਮ ਸੂਚੀ ਜਾਰੀ ਕੀਤੀ ਜਾਵੇਗੀ।

# ਦਿਹਾਨਾ 'ਚ 21 ਸੋਲਰ ਲਾਈਟਾਂ ਲਗਾਉਣ ਦੀ ਆਰੰਭਤਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਦਿਹਾਨਾ ਵਿਖੇ ਪੰਜਾਬ ਸਰਕਾਰ ਵੱਲੋਂ ਭੇਜੀਆਂ ਗਈਆਂ 21 ਸੋਲਰ ਲਾਈਟਾਂ ਗ੍ਰਾਮ ਪੰਚਾਇਤ ਵੱਲੋਂ ਲਗਾਉਣ ਦਾ ਕੰਮ ਆਰੰਭ ਕੀਤਾ ਗਿਆ।ਇਸ ਮੌਕੇ ਸਰਪੰਚ ਗੁਰਵਿੰਦਰ ਸਿੰਘ ਬਾਵਾ ਦਿਹਾਨਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਭੇਜੀਆਂ ਗਈਆਂ 21 ਸੋਲਰ ਲਾਈਟਾਂ ਗ੍ਰਾਮ ਪੰਚਾਇਤ ਵੱਲੋਂ ਪਿੰਡ ਵਿੱਚ ਵੱਖ ਵੱਖ ਥਾਵਾਂ ਲਗਾਈਆਂ ਜਾ ਰਹੀਆਂ ਹਨ। ਇਸ ਮੌਕੇ ਸਰਪੰਚ ਗੁਰਵਿੰਦਰ ਸਿੰਘ ਬਾਵਾ ਦਿਹਾਨਾ ਅਤੇ ਸਮੂਹ ਗ੍ਰਾਮ ਪੰਚਾਇਤ ਦਿਹਾਨਾ ਵੱਲੋਂ ਪੰਜਾਬ ਸਰਕਾਰ, ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ, ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਦਾ ਸੋਲਰ ਲਾਈਟਾਂ ਭੇਜਣ 'ਤੇ ਧੰਨਵਾਦ ਕੀਤਾ। ਇਸ ਮੌਕੇ ਸਰਪੰਚ ਗੁਰਵਿੰਦਰ ਸਿੰਘ ਬਾਵਾ ਦਿਹਾਨਾ, ਸੁਰਿੰਦਰ ਮੋਹਣ ਪੰਚ, ਇਕਬਾਲ ਸਿੰਘ ਪੰਚ, ਪ੍ਰਦੀਪ ਸਿੰਘ, ਰਾਜ ਕੁਮਾਰੀ ਪੰਚ, ਦਰਸ਼ਨਾਂ ਦੇਵੀ, ਗੁਰਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਸਰਬਜੀਤ ਕੌਰ ਪੰਚ, ਨਰਿੰਦਰ ਸਿੰਘ ਪੰਚ, ਹਰਸ਼ ਜੰਜੂਆ, ਅਰਵਿੰਦਰ ਸਿੰਘ ਪੰਚ, ਠੇਕੇਦਾਰ ਮਦਨ ਲਾਲ, ਮਨਵੀਰ ਸਿੰਘ ਆਦਿ ਹਾਜ਼ਰ ਸਨ।



# ਤੇਜ਼ ਰਫ਼ਤਾਰ ਕਾਰ ਨਾਲ ਬਾਈਕ ਦੀ ਭਿਆਨਕ ਟੱਕਰ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਕਹਿੰਦੇ ਹਨ, 'ਜਾਕੋ ਰਾਖੇ ਸਾਈਆਂ, ਮਾਰ ਸਕੇ ਨਾ ਕੋਇ।ਕਪੂਰਥਲਾ ਦੇ ਸੁਲਤਾਨਪੁਰ ਲੋਧੀ ਵਿੱਚ ਵਾਪਰਿਆ ਇਹ ਭਿਆਨਕ ਹਾਦਸਾ ਇਸ ਗੱਲ ਦੀ ਜਿਉਂਦੀ ਜਾਗਦੀ ਮਿਸਾਲ ਬਣ ਗਿਆ। ਤੇਜ਼ ਰਫ਼ਤਾਰ ਕਾਰ ਨਾਲ ਬਾਈਕ ਦੀ ਜ਼ਬਰਦਸਤ ਟੱਕਰ ਹੋਈ ਅਤੇ ਦੋਵੇਂ ਕਿਸਾਨ ਹਵਾ ਵਿੱਚ ਉੱਛਲ ਕੇ ਸੜਕ 'ਤੇ ਜਾ ਡਿੱਗੇ।ਇਹ ਸਾਰਾ ਮੰਜ਼ਰ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਿਆ। ਦੋ ਕਿਸਾਨ ਬਾਈਕ 'ਤੇ ਸੜਕ ਪਾਰ ਕਰ ਰਹੇ ਸਨ।ਇਸੇ ਦੌਰਾਨ ਇੱਕ ਤੇਜ਼ ਰਫ਼ਤਾਰ ਕਾਰ ਨੇ ਉਨ੍ਹਾਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ।ਟੱਕਰ ਇੰਨੀ ਭਿਆਨਕ ਸੀ ਕਿ ਦੋਵੇਂ ਕਈ ਫੁੱਟ ਹਵਾ ਵਿੱਚ ਉੱਛਲ ਕੇ ਸੜਕ 'ਤੇ ਜਾ ਡਿੱਗੇ।ਹਾਦਸੇ ਮਗਰੋਂ ਮੌਕੇ 'ਤੇ ਮੌਜੂਦ ਲੋਕਾਂ ਨੇ ਦੋਵਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ। ਇੱਕ ਕਿਸਾਨ ਦੇ ਸਿਰ ਵਿੱਚ ਸੱਟ ਲੱਗੀ, ਜਿਸ ਦੇ ਟਾਂਕੇ ਲਗਾਏ ਗਏ ਅਤੇ ਬਾਅਦ ਵਿੱਚ ਸਕੈਨਿੰਗ ਲਈ ਭੇਜਿਆ ਗਿਆ।ਦੂਜੇ ਕਿਸਾਨ ਨੂੰ ਵੀ ਸੱਟਾਂ ਲੱਗੀਆਂ, ਪਰ ਖੁਸ਼ਕਿਸਮਤੀ ਨਾਲ ਦੋਵੇਂ ਦੀ ਜਾਨ ਬਚ ਗਈ। ਹਾਦਸੇ ਵਿੱਚ ਜ਼ਖ਼ਮੀ ਕਿਸਾਨਾਂ ਨਾਲ ਖ਼ਾਸ ਗੱਲਬਾਤ ਸੁਣੋ, ਉਸ ਭਿਆਨਕ ਹਾਦਸੇ ਬਾਰੇ ਉਹ ਖੁਦ ਕੀ ਦੱਸ ਰਹੇ ਹਨ।ਸੀ ਸੀ ਟੀ ਵੀ ਵਿੱਚ ਕੈਦ ਇਹ ਤਸਵੀਰਾਂ ਹਰ ਵਾਹਨ ਚਾਲਕ ਲਈ ਇੱਕ ਵੱਡਾ ਸਬਕ ਹਨ।ਸੜਕ 'ਤੇ ਇੱਕ ਛੋਟੀ ਜਿਹੀ ਲਾਪਰਵਾਹੀ ਵੀ ਵੱਡੇ ਹਾਦਸੇ ਦਾ ਕਾਰਨ ਬਣ ਸਕਦੀ ਹੈ।ਫਿਲਹਾਲ ਦੋਵੇਂ ਕਿਸਾਨ ਸੁਰੱਖਿਅਤ ਹਨ।



# 'ਯੁੱਧ ਨਸ਼ਿਆਂ ਵਿਰੁੱਧ' ਮੁਹਿਮ ਤਹਿਤ ਨਸ਼ੇ ਦੇ ਕਾਰੋਬਾਰੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਐੱਸ ਪੀ ਮਾਧਵੀ ਸ਼ਰਮਾ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਹਰ ਸਾਲ ਦੀ ਤਰ੍ਹਾਂ ਅੰਤਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦੇ ਸਬੰਧ ਵਿੱਚ ਇੱਕ ਜਾਗਰੂਕਤਾ ਸੈਮੀਨਾਰ ਬਲੱਡ ਬੈਂਕ ਦੇ ਸਰਪ੍ਰਸਤ ਕੇ.ਕੇ. ਸਰਦਾਨਾ ਦੀ ਰਹਿਨੁਮਾਈ ਅਤੇ ਪ੍ਰਧਾਨ ਮਲਕੀਅਤ ਸਿੰਘ ਰਗਬੋਤਰਾ ਦੀ ਦੇਖਰੇਖ ਹੇਠ ਮਨਾਇਆ ਗਿਆ।ਇਸ ਦੌਰਾਨ ਮੁੱਖ ਮਹਿਮਾਨ ਵਜੋਂ ਐਸ.ਪੀ. ਮਾਧਵੀ ਸ਼ਰਮਾ ਨੇ ਸ਼ਿਰਕਤ ਕੀਤੀ।ਹੋਰਨਾਂ ਬੁਲਾਰਿਆਂ ਵਿੱਚ ਪ੍ਰਿੰਸੀਪਲ ਗੁਰਮੀਤ ਪਲਾਹੀ, ਡਾ. ਨਿਖਿਲ, ਮਾਸਟਰ ਗੁਰਮੀਤ ਸਿੰਘ ਨੈਸ਼ਨਲ ਅਵਾਰਡੀ, ਰਿਟਾ. ਹੈੱਡ ਮਾਸਟਰ ਨਰੇਸ਼ ਕੋਹਲੀ, ਮਹਿੰਦਰ ਸਿੰਘ ਸੋਢੀ ਅਤੇ ਸੀਮਾ ਰਾਣਾ ਸ਼ਾਮਲ ਸਨ। ਐਸ.ਪੀ. ਮਾਧਵੀ ਸ਼ਰਮਾ ਨੇ ਜਯੋਤੀ ਪ੍ਰੱਜਵਲਿਤ ਕਰਕੇ ਸਮਾਗਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਰਜਨੀਸ਼ ਪ੍ਰਭਾਕਰ, ਨਵਿਤਾ ਛਾਬੜਾ, ਕ੍ਰਿਸ਼ਨ ਕੁਮਾਰ, ਰਛਪਾਲ ਸਿੰਘ, ਐਡਵੋਕੇਟ ਖੁਸ਼ਬੂ ਨੇ ਵੀ ਵਢਮੁੱਲੇ ਵਿਚਾਰ ਪੇਸ਼ ਕੀਤੇ। ਬੁਲਾਰਿਆਂ ਨੇ ਕਿਹਾ ਕਿ ਨਸ਼ੇ ਦੀ ਸਮੱਸਿਆ ਬਹੁਤ ਗੰਭੀਰ ਹੈ।ਇਸ ਨੂੰ ਹਰ ਹਾਲ ਵਿੱਚ ਕਾਬੂ ਕੀਤਾ ਜਾਣਾ ਸਮੇਂ ਦੀ ਲੋੜ ਹੈ।ਐਸ ਪੀ ਮਾਧਵੀ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਇਸ ਸਮਾਗਮ ਵਿੱਚ ਬੁਲਾਰਿਆਂ ਦੇ ਵਿਚਾਰ ਪ੍ਰਭਾਵਿਤ ਕਰਨ ਵਾਲੇ ਹਨ।

ਜੇਕਰ ਸਮਾਜ ਜਾਗਰੁਕ ਹੋ ਜਾਵੇ ਤਾਂ ਕਾਫੀ ਹੱਦ ਤੱਕ ਨਸ਼ਿਆਂ ਨੂੰ ਠਲ੍ਹ ਪਾਈ ਜਾ ਸਕਦੀ ਹੈ।

ਉਹਨਾਂ ਭਰੋਸਾ ਦਿੱਤਾ ਕਿ ਪੁਲਸ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਤਹਿਤ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਕਿਸੇ ਵੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ, ਬੇਸ਼ਕ ਉਹ ਕਿੰਨਾ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਵੇ। ਇਸ ਮੌਕੇ ਪ੍ਰੀਤੀ ਵਧਵਾ, ਅਨਸ਼ੁਲ ਸਹਿਗਲ, ਰਾਣੀ ਸਪਰਾ, ਬਾਲ ਕਿਸ਼ਨ ਵਧਵਾ, ਐਸ.ਸੀ. ਚਾਵਲਾ, ਮੋਹਨ ਲਾਲ ਤਨੇਜਾ, ਹਰਬੰਸ ਲਾਲ, ਰੂਪ ਲਾਲ, ਸ਼ਾਲਨੀ, ਦਮਨ ਆਦਿ ਹਾਜਰ ਸਨ।




# ਪ੍ਰਿੰ. ਬਹਾਦਰ ਸਿੰਘ ਗੋਸਲ ਨੇ ਮਾਣ-ਭੱਤਾ ਚੈੱਕ ਤੇ ਸਰਟੀਫਿਕੇਟ ਵੰਡੇ

**ਚੰਡੀਗੜ੍ਹ (ਸੁਰਜੀਤ ਸੁਮਨ)** ਹਰਪਾਲ ਸਿੰਘ ਮੈਨੇਜਿੰਗ ਟਰੱਸਟੀ ਦੀ ਦੇਖ-ਰੇਖ ਵਿੱਚ ਸੈਕਟਰ-28 ਚੰਡੀਗੜ੍ਹ ਵਿਖੇ ਚੱਲ ਰਹੇ ਭਾਈ ਜੈਤਾ ਫਾਊਂਡੇਸ਼ਨ ਇੰਡਿਆ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸਿੱਖਿਆ ਪ੍ਰਾਜੈਕਟਾਂ ਦੇ ਸਬੰਧ ਵਿਚ ਸੰਸਥਾ ਵੱਲੋਂ ਜ਼ਿਲ੍ਹਾ ਬਠਿੰਡਾ ਦੇ ਰਾਮਪੁਰਾ ਫੂਲ ਵਿਖੇ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ।ਇਹ ਸਮਾਗਮ ਫਾਊਂਡੇਸ਼ਨ ਵਲੋਂ ਨਵੋਦਿਆ ਸਕੂਲਾਂ ਵਿਚ ਦਾਖਲੇ ਦੀ ਤਿਆਰੀ ਲਈ ਸੈਂਟਰਾਂ ਦੇ ਅਧਿਆਪਕਾਂ ਨੂੰ ਮਾਣ-ਭੱਤੇ ਦੇ ਚੈੱਕ ਅਤੇ ਸਰਟੀਫਿਕੇਟ ਦੇਣ ਲਈ ਰੱਖਿਆ ਗਿਆ ਸੀ। ਇਸ ਸਮਾਗਮ ਵਿੱਚ ਚੰਡੀਗੜ੍ਹ ਤੋਂ ਪ੍ਰੋਜੈਕਟ ਇੰਚਾਰਜ ਪ੍ਰਿੰ. ਬਹਾਦਰ ਸਿੰਘ ਗੋਸਲ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ, ਜਦੋਂਕਿ ਪ੍ਰਧਾਨਗੀ ਜ਼ਿਲ੍ਹਾ ਬਠਿੰਡੇ ਦੇ ਪ੍ਰਬੰਧਕ ਪ੍ਰਿੰਸੀਪਲ ਬਲਜਿੰਦਰ ਸਿੰਘ ਵਲੋਂ ਕੀਤੀ ਗਈ।ਪ੍ਰਧਾਨਗੀ ਮੰਡਲ ਵਿੱਚ ਮਾਸਟਰ ਜਗਰੂਪ ਸਿੰਘ, ਅਮਰਜੀਤ ਸਿੰਘ ਅਤੇ ਸੰਦੀਪ ਸਿੰਘ ਸ਼ਾਮਲ ਸਨ। ਸਮਾਗਮ ਦੇ ਸ਼ੁਰੂ ਵਿਚ ਪ੍ਰਿੰ. ਬਲਜਿੰਦਰ ਸਿੰਘ ਨੇ ਪ੍ਰੋਜੈਕਟ ਇੰਚਾਰਜ ਪ੍ਰਿੰ. ਬਹਾਦਰ ਸਿੰਘ ਗੋਸਲ, ਸੰਦੀਪ ਸਿੰਘ ਅਤੇ ਦੂਜੇ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਦੇ ਹੋਏ ਜ਼ਿਲ੍ਹੇ ਵਿੱਚ ਸੈਂਟਰਾਂ ਦੀ ਸ਼ਾਨਦਾਰ ਕਾਰ-ਗੁਜ਼ਾਰੀ 'ਤੇ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਬਠਿੰਡਾ ਅਤੇ ਬਰਨਾਲਾ ਵਿੱਚ 28 ਸੈਂਟਰ ਚੱਲ ਰਹੇ ਹਨ, ਜਿਨ੍ਹਾਂ ਦੇ ਨਤੀਜੇ ਬਹੁਤ ਹੀ ਸ਼ਾਨਦਾਰ ਰਹੇ।ਉਨ੍ਹਾਂ ਨੇ ਭਾਈ ਜੈਤਾ ਜੀ ਫਾਊਂਡੇਸ਼ਨ ਚੰਡੀਗੜ੍ਹ ਦਾ ਪੂਰੇ ਸਹਿਯੋਗ ਲਈ ਧੰਨਵਾਦ ਕੀਤਾ।ਸੰਸਥਾ ਵਲੋਂ ਇਨ੍ਹਾਂ ਸੈਂਟਰਾਂ ਦੇ ਅਧਿਆਪਕਾਂ ਨੂੰ ਮਾਣ-ਭੱਤੇ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕਰਨ ਦੀ ਰਸਮ ਪ੍ਰਿੰ. ਬਹਾਦਰ ਸਿੰਘ ਗੋਸਲ ਵਲੋਂ ਅਦਾ ਕੀਤੀ ਗਈ ਅਤੇ ਉਨ੍ਹਾਂ ਨੇ ਨਵੋਦਿਆ ਲਈ ਚੁਣੇ ਗਏ ਬੱਚਿਆਂ ਨੂੰ ਵੀ ਪੁਸਤਕਾਂ ਅਤੇ ਮੈਡਲ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸੰਸਥਾ ਵਲੋਂ ਜ਼ਿਲ੍ਹਾ ਪ੍ਰਬੰਧਕ ਪ੍ਰਿੰ. ਬਲਜਿੰਦਰ ਸਿੰਘ ਸਿੱਧੂ ਦਾ ਵੀ ਸਨਮਾਨ ਕੀਤਾ ਗਿਆ। ਪ੍ਰਿੰ. ਗੋਸਲ ਨੇ ਸਭ ਅਧਿਆਪਕਾਂ ਅਤੇ ਬੱਚਿਆਂ ਨੂੰ ਸ਼ਾਨਦਾਰ ਨਤੀਜਿਆਂ ਲਈ ਵਧਾਈ ਦਿੱਤੀ ਅਤੇ ਦੱਸਿਆ ਕਿ ਸੰਸਥਾ ਹੁਣ ਤੱਕ 1590 ਬੱਚੇ ਨਵੋਦਿਆ ਸਕੂਲਾਂ ਵਿੱਚ ਭੇਜ ਚੁੱਕੀ ਹੈ।ਇਸ ਮੌਕੇ ਬੋਲਣ ਵਾਲਿਆਂ ਵਿੱਚ ਮਾਸਟਰ ਜਗਰੂਪ ਸਿੰਘ ਕਪੂਰ, ਅਮਰਜੀਤ ਸਿੰਘ, ਕੁਲਵੰਤ ਸਿੰਘ ਅਤੇ ਅਮਨਦੀਪ ਕੌਰ ਦੇ ਨਾਂਅ ਸ਼ਾਮਲ ਹਨ।ਅੰਤ ਵਿੱਚ ਚੰਡੀਗੜ੍ਹ ਤੋਂ ਕੋਆਰਡੀਨੇਟਰ ਸੰਦੀਪ ਸਿੰਘ ਨੇ ਸਾਰੇ ਪਤਵੰਤਿਆਂ, ਅਧਿਆਪਕਾਂ, ਮਾਪਿਆਂ ਅਤੇ ਬੱਚਿਆਂ ਦਾ ਧੰਨਵਾਦ ਕੀਤਾ ਅਤੇ ਅੱਗਲੇ ਸਾਲ ਲਈ ਵੀ ਸੈਂਟਰਾਂ ਨੂੰ ਹੋਰ ਉਤਸ਼ਾਹ ਨਾਲ ਚਲਾਉਣ ਲਈ ਅਪੀਲ ਕੀਤੀ।



# ਨਵਾਂ ਜ਼ਮਾਨਾ ਐਤਵਾਰਤਾ

ਨਾ ਮੈਂ ਸ਼ਾਇਰ ਨਾ ਰਾਗੀ ਹਾਂ,
ਨਾ ਰਾਜਾ ਨਾ ਬਾਗੀ ਹਾਂ।
ਮੈਂ ਤਾਂ ਇੱਕ ਸਧਾਰਨ ਬੰਦਾ,
ਦਰਿਆ ਕਿੰਞ ਉਛਾਲ ਦਿਆਂ।
- ਜਗਤਾਰ ਸਾਲਮ



ਹੈਵਲਾਕ ਟਾਪੂ

(ਆਖਰੀ ਸਫੇ 'ਤੇ)

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 28 ਜੂਨ 2026 www.nawanzamana.in ਕੀਮਤ 5.00 ਰੁਪਏ


## ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫੀ ਨਹੀਂ

# ਮਾਰਕਸਵਾਦੀ ਸਾਹਿਤ ਦਾ ਵੱਡਾ ਹਿੱਸਾ ਵਿਗਾੜਾਂ, ਕੁਰਾਹਿਆਂ ਵਿਰੁੱਧ ਘੋਲ

ਕਿਸ਼ਤ-4

**ਜਗਰੂਪ**

ਮਾਰਕਸ ਨੇ ਪ੍ਰੋਲਤਾਰੀਏ ਨੂੰ ਅਭਿਆਸ ਲਈ ਕੇਵਲ ਸਿਧਾਂਤਕ-ਸੇਧ ਹੀ ਨਹੀਂ ਦਿੱਤੀ, ਉਸ ਨੇ ਉਸ ਦੀ ਰਾਖੀ ਕਰਨੀ ਅਤੇ ਸਿਧਾਂਤਕ ਵਿਗਾੜਾਂ ਵਿਰੁੱਧ ਜਾਗਰਤੀ ਦੇ ਨਾਲ ਸਖਤ ਸਟੈਂਡ ਲੈਣਾ ਵੀ ਸਿਖਾਇਆ ਹੈ।

ਇਹ ਸਟੈਂਡ ਮਹਿਜ਼ 'ਗੋਥਾ ਪ੍ਰੋਗਰਾਮ ਦੀ ਅਲੋਚਨਾ' ਸਮੇਂ ਹੀ ਨਹੀਂ, ਸਗੋਂ ਵਿਗਾੜ-ਪਾਊ ਹਰ ਨਾਜ਼ੁਕ ਮੌਕੇ, ਉਹ ਬੇਝਿਜਕ ਬਹਾਦਰਾਂ ਵਾਂਗ ਡਟਦਾ ਰਿਹਾ ਹੈ। 'ਗੋਥਾ ਪ੍ਰੋਗਰਾਮ' ਅਤੇ ਸਿਧਾਂਤਕ ਵਿਗਾੜਾਂ ਦੀ ਉਪਜ; 'ਦੂਹਰਿੰਗ-ਮੱਤ' ਸਾਹਮਣੇ ਆਇਆ (ਮਾਰਕਸ ਲਈ ਆਪਣਾ ਖੋਜ ਦਾ ਕਾਰਜ ਜਾਰੀ ਰੱਖਣਾ ਜ਼ਰੂਰੀ ਸੀ) ਤਾਂ ਉਸ ਨੇ ਏਂਗਲਜ਼ ਨੂੰ 'ਦੂਹਰਿੰਗ ਮਤ ਖੰਡਨ'; ਭਾਵ 'ਡੂਹਰਿੰਗ ਵਿਰੋਧੀ' ਲਿਖਣ ਲਈ ਪ੍ਰੇਰਤ ਅਤੇ ਰਜ਼ਾਮੰਦ ਕੀਤਾ, ਆਪ ਉਸ ਦਾ ਸਲਾਹਕਾਰ ਬਣਿਆ। ਮਾਰਕਸਵਾਦ ਦੇ ਜਾਣਕਾਰ ਏਂਗਲਜ਼ ਦੀ ਇਸ ਰਚਨਾ ਦੀ ਸਿਧਾਂਤਕ ਮਹੱਤਤਾ ਬਾਖ਼ੂਬੀ ਜਾਣਦੇ ਹਨ।

* ਸਿਧਾਂਤ ਦੇ ਸਵਾਲ ਉਤੇ ਕੋਈ ਰਿਆਇਤ ਨਹੀਂ, ਕੋਈ ਸਮਝੌਤਾ ਨਹੀਂ, ਇਹ ਹੈ ਮਾਰਕਸਵਾਦੀ ਸਿੱਖਿਆ ! ਜਦੋਂ-ਜਦੋਂ ਹੀ 'ਸਿਧਾਂਤਕ ਕੁਰਾਹਾ' ਜਾਂ 'ਆਗੂਆਂ ਦੇ ਅਮਲ, ਜਾਤੀ ਲਾਲਸਾ ਤੋਂ ਪ੍ਰੇਰਿਤ ਹੁੰਦੇ ਹਨ' ਤਾਂ ਮਾਰਕਸ ਦੀ ਸਿੱਖਿਆ ; ਮਾਰਕਸਵਾਦੀਆਂ ਲਈ ਅਝੁਕਤਾ ਵਾਲੀ ਹੈ,

ਝੁਕੋ ਨਹੀਂ, ਡਟੋ !

ਉਦਾਹਰਨ ਵਜੋਂ ਜਦੋਂ ਬਾਕੂਨਿਨ (ਰੂਸੀ ਪੈਟੀ-ਬੁਰਜੂਆ ਇਨਕਲਾਬੀ ਤੇ ਅਰਾਜਕਤਾਵਾਦੀ) ਅਤੇ ਉਸ ਦੇ ਪੈਰੋਕਾਰਾਂ ਨੇ ਪਹਿਲੀ ਇੰਟਰਨੈਸ਼ਨਲ ਦੀ ਅਗਵਾਈ ਹਥਿਆਉਣ ਲਈ ਅਤੇ ਵਿਗਿਆਨਕ ਕਮਿਊਨਿਜ਼ਮ ਨੂੰ ਮਿਟਾ ਦੇਣ ਲਈ ਸਰਗਰਮੀ ਕੀਤੀ, ਤਾਂ ਮਾਰਕਸ ਨੇ ਉਸ ਦੇ ਅਵਸਰਵਾਦ ਦੀ ਹਰ ਚਾਲ, ਹਰ ਪਰਤ ਪਾੜ ਕੇ ਉਸ ਨੂੰ ਨੰਗਾ ਕਰਨ ਦਾ ਕਾਰਜ ਪੂਰਾ ਕੀਤਾ ਅਤੇ ਸਿਧਾਂਤ ਉਤੇ ਪਹਿਰਾ ਦਿੱਤਾ। ਮਾਰਕਸਵਾਦੀ ਸਾਹਿਤ ਦਾ ਵੱਡਾ ਹਿੱਸਾ ਵਿਗਾੜਾਂ, ਕੁਰਾਹਿਆਂ ਵਿਰੁੱਧ ਘੋਲ ਦੀਆਂ ਅਦੁੱਤੀ ਲਿਖਤਾਂ ਹਨ।

* ਅਜੋਕੇ ਦੌਰ ਵਿਚ ਮਾਰਕਸਵਾਦੀਆਂ ਅੱਗੇ ਇਹ ਕਾਰਜ ਮੁੱਕੇ ਨਹੀਂ, ਸਗੋਂ ਵਧੇ ਹਨ, ਕਿਉਂਕਿ ਬੁਰਜੂਆਜੀ ਆਪਣੀ ਗਰਜ ਪੂਰਤੀ ਲਈ, ਅਜਿਹੇ ਮੌਕਾਪ੍ਰਸਤ ਅੰਸਰਾਂ ਨੂੰ ਉਭਾਰਨ, ਪ੍ਰਚਾਰਨ ਸਮੇਤ ਹਰ ਤਰ੍ਹਾਂ ਦੀ ਮਦਦ ਦਿੰਦੀ ਹੈ।ਉਹ ਬਾਖ਼ੂਬੀ ਜਾਣਦੀ ਹੈ ਕਿ ਸਿੱਧੀ ਲੜਾਈ ਵਿਚ ਉਸ (ਬੁਰਜੂਆ) ਦੀ ਹਾਰ ਤੇਜ਼ੀ ਨਾਲ ਵਾਪਰੇਗੀ ਅਤੇ ਸਿਧਾਂਤਕ ਵਿਗਾੜਾਂ ਦੀ ਪੁਸ਼ਤ-ਪਨਾਹੀ ਨਾਲ, ਜਦੋਂ ਕਿ ਹਾਰ ਤਾਂ ਅਟੱਲ ਹੈ, ਪਰ ਉਹ ਆਪਣੀ ਉਮਰ ਲੰਬੀ ਕਰ ਸਕਦੀ ਹੈ।

* ਸਿਧਾਂਤਕ ਵਿਗਾੜਾਂ ਦੇ ਅਮਲ ਦੀ ਤੇਜ਼ੀ, ਜ਼ੋਰਦਾਰ ਪ੍ਰਚਾਰ ਜਿੰਨਾ ਪ੍ਰੋਲਤਾਰੀ ਦੀ ਲਹਿਰ ਦਾ ਨੁਕਸਾਨ ਕਰਦਾ ਹੈ, ਉਸ ਦੇ ਉਲਟ ਅਨੁਪਾਤੀ, ਓਨਾ ਹੀ ਬੁਰਜੂਆਜੀ ਨੂੰ ਲਾਭ ਹੁੰਦਾ ਹੈ। ਕਿੰਨਾ ਵਜ਼ਨਦਾਰ ਕਥਨ ਹੈ : 'ਮਾਰਕਸ ਦੇ ਵਿਰੋਧੀ ਤਾਂ ਕਾਇਮ ਹਨ ਆਪਣੇ ਵਿਰੋਧ ਉੱਤੇ, ਮਾਰਕਸਵਾਦ ਦਾ ਨੁਕਸਾਨ 'ਹਮਾਇਤੀਆਂ' ਨੇ ਵੱਧ ਕੀਤੈ'। ਜਰਮਨ ਕਵੀ ਹੈਨਜ਼ ਬਰਜਰ ਦੀਆਂ ਕਾਵਿ ਸਤਰਾਂ ਹਨ : 'ਮੈਂ ਦੇਖ ਰਿਹਾ ਹਾਂ ਤੇਰੇ ਉਪਾਸ਼ਕਾਂ ਹੱਥੋਂ,

ਤੇਰਾ ਵਿਸ਼ਵਾਸਘਾਤ ਹੁੰਦੈ
ਸਿਰਫ ਤੇਰੇ ਦੁਸ਼ਮਣ ਹਨ ਉਥੇ ਦੇ ਉਥੇ
ਪਹਿਲਾਂ ਹੀ ਸਨ ਉਹ ਜਿੱਥੇ।'

ਮਾਰਕਸਵਾਦ ਪਦਾਰਥਵਾਦ ਦੀਆਂ ਠੋਸ ਨੀਹਾਂ ਉੱਤੇ ਉੱਸਰਿਆ ਅਤੇ ਵਿਗਾੜਾਂ ਵਿਰੁੱਧ ਜੂਝਦਿਆਂ ਅਡੋਲ ਤੇ ਅਜੇਤੂ ਬਣਿਆ ਹੈ, ਜਿਸ ਉਤੇ 'ਮੱਤ' ਤੋਂ 'ਵਿਗਿਆਨ' ਹੋਣ ਦੀ ਮੋਹਰ ਲੱਗੀ ਹੋਈ ਹੈ।

ਮਾਰਕਸ ਨੇ ਪਰੂਦੋਂ-ਕੁਰਾਹੇ ਨੂੰ 1846 ਵਿਚ ਹਾਰ ਦਿੱਤੀ। ਉਸ ਦੀ ਕਿਤਾਬ 'ਕੰਗਾਲੀ ਦਾ ਫਲਸਫਾ' ਨੂੰ ਆਰਥਿਕ-ਅਧਿਆਤਮਵਾਦ ਐਲਾਨਿਆ ਅਤੇ ਉਸ (ਪਰੂਦੋਂ) ਨੂੰ ਮੱਧ-ਵਰਗੀ ਆਰਥਿਕਤਾ ਦਾ ਝੰਡਾ-ਬਰਦਾਰ ਘੋਸ਼ਿਤ ਕੀਤਾ।ਆਪਣੇ ਵਿਅੰਗਮਈ ਅੰਦਾਜ਼ ਵਿਚ 'ਫਲਸਫੇ ਦੀ ਕੰਗਾਲੀ' ਨਾਮੀ ਕਿਤਾਬ ਨਾਲ ਆਰਥਿਕ ਧਾਰਨਾਵਾਂ ਨੂੰ ਨਿਤਾਰ ਤੇ ਨਿਖਾਰ ਨਾਲ ਪ੍ਰਭਾਸ਼ਤ ਕੀਤਾ। ਆਹਮਣੇ-ਸਾਹਮਣੇ ਦੀਆਂ ਰਾਤਾਂ ਲੰਮੀਆਂ ਬਹਿਸਾਂ ਵਿਚੋਂ, ਮਾਰਕਸ ਨੇ ਪਰੂਦੋਂ ਦੇ 'ਮਿੱਥਤ-ਮੁੱਲ' ਦੀ ਥਾਂ 'ਮੁੱਲ ਦਾ ਕਿਰਤ ਸਿਧਾਂਤ' ਖੋਜਿਆ ਅਤੇ ਇਸੇ ਬਹਿਸ ਨਿਤਾਰੇ ਵਿੱਚੋਂ ਮਾਰਕਸ 'ਵਾਧੂ ਮੁੱਲ ਦਾ ਸਿਧਾਂਤ' ਦੇਣ ਦੇ ਯੋਗ ਬਣਿਆ।ਕਿਰਤ ਦੀ ਥਾਂ 'ਕਿਰਤ-ਸ਼ਕਤੀ' Labour power) ਨੂੰ 'ਜਿਣਸ' (Commodity) ਸਾਬਤ ਕਰਕੇ ; ਮੁਲਾਂਕਣ ਕੀਤਾ : 'ਕਿਰਤ-ਸ਼ਕਤੀ ਮੁੱਲ ਸਿਰਜਕ ਹੈ ਅਤੇ ਇਹ ਉਸ ਦੇ ਆਪਣੇ ਮੁੱਲ ਤੋਂ ਵਧੇਰੇ ਹੁੰਦੈ'

(Labour power creates value and a value greater than its own ) ਦੀ ਖੋਜ ਕੀਤੀ, ਜਿਸ ਨੇ ਰਾਜਸੀ ਆਰਥਿਕਤਾ ਦੀ ਸਮਝਦਾਰੀ ਵਿਚ ਇਨਕਲਾਬ ਕੀਤਾ, ਜਿਸ ਦੇ ਨਤੀਜੇ ਵਜੋਂ 'ਵਿਗਿਆਨਕ ਸਾਂਝੀਵਾਲ ਸਮਾਜ'

(Communism or Communist society) ਦੀ ਅਟੱਲਤਾ ਦਾ ਖਾਕਾ ਆਪ-ਮੁਹਾਰੇ ਉਭਰਦਾ ਹੈ। ਅਜਿਹੀ ਸਿਧਾਂਤਕਤਾ, ਇਸ ਬਹਿਸ ਦੀ ਅਦੁੱਤੀ ਦੇਣ ਹੈ।

ਸੋਚ ਦੀ ਸਪੱਸ਼ਟਤਾ, ਲਿਖਣ ਤੇ ਬੋਲਣ ਦੀ ਸਪੱਸ਼ਟਤਾ ਵਿਚ ਪ੍ਰਗਟ ਹੁੰਦੀ ਹੈ। 'ਕਮਿਊਨਿਸਟ ਮੈਨੀਫੈਸਟੋ' ਵਿਚਲੀ ਸਪੱਸ਼ਟਤਾ ਇਸ ਪਦਾਰਥਕ ਵਿਖਿਆਣ ਦੀ ਇਤਿਹਾਸਕ ਉਦਾਹਰਨ ਹੈ।

ਪਰ ਅੱਜ ਵੀ ਸਰਮਾਏ ਦੇ ਪਾਲਤੂ, ਮਕਾਰ, ਮੌਕਾਪ੍ਰਸਤ ਅਤੇ ਹਰਾਮਖੋਰ ਮਾਰਕਸ ਦੀ ਸਿੱਖਿਆ ਤੋਂ ਪੁੱਠੇ-ਪੈਰੀਂ ਹੋ, ਪਰੂਦੋਂ-ਵਾਦ ਦੀ ਪੂਛ ਫੜੀ ਖੜ੍ਹੇ ਹਨ। ਉਹ ਪਰੂਦੋਂ-ਵਾਦ ਦੇ ਪ੍ਰਚਾਰਕ ਹਨ, ਪਰ ਚਤਰਾਈ ਤੇ ਢੀਠਤਾਈ ਨਾਲ ਆਪਣੇ-ਆਪ ਨੂੰ 'ਮਾਰਕਸਵਾਦੀ ਪਾਲ' ਵਿਚ ਖੜ੍ਹੇ ਦੱਸਦੇ ਹਨ, ਕਿਉਂਕਿ ਮਾਰਕਸਵਾਦ ਸੱਚ ਦਾ ਸਿਧਾਂਤ ਹੈ ਜਿਸ ਦਾ ਨਾਂਅ ਚਲਦਾ ਹੈ; ਇਹ ਸ਼ੋਹਰਤ ਪਾਉਣ ਲਈ ਉਹ 'ਮਾਰਕਸਵਾਦੀ' ਹਨ, ਪਰ ਪ੍ਰਚਾਰ ਤੇ ਅਮਲ ਵਿਚ ਉਹ ਪਰੂਦੋਂ-ਵਾਦੀ ਹਨ।

ਉਹਨਾਂ ਦੀ ਪਹਿਲੀ ਪਛਾਣ ਹੈ, ਉਹ 'ਮੁੱਲ ਦੇ ਕਿਰਤ ਸਿਧਾਂਤ' ਨੂੰ ਅਮਲ ਵਿਚ ਲਿਆਉਣ ਤੋਂ ਪਾਸਾ ਵੱਟਦੇ ਹਨ।

* ਉਹ ਉਤਪਾਦਨ ਨੂੰ ਕੇਵਲ ਵਸਤਾਂ (Goods) ਸਮਝਣ ਉਤੇ ਰੁਕ ਜਾਂਦੇ ਹਨ। ਉਹ ਮਾਰਕਸ ਦੀ ਲੱਭਤ; ਕਿਰਤ ਦੇ ਦੋਹਰੇ ਖਾਸੇ ਤੋਂ ਪਿਛਲਖੁਰੀ ਪਰੂਦੋਂ ਦੇ ਘਚੋਲਾ (ਅਧਿਆਤਮਵਾਦੀ) ਸਿਧਾਂਤ ਵੱਲ ਮੁੜ ਜਾਂਦੇ ਹਨ।ਇਹ ਪਿਛਲਖੁਰੀ-ਥਿੜਕਣ ਹੈ, ਜਿਸ ਨਾਲ ਉਹ ਕਿਰਤ ਦੇ ਦੋਹਰੇ ਖਾਸੇ ; 'ਜ਼ਰੂਰੀ ਕਿਰਤ ਸਮਾਂ' ਅਤੇ 'ਵਾਧੂ ਕਿਰਤ ਸਮਾਂ' ਦੀ ਸਮਝਦਾਰੀ ਦੇ ਇਨਕਲਾਬੀ ਪੱਖ ਨੂੰ ਅਣਡਿੱਠ ਜਾਂ ਸਮਝਣ ਵਿਚ ਅਸਫਲ ਰਹਿੰਦੇ ਹਨ।

* 'ਸਾਪੇਖ ਜ਼ਰੂਰੀ ਕਿਰਤ ਸਮਾਂ' ਅਤੇ 'ਸਾਪੇਖ ਵਾਧੂ ਕਿਰਤ ਸਮਾਂ' ਦੀ ਸਮਝਦਾਰੀ ਹਾਸਲ ਕਰਨਾ ਉਹਨਾਂ ਦਾ ਕਾਰਜ ਹੀ ਨਹੀਂ ਬਣਦਾ ਹੈ।

* ਉਹ ਉਤਪਾਦਨ ਨੂੰ ਕੇਵਲ ਵਸਤਾਂ (Goods) ਹੀ ਸਮਝਦੇ ਹਨ। ਉਹ ਸਰਮਾਏ ਦੀ ਜਿਣਸ-ਉਤਪਾਦਨ (commodity production) ਧਾਰਨਾ ਸਮਝਣ ਵਿਚ ਅਸਮਰੱਥ ਹਨ।

ਇਸ ਲਈ ਉਹ 'ਵਰਤੋਂ ਮੁੱਲ' ਅਤੇ 'ਮੁੱਲ' ਦਾ ਵਖਰੇਵਾਂ ਸਮਝਣ ਤੋਂ ਵੀ ਅਸਮਰੱਥ ਹਨ।

* ਉਹ ਪਰੂਦੋਂ ਦੇ 'ਮਿੱਥਤ ਮੁੱਲ' ਦੇ ਧਾਰਨੀ ਹਨ। ਇਸ ਲਈ ਉਹ ਮੁੱਲ ਦੀ ਵਿਗਿਆਨਕਤਾ ਨਹੀਂ ਸਮਝਦੇ ਜਾਂ ਉਸ ਨੂੰ (ਜਾਣ-ਬੁਝ ਕੇ) ਢਕਦੇ ਹਨ।

* ਉਹ ਕਿਰਤ ਦੇ ਦੋਹਰੇ ਖਾਸੇ 'ਮੂਰਤ-ਕਿਰਤ' ਅਤੇ 'ਅਮੂਰਤ ਕਿਰਤ' ( concrete labour & abstract labour) ਨੂੰ ਸਮਝਣ 'ਚ ਅਸਮਰੱਥ ਹਨ।

ਨਤੀਜੇ ਵਜੋਂ; ਇਹਨਾਂ ਦੀ ਅਧਿਆਤਮਵਾਦੀ ਸਿੱਖਿਆ (ਲਿਖਣ ਤੇ ਬੋਲਣ) ਦੇ ਕਾਰਜ ਅਤੇ ਅਭਿਆਸ ਵਿਚ, ਮਾਰਕਸ ਦੀ ਲੱਭਤ ; 'ਮੂਰਤ-ਕਿਰਤ' (concrete labour), 'ਵਰਤੋਂ ਮੁੱਲ' ਸਿਰਜਕ ਹੈ ਅਤੇ 'ਅਮੂਰਤ ਕਿਰਤ' (abstract labour) 'ਵਟਾਂਦਰਾ ਮੁੱਲ' ਸਿਰਜਕ ਹੈ, ਵਿਚਲੀ ਭਿੰਨਤਾ ਨਜ਼ਰ-ਅੰਦਾਜ਼ ਹੋ ਜਾਂਦੀ ਹੈ ਜਾਂ ਅਜਿਹਾ ਕਰਨ ਵਿਚ ਉਹ ਰੁਚੀ ਰੱਖਦੇ ਹਨ। ਉਹ 'ਅੰਨ੍ਹੀ ਗਲੀ' 'ਚ ਵੜੇ ਹਨ।

* 'ਕਿਰਤ ਦੀ ਲੁੱਟ' ਦੇ ਕੇਂਦਰੀ ਸਥਾਨ ; 'ਉਤਪਾਦਨ ਸਥਾਨ' (ਖੇਤ, ਖਾਨਾਂ, ਕਾਰਖਾਨਾ, ਫੈਕਟਰੀ, ਆਦਿ) ਹਨ।ਮਾਰਕਸ ਨੇ ਦਾਸ ਕੈਪੀਟਲ 'ਚ ਦਰਜ ਕੀਤਾ :

'ਸਰਮਾਇਆ ਮੁਰਦਾ ਕਿਰਤ ਹੈ, ਜਿਹੜੀ ਸ਼ੈਤਾਨ ਵਾਂਗ, ਸਿਰਫ ਜਿਉਂਦੀ ਕਿਰਤ ਦਾ ਲਹੂ ਪੀ ਕੇ ਜਿਉਂਦੀ ਹੈ, ਅਤੇ ਇਹ ਕਿਰਤ ਦਾ ਜਿੰਨਾ ਵੱਧ ਲਹੂ ਚੂਸੇ, ਓਨਾ ਹੀ ਵੱਧ ਜਿਉਂਦੀ ਹੈ।'

ਕਿਰਤੀ, 'ਜਿਉਂਦੀ ਕਿਰਤ' ਹੈ, ਜਿਉਂਦੀ ਕਿਰਤ ਦਾ ਲਹੂ ਚੂਸ ਕੇ ਸਰਮਾਇਆ ਵਧਦਾ ਹੈ। ਸਰਮਾਏ ਦਾ ਵਾਧਾ ਰੋਕਣ ਲਈ ਜਿਉਂਦੀ ਕਿਰਤ ਦਾ ਲਹੂ ਚੂਸਣਾ ਰੋਕਣਾ ਹੈ। ਸਰਮਾਏ ਦੇ ਵਿਰੋਧ ਦਾ ਕੇਂਦਰੀ ਸਥਾਨ, ਕਿਰਤ-ਅਮਲ (ਕੰਮ ਕਰਨ ਦੀ ਥਾਂ) ਹੈ।



ਪਰ ਉਹ, (ਸਿਧਾਂਤਹੀਣ) ਥਾਂ ਬਦਲ ਕੇ, ਲੁੱਟ ਦਾ ਸਥਾਨ 'ਬਜ਼ਾਰ' (ਵਟਾਂਦਰਾ ਸਥਾਨ) ਨੂੰ ਮਿੱਥਦੇ ਹਨ ; ਜਿੱਥੇ ਉਹਨਾਂ ਅਨੁਸਾਰ :

'ਮਿੱਥੇ-ਮੁੱਲ' ਤੇ ਵਸਤ-ਵਟਾਂਦਰਾ ਹੁੰਦਾ ਹੈ। ਜਿੱਥੇ ਪੂਰਤੀ ਤੇ ਮੰਗ ਦੇ ਉਤਰਾਅ-ਚੜ੍ਹਾਅ, ਲਾਭ-ਹਾਨੀ ਰਾਹੀਂ, ਹੇਠ-ਉੱਤੇ ਹੁੰਦੇ, ਸਮਾਜ ਵਿਚ 'ਅਮੀਰ-ਗਰੀਬ' ਬਣਦੇ ਹਨ। 'ਵਟਾਂਦਰਾ ਸਥਾਨ' (ਮੰਡੀ) ਵਿਚ ਸਰਮਾਇਆ ਵਧਦਾ ਨਹੀਂ, ਅਬਦਲ ਰਹਿੰਦਾ ਹੈ।

* ਇਸ ਅਮਲ ਦੀ ਸਮਝਦਾਰੀ ਕਾਰਨ ਉਹ 'ਮਿੱਥੇ ਮੁੱਲ' ਦੁਆਲੇ ਸਰਗਰਮੀ ਕੇਂਦਰਤ ਕਰਦੇ, ਮੁੜ ਪਰੂਦੋਂ ਦੇ 'ਮਿੱਥਤ ਮੁੱਲ' ਦੀ ਸਮਝਦਾਰੀ ਅਤੇ ਅਮਲ ਵਿਚ, ਭਾਵ ਅਧਿਆਤਮਵਾਦੀ ਗੇੜ (ਮਹਿੰਗਾਈ ਵਿਰੋਧੀ ਸਰਗਰਮੀ) ਵਿਚ ਫਸ ਜਾਂਦੇ ਹਨ। ਇੰਜ ਮਾਰਕਸ ਦੀ ਖੋਜ ਕੀਤੀ ਰਾਜਸੀ-ਆਰਥਿਕਤਾ ਦੀ ਦਵੰਦਵਾਦੀ-ਵਿਧੀ, ਮੁੜ ਪਰੂਦੋਂ ਦੀ ਅਧਿਆਤਮਵਾਦੀ ਵਿਧੀ ਵਿਚ ਬਦਲ ਦਿੱਤੀ ਮਿਲਦੀ ਹੈ।

ਨਤੀਜਾ : 'ਮੱਧ-ਵਰਗੀ ਆਰਥਕਤਾ' (Middle class economy) ਦੇ ਪੈਂਤੜੇ ਤੋਂ 'ਰਾਜਸੀ-ਅਧਿਆਤਮਵਾਦ' ਦੀ ਸਰਗਰਮੀ ਜ਼ੋਰਾਂ ਉੱਤੇ ਹੈ।


ਉਹ ਮਾਰਕਸ ਵੱਲੋਂ ਖੋਜੇ ਅਤੇ ਅਮਲ ਵਿਚ ਨਿੱਤਰੇ ਸਿਧਾਂਤਕ ਨਤੀਜਿਆਂ ਨੂੰ ਅਣਡਿੱਠ ਕਰਦੇ ਹਨ।

ਉਦਾਹਰਨ ਵਜੋਂ ਮਾਰਕਸ ਮੱਧ ਵਰਗੀ ਆਰਥਕਤਾ ਜੋ 'ਪੂਰਤੀ ਤੇ ਮੰਗ' ਦੁਆਲੇ ਘੁੰਮਦੀ ਹੈ ਅਤੇ ਮਿਹਨਤਕਸ਼ ਵਰਗ ਦੀ ਆਰਥਿਕਤਾ ਜੋ ਦੂਰ ਅੰਦੇਸ਼ੀ ਦੀ ਵਿਉਂਤਬੰਦੀ ਆਧਾਰਤ ਹੁੰਦੀ ਹੈ, ਬਾਰੇ ਵਖਰੇਵਾਂ (ਫਰਕ) ਤੇ ਢੰਗ ਸਮਝਾਉਂਦਾ ਹੈ:

[" This struggle about the legal restriction of the hours of labour raged the more fiercly since, apart from frightened avarice, it told indeed upon the great contest between the blind rule of the supply and demand laws which form the political economy of middle class, and social production controlled by economic foresight which forms the political economy of the working class, Hence the ten hours bill was not only a great practical success,it was the victory of a principle; it was the first time that in broad daylight the political economy of middle class succumbed to the political economy of the working class."]

ਪੰਜਾਬੀ ਰੂਪ:-

'ਕੰਮ ਦੇ ਘੰਟਿਆਂ ਦੀ ਕਾਨੂੰਨੀ ਸੀਮਾ ਬਾਰੇ ਘੋਲ ਹੋਰ ਵਧੇਰੇ ਤਿੱਖਾ ਹੋਇਆ ਹੈ, ਲਾਭਖੋਰਾਂ ਦੀ ਘਬਰਾਹਟ ਤੋਂ ਇਲਾਵਾ, ਦਰਅਸਲ ਇਹ ਸਾਨੂੰ ਮੰਗ ਅਤੇ ਪੂਰਤੀ ਦੇ ਅੰਨ੍ਹੇ ਨਿਜ਼ਾਮ, ਜੋ ਕਿ ਮੱਧ-ਸ਼੍ਰੇਣੀ ਦੀ ਰਾਜਨੀਤਕ ਆਰਥਿਕਤਾ ਹੈ ਅਤੇ ਕਿਰਤੀ ਜਮਾਤ ਦੀ ਰਾਜਨੀਤਕ ਆਰਥਿਕਤਾ, ਜੋ ਕਿ ਸਮਾਜਿਕ ਉਤਪਾਦਨ ਨੂੰ ਆਰਥਿਕ ਦੂਰ-ਅੰਦੇਸ਼ੀ ਨਾਲ ਨਿਯੰਤਰਿਤ (ਕਾਬੂ) ਕੀਤੇ ਜਾਣ ਨਾਲ ਬਣਦੀ ਹੈ, ਵਿਚਕਾਰ ਇੱਕ ਮਹਾਨ ਮੁਕਾਬਲੇ ਦੀ ਦੱਸ ਪਾਉਂਦਾ ਹੈ। ਇਸ ਲਈ 10 ਘੰਟਿਆਂ ਦਾ ਬਿੱਲ ਸਿਰਫ ਇੱਕ ਰਾਜਨੀਤਕ ਕਾਮਯਾਬੀ ਨ ਹ ੀਂ



ਹੈ, ਇਹ ਇੱਕ ਸਿਧਾਂਤਕ ਜਿੱਤ ਹੈ; ਅਜਿਹਾ ਪਹਿਲੀ ਵਾਰ ਵਾਪਰਿਆ ਹੈ ਕਿ ਸਾਫ ਚਿੱਟੇ ਦਿਨ ਵਿੱਚ ਮੱਧ-ਸ਼੍ਰੇਣੀ ਦੀ ਰਾਜਨੀਤਕ ਆਰਥਿਕਤਾ, ਕਿਰਤੀ ਜਮਾਤ ਦੀ ਰਾਜਨੀਤਕ ਆਰਥਿਕਤਾ ਮੂਹਰੇ ਗੋਢਿਆਂ ਭਾਰ ਹੋਈ ਹੈ।'

ਇੰਜ ਮਾਰਕਸ ਘੋਲ ਦੇ ਅਧਿਆਤਮਵਾਦੀ ਢੰਗ ਅਤੇ ਦਵੰਦਵਾਦੀ ਢੰਗ ਦਾ ਵਖਰੇਵਾਂ ਉਜਾਗਰ ਕਰਦਾ ਹੈ।

ਆਰਥਿਕ ਖੇਤਰ ਵਾਂਗ ਹੀ ਦਾਰਸ਼ਨਿਕ ਖੇਤਰ ਵਿਚ ਵੀ ਇਹੀ ਪਿਛਲਖੁਰੀ ਵਰਤਾਰਾ ਵਾਪਰਿਆ ਹੈ। ਇਸ ਭੇਦ ਨੂੰ ਸਮਝਣ ਲਈ ਜ਼ਰੂਰੀ ਹੈ; ਮਾਰਕਸ ਤੇ ਏਂਗਲਜ ਦੁਆਰਾ

'ਗੋਥਾ ਪ੍ਰੋਗਰਾਮ ਦੀ ਅਲੋਚਨਾ' ਨੂੰ ਪੜ੍ਹਿਆ ਤੇ ਸਮਝਿਆ ਜਾਵੇ।

ਜਰਮਨ ਦੀਆਂ ਦੋ ਪਾਰਟੀਆਂ ਨੇ ਏਕੀਕਰਨ ਕਰਕੇ 1875 'ਚ ਸਾਂਝਾ 'ਗੋਥਾ-ਪ੍ਰੋਗਰਾਮ' ਪ੍ਰਵਾਨ ਕੀਤਾ ਸੀ। ਜਿਸ ਵਿਚ 'ਪਹਿਲੀ ਇੰਟਰਨੈਸ਼ਨਲ (1864)' ਦੀਆਂ ਧਾਰਨਾਵਾਂ ਦੀ ਕਾਪੀ ਭਾਵ ਸਤਰਾਂ ਦੀ ਵਰਤੋਂ ਵੀ ਕੀਤੀ ਸੀ, ਪਰ 'ਲਾਲਸਾਵਾਦੀ' ਵਿਗਾੜ ਭਾਰੂ ਸਨ।ਜਿਸ ਵਿਚ 'ਆਮ ਕੰਮ ਦਿਨ' ( Normal working day ) ਦੀ ਗਲਤ ਧਾਰਨਾ ਵੀ ਸ਼ਾਮਲ ਸੀ।

ਇਹਨਾਂ ਵਿਗਾੜਾਂ ਦਾ ਫਿਲਾਸਫੀਕਲ ਵਿਸਥਾਰ ਜਰਮਨੀ ਦੇ ਤੇਜ਼-ਤਰਾਰ ਪ੍ਰੋਫੈਸਰ 'ਹਰ ਦੂਹਰਿੰਗ ਦੀ ਕਿਤਾਬ; ਦੂਹਰਿੰਗ-ਮੱਤ, 1875 ਵਿਚ ਹੀ ਆਈ ਸੀ। ਗੋਥਾ ਪ੍ਰੋਗਰਾਮ ਅਤੇ ਡੂਹਰਿੰਗ-ਮੱਤ ਸਮਕਾਲੀ ਹਨ। ਜਿਸ ਵਿਚ 'ਨਵਾਂ ਸਮਾਜਵਾਦੀ ਸਿਧਾਂਤ ਅਤੇ ਫਲਸਫਾ', ਨਾਮੀ ਵਿਗਾੜਾਂ ਦੀ ਭਰਮਾਰ ਸੀ। ਮਾਰਕਸ ਅਤੇ ਮਾਰਕਸਵਾਦੀ ਫਿਲਾਸਫੀ (ਪਦਾਰਥਵਾਦ ਵਿਰੋਧਵਿਕਾਸੀ) ਉਪਰ ਹਮਲਾ ਸੀ। ਜੋ ਵਿਗਿਆਨਕ ਲੱਭਤਾਂ ਨੂੰ ਮੁੜ ਕੁਰਾਹੇ ਪਾਉਂਦਾ ਸੀ। ਜਿਸ ਨੇ ਪਦਾਰਥ ਦੀ ਹੋਂਦ ਦੇ ਸਬੂਤ; 'ਪੁਲਾੜ ਤੇ ਸਮਾਂ' (space & time) ਦੀਆਂ ਧਾਰਨਾਵਾਂ ਦੇ ਵਿਗਾੜ ਲਈ ਥਾਂ ਬਣਾ ਦਿੱਤੀ ਸੀ। ਸਮੇਂ ਦੀ ਸਦੀਵਤਾ ਦੀ ਥਾਂ, 'ਸਮੇਂ ਦੀ ਸ਼ੁਰੂਆਤ', ਧਾਰਨਾ ਫੈਲਾਉਣੀ ਚਾਹੀ। ਸਾਰੇ ਹੀ ਪਦਾਰਥਵਾਦ-ਵਿਰੋਧੀ, 'ਸਮੇਂ' ਦੀ ਵਿਗੜੀ ਧਾਰਨਾ ਬਾਰੇ ਇਕ ਮੱਤ ਹੁੰਦੇ ਹਨ। ਉਹਨਾਂ ਦਾ ਕਹਿਣਾ ਹੁੰਦਾ ਹੈ: 'ਇਕ ਸਮਾਂ ਸੀ ਜਦੋਂ ਸਮਾਂ ਨਹੀਂ ਸੀ', ਇਸ ਬਗੈਰ ਉਹ ਸਮੇਂ ਦਾ ਅਰੰਭ ਕਰ ਜਾਂ ਕਰਵਾ ਨਹੀਂ ਸਕਦੇ। ਜਿਸ ਬਗੈਰ ਉਹ ਵਿਚਾਰਵਾਦ ਅਤੇ ਅਧਿਆਤਮਵਾਦ ਨੂੰ ਮੁੜ ਸਮਰਪਤ ਹੋਣ 'ਚ ਅਸਮਰਥ ਹੁੰਦੇ ਹਨ।

ਪਦਾਰਥਵਾਦ ਦੀ ਰਾਖੀ ਲਈ 'ਦੂਹਰਿੰਗ-ਮੱਤ' ਦਾ ਜਵਾਬ ਦੇਣਾ ਲਾਜ਼ਮੀ ਸੀ। ਇਹ ਜ਼ਿੰਮੇਵਾਰੀ ਏਂਗਲਜ਼ ਨੇ ਨਿਭਾਈ। ਉਸ ਦੀ 'ਦੂਹਰਿੰਗ-ਵਿਰੁੱਧ'

(Anti-Duhring), ਜਿੱਥੇ ਸਿਧਾਂਤਕ ਵਿਗਾੜਾਂ ਨੂੰ ਨਿਕਾਰਦੀ ਹੈ, ਉਥੇ ਪਦਾਰਥਵਾਦੀ ਧਾਰਨਾਵਾਂ ਨੂੰ ਪ੍ਰਭਾਸ਼ਤ ਕਰਦੀ, ਉਹਨਾਂ 'ਚ ਨਿਤਾਰ ਭਰਦੀ, ਨਿਖਾਰ ਸਿਰਜਦੀ ਹੈ।ਇਸ ਨੂੰ ਮਾਰਕਸ ਦੀ ਪੂਰਨ ਸਹਿਮਤੀ ਹਾਸਲ ਸੀ। ਇਹ ਪਦਾਰਥਵਾਦ

ਭਾਵ ਫਲਸਫੇ ਦੀ ਅਤਿ ਮਹੱਤਵਪੂਰਨ ਅਤੇ ਬੁਨਿਆਦੀ ਕਿਤਾਬ ਹੈ। ਇਸ ਦਾ ਅਧਿਐਨ ਸਿਧਾਂਤਕ ਪ੍ਰਪੱਕਤਾ ਲਈ ਬੇਹੱਦ ਜ਼ਰੂਰੀ ਹੈ। ਵਰਨਾ ਮਾਰਕਸਵਾਦ ਵਿਚ ਪਾਏ ਜਾਂਦੇ ਵਿਗਾੜਾਂ ਦੀ ਜੜ੍ਹ ਫੜਨੀ ਔਖੀ ਹੈ।ਇਹ ਚੇਤਨ-ਦਵੰਦਵਾਦ ਦੀ ਸੂਝ ਬਖਸ਼ਦੀ ਹੈ।ਏਂਗਲਜ਼ ਨੇ ਇਸ ਦੀ ਭੂਮਿਕਾ 'ਚ ਇਹ ਫਿਕਰਾ ਵੀ ਦਰਜ ਕੀਤਾ :

* 'ਮਾਰਕਸ ਅਤੇ ਮੈਂ', ਦੋ ਹੀ ਅਜਿਹੇ ਵਿਅਕਤੀ ਸਾਂ, ਜਿਨ੍ਹਾਂ ਨੇ 'ਚੇਤਨ-ਵਿਰੋਧਵਿਕਾਸ' ਨੂੰ ਜਰਮਨ ਵਿਚਾਰਵਾਦੀ ਫਲਸਫੇ ਤੋਂ ਬਚਾ ਕੇ, ਉਸ ਨੂੰ ਪ੍ਰਕਿਰਤੀ ਅਤੇ ਇਤਿਹਾਸ ਦੇ ਪਦਾਰਥਵਾਦੀ ਸੰਕਲਪ 'ਤੇ ਲਾਗੂ ਕੀਤਾ।'

ਮਨੁੱਖ ਦੇ ਸਚਿਆਰਾ ਹੋਣ ਲਈ ਜ਼ਰੂਰੀ ਹੈ,

ਮਨੁੱਖੀ ਲੱਭਤਾਂ ਦੇ ਅਮਲ ਵਿਚੋਂ ਉਪਜੇ 'ਗਿਆਨ-ਸੂਤਰਾਂ' ਉੱਤੇ ਚਲਿਆ ਜਾਵੇ।

ਦਾਰਸ਼ਨਿਕ ਸੂਤਰ ਹੈ:

* ਦਰਸ਼ਨ, ਦ੍ਰਿਸ਼ਟੀਕੋਣ ਤੇ ਵਿਚਾਰਧਾਰਾ ਦਾ ਨਿਰਧਾਰਕ ਹੈ। ਦਰਸ਼ਨ ਬਦਲ ਜਾਵੇ ਤਾਂ ਦ੍ਰਿਸ਼ਟੀਕੋਣ ਤੇ ਵਿਚਾਰਧਾਰਾ (ਸਮੇਤ ਨਾਮ ਵੀ) ਬਦਲ ਜਾਂਦੇ ਹਨ।

* ਮੋੜਵੇਂ ਰੂਪ ਵਿਚ ਦ੍ਰਿਸ਼ਟੀਕੋਣ ਤੇ ਵਿਚਾਰਧਾਰਾ ਦੀ ਪਰਖ, ਪੜਤਾਲ ਤੇ ਪੁਸ਼ਟੀ ਲਈ ਮੁੜ ਕਸਵੱਟੀ, ਉਹਨਾਂ ਦਾ ਦਰਸ਼ਨ ਹੀ ਹੈ।

**(ਚਲਦਾ)**

# ਨਾਵਲ ਦੀ ਸੁੰਗੜ ਰਹੀ ਕਹਾਣੀ

**ਸੁਕੀਰਤ**

ਜਦੋਂ ਬੁੱਕਰ ਪ੍ਰਾਈਜ਼ ਫ਼ਾਊਂਡੇਸ਼ਨ ਨੇ ਪਿਛਲੇ ਮਹੀਨੇ ਐਲਾਨ ਕੀਤਾ ਕਿ ਉਹ 'ਆਲ ਅਰਾਊਂਡ ਦ ਵਰਲਡ' ਨਾਂਅ ਹੇਠ ਨਿੱਕੀਆਂ ਕਹਾਣੀਆਂ ਦੀ ਇੱਕ ਕਿਤਾਬ ਪ੍ਰਕਾਸ਼ਿਤ ਕਰ ਰਹੀ ਹੈ, ਜਿਸ ਵਿੱਚ ਬੁੱਕਰ ਜੇਤੂ ਲੇਖਕਾਂ ਐਨ ਏਨਰਾਈਟ, ਡੇਵਿਡ ਸੋਲੋਏ ਅਤੇ ਰੌਡੀ ਡੋਇਲ ਦੀਆਂ ਕਹਾਣੀਆਂ ਸ਼ਾਮਲ ਹਨ ਤਾਂ ਸਾਹਿਤਕ ਜਗਤ ਨੇ ਇਸ ਉੱਦਮ ਦੀ ਖੁੱਲ੍ਹ ਕੇ ਸਲਾਹੁਤਾ ਕੀਤੀ। ਸਿਰਫ਼ ਇੱਕ ਪੌਂਡ ਦੀ ਕੀਮਤ ਵਾਲੀ ਇਸ ਕਿਤਾਬ ਦੀਆਂ ਹਜ਼ਾਰਾਂ ਕਾਪੀਆਂ ਬਰਤਾਨੀਆ ਭਰ ਦੀਆਂ ਜੇਲ੍ਹਾਂ, ਲਾਇਬ੍ਰੇਰੀਆਂ ਅਤੇ ਸਮੁਦਾਇਕ ਕੇਂਦਰਾਂ ਵਿਚ ਮੁਫ਼ਤ ਵੰਡੀਆਂ ਜਾ ਰਹੀਆਂ ਹਨ । ਇਹ ਸੱਚਮੁੱਚ ਸਾਹਿਤ ਦਾ ਜਨਤਕੀਕਰਨ ਹੈ, ਪਰ ਇਹ ਕਦਮ ਜਾਣੇ-ਅਣਜਾਣੇ ਇੱਕ ਗੱਲ ਦਾ ਇਕਬਾਲ ਵੀ ਹੈ ਕਿ ਨਾਵਲ, ਜੋ ਆਧੁਨਿਕ ਸਾਹਿਤ ਦੀ ਵਿਸ਼ਾਲ ਬੈਠਕ ਸੀ, ਸ਼ਾਇਦ ਆਪਣੀ ਸੰਗਤ ਗੁਆ ਰਿਹਾ ਹੈ।




ਨਾਵਲ ਦੀ ਮੌਤ ਬਾਰੇ ਚਰਚਾ ਕੋਈ ਨਵੀਂ ਨਹੀਂ। ਇਸ ਨੂੰ ਇੰਨੀ ਵਾਰ ਮਰ ਰਹੀ ਵਿਧਾ ਐਲਾਨਿਆ ਗਿਆ ਹੈ ਕਿ ਇਹ ਸੋਗ-ਪੱਤਰ ਆਪਣੇ ਆਪ ਇੱਕ ਸਾਹਿਤਕ ਵਿਧਾ ਬਣ ਗਏ ਹਨ । ਤਾਂ ਵੀ ਨਾਵਲ ਹਰ ਵਾਰ ਬਚ ਨਿਕਲਿਆ, ਆਪਣੇ ਆਪ ਨੂੰ ਬਦਲਦਾ, ਢਾਲਦਾ ਅਤੇ ਕਈ ਵਾਰ ਫਲਦਾ-ਫੁੱਲਦਾ ਰਿਹਾ । ਇਸ ਵਾਰ ਜੋ ਗੱਲ ਵੱਖਰੀ ਮਹਿਸੂਸ ਹੁੰਦੀ ਹੈ, ਉਹ ਇਹ ਹੈ ਕਿ ਹੁਣ ਖ਼ਤਰਾ ਸਿਰਫ਼ ਕਿਸੇ ਹੋਰ ਮਾਧਿਅਮ ਤੋਂ ਨਹੀਂ ਆ ਰਿਹਾ । ਇਹ ਖ਼ਤਰਾ ਮਨੁੱਖੀ ਦਿਮਾਗ਼ ਦੇ ਅੰਦਰੋਂ ਹੀ ਉੱਭਰ ਰਿਹਾ ਹੈ।

ਬੁੱਕਰ ਫ਼ਾਊਂਡੇਸ਼ਨ ਦੀ ਇਸ ਪਹਿਲਕਦਮੀ ਸਮੇਂ ਉਨ੍ਹਾਂ ਦੇ ਸਾਂਝੇ ਕੀਤੇ ਅੰਕੜੇ ਫਿਕਰ ਪੈਦਾ ਕਰਨ ਵਾਲੇ ਹਨ । ਬਰਤਾਨੀਆ ਦੇ ਇੱਕ ਤਿਹਾਈ ਤੋਂ ਵੱਧ ਬਾਲਗਾਂ ਨੂੰ ਹੁਣ ਇੱਕ ਕਿਤਾਬ ਨੂੰ ਸ਼ੁਰੂ ਤੋਂ ਅੰਤ ਤੱਕ ਪੜ੍ਹਨਾ ਔਖਾ ਲੱਗਦਾ ਹੈ । ਪਚਵੰਜਾ ਫ਼ੀਸਦੀ ਲੋਕ ਮੰਨਦੇ ਹਨ ਕਿ ਉਹ ਜਿੰਨਾ ਪੜ੍ਹਨਾ ਚਾਹੁੰਦੇ ਹਨ, ਉਸ ਤੋਂ ਕਿਤੇ ਘੱਟ ਪੜ੍ਹਦੇ ਹਨ । ਇਹ ਉਹ ਲੋਕ ਨਹੀਂ ਜੋ ਕਿਤਾਬਾਂ ਵਿੱਚ ਦਿਲਚਸਪੀ ਨਹੀਂ ਰੱਖਦੇ; ਇਹ ਉਹ ਹਨ, ਜੋ ਕਿਤਾਬਾਂ ਖ਼ਰੀਦਦੇ ਹਨ, ਉਨ੍ਹਾਂ ਨੂੰ ਆਪਣੇ ਸਰਹਾਣੇ ਰੱਖਦੇ ਹਨ, ਉਤਸ਼ਾਹ ਨਾਲ ਪੜ੍ਹਨਾ ਸ਼ੁਰੂ ਕਰਦੇ ਹਨ, ਪਰ ਕੋਈ ਚਾਲੀ ਕੁ ਸਫ਼ਿਆਂ ਬਾਅਦ ਵਿੱਚੇ ਹੀ ਛੱਡ ਦਿੰਦੇ ਹਨ। ਭਾਰਤ ਦੀ ਤਸਵੀਰ ਵੀ ਅਜਿਹੀ ਹੀ ਹੈ, ਇਸ ਤੋਂ ਵੀ ਵੱਧ ਚਿੰਤਾਜਨਕ । 2019 ਤੋਂ 2024 ਦੇ ਦਰਮਿਆਨ ਕੇਵਲ 4 ਫ਼ੀਸਦੀ ਭਾਰਤੀਆਂ ਨੇ ਕਿਹਾ ਕਿ ਉਹ ਆਪਣੇ ਖਾਲੀ ਸਮੇਂ ਵਿੱਚ ਪੜ੍ਹਦੇ ਹਨ, ਜਦਕਿ ਇਸ ਤੋਂ ਪਹਿਲਾਂ ਇਹ ਅੰਕੜਾ 5.4 ਫ਼ੀਸਦੀ ਸੀ । 8 ਤੋਂ 18 ਸਾਲ ਦੇ ਬੱਚਿਆਂ ਵਿੱਚੋਂ 35 ਫ਼ੀਸਦੀ ਤੋਂ ਵੀ ਘੱਟ ਨੇ ਕਿਹਾ ਕਿ ਉਨ੍ਹਾਂ ਨੂੰ ਪੜ੍ਹਨਾ ਪਸੰਦ ਹੈ। ਇੱਕ ਅਜਿਹਾ ਸਮਾਜ, ਜਿਸ ਨੇ ਕਦੇ ਬੇਮਿਸਾਲ ਪਾਠਕ ਪੈਦਾ ਕੀਤੇ ਸਨ, ਹੁਣ ਤੇਜ਼ੀ ਨਾਲ ਗੈਰ-ਪਾਠਕ ਤਿਆਰ ਕਰ ਰਿਹਾ ਹੈ।

ਇਸ ਲਈ ਸਭ ਤੋਂ ਵੱਧ ਜ਼ਿੰਮੇਵਾਰ ਜਿਸ ਕਾਰਨ ਨੂੰ ਠਹਿਰਾਇਆ ਜਾਂਦਾ ਹੈ, ਉਹ ਹੈ ਧਿਆਨ ਕੇਂਦਰਿਤ ਕਰਨ ਦੀ ਘਟਦੀ ਸਮਰੱਥਾ ਅਤੇ ਇਸ ਅਸਮਰੱਥਾ ਦਾ ਸੋਮਾ ਕੋਈ ਭੇਤ ਨਹੀਂ । ਇੱਕ ਐਸੀ ਪੀੜ੍ਹੀ, ਜੋ ਲਗਾਤਾਰ ਸਕ੍ਰੋਲ ਕਰਨ ਦੀ ਆਦੀ ਹੋ ਚੁੱਕੀ ਹੈ, ਜਿੱਥੇ ਸਮੱਗਰੀ ਕੁਝ ਸਕਿੰਟਾਂ ਦੇ ਟੁਕੜਿਆਂ ਵਿੱਚ ਮਿਲਦੀ ਹੈ ਅਤੇ ਤੁਰੰਤ ਸੰਤੁਸ਼ਟੀ ਲਈ ਤਿਆਰ ਕੀਤੀ ਜਾਂਦੀ ਹੈ, ਉਸ ਲਈ ਲੰਮੇ ਸਮੇਂ ਤੱਕ ਧਿਆਨ ਬਣਾਈ ਰੱਖਣਾ ਦਿਨੋ-ਦਿਨ ਔਖਾ ਹੁੰਦਾ ਜਾ ਰਿਹਾ ਹੈ। ਸੋਸ਼ਲ ਮੀਡੀਆ ਨੇ ਸਾਡੇ ਸਮੇਂ 'ਤੇ ਸੰਨ੍ਹ ਲਾਣ ਲਈ ਸਿਰਫ਼ ਕਿਤਾਬਾਂ ਨਾਲ ਹੀ ਮੁਕਾਬਲਾ ਨਹੀਂ ਕੀਤਾ, ਇਸ ਨੇ ਕਹਾਣੀ ਬਾਰੇ ਸਮਝ ਹੀ ਬਦਲ ਦਿੱਤੀ ਹੈ । ਇੰਸਟਾਗ੍ਰਾਮ ਜਾਂ ਐਕਸ ਦੀ ਭਾਸ਼ਾ ਵਿੱਚ ਕਹਾਣੀ ਉਹ ਹੈ ਜੋ ਇੱਕ ਮਿੰਟ ਤੋਂ ਘੱਟ ਵਿੱਚ ਮੁੱਕ ਜਾਵੇ। ਇਸ ਦੇ ਉਲਟ, ਨਾਵਲ ਤੁਹਾਡੇ ਤੋਂ ਮੰਗ ਕਰਦਾ ਹੈ ਕਿ ਤੁਸੀਂ ਤਿੰਨ ਸੌ ਸਫ਼ਿਆਂ ਤੱਕ ਅਨਿਸਚਿਤਤਾ ਦੀ ਅਵਸਥਾ ਵਿਚ ਰਹੋ, ਇੱਕ ਲੇਖਕ 'ਤੇ ਭਰੋਸਾ ਕਰੋ ਕਿ ਉਹ ਅੰਤ ਤੀਕ ਤੁਹਾਡੀਆਂ ਉਮੀਦਾਂ ਉਤੇ ਖਰਾ ਉਤਰੇਗਾ ਅਤੇ ਆਪਣੀ ਸੰਤੁਸ਼ਟੀ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿਓ।

ਇੱਥੋਂ ਤੱਕ ਕਿ ਅਖ਼ਬਾਰਾਂ ਦੀਆਂ ਸੰਪਾਦਕੀਆਂ ਅਤੇ ਲੇਖ, ਜਿਨ੍ਹਾਂ ਨੂੰ ਕਿਸੇ ਸਮੇਂ ਸੋਚਵਾਨ ਅਖ਼ਬਾਰੀ ਪਾਠਕ ਪਹਿਲੀ ਤਰਜੀਹ ਦੇਂਦਾ ਸੀ, ਪਿਛਲੇ ਦਹਾਕੇ ਵਿੱਚ ਸਪੱਸ਼ਟ ਤੌਰ 'ਤੇ ਛੋਟੇ ਅਤੇ ਤਿੱਖੇ ਹੋ ਗਏ ਦਿਸਦੇ ਹਨ, ਕਿਉਂਕਿ ਸੰਪਾਦਕ ਉਨ੍ਹਾਂ ਪਾਠਕਾਂ ਦੇ ਪਿੱਛੇ ਭੱਜ ਰਹੇ ਹਨ, ਜਿਨ੍ਹਾਂ ਦੀਆਂ ਉਂਗਲਾਂ ਹਮੇਸ਼ਾ ਕਿਸੇ ਹੋਰ ਸਫੇ 'ਤੇ ਜਾਣ ਵਾਲੇ ਬਟਨ 'ਤੇ ਰਹਿੰਦੀਆਂ ਹਨ ।

ਇਹ ਰੁਝਾਨ ਸਿਰਫ਼ ਲਿਖਤੀ ਸ਼ਬਦ ਤੱਕ ਸੀਮਤ ਨਹੀਂ । ਸਿਨੇਮਾ, ਜੋ ਕਦੇ ਦੋ-ਢਾਈ ਘੰਟਿਆਂ ਦੀ ਕਹਾਣੀ ਦਾ ਮਾਧਿਅਮ ਸੀ, ਉਹ ਵੀ ਇਸ ਦਬਾਅ ਨੂੰ ਮਹਿਸੂਸ ਕਰ ਰਿਹਾ ਹੈ। ਸਟ੍ਰੀਮਿੰਗ ਪਲੇਟਫਾਰਮਾਂ ਨੇ ਦੇਖਿਆ ਹੈ ਕਿ ਛੇ ਕੱਸਵੇਂ ਐਪੀਸੋਡਾਂ ਦੀਆਂ ਸੀਮਤ ਲੜੀਆਂ ਬਾਰਾਂ ਐਪੀਸੋਡਾਂ ਦੀਆਂ ਲੰਮੀਆਂ ਲੜੀਆਂ ਨਾਲੋਂ ਵੱਧ ਕਾਮਯਾਬ ਹਨ ਅਤੇ ਫਿਰ ਰੀਲ੍ਹਾਂ ਹਨ, ਪੰਦਰਾਂ ਤੋਂ ਸੱਠ ਸਕਿੰਟਾਂ ਦੇ ਉਹ ਬਿਰਤਾਂਤ-ਟੁਕੜੇ ਜੋ ਸਾਡੇ ਸਮੇਂ ਦੀਆਂ ਨਵੀਆਂ, ਅੱਗ ਦੁਆਲੇ ਸੁਣਾਈਆਂ ਜਾਣ ਵਾਲੀਆਂ ਕਹਾਣੀਆਂ ਬਣ ਚੁੱਕੇ ਹਨ । ਝੱਟਪੱਟ ਧਿਆਨ ਖਿੱਚਣ ਦੀ ਆਰਥਿਕਤਾ ਨੇ ਆਪਣੀ ਪਸੰਦ ਦਾ ਐਲਾਨ ਕਰ ਦਿੱਤਾ ਹੈ ਅਤੇ ਉਹ ਪਸੰਦ ਸਪੱਸ਼ਟ ਹੈ ਕਿ ਕਿਸੇ ਵੀ ਲਮਕਵੇਂ ਰੂਪ ਵਾਸਤੇ ਨਹੀਂ ।

ਇਸ ਸੰਦਰਭ ਵਿੱਚ ਛੋਟੀ ਕਹਾਣੀ ਦੀ ਮੁੜ ਚੜ੍ਹਤ ਦਾ ਇਹ ਦੌਰ ਕਿਸੇ ਪੁਨਰ-ਜਨਮ ਵਰਗਾ ਘੱਟ ਅਤੇ ਕਿਸੇ ਅਟੱਲਤਾ ਵਰਗਾ ਵੱਧ ਜਾਪਦਾ ਹੈ । ਪੰਜਾਬੀ ਸਾਹਿਤ ਨੇ ਇਹ ਗੱਲ ਐਲਗੋਰਿਦਮਾਂ ਦੇ ਆਉਣ ਤੋਂ ਕਾਫ਼ੀ ਪਹਿਲਾਂ ਸਮਝ ਲਈ ਸੀ। ਪੱਛਮ ਦੀਆਂ ਸਾਹਿਤਕ ਧਾਰਾਵਾਂ ਤੋਂ ਉਲਟ, ਕਹਾਣੀ-ਛੋਟੀ ਕਹਾਣੀ- ਇੱਥੇ ਕਦੇ ਵੀ ਗੌਣ ਵਿਧਾ ਨਹੀਂ ਰਹੀ।

ਗੁਰਬਖ਼ਸ਼ ਸਿੰਘ ਪ੍ਰੀਤਲੜੀ, ਜਿਨ੍ਹਾਂ ਨੇ 1933 ਵਿੱਚ ਪ੍ਰੀਤਲੜੀ ਦੀ ਸਥਾਪਨਾ ਕੀਤੀ ਅਤੇ ਇਸ ਦੇ ਸਫ਼ਿਆਂ ਰਾਹੀਂ ਇੱਕ ਸੁਧਾਰਵਾਦੀ ਦ੍ਰਿਸ਼ਟੀ ਨੂੰ ਪੰਜਾਬੀ ਘਰਾਂ ਵਿੱਚ ਲੈ ਕੇ ਗਏ, ਅਜਿਹੀਆਂ ਕਹਾਣੀਆਂ ਲਿਖਦੇ ਸਨ, ਜੋ ਸਾਹਿਤ ਦੇ ਨਾਲ-ਨਾਲ ਸਮਾਜਿਕ ਦਖ਼ਲਅੰਦਾਜ਼ੀ ਵੀ ਸਨ। ਇਨ੍ਹਾਂ ਕਹਾਣੀਆਂ ਨੇ ਉਨ੍ਹਾਂ ਪਾਠਕਾਂ ਨਾਲ ਸਿੱਧੀ ਗੱਲ ਕੀਤੀ, ਜਿਨ੍ਹਾਂ ਨਾਲ ਪਹਿਲਾਂ ਕਦੇ ਸਿੱਧੀ ਗੱਲ ਨਹੀਂ ਕੀਤੀ ਗਈ ਸੀ । ਨਾਨਕ ਸਿੰਘ, ਜਿਨ੍ਹਾਂ ਨੂੰ ਮੁੱਖ ਤੌਰ 'ਤੇ ਨਾਵਲਕਾਰ ਵਜੋਂ ਯਾਦ ਕੀਤਾ ਜਾਂਦਾ ਹੈ, ਨੇ ਭਾਵਨਾਤਮਕ ਤੀਬਰਤਾ ਦੀਆਂ ਬੇਮਿਸਾਲ ਛੋਟੀਆਂ ਕਹਾਣੀਆਂ ਲਿਖੀਆਂ। ਬਲਵੰਤ ਗਾਰਗੀ ਨੇ ਆਪਣੀਆਂ ਕਹਾਣੀਆਂ ਵਿੱਚ ਨਾਟਕਕਾਰ ਵਾਲੀ ਸੂਝ ਲੈ ਕੇ ਆਂਦੀ, ਜੋ ਇੱਕ ਛੋਟੇ ਜਿਹੇ ਪਲ ਜਾਂ ਇਸ਼ਾਰੇ ਵਿੱਚ ਪੂਰਾ ਦ੍ਰਿਸ਼ ਸਮੇਟ ਸਕਦੀ ਹੈ ਅਤੇ ਅੰਮ੍ਰਿਤਾ ਪ੍ਰੀਤਮ ਦੀਆਂ ਛੋਟੀਆਂ ਕਹਾਣੀਆਂ ਨੇ ਵੰਡ ਦੇ ਦਰਦ ਦੇ ਤਬਾਹਕੁਨ ਦ੍ਰਿਸ਼ਾਂ ਨੂੰ ਕੁਝ ਕੁ ਸਫ਼ਿਆਂ ਵਿੱਚ ਸਮੇਟ ਕੇ ਸਦੀਵੀ ਰੂਪ ਦਿੱਤਾ ।

ਅਤੇ ਫੇਰ ਹੈ ਕਿੱਸੇ ਦੀ ਪਰੰਪਰਾ-ਪੰਜਾਬ ਦੀ ਉਹ ਕਾਵਿ-ਕਥਾ ਜਿਸ ਨੇ ਸਦੀਆਂ ਤੱਕ ਲੋਕ-ਕਲਪਨਾ ਨੂੰ ਜਿਉਂਦਾ ਰੱਖਿਆ। ਇਹ ਵੀ ਇੱਕ ਅਜਿਹੀ ਵਿਧਾ ਸੀ, ਜੋ ਸੁਣਨ ਵਾਲੇ ਨੂੰ ਬੰਨ੍ਹੀ ਰੱਖਣ ਦੀ, ਲੰਮੇ ਨੂੰ ਛੋਟਾ ਕਰਕੇ ਦਿਖਾਉਣ ਦੀ ਕਲਾ ਉੱਤੇ ਟਿਕੀ ਹੋਈ ਸੀ।




ਅੰਤਰਰਾਸ਼ਟਰੀ ਬੁੱਕਰ ਪ੍ਰਾਈਜ਼ ਵੱਲੋਂ ਪਿਛਲੇ ਸਾਲ ਬਾਨੂ ਮੁਸ਼ਤਾਕ ਦੀ 'ਹਾਰਟ ਲੈਂਪ' ਨੂੰ ਮਾਨਤਾ ਦੇਣਾ ਕੰਨੜ ਤੋਂ ਅਨੁਵਾਦਤ, ਕਰਨਾਟਕ ਦੀਆਂ ਮੁਸਲਮਾਨ ਔਰਤਾਂ ਦੇ ਜੀਵਨ ਦੀਆਂ ਕਹਾਣੀਆਂ ਇੱਕ ਮਹੱਤਵਪੂਰਨ ਸੱਭਿਆਚਾਰਕ ਸੰਕੇਤ ਸੀ ਕਿ ਇੱਕ ਭਾਰਤੀ ਖੇਤਰੀ ਭਾਸ਼ਾ ਦੀਆਂ ਕਹਾਣੀਆਂ ਦਾ ਸੰਗ੍ਰਹਿ ਦੁਨੀਆ ਦੇ ਵੱਡੇ ਵੱਕਾਰੀ ਇਨਾਮ ਦਾ ਹੱਕਦਾਰ ਬਣ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਇਹ ਪ੍ਰਾਪਤੀ ਭਾਰਤ ਵਿਚ ਜਿੰਨੇ ਜ਼ੋਰ-ਸ਼ੋਰ ਨਾਲ ਸਰਾਹੀ ਜਾਣੀ ਚਾਹੀਦੀ ਸੀ, ਅਜੋਕੇ ਸਿਆਸਤੀ ਮਾਹੌਲ ਅਤੇ ਵਿਚਾਰਧਾਰਾ ਕਾਰਨ ਨਹੀਂ ਪ੍ਰਚਾਰੀ ਗਈ। ਇਹ ਪੰਜਾਬੀ ਲੇਖਕਾਂ ਅਤੇ ਪਾਠਕਾਂ ਲਈ ਇੱਕ ਸੁਨੇਹਾ ਹੈ : ਛੋਟੀ ਕਹਾਣੀ ਘਟਦੀ ਧਿਆਨ-ਸ਼ਕਤੀ ਲਈ ਕੋਈ ਰਿਆਇਤ ਨਹੀਂ, ਸਗੋਂ ਸਹੀ ਹੱਥਾਂ ਵਿੱਚ ਇਹ ਸਾਹਿਤ ਦੀ ਸਭ ਤੋਂ ਚੁਣੌਤੀਪੂਰਨ ਵਿਧਾ ਹੈ ।

ਪਰ ਛੋਟੀ ਕਹਾਣੀ ਦੀ ਸਾਹਿਤਕ ਮਹੱਤਤਾ ਅਤੇ ਇਸ ਦੀ ਜਨਤਕ ਅਪੀਲ ਵਿੱਚ ਫ਼ਰਕ ਹੈ । ਬੁੱਕਰ ਫ਼ਾਊਂਡੇਸ਼ਨ ਦੀ ਇਹ ਪਹਿਲਕਦਮੀ ਅਸਲ ਵਿੱਚ ਛੋਟੀ ਕਹਾਣੀ ਨੂੰ ਉੱਚਾ ਚੁੱਕਣ ਦੀ ਕੋਸ਼ਿਸ਼ ਨਹੀਂ, ਉਹ ਪਹਿਲਾਂ ਹੀ ਆਪਣੀ ਜਗ੍ਹਾ ਬਣਾ ਚੁੱਕੀ ਹੈ, ਬਲਕਿ ਇਸ ਨੂੰ ਸਾਹਿਤ ਵੱਲ ਖੁੱਲ੍ਹਦੇ ਦਰਵਾਜ਼ੇ ਵਜੋਂ ਵਰਤਣ ਦੀ ਕੋਸ਼ਿਸ਼ ਹੈ ਉਨ੍ਹਾਂ ਲੋਕਾਂ ਲਈ, ਜੋ ਭੁੱਲ ਗਏ ਹਨ ਜਾਂ ਜਿਨ੍ਹਾਂ ਨੇ ਕਦੇ ਜਾਣਿਆ ਹੀ ਨਹੀਂ ਕਿ ਉਹਨਾਂ ਦੀ ਆਪਣੀ ਜ਼ਿੰਦਗੀ ਵੀ ਕਿਸੇ ਕਿਤਾਬ ਦੇ ਸਫ਼ਿਆਂ ਵਿੱਚ ਪ੍ਰਤੀਬਿੰਬਤ ਹੋਈ ਮਿਲ ਸਕਦੀ ਹੈ।

ਵਧੇਰੇ ਗੰਭੀਰ ਸਵਾਲ ਇਹ ਹੈ ਕਿ ਕੀ ਆਉਣ ਵਾਲੇ ਸਮਿਆਂ ਵਿੱਚ ਨਾਵਲ ਜਨਤਕ ਮਨੋਰੰਜਨ ਦੀ ਆਪਣੀ ਅਜੋਕੀ ਥਾਂ ਛੱਡ ਕੇ ਸਿਰਫ਼ ਉੱਚ-ਵਰਗੀ ਰੁਚੀ ਬਣ ਕੇ ਰਹਿ ਜਾਵੇਗਾ? ਪ੍ਰਕਾਸ਼ਕ ਹੁਣ 'ਝਿਜਕਦੇ ਪਾਠਕਾਂ' ਦੀ ਗੱਲ ਇੱਕ ਵੱਖਰੇ ਅਤੇ ਵਧ ਰਹੇ ਵਰਗ ਵਜੋਂ ਕਰਦੇ ਹਨ। ਸਾਹਿਤਕ ਗਲਪ ਦਾ ਵਪਾਰਕ ਆਧਾਰ ਸੁੰਗੜਦਾ ਜਾ ਰਿਹਾ ਹੈ। ਭਾਵੇਂ ਉਸ ਦੀ ਆਲੋਚਨਾਤਮਕ ਇੱਜ਼ਤ ਕਾਇਮ ਹੈ। ਸ਼ਾਇਦ ਜੋ ਅਸੀਂ ਦੇਖ ਰਹੇ ਹਾਂ, ਉਹ ਨਾਵਲ ਦੀ ਮੌਤ ਨਹੀਂ, ਸਗੋਂ ਇਸ ਦਾ ਕੁਲੀਨੀਕਰਨ ਹੈ- ਉਸ ਦਾ ਹੌਲੀ-ਹੌਲੀ ਉਨ੍ਹਾਂ ਲੋਕਾਂ ਤੱਕ ਸੀਮਿਤ ਹੋ ਜਾਣਾ ਜਿਨ੍ਹਾਂ ਕੋਲ ਸਿੱਖਿਆ, ਵਿਹਲ ਅਤੇ ਸਭ ਤੋਂ ਮਹੱਤਵਪੂਰਨ ਗੱਲ ਲੋੜੀਂਦਾ ਧਿਆਨ ਦੇ ਸਕਣ ਵਾਲੀ ਤਰਬੀਅਤ ਹੈ।

ਇਸ ਨੂੰ ਬਿਨਾਂ ਸੋਚੇ-ਸਮਝੇ ਸੋਗ ਦਾ ਵਿਸ਼ਾ ਬਣਾਉਣ ਦੀ ਲੋੜ ਨਹੀਂ । ਕਵਿਤਾ ਕਦੋਂ ਦੀ ਜਨਤਕ ਤੋਂ ਖ਼ਾਸ ਹੋ ਚੁੱਕੀ ਹੈ, ਪਰ ਇਸ ਦਾ ਮਹੱਤਵ ਘਟਿਆ ਨਹੀਂ । ਨਾਵਲ ਵੀ ਆਪਣੀ ਸਨਮਾਨਯੋਗ ਜਗ੍ਹਾ ਲੱਭ ਸਕਦਾ ਹੈ । ਪਰ ਜੋ ਇਸ ਨੂੰ ਪਿਆਰ ਕਰਦੇ ਹਨ ਅਤੇ ਪੰਜਾਬ ਵਿੱਚ ਬਹੁਤ ਲੋਕ ਕਰਦੇ ਹਨ, ਅਜਿਹੀ ਵਫ਼ਾਦਾਰੀ ਨਾਲ ਜੋ ਲੱਗਭੱਗ ਵਿਰਾਸਤੀ ਜਾਪਦੀ ਹੈ, ਉਹਨਾਂ ਨੂੰ ਇਹ ਮੰਨਣਾ ਪਵੇਗਾ ਕਿ ਇਹ ਹੁਣ ਲੋਕਤਾਂਤਰਿਕ ਵਿਧਾ ਨਹੀਂ ਰਹੀ ਅਤੇ ਸ਼ਾਇਦ ਲੰਮੇ ਸਮੇਂ ਤੱਕ ਨਹੀਂ ਰਹੇਗੀ । ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ਨੂੰ ਮਜ਼ਦੂਰ ਅਤੇ ਕਿਸਾਨ ਜ਼ੁਬਾਨੀ ਯਾਦ ਰੱਖਦੇ ਸਨ। ਨਾਨਕ ਸਿੰਘ ਦੇ ਨਾਵਲ ਉਸ ਪੰਜਾਬ ਵਿੱਚ ਲੱਖਾਂ ਦੀ ਗਿਣਤੀ ਵਿੱਚ ਵਿਕਦੇ ਸਨ, ਜਦੋਂ ਪਾਠਕ ਕਿਤਾਬਾਂ ਨੂੰ ਹਾਬੜ ਨਾਲ ਪੜ੍ਹਦਾ ਅਤੇ ਢਾਬਿਆਂ 'ਤੇ ਉਨ੍ਹਾਂ ਬਾਰੇ ਬਹਿਸ ਕਰਦਾ ਸੀ।

ਉਹ ਸੰਸਾਰ ਸ਼ਾਇਦ ਵਾਪਸ ਨਹੀਂ ਆਵੇਗਾ। ਸਵਾਲ ਇਹ ਹੈ ਕਿ ਉਸ ਦੀ ਥਾਂ ਅਸੀਂ ਕੀ ਉਸਾਰਦੇ ਹਾਂ।

ਛੋਟੀ ਕਹਾਣੀ ਗਲਪ ਦਾ ਭਵਿੱਖ ਇਸ ਲਈ ਨਹੀਂ ਕਿ ਇਹ ਨਾਵਲ ਨਾਲੋਂ ਬਿਹਤਰ ਹੈ। ਇਹ ਭਵਿੱਖ ਇਸ ਲਈ ਹੈ ਕਿਉਂਕਿ ਅਸੀਂ ਆਪਣੇ ਆਪ ਨੂੰ ਸਮੂਹਕ ਤੌਰ 'ਤੇ ਅਜਿਹੇ ਲੋਕ ਬਣਾ ਲਿਆ ਹੈ, ਜਿਨ੍ਹਾਂ ਨੂੰ ਨਾਵਲ ਪੜ੍ਹਨ ਲਈ ਉਸ ਧੀਰਜ ਦੀ ਲੋੜ ਹੈ ਜੋ ਸਾਡੇ ਵਿਚ ਹੁਣ ਘੱਟ ਹੀ ਲੱਭਦਾ ਹੈ। ਇਹ ਅਸਫਲਤਾ ਨਾਵਲ ਦੀ ਨਹੀਂ। ਇਹ ਸਾਡੀ ਅਸਫਲਤਾ ਹੈ।

**ਸੰਪਰਕ : 93162-02025**

# ਚੋਰਾਂ-ਠੱਗਾਂ ਦੀ ਮਦਦ ਲਈ ਨਿਯਮਾਂ ਨੂੰ ਅਣਗੌਲੇ ਕਰ ਦੇਂਦਾ ਹੈ ਭਾਰਤ ਦਾ ਰਾਜਕੀ ਸਿਸਟਮ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਪਲ-ਪਲ ਬਦਲਦੀ ਪੰਜਾਬ ਦੀ ਰਾਜਨੀਤਕ ਹਾਲਤ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ ਵਕਤੋਂ ਪਹਿਲਾਂ ਹੋਣ ਦੇ ਅਵਾਜ਼ਿਆਂ ਕਾਰਨ ਇਹ ਮੁੱਦਾ ਜ਼ਰਾ ਹੋਰ ਸਥਿਤੀ ਸਪੱਸ਼ਟ ਹੋਣ ਤੱਕ ਲਈ ਛੱਡ ਕੇ ਅਸੀਂ ਇਸ ਵਾਰ ਇਸ ਦੇਸ਼ ਅੰਦਰ ਹੁੰਦੇ ਘੁਟਾਲਿਆਂ ਅਤੇ ਘੁਟਾਲੇਬਾਜ਼ਾਂ ਦੇ ਮਦਦਗਾਰਾਂ ਦੀ ਚਰਚਾ ਨੂੰ ਪਹਿਲ ਦਿੱਤੀ ਹੈ। ਕੋਈ ਵੀ ਕਹਿ ਸਕਦਾ ਹੈ ਕਿ ਇੱਕ ਵੱਡਾ ਘੁਟਾਲੇਬਾਜ਼, ਅੰਬਾਨੀ ਭਰਾਵਾਂ ਵਿੱਚੋਂ ਛੋਟਾ ਅਨਿਲ ਅੰਬਾਨੀ ਤਾਂ ਇਸ ਵਕਤ ਬੁਰੀ ਤਰ੍ਹਾਂ ਘਿਰਿਆ ਦਿੱਸ ਰਿਹਾ ਹੈ, ਉਸ ਦੀ ਮਦਦ ਵੀ ਕੋਈ ਨਹੀਂ ਕਰ ਰਿਹਾ, ਇਸ ਲਈ ਸਿਸਟਮ ਦੀ ਤਹਿ ਵਿੱਚ ਬੈਠੇ ਖਾਸ ਪਹੁੰਚ ਵਾਲੇ ਲੋਕਾਂ ਵੱਲੋਂ ਕਿਸੇ ਘੁਟਾਲੇਬਾਜ਼ ਦੀ ਮਦਦ ਕੀਤੇ ਜਾਣ ਦਾ ਪੱਕਾ ਨਹੀਂ ਕਿਹਾ ਜਾ ਸਕਦਾ। ਇਹ ਬਿਲਕੁਲ ਠੀਕ ਹੈ ਕਿ ਅਨਿਲ ਅੰਬਾਨੀ ਇਸ ਵਕਤ ਬੁਰੀ ਤਰ੍ਹਾਂ ਘਿਰਿਆ ਪਿਆ ਹੈ, ਪਰ ਇਹ ਵੀ ਠੀਕ ਹੈ ਕਿ ਜਦੋਂ ਤੱਕ ਉਸ ਦੇ ਵੱਡੇ ਭਰਾ ਨੇ ਵੀ ਕਮਾਨ ਸੰਭਾਲੀ ਤਾਂ ਇਹੋ ਅਨਿਲ ਅੰਬਾਨੀ ਉਨ੍ਹਾਂ ਦੇ ਨਾਲ ਹਰ ਦੇਸ਼ ਵਿੱਚ ਦੌਰੇ ਉੱਤੇ ਜਾਣ ਵਾਲਿਆਂ ਵਿੱਚ ਸ਼ਾਮਲ ਹੁੰਦਾ ਸੀ। ਵਿਦੇਸ਼ ਤੋਂ ਜਹਾਜ਼ਾਂ ਦੀ ਖਰੀਦ ਦਾ ਇੱਕ ਸੌਦਾ ਕਰਨ ਮੌਕੇ ਉਨ੍ਹਾਂ ਜਹਾਜ਼ਾਂ ਦੀ ਅਗਲੀ ਸਾਂਭ-ਸੰਭਾਲ ਦਾ ਕੰਮ ਏਸੇ ਅਨਿਲ ਅੰਬਾਨੀ ਦੀ ਕੰਪਨੀ ਨੂੰ ਮਿਲਿਆ ਸੀ, ਜਿਸ ਦੇ ਕੋਲ ਕਦੇ ਪਹਿਲਾਂ ਏਦਾਂ ਦੇ ਕੰਮਾਂ ਦਾ ਕੋਈ ਤਜਰਬਾ ਨਹੀਂ ਸੀ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਉਸ ਸੌਦੇ ਦਾ ਜਦੋਂ ਵਿਰੋਧ ਕੀਤਾ ਤਾਂ ਭਾਜਪਾ ਇਸ ਦਾ ਬਚਾਅ ਕਰਦੀ ਸੀ, ਭਾਰਤ ਵਿੱਚ ਅਚਾਨਕ ਅਨਿਲ ਅੰਬਾਨੀ ਖਿਲਾਫ ਮਾਹੌਲ ਬਦਲਦਾ ਵੇਖਿਆ ਗਿਆ ਅਤੇ ਇਸ ਪਿੱਛੋਂ ਦੂਸਰੀ ਏਜੰਸੀ ਦੀ ਪੁੱਛਗਿੱਛ ਅਤੇ ਫਿਰ ਇਸ ਦੀਆਂ ਕੁਝ ਜਾਇਦਾਦਾਂ ਜ਼ਬਤ ਹੋਣ ਦੀਆਂ ਖਬਰਾਂ ਆਉਣ ਲੱਗ ਪਈਆਂ। ਇਸ ਦੌਰਾਨ ਇੱਕ ਖਬਰ ਸੁਣਨ ਨੂੰ ਇਹ ਵੀ ਮਿਲੀ ਕਿ ਅਨਿਲ ਅੰਬਾਨੀ ਕੁਝ ਦੇਸ਼ਾਂ ਦੇ ਦੋਸ਼ ਉਸ ਦੇ ਦੁਆਲੇ ਸ਼ਿਕੰਜਾ ਇਸ ਲਈ ਕੱਸਿਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਦਾ ਨੇੜੂ ਮੰਨਿਆ ਜਾਂਦਾ ਗੌਤਮ ਅਡਾਨੀ ਉਸ ਦੇ ਕੁਝ ਕਾਰੋਬਾਰਾਂ ਉੱਤੇ ਕਬਜ਼ਾ ਕਰਨ ਵਾਸਤੇ ਯਤਨ ਕਰ ਰਿਹਾ ਹੈ ਅਤੇ ਇਸ ਧੱਕੇਸ਼ਾਹੀ ਵਿੱਚ ਏਜੰਸੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਦੋਸ਼ ਠੀਕ ਵੀ ਹੋ ਸਕਦਾ ਹੈ ਤੇ ਆਪਣੇ ਬਚਾਅ ਲਈ ਵਰਤਣ ਵਾਸਤੇ ਘੜਿਆ ਗਿਆ ਬਹਾਨਾ ਵੀ, ਪਰ ਅਸਲ ਗੱਲ ਦੋਸ਼ ਠੀਕ ਹੋਣ ਵਾਲੀ ਵੱਧ ਜਾਪਦੀ ਹੈ, ਜਿਸ ਤੋਂ ਪਤਾ ਲੱਗ ਜਾਂਦਾ ਹੈ ਕਿ ਵੱਡੀ ਮੱਛੀ ਇਸ ਦੇਸ਼ ਵਿੱਚ ਹਰ ਛੋਟੀ ਮੱਛੀ ਨੂੰ ਹੜੱਪ ਕਰ ਜਾਣਾ ਚਾਹੁੰਦੀ ਹੈ।

ਇਹ ਆਪਣੀ ਕਿਸਮ ਦਾ ਇੱਕ ਕੇਸ ਹੋ ਸਕਦਾ ਹੈ, ਜਿਹੜਾ ਦੇਸ਼ ਅੰਦਰ ਦੋ ਪੂੰਜੀਪਤੀਆਂ ਦੀ ਆਪਸੀ ਟੱਕਰ ਦਾ ਨਮੂਨਾ ਹੈ ਅਤੇ ਗੌਤਮ ਅਡਾਨੀ ਦੀ ਜਿਵੇਂ ਦੁਨੀਆ ਭਰ ਵਿੱਚ ਉਸ ਵੱਲੋਂ ਕੀਤੇ ਜਾਂਦੇ ਸੌਦਿਆਂ-ਸਮਝੌਤਿਆਂ ਲਈ ਚਰਚਾ ਹੁੰਦੀ ਹੈ, ਉਸ ਤੋਂ ਲੱਗਦਾ ਹੈ ਕਿ ਉਹ ਕੁਝ ਵੀ ਕਰ ਸਕਦਾ ਹੈ। ਅਸੀਂ ਇਹੋ ਜਿਹੇ ਨਿੱਜੀ ਪੱਧਰ ਦੇ ਮਾਮਲਿਆਂ ਦੀ ਗੱਲ ਛੱਡ ਕੇ ਉਨ੍ਹਾਂ ਕੇਸਾਂ ਦੀ ਗੱਲ ਕਰੀਏ, ਜਿਹੜੇ ਦੇਸ਼ ਹਿੱਤ ਨਾਲ ਜੁੜੇ ਹੋਏ ਹਨ ਅਤੇ ਬਹੁਤ ਚਿਰ ਤੋਂ ਵਿਦੇਸ਼ ਵਿੱਚ ਡੇਰਾ ਲਾਈ ਬੈਠੇ ਪੂੰਜੀਪਤੀਆਂ ਨਾਲ ਸੰਬੰਧਤ ਹਨ। ਇਨ੍ਹਾਂ ਮਾਮਲਿਆਂ ਵਿਚਲੇ ਉਨ੍ਹਾਂ ਠੱਗਾਂ ਬਾਰੇ ਇਹ ਖਬਰਾਂ ਆਉਂਦੀਆਂ ਹਨ ਕਿ ਉਥੋਂ ਦੀਆਂ ਅਦਾਲਤਾਂ ਵੀ ਇਸ ਵਕਤ ਉਨ੍ਹਾਂ ਨੂੰ ਉਥੇ ਟਿਕੇ ਰਹਿਣ ਦੀ ਰਾਹਤ ਦੇਣ ਲਈ ਤਿਆਰ ਨਹੀਂ ਲੱਗਦੀਆਂ, ਪਰ ਉਨ੍ਹਾਂ ਦੀ ਮਦਦ ਭਾਰਤ ਵਿੱਚੋਂ ਉੱਚ ਪੱਧਰ ਦੇ ਲੋਕ ਕਰਦੇ ਸੁਣਦੇ ਹਨ। ਭਾਰਤ ਵੱਲ ਕਾਨੂੰਨੀ ਵਾਪਸੀ ਹੋਣ ਤੋਂ ਬਚੇ ਰਹਿਣ ਲਈ ਯਤਨਸ਼ੀਲ ਇਨ੍ਹਾਂ ਲੋਕਾਂ ਵਿੱਚ ਵਿਜੇ ਮਾਲਿਆ ਅਤੇ ਨੀਰਵ ਮੋਦੀ ਦਾ ਖਾਸ ਜ਼ਿਕਰ ਆਉਂਦਾ ਹੈ।

ਪਿਛਲੇ ਦਿਨੀਂ ਇੱਕ ਖਬਰ ਬਹੁਤੇ ਲੋਕਾਂ ਨੇ ਪੜ੍ਹਨ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਏਸੇ ਲਈ ਚਰਚਾ ਤੋਂ ਪਰੇ ਰਹੀ ਸਕਦੀ ਹੈ, ਜਿਸ ਦਾ ਸੰਬੰਧ ਭਾਰਤ ਦੀ ਦੌਲਤ ਲੁੱਟ ਕੇ ਵਿਦੇਸ਼ ਜਾ ਬੈਠੇ ਸਿਰਫ ਇਨ੍ਹਾਂ ਦੋ ਜਣਿਆਂ ਨਾਲ ਹੈ। ਬ੍ਰਿਟੇਨ ਤੋਂ ਆਈ ਇਸ ਖਬਰ ਵਿੱਚ ਦੱਸਿਆ ਗਿਆ ਕਿ ਭਗੌੜੇ ਨੀਰਵ ਮੋਦੀ ਨੇ ਭਾਰਤ ਨੂੰ ਆਪਣੀ ਹਵਾਲਗੀ ਰੋਕਣ ਲਈ ਉਥੋਂ ਦੀ ਹਾਈ ਕੋਰਟ ਨੂੰ ਅਰਜ਼ੀ ਦਿੱਤੀ ਅਤੇ ਇਹ ਕਿਹਾ ਹੈ ਕਿ ਜੇ ਉਸ ਨੂੰ ਭਾਰਤ ਭੇਜਿਆ ਗਿਆ ਤਾਂ ਉਸ ਤੋਂ ਪੁੱਛਗਿੱਛ ਦੇ ਨਾਂਅ ਉੱਤੇ ਉਸ ਉੱਤੇ ਤਸ਼ੱਦਦ ਕੀਤਾ ਜਾ ਸਕਦਾ ਹੈ। ਫਿਰ ਖਬਰ ਆਈ ਕਿ ਉਸ ਦੀ ਇਸ ਦਲੀਲ ਉੱਤੇ ਜ਼ੋਰ ਪਾਉਣ ਲਈ ਭਾਰਤ ਦੀ ਸੁਪਰੀਮ ਕੋਰਟ ਦੇ ਇੱਕ ਸਾਬਕਾ ਜੱਜ ਨੇ ਬ੍ਰਿਟੇਨ ਦੀ ਉਸ ਅਦਾਲਤ ਨੂੰ ਗਵਾਹੀ ਦਿੱਤੀ ਹੈ ਕਿ ਨੀਰਵ ਮੋਦੀ ਨਾਲ ਸੰਮੁੱਖ ਭਾਰਤ ਵਿੱਚ ਏਦਾਂ ਵਾਪਰ ਸਕਦਾ ਹੈ, ਇਸ ਲਈ ਭਾਰਤ ਹਵਾਲੇ ਉਸ ਨੂੰ ਕੀਤਾ ਜਾਣਾ ਉਸ ਲਈ ਮਾਰੂ ਹੋ ਸਕਦਾ ਹੈ। ਭਾਰਤੀ ਸੁਪਰੀਮ ਕੋਰਟ ਦਾ ਜੱਜ ਹੁੰਦਿਆਂ ਉਹ ਏਦਾਂ ਦੀ ਦਲੀਲ ਨੂੰ ਬਿਲਕੁਲ ਨਹੀਂ ਮੰਨ ਸਕਦੇ ਸਨ, ਉਨ੍ਹਾਂ ਨੇ ਕਹਿਣਾ ਸੀ ਕਿ ਆਪਣੇ ਦੇਸ਼ ਦੇ ਨਿਆਂ ਤੇ ਜਾਂਚ ਲਈ ਮੌਜੂਦ ਪ੍ਰਬੰਧ ਉੱਤੇ ਇਸ ਕਿਸਮ ਦਾ ਸ਼ੱਕ ਕਰਨਾ ਹੀ ਗਲਤ ਹੈ। ਜਦੋਂ ਉਹ ਏਡੇ ਵੱਡੇ ਜੱਜ ਦੇ ਅਹੁਦੇ ਤੋਂ ਰਿਟਾਇਰ ਹੋ ਗਏ ਤੇ ਉਨ੍ਹਾਂ ਤੋਂ ਪਹਿਲੇ ਕਈ ਜੱਜ ਪਾਰਲੀਮੈਂਟ ਦੇ ਨਾਮਜ਼ਦ ਮੈਂਬਰ ਬਣ ਗਏ ਜਾਂ ਕਿਸੇ ਬੋਰਡ ਜਾਂ ਅਥਾਰਟੀ ਦੇ ਮੁਖੀ ਜਾ ਲੱਗੇ ਅਤੇ ਇਸ ਨਾਲ ਮੋਟੀਆਂ ਤਨਖਾਹਾਂ ਅਤੇ ਮਾਣ-ਤਾਣ ਦੇ ਹੱਕਦਾਰ ਬਣੇ ਫਿਰਦੇ ਹਨ ਤਾਂ ਜਿਹੜਾ ਕੋਈ ਲਾਭ ਲੈਣ ਤੋਂ ਵਾਂਝਾ ਰਿਹਾ ਸੀ, ਉਹ ਕਿਸੇ ਅਪਰਾਧਕ ਕੇਸ ਵਿੱਚ ਇਹੋ ਜਿਹੀ ਗਵਾਹੀ ਬਦਲੇ ਪੈਸਾ, ਜਿੰਨਾ ਵੀ ਮਿਲ ਸਕੇ, ਲੈਂਦਾ ਹੈ ਤਾਂ ਕੁਝ ਗਲਤ ਨਹੀਂ। ਭਾਰਤ ਦੇ ਨਿਆਂ ਤੰਤਰ ਨਾਲ ਜੁੜੇ ਰਹੇ ਅਤੇ ਜੁੜੇ ਹੋਏ ਬਹੁਤ ਸਾਰੇ ਈਮਾਨ ਵਾਲੇ ਲੋਕਾਂ ਨੇ ਇਹੋ ਜਿਹੀ ਗਵਾਹੀ ਦੀ ਨਿੰਦਾ ਕੀਤੀ ਹੈ।

ਐਨ ਇਹੋ ਕੁਝ ਵਿਜੇ ਮਾਲਿਆ ਦੇ ਕੇਸ ਵਿੱਚ ਹੋਇਆ ਹੋਣ ਦੀਆਂ ਖਬਰਾਂ ਵੀ ਆਈਆਂ ਸਨ ਤੇ ਤਹਿ ਤੱਕ ਜਾਣ ਉੱਤੇ ਸਾਡੇ ਸਮੇਂ ਦੇ ਸਭ ਤੋਂ ਵੱਡੇ ਭੰਡਾਰ, ਇੰਟਰਨੈੱਟ ਤੋਂ ਇਹ ਸਭ ਕੁਝ ਲੱਭ ਪੈਂਦਾ ਹੈ। ਸੁਪਰੀਮ ਕੋਰਟ ਦਾ ਜਿਹੜਾ ਸਾਬਕਾ ਜੱਜ ਬ੍ਰਿਟੇਨ ਦੀ ਅਦਾਲਤ ਵਿੱਚ ਨੀਰਵ ਮੋਦੀ ਦੇ ਪੱਖ ਵਿੱਚ ਭੁਗਤਿਆ, ਵਿਜੇ ਮਾਲਿਆ ਦੇ ਕੇਸ ਵਿੱਚ ਵੀ ਉਹੋ ਜੱਜ ਉਥੇ ਇੱਕ ਅਦਾਲਤ ਵਿੱਚ ਇਹੋ ਦਲੀਲਾਂ ਦੇਣ ਕਾਰਨ ਰਿਕਾਰਡ ਉੱਤੇ ਹੈ। ਕਰੋੜਾਂ ਰੁਪਏ ਦੀ ਠੱਗੀ ਮਾਰ ਕੇ ਭਗੌੜੇ ਹੋਏ ਚੋਰ ਪੂੰਜੀਪਤੀਆਂ ਦੇ ਹੱਕ ਵਿੱਚ ਇਹੋ ਜਿਹੀ ਵੱਕਾਰ ਖਰਾਬ ਕਰ ਦੇਣ ਵਾਲੀ ਸਿੱਧੀ ਜਾਂ ਅਸਿੱਧੀ ਗਵਾਹੀ ਇਸ ਜੱਜ ਨੇ ਲਿਹਾਜ਼ ਵਿੱਚ ਨਹੀਂ ਦਿੱਤੀ ਹੋਣੀ, ਇਸ ਬਦਲੇ ਮੋਟੀ ਫੀਸ ਵਸੂਲੀ ਹੋਵੇਗੀ, ਜਿਸ ਦੀ ਨਿਆਂ ਤੰਤਰ ਨਾਲ ਜੁੜੇ ਖੇਤਰ ਵਿੱਚ ਚੋਖੀ ਚਰਚਾ ਹੋਈ ਹੈ, ਪਰ ਕੁਝ ਲੋਕ ਇਸ ਨੂੰ ਸਾਬਕਾ ਜੱਜ ਦੀ ਕਾਰੋਬਾਰ ਕਰਨ ਦੀ ਆਜ਼ਾਦੀ ਦੱਸਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਦਾਲਤ ਦੀ ਕੁਰਸੀ ਛੱਡਣ ਪਿੱਛੋਂ ਉਹ ਜੋ ਚਾਹੇ ਕਰੇ, ਇਸ ਵਿੱਚ ਗਲਤ ਕੁਝ ਨਹੀਂ।

ਬਹੁਤੇ ਲੋਕ ਇਹ ਗੱਲ ਨਹੀਂ ਜਾਣਦੇ ਕਿ ਹਥਿਆਰਾਂ ਦੀ ਕਿਸੇ ਵੀ ਸਰਕਾਰੀ ਜਾਂ ਗੈਰ-ਸਰਕਾਰੀ ਪੱਧਰ ਦੀ ਕੰਪਨੀ ਵਿੱਚ ਕੰਮ ਕਰ ਚੁੱਕੇ ਲੋਕ ਜਦੋਂ ਮਿਥੀ ਉਮਰ ਹੱਦ ਉੱਤੇ ਰਿਟਾਇਰ ਹੁੰਦੇ ਹਨ, ਉਹ ਹੋਰ ਜੋ ਵੀ ਕਰਦੇ ਰਹਿਣ, ਏਦਾਂ ਦੇ ਕਿਸੇ ਅਦਾਰੇ ਵਿੱਚ ਕੰਮ ਕਰਨ ਦੀ ਉਨ੍ਹਾਂ ਨੂੰ ਮਨਾਹੀ ਹੁੰਦੀ ਹੈ। ਭਾਰਤ ਦੀ ਕਰੰਸੀ ਛਾਪਣ ਦੀ ਟਕਸਾਲ ਵਿੱਚ ਜਿੰਨੇ ਲੋਕ ਕੰਮ ਕਰਦੇ ਹਨ, ਰਿਟਾਇਰਮੈਂਟ ਪਿੱਛੋਂ ਉਨ੍ਹਾਂ ਉੱਤੇ ਵੀ ਇਹ ਪਾਬੰਦੀ ਹੁੰਦੀ ਹੈ। ਇਨ੍ਹਾਂ ਪਾਬੰਦੀਆਂ ਦਾ ਕਾਰਨ ਇਹ ਹੈ ਕਿ ਮੁਹਾਰਤ ਵਾਲੇ ਇਹ ਲੋਕ ਕਿਸੇ ਦੇ ਆਖੇ ਲੱਗ ਕੇ ਓਦਾਂ ਦਾ ਨਕਲੀ ਕਾਰੋਬਾਰ ਕਰ ਕੇ ਦੇਸ਼ ਦੇ ਅਮਨ-ਕਾਨੂੰਨ ਲਈ ਖਤਰਾ ਜਾਂ ਭਾਰਤੀ ਕਰੰਸੀ ਦੇ ਬਾਜ਼ਾਰ ਵਿੱਚ ਵਹਿਣ ਦੇ ਮੁਕਾਬਲੇ ਕਾਲਾ-ਬਾਜ਼ਾਰੀ ਆਰਥਿਕਤਾ ਦਾ ਹਿੱਸਾ ਕਦੇ ਨਾ ਬਣ ਸਕਣ। ਉਹ ਲੋਕ ਆਮ ਕਰ ਕੇ ਗਰੀਬ ਜਾਂ ਮੱਧ ਵਰਗੀ ਪਰਵਾਰਾਂ ਤੋਂ ਆਏ ਹੁੰਦੇ ਹਨ। ਜਿਹੜੀ ਪਾਬੰਦੀ ਉਨ੍ਹਾਂ ਗਰੀਬਾਂ ਜਾਂ ਮੱਧ ਵਰਗੀ ਲੋਕਾਂ ਉੱਤੇ ਲਾਗੂ ਹੁੰਦੀ ਹੈ ਕਿ ਰਿਟਾਇਰਮੈਂਟ ਮਗਰੋਂ ਦੇਸ਼ ਵਿਰੁੱਧ ਕਿਸੇ ਸਿੱਧੀ ਜਾਂ ਅਸਿੱਧੀ ਸਾਜ਼ਿਸ਼ ਦਾ ਹਿੱਸਾ ਨਾ ਬਣਨ, ਉਹ ਅਦਾਲਤਾਂ ਅਤੇ ਖਾਸ ਤੌਰ ਉੱਤੇ ਸਿਖਰਲੀਆਂ ਅਦਾਲਤਾਂ ਦੇ ਜੱਜ ਪੱਧਰ ਦੇ ਲੋਕਾਂ ਉੱਤੇ ਵੀ ਲਾਗੂ ਹੋਣੀ ਚਾਹੀਦੀ ਹੈ। ਗਰੀਬ ਆਦਮੀ ਇਹ ਗਲਤੀ ਕਰੇਗਾ ਵੀ ਤਾਂ ਛੋਟੀ-ਮੋਟੀ ਕੋਤਾਹੀ ਨਾਲ ਬਹੁਤਾ ਨੁਕਸਾਨ ਨਹੀਂ ਕਰ ਸਕਦਾ, ਪਰ ਕਾਨੂੰਨਾਂ ਦੇ ਇਹ ਜਾਣਕਾਰ ਜਦੋਂ ਕਿਸੇ ਅਪਰਾਧੀ ਦੀ ਮਦਦ ਲਈ ਦੇਸ਼ ਦੇ ਮਾਣ-ਸਤਿਕਾਰ ਨੂੰ ਢਾਹ ਲਾਉਣ ਤੁਰ ਪੈਣ ਤਾਂ ਇਸ ਨਾਲ ਪੈਦਾ ਹੁੰਦੇ ਖਤਰੇ ਦੀ ਫਿਰ ਕਦੀ ਕੋਈ ਹੱਦ ਵੀ ਨਹੀਂ ਮਾਪੀ ਜਾ ਸਕਦੀ।

ਇਸ ਤੋਂ ਪਹਿਲਾਂ ਨਰਿੰਦਰ ਮੋਦੀ ਦੀ ਪਹਿਲੀ ਸਰਕਾਰ ਦੌਰਾਨ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਉੱਤੇ ਦੋਸ਼ ਲੱਗਾ ਸੀ ਕਿ ਭਾਰਤ ਦੇ ਭਗੌੜੇ ਲਲਿਤ ਮੋਦੀ ਦਾ ਪਾਸਪੋਰਟ ਜਦੋਂ ਭਾਰਤ ਸਰਕਾਰ ਨੇ ਰੱਦ ਕੀਤਾ ਹੋਇਆ ਸੀ, ਉਸ ਦੀ ਮਦਦ ਲਈ ਉਸ ਨੂੰ ਭਾਰਤ ਦੇ ਟਰੈਵਲ ਡਾਕੂਮੈਂਟਸ ਜਾਰੀ ਕਰ ਦਿੱਤੇ ਗਏ ਸਨ। ਪਾਸਪੋਰਟ ਵੀ ਸੁਸ਼ਮਾ ਸਵਰਾਜ ਦੇ ਵਿਦੇਸ਼ ਮਹਿਕਮੇ ਨੇ ਰੱਦ ਕੀਤਾ ਤੇ ਟਰੈਵਲ ਡਾਕੂਮੈਂਟਸ ਵੀ ਓਸੇ ਮਹਿਕਮੇ ਨੇ ਦਿੱਤੇ ਹੋਣ ਕਾਰਨ ਪਾਰਲੀਮੈਂਟ ਵਿੱਚ ਇਸ ਮੁੱਦੇ ਉੱਤੇ ਵਿਰੋਧੀ ਧਿਰ ਨੇ ਬੜਾ ਵੱਡਾ ਹੰਗਾਮਾ ਕੀਤਾ ਸੀ। ਸਰਕਾਰ ਨੇ ਸੁਸ਼ਮਾ ਸਵਰਾਜ ਦੀ ਹਮਾਇਤ ਵਿੱਚ ਕੁਝ ਕਰਨ ਦੀ ਥਾਂ ਉਸ ਨੂੰ ਆਪਣਾ ਬਚਾਅ ਆਪ ਕਰਨ ਨੂੰ ਕਿਹਾ ਤਾਂ ਉਸ ਨੇ ਦਲੀਲ ਵਰਤੀ ਕਿ ਉਸ ਵਕਤ ਲਲਿਤ ਮੋਦੀ ਦੀ ਪਤਨੀ ਸਖਤ ਬਿਮਾਰੀ ਕਾਰਨ ਬ੍ਰਿਟੇਨ ਦੇ ਗਵਾਂਢੀ ਦੇਸ਼ ਦੇ ਹਸਪਤਾਲ ਵਿੱਚ ਦਾਖਲ ਸੀ ਅਤੇ ਉਸ ਨੂੰ ਮਨੁੱਖੀ ਭਾਵਨਾ ਹੇਠ ਇਹ ਛੋਟ ਦਿੱਤੀ ਸੀ, ਕੋਈ ਲਿਹਾਜ਼ ਨਹੀਂ ਕੀਤਾ ਗਿਆ। ਵਿਰੋਧੀ ਧਿਰ ਨੇ ਇਹ ਗੱਲ ਪਾਰਲੀਮੈਂਟ ਵਿੱਚ ਫਿਰ ਉਭਾਰ ਦਿੱਤੀ ਕਿ ਲਲਿਤ ਮੋਦੀ ਨੂੰ ਟਰੈਵਲ ਡਾਕੂਮੈਂਟਸ ਓਦੋਂ ਦਿੱਤੇ ਗਏ ਸਨ, ਜਦੋਂ ਉਸ ਦੀ ਪਤਨੀ ਦਾ ਅਪਰੇਸ਼ਨ ਹੋ ਚੁੱਕਾ ਸੀ ਅਤੇ ਇਹ ਟਰੈਵਲ ਡਾਕੂਮੈਂਟਸ ਬਾਅਦ ਵਿੱਚ ਉਹ ਦੁਨੀਆ ਭਰ ਦੇ ਦੌਰਿਆਂ ਲਈ ਵਰਤਦਾ ਰਿਹਾ ਸੀ। ਇਹ ਗੱਲ ਲੁਕੀ ਨਹੀਂ ਸੀ ਰਹੀ ਕਿ ਲਲਿਤ ਮੋਦੀ ਦੇ ਕੇਸ ਦੀ ਪੈਰਵੀ ਕਰਨ ਵਾਲੀ ਕਾਨੂੰਨੀ ਟੀਮ ਦਾ ਸੰਬੰਧ ਭਾਰਤ ਸਰਕਾਰ ਦੇ ਇੱਕ ਕੇਂਦਰੀ ਮੰਤਰੀ ਦੇ ਪਰਵਾਰ ਨਾਲ ਜੁੜਦਾ ਸੀ, ਟਰੈਵਲ ਡਾਕੂਮੈਂਟਸ ਸ਼ਾਇਦ ਉਸ ਕਾਨੂੰਨੀ ਟੀਮ ਦੀ ਮਦਦ ਲਈ ਦਿੱਤੇ ਹੋਣਗੇ।

ਭਾਰਤ ਦੇ ਲੋਕਾਂ ਦੀ ਕਰੋੜਾਂ ਨਹੀਂ, ਅਰਬਾਂ ਰੁਪਏ ਦੀ ਲੁੱਟ ਕਰ ਕੇ ਵਿਦੇਸ਼ ਭੱਜ ਗਏ ਆਦਮੀ ਦੀ ਮਦਦ ਕਰਨ ਲਈ ਭਾਵੇਂ ਇਸ ਦੇਸ਼ ਦਾ ਕੋਈ ਮੰਤਰੀ ਜਾਂ ਮੰਤਰਾਲਾ ਚਾਲ ਖੇਡੇ ਤੇ ਭਾਵੇਂ ਕੋਈ ਸਾਬਕਾ ਜੱਜ ਉਥੋਂ ਦੀ ਅਦਾਲਤ ਵਿੱਚ ਉਸ ਦੇ ਕੇਸ ਵਿੱਚ ਵਲਾਵੇਂ ਪਾ ਕੇ ਪੇਸ਼ ਹੋਵੇ, ਦੋਵੇਂ ਤਰ੍ਹਾਂ ਮਾਮਲਾ ਭਾਰਤ ਨਾਲ ਧੋਖੇ ਦਾ ਬਣਦਾ ਹੈ। ਜਿਹੜੇ ਨਿਯਮਾਂ ਦੀ ਪੱਟੀ ਭਾਰਤ ਦੇ ਲੋਕਾਂ ਨੂੰ ਅਕਸਰ ਪੜ੍ਹਾਈ ਜਾਂਦੀ ਹੈ, ਉਨ੍ਹਾਂ ਨਿਯਮਾਂ ਦੀ ਪਾਲਣਾ ਜਦੋਂ ਇਨ੍ਹਾਂ ਵਿਸ਼ੇਸ਼ ਰੁਤਬੇ ਵਾਲੇ ਲੋਕਾਂ ਤੋਂ ਕਰਨ ਦੀ ਆਸ ਹੁੰਦੀ ਹੈ, ਉਹ ਆਪਣੇ ਨਿੱਜੀ ਲਾਭਾਂ ਲਈ ਇਸ ਦੀ ਉਲੰਘਣਾ ਤੋਂ ਨਹੀਂ ਝਿਜਕਦੇ ਤੇ ਏਦਾਂ ਦਾ ਪਾਪ ਕਰਨ ਲੱਗਿਆਂ ਪੜ੍ਹੇ-ਲਿਖੇ ਹੋਣ ਕਰ ਕੇ ਦਲੀਲਾਂ ਦੇ ਢੇਰ ਲਾ ਸਕਦੇ ਹਨ। ਸਪੱਸ਼ਟ ਹੈ ਕਿ ਕਾਨੂੰਨ ਦੀ ਮਾਰ ਗਰੀਬ ਜਾਂ ਮੱਧ ਵਰਗੀ ਲੋਕਾਂ ਨੂੰ ਕਦੇ ਵੀ ਪੈ ਜਾਵੇ, ਸਾਧਾਰਨ ਗੱਲ ਸਮਝੀ ਜਾ ਸਕਦੀ ਹੈ, ਪਰ ਰੁਤਬਾ ਰੱਖਦੇ ਅਤੇ ਵੱਡੇ ਲੋਕ ਕਹੇ ਜਾਂਦੇ ਏਦਾਂ ਦੇ ਵਿਅਕਤੀ ਦੇਸ਼ ਦੇ ਕਾਨੂੰਨ ਨੂੰ ਝਕਾਨੀਆਂ ਦੇ ਕੇ ਨਿਕਲ ਜਾਂਦੇ ਹਨ। ਬਚਪਨ ਤੋਂ ਅਸੀਂ ਬਜ਼ੁਰਗਾਂ ਤੋਂ ਇਹ ਸੁਣਦੇ ਰਹੇ ਕਿ ਪੈਸਾ ਸੌ ਪਾਪ ਢੱਕ ਸਕਦਾ ਹੈ, ਓਦੋਂ ਸਮਝ ਨਹੀਂ ਸੀ ਪੈਂਦੀ ਹੁੰਦੀ। ਅੱਜ ਅਸੀਂ ਇਹ ਸਭ ਪਾਪ ਆਪਣੇ ਅੱਖਾਂ ਸਾਹਮਣੇ ਹੁੰਦਾ ਵੇਖਦੇ ਅਤੇ ਕੰਨੀਂ ਸੁਣਦੇ ਹਾਂ, ਪਰ ਕਰ ਕੁਝ ਨਹੀਂ ਸਕਦੇ। ਇਸ ਦੇਸ਼ ਦਾ ਕਾਨੂੰਨ ਗਰੀਬ ਦੀ ਲੱਤ ਨੂੰ ਸ਼ਿਕੰਜਾ ਪਾ ਸਕਦਾ ਹੈ, ਪਰ ਇਨ੍ਹਾਂ ਉੱਚ-ਪੱਧਰੀਏ ਘਪਲੇਬਾਜ਼ਾਂ ਤੇ ਉਨ੍ਹਾਂ ਦੇ ਸਹਾਇਕਾਂ ਵਿਰੁੱਧ ਮਾਮਲੇ ਵਿੱਚ ਏਨਾ ਨਿਤਾਣਾ ਸਾਬਤ ਹੁੰਦਾ ਹੈ ਕਿ ਉਸ ਦੀ ਗੱਲ ਕਰਦਿਆਂ ਵੀ ਕਚਿਆਣ ਜਿਹੀ ਆਉਣ ਲੱਗਦੀ ਹੈ।

# ਸੂਰ ਸੈਣੀਆਂ ਨੇ ਵਸਾਇਆ ਸੀ ਸੂਰਾਪੁਰ, ਨਵਾਂਸ਼ਹਿਰ

**ਪਿੰਡ ਵਸਿਆ-82**

**ਵਿਜੇ ਬੰਬੇਲੀ**

ਬਕੌਲ ਚਿੰਤਕ ਦੀਦਾਰ ਸਿੰਘ ਸ਼ੇਤਰਾ, "ਸੂਰਾਪੁਰ ਪਿੰਡ (ਨਵਾਂਸ਼ਹਿਰ) ਬਾਰੇ ਘੋਖਦਿਆਂ ਪਤਾ ਲੱਗਾ, "ਅਰਸਾ ਸਾਢੇ ਤਿੰਨ ਸਦੀਆਂ ਤੋਂ ਕੁੱਝ ਉੱਪਰ ਮਥਰਾ (ਉੱਤਰ ਪ੍ਰਦੇਸ਼) ਤੋਂ ਹਾਲਾਤਾਂ ਵੱਸ ਇਧਰ ਆਏ ਸੂਰ ਸਿੰਘ ਨਾਂਅ ਦੇ ਇੱਕ ਬਜ਼ੁਰਗ ਨੇ ਇਸ ਪਿੰਡ ਦਾ ਮੁੱਢ ਬੰਨ੍ਹਿਆ ਸੀ।" ਉਹਨਾਂ ਅਨੁਸਾਰ ਮੁਗਲ ਹਾਕਮਾਂ ਦੇ ਸਤਾਏ ਹਿੰਦੂ-ਸਿੱਖ ਪਰਵਾਰ ਇੱਧਰ-ਉੱਧਰ ਭਟਕਦੇ ਇਸ ਖੇਤਰ ਵਿੱਚ ਆਏ ਸਨ। ਜਿਹਨਾਂ, "ਸਬਜ਼ ਅਤੇ ਜਲ ਲਬਰੇਜ਼, ਦਰਿਆ ਸਤਲੁਜ ਨੇੜਲੇ, ਇਸ ਸੁਰੱਖਿਅਤ ਖਿੱਤੇ ਵਿੱਚ ਪੱਕੀ ਵਸੇਬ ਕਰਨ ਦਾ ਫੈਸਲਾ ਕੀਤਾ।" ਅਤੇ ਇਹ ਵੀ ਕਿ ਹੁਣ ਭਾਵੇਂ ਇਹ ਖੇੜਾ ਬਹੁਜਾਤੀ, ਬਹੁਧਰਮੀ ਅਤੇ ਬਹੁਨਸਲੀ ਤੇ ਬਹੁਕਰਮੀ ਹੈ, ਪਰ ਉਸੇ ਸੂਰਾ ਸਿੰਘ ਦੇ ਨਾਮੇ ਵਸੇ ਇਸ ਸੂਰਾਪੁਰ ਪਿੰਡ ਵਿੱਚ ਸੈਣੀ ਕੁਨਬੇ ਦੀ ਹਾਲੇ ਵੀ ਬਹੁਲਤਾ ਹੈ। ਭਾਵ ਇਹ ਪਿੰਡ ਸੈਣੀਆਂ ਨੇ ਵਸਾਇਆ ਸੀ।

ਇਹ ਤਾਂ ਠੀਕ ਹੈ ਕਿ ਸੈਣੀ ਬਰਾਦਰੀ ਦੇ ਇਸ ਮੁੱਢ ਕਦੀਮੀ ਪਿੰਡ ਦੀ ਬੁਨਿਆਦ ਸੈਣੀਆਂ ਨੇ ਹੀ ਬੱਧੀ ਸੀ, ਪਰ "ਹਾਕਮਾਂ ਦੇ ਹੀ ਸਤਾਏ ਆਏ ਅਤੇ ਉਹਨਾਂ ਦਾ ਆਗੂ ਕੋਈ ਸੂਰਾ ਸਿੰਘ ਨਾਂਅ ਦਾ ਪੁਰਖਾ ਸੀ", ਤਵਾਰੀਖ ਫਰੋਲਦਿਆਂ ਇਹ ਗੱਲਾਂ ਗਲੇ ਨਹੀਂ ਉੱਤਰਦੀਆਂ। ਦਰ-ਹਕੀਕਤ; ਇਹ ਪਿੰਡ ਅਤੇ ਕੁੱਝ ਹੋਰ "ਸੂਰ ਸੈਣੀ" ਕੁਨਬੇ ਨੇ ਵਸਾਏ ਸਨ। ਜਿਹਨਾਂ ਦੇ ਕੁੱਝ ਧੜੇ ਚਰਗਾਹਾਂ ਅਤੇ ਨਾ-ਕਾਬਜ਼ ਜ਼ਮੀਨੀ ਟੁਕੜਿਆਂ ਦੀ ਭਾਲ ਵਿੱਚ ਦਿੱਲੀ ਪਾਰਲੇ ਇਲਾਕਿਆਂ ਵੱਲੋਂ ਢੇਰ ਸਮਾਂ ਪਹਿਲਾਂ, ਇਸ ਪੰਜ ਦਰਿਆਈ ਭੋਇੰ ਵੱਲ ਆ-ਭ੍ਰਮਣ ਹੋਏ ਸਨ। ਇਸ ਤੱਥ ਨੂੰ ਵਜ਼ਨ ਦੇਣ ਲਈ, ਤੁਸੀਂ ਮੈਨੂੰ ਕੁੱਝ ਇਤਿਹਾਸਕ ਤੱਥ ਭੁਗਤਾਉਣ ਦੀ ਆਗਿਆ ਦਿਓ :

"ਸੈਣੀਆਂ ਦੀਆਂ ਜੜ੍ਹਾਂ, ਚੰਦਰਬੰਸ਼ੀ ਕ੍ਰਿਸ਼ਨ ਭਗਵਾਨ ਨਾਲ ਸੰਬੰਧਤ, ਯਾਦੂ ਵੰਸ਼ (ਯਾਦਵਾਂ) ਨਾਲ ਲਬਰੇਜ਼ ਹਨ। ਇਸੇ ਯਾਦੂ ਵੰਸ਼ ਦੀ 43ਵੀਂ ਪੀੜ੍ਹੀ ਵਿੱਚ ਇੱਕ "ਸੂਰ" ਨਾਂਅ ਦਾ ਧੜਵੈਲ ਯੋਧਾ ਹੋਇਆ ਸੀ, ਜਿਸ ਦਾ ਪੁੱਤ ਸੀ "ਸੈਣੀ"। ਸੈਣੀ ਕਰਮਯੋਗੀ ਤਾਂ ਸੀ ਹੀ, ਆਪਣੇ ਬਾਪ ਵਾਂਗ ਸੂਰਮਾ ਵੀ ਸੀ। ਦੋਵਾਂ, ਪਿਓ-ਪੁੱਤ ਦੇ ਕਾਰਜ ਇੱਕ-ਦੂਜੇ ਦੇ ਪੂਰਕ ਹੋਣ ਕਾਰਨ ਇਹਨਾਂ ਦੀ ਅੱਲ "ਸੂਰ ਸੈਣੀ" ਪੈ ਗਈ। ਇਸੇ "ਸੂਰ-ਸੈਣੀ" ਤੋਂ ਸੈਣੀ ਕਬੀਲਾ (ਗੋਤ-ਜਾਤ), ਜਾਣੀ ਸੈਣੀ ਕੌਮ, ਉੱਗਮਿਆ। "ਸੂਰ ਸੈਣੀਆਂ" ਨੇ ਮਥਰਾ ਤੋਂ 50 ਮੀਲ ਪਰ੍ਹੇ ਰਾਜ ਸਥਾਪਤ ਕੀਤਾ ਜਿਸ ਦੀ ਜਮਨਾ ਦੀ ਲਹਿੰਦੀ ਬਾਹੀ ਸਥਿਤ ਰਾਜਧਾਨੀ "ਕਾਲਿਵ ਪੁਰਾ" ਨਾਓਂ ਵਾਲੇ ਸਥਾਨ ਜਿਹੜਾ ਮਗਰੋਂ "ਸੂਰ ਪੁਰਾ" ਸਦਵਾਇਆ, ਦੇ ਖੰਡਰਾਤ ਅੱਜ ਵੀ ਮਿਲਦੇ ਹਨ।"

ਜਿੱਥੇ ਮਹਾਂਭਾਰਤ ਵਿੱਚ ਸੂਰ ਸੈਣੀਆਂ ਨੂੰ "ਦਫਾ-ਅੱਵਲ" ਲਿਖਿਆ ਗਿਆ ਹੈ, ਉਥੇ "ਭਾਰਤ ਵੰਸ਼ ਕਾ ਇਤਿਹਾਸ" ਦੇ "ਸ਼ਿਜਰਾ ਹਿੰਦੂ ਭਾਰਤ" ਵਿੱਚ ਇਹਨਾਂ ਦਾ ਜ਼ਿਕਰ "ਆਹਲਾ-ਕਾਰਿੰਦੇ ਖੇਤੀਹਾਰ" ਵਜੋਂ ਦਰਜ ਹੈ। ਮਨੂੰ ਸਿਮਰਤੀ ਵੀ ਇਹਨਾਂ ਬਾਰੇ ਬੋਲਦੀ ਹੈ। ਇੱਕ ਗੁੰਮਨਾਮ ਆਰੀਅਨ ਲੇਖਕ ਆਪਣੇ ਘੁਮੱਕੜੀ ਰੋਜ਼ਨਾਮਚੇ ਵਿੱਚ ਲਿਖਦਾ ਹੈ, "ਉਦੋਂ ਦਰਿਆ ਜਮਨਾ ਦੇ ਲਾਗੇ-ਬੰਨੇ ਓਬਰਸ ਨਾਂਅ ਦੀ ਇੱਕ ਵੱਡੀ ਜਲ-ਧਾਰਾ ਵਗਦੀ ਸੀ, ਜਿਸ ਵਿੱਚ ਜਹਾਜ਼ਰਾਨੀ ਹੁੰਦੀ ਸੀ। ਉਹ ਖਿੱਤਾ, ਕਦੇ ਸੂਰ-ਸੈਣੀਆਂ ਦਾ ਪ੍ਰਮੁੱਖ ਕ੍ਰਮ-ਖੇਤਰ ਸੀ।"

"ਰਾਜਾ (ਸਟੇਟ'ਸ) ਅਤੇ ਘਰਾਣਿਆਂ" ਦੇ ਪ੍ਰਸਿੱਧ ਖੋਜੀ ਕਰਨਲ ਟਾਡ ਦੀ ਪੁਸਤਕ "ਟਾਡ ਰਾਜਸਥਾਨ" 'ਚ ਇਹ ਵੀ ਲਿਖਿਆ ਲੱਭਾ, "1200 ਬੀ.ਸੀ ਵਿੱਚ ਸੂਰ ਸੈਣੀਆਂ ਦਾ ਰਾਜ, ਜਿਸ ਦਾ ਘੇਰਾ ਮਥਰਾ ਦੁਆਲੇ 80 ਮੀਲ ਬਣਦਾ ਹੈ, ਬਰਿਜ ਭੂਮੀ (ਕ੍ਰਿਸ਼ਨ ਭਗਵਾਨ/ਗਵਾਲਿਆਂ ਦਾ ਕ੍ਰਮ ਖੇਤਰ), ਇੱਕ ਸਮੇਂ ਸੂਰ ਪੁਰਾ ਅਖਵਾਇਆ।" ਇਹ ਲਿਖਦਿਆਂ ਮਿ. ਟਾਡ ਭਾਰਤ 'ਤੇ ਸਿਕੰਦਰ ਹਮਲੇ ਵੇਲੇ ਦੀਆਂ ਲਿਖਤਾਂ ਨੂੰ ਆਧਾਰ ਬਣਾਉਂਦਾ ਹੈ। ਇੱਕ ਹੋਰ ਕਨਸੋਅ ਮੁਤਾਬਿਕ, "ਕਈ ਸੈਣੀ ਆਪਣੀ ਵੰਸ਼ ਪ੍ਰੰਪਰਾ ਰਾਜਪੂਤਾਂ ਨਾਲ ਜੋੜਦੇ ਹਨ ਅਤੇ ਕਈ ਸਰਹੱਦੀ ਸੂਬੇ ਦੀ ਮਾਲੀ ਜਾਤ ਨਾਲ, ਜਿਹੜੀ ਇੱਕ ਲੜਾਕੂ ਧਿਰ ਸੀ।" "ਮਹਾਨ ਕੋਸ਼"-ਭਾਈ ਕਾਹਨ ਸਿੰਘ ਨਾਭਾ ਅਨੁਸਾਰ ਵੀ, "ਸੈਣੀ ਕੌਮ ਕੰਬੋ (ਖੇਤੀ-ਹਾਰ) ਅਤੇ ਮਾਲੀਆਂ ਸਮਾਨ ਹੈ, ਜਿਹੜੀ ਕਿ ਫੌਜੀ ਬਿਰਤੀ ਵਾਲੀ ਸੀ।" ਇਹੀ ਨਹੀਂ ਮਹਾਨ ਸਿਕੰਦਰ ਆਪਣੀਆਂ ਯਾਦਾਂ ਵਿੱਚ ਦਰਜ ਕਰਦਾ ਹੈ, "ਰਾਜ ਭਾਵੇਂ ਸੈਣੀ ਕੌਮ ਦਾ ਚੰਬਲ ਵੱਲ ਸੁਣੀਂਦਾ ਹੈ, ਪਰੰਤੂ ਇਹ ਰਾਵੀ-ਸਿੰਧ ਖਿੱਤੇ 'ਚ ਵੀ ਕਿਤੇ-ਕਿਤੇ ਹਨ, ਜਿਹਨਾਂ ਮੇਰਾ ਵੀਰਗਤ ਮੁਕਾਬਲਾ ਕੀਤਾ।"

ਮਾਲੀ ਧਿਰ ਦਾ ਜ਼ਿਕਰ "ਹਿੰਦੂ ਪੁਰਾਣਾਂ ਵਿੱਚ ਇੰਜ ਆਉਂਦਾ ਹੈ, "ਰਿਸ਼ੀ ਵਿਸ਼ਵਕਰਮਾ ਦੀ ਪਤਨੀ ਪ੍ਰਭੂਤੀ, ਜਿਹੜੀ ਕਿ ਮਨ-ਮੱਥ ਕਬੀਲੇ 'ਚੋਂ ਸੀ, ਦੇ ਪੇਟੋਂ ਛੇ ਪੁੱਤਰ ਹੋਏ। ਛੇਆਂ ਵਿੱਚੋਂ ਮਾਲਾਕਾਰ ਸਭ ਤੋਂ ਵੱਡਾ ਸੀ, ਜਿਸ ਦਾ ਕੰਮ ਫੁੱਲਾਂ ਦੀ ਖੇਤੀ ਅਤੇ ਫੁੱਲਮਾਲਾਵਾਂ ਬਣਾਉਣ ਦਾ ਸੀ। ਇੱਥੋਂ ਹੀ ਮਾਲੀ ਕੌਮ ਦੀ ਸ਼ੁਰੂਆਤ ਹੋਈ। ਇਸ ਮਾਲੀ (ਮਾਲਾਕਾਰ) ਦੇ ਅਗਾਂਹ ਅੱਠ ਪੁੱਤਰ ਹੋਏ, ਜਿਹਨਾਂ ਵਿੱਚੋਂ ਤੀਜਾ ਸੈਣੀ ਸੀ, ਜਿਸ ਤੋਂ ਸੈਣੀ ਜਾਤ ਸ਼ੁਰੂ ਹੋਈ।" ਸਥਿਤੀਆਂ-ਪ੍ਰਸਥਿਤੀਆਂ ਵੱਸ ਇਹ ਲੋਕ, ਚੁਫੇਰੇ, ਫੈਲਰਦੇ-ਪਸਰਦੇ ਗਏ।

ਇਹਨਾਂ ਵਿੱਚੋਂ ਜਿਹੜੇ ਅਗਾਂਹ ਸਿੰਧ-ਪਿਸ਼ਾਵਰ (ਉੱਤਰੀ-ਪੱਛਮੀ ਖਿੱਤਾ) ਵੱਲ ਗਏ, ਉਹ ਲੋਕ ਪ੍ਰਸਥਿਤੀਆਂ ਵੱਸ ਮੁਸਲਿਮ ਬਣ "ਅਰਾਈਂ" ਅਖਵਾਏ, ਪਰ ਧੰਦਾ ਇਹਨਾਂ ਦਾ ਵੀ ਖੇਤੀ, ਖਾਸ ਕਰ ਸਬਜ਼ੀਆਂ ਹੀ ਰਿਹਾ। ਆਪਣੇ ਮਾਲੀ ਪੁਰਖਿਆਂ ਵਾਂਗ ਜਿਹੜੇ ਫੁੱਲ ਅਤੇ ਫਲ ਉਗਾਉਂਦੇ ਸਨ ਅਤੇ ਹੁਣ ਵੀ ਬਾਗਾਨ ਹੀ ਹਨ। ਸਜ਼ਰਾ ਨਸਬਾ ਰਿਆਸਤ ਜੀਂਦ ਮੁਤਾਬਿਕ, "ਹਿੰਦੂ ਮਾਲੀਆਂ ਦੇ ਦੋ ਗਰੁੱਪ ਸਨ: ਉੱਤਮ ਅਤੇ ਨਿਮਨ ਮਾਲੀ। ਉੱਤਮ ਮਾਲੀਆਂ ਦੀ ਸ਼ਾਖਾ ਤੋਂ ਜਿਹੜੇ ਸੱਤ ਕੁਨਬੇ ਸ਼ੁਰੂ ਹੋਏ, ਸੈਣੀ ਉਹਨਾਂ ਵਿੱਚੋਂ ਇੱਕ ਸੀ, ਜਦਕਿ ਨਿਮਨ ਮਾਲੀਆਂ ਵਿੱਚੋਂ ਇੱਕ ਕੁਨਬਾ ਅਰਾਈਂ ਸੀ।" ਨਿਮਨ ਅਤੇ ਦਵੈਤ ਭਾਵਨਾ ਦੇ ਸ਼ਿਕਾਰ ਹੋਏ ਅਰਾਈਆਂ ਮੁਸਲਿਮ ਧਰਮ ਅਪਣਾ ਲਿਆ, ਜਿਹੜਾ ਬਰਾਬਰੀ ਦਾ ਅਧਿਕਾਰ ਦਿੰਦਾ ਸੀ।

ਅੰਗਰੇਜ਼ਾਂ ਲਿਖਿਆ, "ਇਹ ਸੈਣੀ ਹੀ ਸਨ/ਹਨ, ਜਿਹੜੇ ਨਾ ਸਿਰਫ ਵਪਾਰਕ ਨਜ਼ਰੀਏ ਤੋਂ ਖੇਤੀ ਕਰਦੇ ਸਨ, ਬਲਕਿ ਇਹ ਬਹੁਤ ਪਹਿਲਾਂ ਤੋਂ ਹੀ ਇੱਕੋ ਖੇਤ ਵਿੱਚੋਂ ਇੱਕੋ ਸਮੇਂ ਜਾਂ ਛੇਤੀ-ਛੇਤੀ ਤਿੰਨ-ਚਾਰ ਫਸਲਾਂ ਲੈਣ ਲੱਗੇ, ਜਦਕਿ ਬਾਕੀ ਮਸਾਂ ਇੱਕ-ਦੋ ਹੀ ਲੈਂਦੇ ਸਨ ਉਹ ਵੀ ਮੀਂਹ ਅਧਾਰਿਤ। ਪੰਜਾਬ ਕੋਸ਼ ਵਿੱਚ ਦਰਜ ਹੈ, "ਪੰਜਾਬ ਵਿੱਚ ਖੇਤੀ ਕਰਨ ਵਾਲੀਆਂ ਜਾਤਾਂ ਵਿੱਚੋਂ ਸੈਣੀ ਇੱਕ ਪ੍ਰਸਿੱਧ ਜਾਤ ਹੈ। ਪਹਿਲਾਂ ਪਹਿਲ ਇਸ ਜਾਤ ਦੇ ਲੋਕ ਆਮ ਕਰਕੇ ਠੇਕਾ ਅਧਾਰਤ ਬਾਗਬਾਨੀ ਕਰਦੇ ਸਨ, ਪਰ ਅੱਜਕੱਲ੍ਹ ਇਸ ਜਾਤ ਕੋਲ ਆਪਣੀਆਂ ਜ਼ਮੀਨਾਂ ਹਨ ਅਤੇ ਇਹ ਆਹਲਾ ਖੇਤੀ ਕਰਦੇ ਹਨ। ਇਹ ਲੋਕ ਬੜੇ ਮਿਹਨਤੀ ਅਤੇ ਸੂਝ-ਬੂਝ ਵਾਲੇ ਹੋਣ ਕਾਰਨ ਮੁਸਲਿਮ ਅਰਾਈਆਂ ਅਤੇ ਹਿੰਦੂ ਕਾਸ਼ਤਕਾਰਾਂ ਨਾਲੋਂ ਵੱਧਵਾਂ ਸਮਾਜਿਕ ਤੇ ਆਰਥਿਕ ਦਰਜਾ ਰੱਖਦੇ ਹਨ।"

ਇਹੀ ਨਹੀਂ, ਜਾਤਾਂ ਅਤੇ ਕਬੀਲਿਆਂ ਬਾਰੇ ਹਵਾਲਾ ਪੁਸਤਕ "ਏ ਗਲੋਸਰੀ ਆਫ ਦੀ ਟਰਾਇਬਜ਼ ਐਂਡ ਕਾਸਟਜ਼" ਵਿੱਚ ਲਿਖਿਆ ਮਿਲਦਾ ਹੈ, "ਸੈਣੀ ਅਤੇ ਅਰਾਈਂ, ਦਰਅਸਲ, ਮਾਲੀ ਕੌਮ ਦੀਆਂ ਹੀ ਸ਼ਾਖਾਵਾਂ ਹਨ। ਮਾਲੀ, ਦਿੱਲੀ ਅਤੇ ਮੱਧ ਭਾਰਤ ਵੱਲ ਹੀ ਰਹੇ ਅਤੇ ਉਸ ਦੀ ਸੈਣੀ ਸ਼ਾਖ ਮਥਰਾ ਤੋਂ ਪੰਜਾਬ ਵੱਲ ਆ ਗਈ ਅਤੇ ਬਹੁਤੀ ਅੰਬਾਲਾ (ਰੋਪੜ-ਨਾਲਾਗੜ੍ਹ ਖੇਤਰ), ਨਵਾਂਸ਼ਹਿਰ, ਹੁਸ਼ਿਆਰਪੁਰ, ਜਲੰਧਰ, ਗੁਰਦਾਸਪੁਰ ਕੰਨੀ ਆ ਟਿਕੀ। ਸਮਾਜ ਵਿਗਿਆਨੀ ਮਿ. ਪਰਸੂਰ ਅਨੁਸਾਰ, "ਸੈਣੀ ਆਪਣਾ ਮੂਲ ਮਾਲੀ ਦੱਸਦੇ ਹਨ ਜਿਹੜੇ ਮੁੱਖ ਤੌਰ 'ਤੇ ਜਮੁਨਾ ਖਿੱਤੇ ਵਿੱਚ ਰਹਿੰਦੇ ਸਨ। ਜਦ ਗਜ਼ਨੀ, 1000 ਈ. ਨੇ ਭਰਤ 'ਤੇ ਹਮਲਾ ਕੀਤਾ, ਤਦ ਇਹਨਾਂ ਦੇ ਵੱਡ-ਵਡੇਰੇ ਜਲੰਧਰ ਦੋਆਬ ਵਿੱਚ ਆ ਗਏ।"

ਮੁੱਕਦੀ ਗੱਲ; ਉੱਕਤ ਸਾਰੇ ਦੇ ਸੰਦਰਭ 'ਚ ਅਸੀਂ ਕਹਿ ਸਕਦੇ ਹਾਂ ਕਿ ਸੂਰ ਸੈਣੀਆਂ ਦਾ ਮਥਰਾ ਖਿੱਤੇ ਵਿੱਚੋਂ ਇਧਰ ਪੰਜਾਬ ਆਉਣ ਦਾ ਕਾਰਨ ਕੋਈ ਵੀ ਹੋਵੇ ਇਸ ਉੱਘੀ ਧਿਰ ਨੇ ਨਾ ਸਿਰਫ ਪੰਜ-ਦਰਿਆਈ ਵਿੱਚ ਪੱਕੀ ਵਸੇਬ ਹੀ ਕੀਤੀ ਸਗੋਂ ਕਈ ਪਿੰਡਾਂ ਦੀ ਮੌੜੀ ਵੀ ਗੱਡੀ। ਜ਼ਰੂਰ ਇਸ ਵਿੱਚ ਹੱਥਲਾ "ਸੂਰਾਪੁਰ" ਵੀ ਹੋਵੇਗਾ, ਜਿਸ ਦਾ ਨਾਮਕਰਨ "ਸੂਰ-ਸੈਣੀਆਂ" ਜਾਂ ਜ਼ਿਕਰ ਕੀਤੇ "ਸੂਰ ਪੁਰਾ" ਦੀਆਂ ਜੜ੍ਹਾਂ-ਪੈੜਾਂ ਬਦੌਲਤ ਵਿਗੜਦਾ-ਸੰਵਰਦਾ "ਸੂਰਾ ਪੁਰ" ਪ੍ਰਚੱਲਤ ਹੋ ਗਿਆ ਹੋਵੇਗਾ। ਹਾਂ; ਸਦਰ ਮੁਕਾਮ ਨਵਾਂ ਸ਼ਹਿਰ ਤੋਂ 5 ਕੁ ਮੀਲ ਦੀ ਵਿੱਥ ਉੱਤੇ ਉੱਘੇ ਪਿੰਡ ਭੌਰਾ (ਨਵਾਂਸ਼ਹਿਰ, ਜਲੰਧਰ) ਅਤੇ ਡਘਾਮ (ਗੜ੍ਹਸ਼ੰਕਰ, ਹੁਸ਼ਿਆਰਪੁਰ) ਦੇ ਗੱਭੇ ਜਿਹੇ ਵਸਦੇ ਇਸ ਨਾਮਵਰ ਨਗਰ ਦੇ ਕਰੀਬ ਆਰਥਿਕ ਸੰਕਟਾਂ ਦੇ ਝੰਬੇ ਹੋਏ ਅੱਧ ਸੈਂਕੜਾ ਤੋਂ ਕਿਤੇ ਵੱਧ ਸੂਰਮਿਆਂ ਨੇ, ਮਜਬੂਰੀ ਵੱਸ, ਪਹਿਲੀ ਅਤੇ ਦੂਜੀ ਸੰਸਾਰ ਜੰਗ ਵਿੱਚ ਰੱਤ ਡੋਲਵ੍ਹਾਂ ਹਿੱਸਾ ਪਾਇਆ ਸੀ। ਜਿਹਨਾਂ ਵਿੱਚੋਂ ਜਮਾਂਦਾਰ ਮੀਹਾਂ, ਕੈਪਟਨ ਸੇਵਾ ਸਿੰਘ ਸਮੇਤ 4 ਸੂਬੇਦਾਰ ਤੇ ਇੱਕ ਜੰਗੀ ਸ਼ਹੀਦ ਧਰਮ ਸਿੰਘ ਸੀ। ਖਾਸ ਗੱਲ ਇਹ ਕਿ ਪੰਜਾਹਵਿਆਂ ਵਿੱਚ ਇਸ ਪਿੰਡ ਦੀ ਇੱਕ ਬੇਵਾ ਨੂੰ ਜਿਹੜਾ ਚਾਰ ਸੌ ਰੁਪਏ, ਵੇਲੇ ਦੀ ਬਹੁਤ ਵੱਡੀ ਰਕਮ, ਦਾ "ਦੂਜਾ ਸੰਸਾਰ ਯੁੱਧ ਮਿਲਟਰੀ ਅਵਾਰਡ" ਮਿਲਿਆ ਸੀ, ਉਹ ਉਸ ਦਾਨਿਸ਼ਵਰ ਔਰਤ ਨੇ ਪਿੰਡ 'ਚ ਸਕੂਲ ਬਣਾਉਣ ਹਿੱਤ ਪਿੰਡ ਨੂੰ ਹੀ ਸੌਂਪ ਦਿੱਤਾ ਸੀ ਅਤੇ ਹੋਰ ਖਾਸ ਗੱਲ ਇਹ ਕਿ ਇਸ ਪਹਿਲ-ਪਲੱਕੜੇ ਸਕੂਲ ਲਈ ਜ਼ਮੀਨ ਵੀ ਇਸੇ ਪਿੰਡ ਦੀ ਇੱਕ ਹੋਰ ਭਲੀ ਤ੍ਰੀਮਤ ਨੇ ਦਾਨ ਕੀਤੀ ਸੀ।

**ਮੋਬਾ. 94634-39075**

# ਅਸਾਂ ਜਿੰਦ ਨੂੰ ਅਵੱਲਾ ਰੋਗ ਲਾ ਲਿਆ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-72**

**ਸੁਰਜੀਤ ਸੁਮਨ**

ਸਾਡੇ ਦੇਸ਼ ਪੰਜਾਬ ਦੇ ਸਾਫ-ਸ਼ਫਾਫ ਨੀਲੇ ਅੰਬਰ 'ਤੇ ਅੱਜ ਸ਼ਰਾਰਤ ਦਾ ਸੰਘਣਾ ਗਰਦ-ਗੁਬਾਰ ਕਿਉਂ ਛਾਇਆ ਹੋਇਐ? ਇਨ੍ਹਾਂ ਮਖੌਟਿਆਂ, ਮਾਸਕਾਂ, ਦੋਗਲੇ ਤੇ ਅਤਿ-ਕਾਲ਼ੇ ਦਿਲ ਵਾਲ਼ਿਆਂ ਦੇ ਅਸਲ ਚਿਹਰੇ ਕਿਵੇਂ ਤੇ ਕਦੋਂ ਸਾਹਮਣੇ ਆਉਣਗੇ? ਆਉਣਗੇ ਵੀ ਜਾਂ ਨਹੀਂ? ਭਲਾਂ ਇਹ ਸ਼ੈਤਾਨੀਅਤ ਦੀ ਕਾਲ਼ੀ-ਬੋਲ਼ੀ ਰਾਤ ਕਦੋਂ ਮੁੱਕੇਗੀ? ਹੈਵਾਨੀਅਤ ਦਾ ਨੰਗਾ ਨਾਚ ਕਦੋਂ ਰੁਕੇਗਾ? ਚਾਨਣ ਕਦੋਂ ਹੋਵੇਗਾ? ਅਸੀਂ ਕਿਸ ਵੇਲ਼ੇ ਚੰਨ ਚਾਨਣੀ ਵਿੱਚ ਆਪਣੇ ਤਰੋ-ਤਾਜ਼ ਸੁਫਨਿਆਂ ਨੂੰ ਭਿੱਜਦੇ ਤੱਕਾਂਗੇ? ਸਾਡਾ ਪੰਜਾਬੀ ਕਹਾਣੀਕਾਰ ਜਸਦੇਵ ਜੱਸ ਤਾਂ ਹੋਰ ਈ ਕੁਝ ਕਹਿੰਦੈ। ਓਹਦੀ ਇੱਕ ਕਹਾਣੀ ਹੈ 'ਰੌਸ਼ਨੀ ਦੀਆਂ ਕਿਰਚਾਂ।' ਏਸੇ ਨਾਂ ਦੇ ਕਹਾਣੀ ਸੰਗ੍ਰਹਿ ਵਿੱਚ ਦਰਜ। ਤਾਂ ਕੀ ਅਸੀਂ ਚੰਨ ਚਾਨਣੀ, ਸੂਰਜ ਦੀ ਰੌਸ਼ਨੀ ਦੀਆਂ ਕਿਰਨਾਂ ਨਹੀਂ ਨਹੀਂ ਕਿਰਚਾਂ ਨਾਲ਼ ਵੀ ਲਹੂ-ਲੁਹਾਣ ਹੁੰਦੇ ਰਹੇ ਹਾਂ ਤੇ ਹੁੰਦੇ ਰਹਾਂਗੇ? ਤਾਂ ਫਿਰ ਸਵਾਲ ਤਾਂ ਇਹ ਵੀ ਪੈਦਾ ਹੁੰਦੈ ਬਈ ਕਦੋਂ ਤੱਕ? ਜਿਨ੍ਹਾਂ ਵੱਡੇ ਵੱਡੇ ਕੱਦਾਵਰ ਲੋਕਾਂ ਕੋਲ਼ੋਂ ਸਾਨੂੰ ਆਸਾਂ-ਉਮੀਦਾਂ ਦੀ ਚਾਨਣੀ ਤੇ ਰੌਸ਼ਨੀ ਦੀ ਤਵੱਕੋਂ ਹੁੰਦੀ ਹੈ, ਕੀ ਉਨ੍ਹਾਂ ਵੱਲੋਂ ਸਾਡੇ ਤੱਕ ਪੁੱਜਦੀ ਚਾਨਣੀ ਤੇ ਰੌਸ਼ਨੀ ਦੀਆਂ ਕਿਰਚਾਂ ਹੀ ਸਾਡੇ ਉੱਤੇ ਹੋਣੀ ਬਣ ਵਾਰਦ ਹੁੰਦੀਆਂ ਆਈਆਂ ਹਨ? ਕੀ ਜਿਨ੍ਹਾਂ ਦੀ ਯਾਦ ਆਉਂਦਿਆਂ ਜਾਂ ਜਿਨ੍ਹਾਂ ਦੇ ਚਿਹਰੇ ਚਿਤਵਦਿਆਂ ਹੀ ਸਾਡਾ ਆਪਾ ਮਾਣ ਤੇ ਖ਼ੁਸ਼ੀਆਂ-ਖੇੜਿਆਂ ਨਾਲ਼ ਭਰ ਜਾਂਦਾ ਹੈ, ਉਹ ਹੀ ਅਜਿਹੀ ਕਾਲ਼ੀ ਦੁਨੀਆਂ ਦੇ ਅਸਲ ਮਾਲਕ ਹਨ? ਸ਼ਾਹਸਵਾਰ ਹਨ? ਅਸਲ ਵਿੱਚ ਉਹੀ ਸਾਡੀ ਜ਼ਿੰਦਗਾਨੀ ਨੂੰ ਹਨ੍ਹੇਰੀਆਂ ਗੁਫਾਵਾਂ ਵੱਲ ਧੱਕਣ ਵਾਲ਼ੇ ਮੁੱਖ ਸੂਤਰਧਾਰ ਹਨ? ਇਹੋ ਜਿਹੇ ਸਵਾਲ ਹਨ ਜੋ ਅੱਜ ਸਾਡੇ ਦੇਸ਼ ਪੰਜਾਬ ਦੇ ਹਰ ਬਸ਼ਰ ਦੇ ਬੁੱਲ੍ਹਾਂ 'ਤੇ ਹਮੇਸ਼ਾਂ ਨੱਚਦੇ ਤਾਂ ਰਹਿੰਦੈ ਹਨ ਪਰ ਸੰਘੋਂ ਥੱਲੇ ਨਈਂ ਉੱਤਰਦੇ। ਉਹ ਨੀਲਕੰਠ ਹੋਣ ਦਾ ਯਤਨ ਕਰਦੇ ਹਨ। ਨੀਲਕੰਠ ਹੋਣਾ ਏਨਾ ਆਸਾਨ ਕਿੱਥੇ?

ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਸਾਧਨ-ਸੰਪੰਨ ਲੋਕਾਂ ਦੇ ਨਾਲ਼ ਰਲ਼ਾਉਣ ਲਈ ਅਤਿ ਗਰੀਬ-ਗੁਰਬੇ, ਪਛੜੇ ਲੋਕਾਂ ਨੂੰ 'ਅਪਲਿਫਟ' ਕਰਨ ਲਈ ਅਨੇਕਾਂ-ਅਨੇਕ ਸਕੀਮਾਂ ਘੜੀਆਂ ਤੇ ਲਾਗੂ ਕੀਤੀਆਂ ਜਾਂਦੀਆਂ ਹਨ। ਲੋਕ ਲੁਭਾਊ ਇਹ ਨੀਤੀਆਂ ਜਦੋਂ ਤੁਰਦੀਆਂ ਹਨ ਤਾਂ ਬਰਫੀਲੀਆਂ ਪਹਾੜੀਆਂ ਵਿੱਚੋਂ ਚੋਅ ਰਹੇ ਨਿਰਮਲ ਨੀਰ ਵਰਗੀਆਂ ਪਵਿੱਤਰ ਅੰਮ੍ਰਿਤ ਧਾਰਾਵਾਂ ਹੁੰਦੀਆਂ ਹਨ। ਫਿਰ ਜਿਉਂ ਜਿਉਂ ਇਹ ਨਿਵਾਣਾਂ ਵੱਲ ਵਧਦੀਆਂ ਹਨ, ਤਿਉਂ ਤਿਉਂ ਦੂਸ਼ਿਤ ਕਿਉਂ ਤੇ ਕਿਵੇਂ ਹੁੰਦੀਆਂ ਚਲੀਆਂ ਜਾਂਦੀਆਂ ਹਨ? ਇਸ ਦੀ ਵਜ੍ਹਾ ਹੈ ਰਸਤੇ ਵਿੱਚਲੀ ਗੰਦਗੀ। ਗੰਦਗੀ ਨਾਲ਼ ਭਰੇ ਸਾਡੇ ਰਹਿਬਰਾਂ ਦੇ ਮਨ। ਬੱਸ ਇੱਥੋਂ ਹੀ ਇਨ੍ਹਾਂ ਪਾਣੀਆਂ ਦੀ ਨਿਰਛੱਲਤਾ ਵਾਂਗ ਇਨ੍ਹਾਂ ਸਕੀਮਾਂ ਨੂੰ ਗ੍ਰਹਿਣ ਲੱਗਣਾ ਸ਼ੁਰੂ ਹੋ ਜਾਂਦਾ ਹੈ। ਹੁਣ ਭਲਾ ਦੇਖਿਆ ਜਾਵੇ ਤਾਂ ਰੱਜਿਆਂ ਨੂੰ ਰਜਾਉਣ ਦੀ ਲੋੜ ਤਾਂ ਨਹੀਂ ਹੁੰਦੀ। ਇਨ੍ਹਾਂ ਸਕੀਮਾਂ ਰਾਹੀਂ ਫਾਇਦਾ ਲੈਣ ਵਾਲ਼ੇ ਲੋਕਾਂ ਦੀ ਸੋਚ ਹੀ ਗ੍ਰਹਿਣੀ ਹੋਵੇ ਤਾਂ ਕੋਈ ਕੀ ਕਰੇ? ਅਕਸਰ ਇਹ ਰੱਜਿਆਂ ਨੂੰ ਈ ਰਜਾ ਜਾਂਦੀਆਂ ਹਨ। ਮਾਣਯੋਗ ਮੁੱਖ ਮੰਤਰੀ ਪੰਜਾਬ ਮਾਵਾਂ-ਬੀਬੀਆਂ-ਭੈਣਾਂ ਨੂੰ ਸੰਬੋਧਨ ਕਰ ਰਹੇ ਹਨ। ਉਹ ਸਰਕਾਰ ਵੱਲੋਂ ਦਿੱਤੇ ਜਾਣ ਵਾਲ਼ੇ ਹਜ਼ਾਰ-ਪੰਦਰਾਂ ਸੌ ਰੁਪਏ ਬਾਰੇ ਇੱਕ ਭੈਣ ਤੋਂ ਪੁੱਛਦੇ ਹਨ, 'ਤੁਸੀਂ ਇਨ੍ਹਾਂ ਪੈਸਿਆਂ ਦਾ ਕੀ ਕਰੋਗੇ?' ਓਸ ਭੈਣ ਦੀਆਂ ਇੱਛਾਵਾਂ ਉਛਾਲ਼ੇ ਮਾਰਨ ਲਗਦੀਆਂ ਹਨ। ਖ਼ੁਸ਼ੀ ਵਿੱਚ ਖੀਵੀ ਹੋਈ ਉਹ ਸੂਟ ਤੇ ਮੇਕਅਪ ਦਾ ਸਾਮਾਨ ਖਰੀਦਣ ਬਾਰੇ ਆਪਣੇ ਵਿਚਾਰ ਸਾਂਝੇ ਕਰਦੀ ਹੈ। ਨਵੇਂ ਸੂਟ ਪਾਉਣਾ, ਸਜਣਾ-ਫਬਣਾ ਇਹ ਔਰਤਾਂ ਦਾ ਮੌਲਿਕ ਅਧਿਕਾਰ ਹੈ। ਇਹ ਸਭ ਦੇਖ-ਸੁਣ ਕੇ ਮੇਰਾ ਮਨ ਡਾਢਾ ਦੁਖੀ ਹੋਇਆ ਤੇ ਇੱਕ ਗੱਲੋਂ ਖ਼ੁਸ਼ ਵੀ। ਚਲੋ ਬਈ ਜਿਹੜੇ ਪਰਿਵਾਰ ਸਾਧਨ-ਸੰਪੰਨ ਹਨ, ਉਨ੍ਹਾਂ ਘਰਾਂ ਦੀਆਂ ਔਰਤਾਂ ਸੂਟ ਖਰੀਦਣ ਤੇ ਸਜ-ਫਬ ਕੇ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਨਗੀਆਂ ਪਰੰਤੂ ਜਿਹੜੇ ਘਰਾਂ ਵਿੱਚ ਦਿਨ ਭਰ ਖੂਹ ਪੁੱਟ ਕੇ ਦਾਲ-ਰੋਟੀ ਦਾ ਜੁਗਾੜ ਕਰਨਾ ਹੁੰਦੈ, ਉਨ੍ਹਾਂ ਦਾ ਕੀ ਬਣੇਗਾ? ਹੁਣ ਤੁਸੀਂ ਆਖੋਗੇ 'ਆਟਾ-ਦਾਲ਼' ਸਰਕਾਰ ਦੇ ਹੀ ਦਿੰਦੀ ਹੈ। ਸੋਚਦਾ ਹਾਂ ਕੀ ਇਹੋ ਲੋੜਾਂ ਹਨ?

ਇਹ ਸਭ ਮਹਿਸੂਸ ਕਰਕੇ ਮੈਨੂੰ ਇੱਕ ਕਹਾਣੀ ਚੇਤੇ ਆਈ। ਇਹ ਕਿਸੇ ਨਾਮਵਰ ਕਹਾਣੀਕਾਰ ਦੀ ਕਹਾਣੀ ਹੈ, ਪਰ ਹੁਣ ਮੈਨੂੰ ਓਸ ਦਾ ਨਾਂ ਚੇਤੇ ਨਹੀਂ ਆ ਰਿਹਾ। ਸ਼ਾਇਦ ਮੁਨਸ਼ੀ ਪ੍ਰੇਮ ਚੰਦ ਜੀ ਦੀ ਹੀ ਹੋਵੇ। ਤਿੱਖੜ ਦੁਪਹਿਰੇ ਉਹ ਛਤਰੀ ਤਾਣੀਂ ਬਾਜ਼ਾਰ ਵਿੱਚੋਂ ਲੰਘ ਰਹੇ ਹਨ। ਇੱਕ ਗੱਭਰੂ ਨੇ ਅਚਾਨਕ ਆ ਕੇ ਉਨ੍ਹਾਂ ਦੇ ਪੈਰੀਂ ਹੱਥ ਲਾਏ, ਪਰ ਉਹ ਪਛਾਣ ਨਾ ਸਕੇ। ਗੱਭਰੂ ਨੇ ਸਤਿਕਾਰ ਵਜੋਂ ਉਨ੍ਹਾਂ ਨੂੰ ਆਪਣੇ ਜੂਸ ਬਾਰ 'ਤੇ ਆਉਣ ਲਈ ਗੁਜ਼ਾਰਿਸ਼ ਕੀਤੀ। ਨਾਂਹ-ਨੁੱਕਰ ਕਰਨ 'ਤੇ ਗੱਭਰੂ ਮੱਲੋ-ਜ਼ੋਰੀਂ ਉਨ੍ਹਾਂ ਨੂੰ ਆਪਣੇ ਜੂਸ ਬਾਰ 'ਤੇ ਲੈ ਗਿਆ। ਉਨ੍ਹਾਂ ਨੂੰ ਜੂਸ ਪੇਸ਼ ਕੀਤਾ। ਉਹ ਨਾਂਹ-ਨੁੱਕਰ ਕਰਦੇ ਰਹੇ। ਅੰਤ ਗੱਭਰੂ ਨੇ ਉਨ੍ਹਾਂ ਦੇ ਪੈਰਾਂ ਵਿੱਚ ਬਹਿੰਦਿਆਂ ਭਰੀਆਂ ਅੱਖਾਂ ਨਾਲ਼ ਕਿਹਾ, 'ਸਰ, ਦਰਅਸਲ ਇਸ ਜੂਸ ਬਾਰ ਦੇ ਅਸਲ ਮਾਲਕ ਤੁਸੀਂ ਹੀ ਹੋ।' ਫਿਰ ਉਸ ਗੱਭਰੂ ਨੇ ਸਾਰੀ ਆਪ-ਬੀਤੀ ਕਹਿ ਸੁਣਾਈ। 'ਯਾਦ ਕਰੋ ਬਹੁਤ ਵਰ੍ਹੇ ਪਹਿਲਾਂ ਤੁਸੀਂ ਏਸੇ ਬਾਜ਼ਾਰ ਵਿੱਚੋਂ ਲੰਘ ਰਹੇ ਸੀ। ਤੁਹਾਡੇ ਸਾਹਮਣੇ ਇੱਕ ਨਿੱਕਾ ਜਿਹਾ ਬਾਲ ਆਇਆ, ਜਿਸ ਤੁਹਾਡੇ ਤੋਂ ਕੁਝ ਖਾਣ ਲਈ ਮੰਗਿਆ। ਤੁਸੀਂ ਉਸ ਨੂੰ ਕੁਝ ਪੈਸੇ ਦਿੱਤੇ ਤੇ ਨਾਲ਼ ਹੀ ਸਿੱਖਿਆ ਵੀ। ਉਹ ਬਾਲ ਮੈਂ ਹੀ ਸੀ। ਮੈਨੂੰ ਖਾਣਾ ਭੁੱਲ ਗਿਆ। ਤੁਹਾਡੀ ਸਿੱਖਿਆ ਚੇਤੇ ਰਹੀ। ਮੈਂ ਸਭ ਤੋਂ ਪਹਿਲਾਂ ਇੱਕ ਛਾਬੀ ਖਰੀਦੀ ਤੇ ਦਰਜਨ ਕੇਲੇ। ਇੰਝ ਮੈਂ ਰੋਜ਼ਾਨਾ ਕਰਦਾ ਰਿਹਾ। ਵੱਟਤ ਨਾਲ਼ ਮੇਰਾ ਆਪਣਾ ਗੁਜ਼ਾਰਾ ਸੌਖਾ ਹੋ ਗਿਆ। ਤੁਹਾਡੀ ਸਿੱਖਿਆ ਨਾਲ਼ ਮੈਨੂੰ ਕੰਮ ਵੀ ਮਿਲ਼ ਗਿਆ ਤੇ ਰੋਟੀ ਵੀ। ਤੁਹਾਡੀ ਸਿੱਖਿਆ ਨੇ ਮੈਨੂੰ ਮੰਗਤਾ ਬਣਨੋਂ ਰੋਕ ਲਿਆ। ਏਸੇ ਲਈ ਮੈਂ ਕਹਿੰਦਾਂ ਇਹ ਜੂਸ ਬਾਰ ਤੁਹਾਡਾ ਹੈ।' ਓਸ ਕਹਾਣੀਕਾਰ ਦੀਆਂ ਅੱਖਾਂ ਭਰ ਆਈਆਂ। ਇੰਝ ਇੱਕ ਬਾਲ ਨੂੰ ਇੱਕ ਸਿੱਖਿਆ ਸ਼ਾਸਤਰੀ ਵੱਲੋਂ ਦਿੱਤੀ ਸਿੱਖਿਆ ਤੇ ਸਾਥ ਨੇ ਉਸ ਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ। ਸੋਚਦਾ ਹਾਂ, ਸਾਧਨ-ਸੰਪੰਨ ਔਰਤਾਂ ਤੋਂ ਇਲਾਵਾ ਜ਼ਿੰਦਗੀ ਜਿਉਣ ਲਈ ਜੂਝ ਰਹੀਆਂ ਹੋਰ ਬੀਬੀਆਂ ਨੂੰ ਅਜਿਹੀ ਰਕਮ ਨਾਲ਼ ਆਪਣੀ ਤੇ ਆਪਣਿਆਂ ਦੀ ਕਾਇਆ-ਕਲਪ ਕਰਨ ਬਾਰੇ ਇੰਝ ਹੀ ਸੋਚ ਲੈਣਾ ਚਾਹੀਦਾ ਹੈ।

ਡੋਰਵੈੱਲ ਵੱਜੀ। ਮੈਂ ਆਪੇ 'ਚ ਪਰਤਿਆ ਹਾਂ। ਗੇਟ 'ਤੇ ਮਾਸਟਰ ਪਿਆਰਾ ਸਿੰਘ ਜੀ ਖੜ੍ਹੇ ਹਨ। ਮੈਂ ਖ਼ੁਸ਼ ਹੋ ਜਾਂਦਾ ਹਾਂ। 'ਬੱਲੇ ਬੱਲੇ ! ਅਹਿ ਵੇਲ਼ੇ ਅੱਜ ਕੀੜੀ ਘਰ ਭਗਵਾਨ ਕਿਵੇਂ?' ਮੈਂ ਮਾਸਟਰ ਜੀ ਨੂੰ ਛੇੜਦਾ ਹਾਂ। ਉਨ੍ਹਾਂ ਦੇ ਹੱਥ ਵਿੱਚ ਦੋ ਲਿਫਾਫੇ ਹਨ। ਇੱਕ ਵਿੱਚ ਲੀਚੀਆਂ ਤੇ ਦੂਜੇ ਵਿੱਚ ਜਾਮਣਾਂ ਹਨ। ਮੇਰੀ ਰੂਹ ਖਿੜ ਜਾਂਦੀ ਹੈ। ਮੇਰਾ ਆਪਾ ਯਕਦਮ ਚਾਚੇ ਰਤਨੇ ਦੀ ਜਾਮਣ ਥੱਲੇ ਜਾ ਖੜ੍ਹਦਾ ਹੈ। ਛਮ ਛਮ ਮੀਂਹ ਵਰ੍ਹ ਰਿਹੈ। ਮੈਂ ਆਪਣੇ ਆੜੀਆਂ ਪੱਪੇ ਤੇ ਕਾਕੇ ਨਾਲ਼ ਰਸ ਭਰੀਆਂ ਕਾਲ਼ੀਆਂ ਨੀਲੀ ਭਾਅ ਮਾਰ ਰਹੀਆਂ ਜਾਮਣਾਂ ਤੋੜ ਤੋੜ ਖਾ ਰਿਹਾਂ। ਗੇਟ 'ਤੇ ਖੜ੍ਹੇ ਖੜ੍ਹੇ ਈ ਮੇਰੀ ਸੁਤਾਅ ਅੱਖ ਦੇ ਫੋਰ ਵਿੱਚ ਬੀਤ ਗਏ ਪਿੰਡ ਦਾ ਚੱਕਰ ਲਾ ਆਈ ਹੈ। ਆਪੇ 'ਚ ਪਰਤ ਆਇਆ ਮੈਂ ਨਿਰੁੱਤਰ ਹਾਂ। ਹੁਣ ਤਾਂ ਪਿੰਡ ਵੀ ਓਹ ਨਹੀਂ ਰਿਹਾ। ਮੈਂ ਮਾਸਟਰ ਜੀ ਨਾਲ਼ ਡਰਾਇੰਗ ਰੂਮ ਵਿੱਚ ਆ ਬਹਿੰਦਾ ਹਾਂ। ਆਮ ਵਾਂਗ ਮਾਸਟਰ ਜੀ ਦੇ ਚਿਹਰੇ 'ਤੇ ਚਿੰਤਾ ਦੀਆਂ ਲਕੀਰਾਂ ਪੈਲਾਂ ਪਾ ਰਹੀਆਂ ਹਨ। ਉਹ ਆਪਣੇ ਇੱਕੋ ਇੱਕ ਵੈਲੀ ਪੁੱਤ ਤੋਂ ਡਾਢੇ ਦੁਖੀ ਹਨ। ਇਹਨੂੰ ਇਹ ਡਰ ਹਮੇਸ਼ਾ ਸਤਾਉਂਦਾ ਰਹਿੰਦੈ, ਬਈ ਪੋਤੀਆਂ ਤੇ ਨੂੰਹ ਦਾ ਕੀ ਬਣੂੰ? 'ਆ ਦੇਖ ਲੈ ਹੁਣ ਆਪਣੀ ਛੋਟੀ ਭੈਣ ਨਾਲ਼ ਈ ਆਢਾ ਲਾ ਲਿਆ ਕੰਜਰ ਨੇ। ਊਂ ਸਾਡਾ ਪ੍ਰਾਹੁਣਾ ਵੀ ਅੱਗ ਲਾਊ ਯੰਤਰ ਆ। ਮੇਰਾ ਮੁੰਡਾ ਕੁੜੀ ਦੇ ਹਿੱਸੇ ਦੀਆਂ ਦੋ ਕਨਾਲ਼ਾਂ ਵੀ ਵੇਚਣ ਨੂੰ ਫਿਰਦੈ। ਬਈ ਜਦੋਂ ਮੈਂ ਆਪਣੀ ਧੀ ਨੂੰ ਵੰਡ ਕੇ ਦੇ 'ਤੀਆਂ, ਫਿਰ ਹੁਣ ਇਹਦਾ ਕਿਆ ਹੱਕ ਬਣਦੈ? ਜ਼ਮੀਨਾਂ ਦੇ ਵਧੇ ਰੇਟਾਂ ਨੇ ਲਹੂਆਂ 'ਚ ਪਾਣੀ ਪਾ 'ਤਾ ਵੀਰ।'

ਚਾਹ ਪੀਂਦਿਆਂ ਸਾਡਾ ਸਾਰਾ ਧਿਆਨ ਟੈਲੀਵੀਜ਼ਨ ਦੀ ਸਕਰੀਨ ਨਾਲ਼ ਜੁੜ ਜਾਂਦਾ ਹੈ। ਪ੍ਰੈੱਸ ਕਾਨਫਰੰਸਾਂ ਚੱਲ ਰਹੀਆਂ ਹਨ। ਅਕਾਲੀ, ਕਾਂਗਰਸੀ, ਭਾਜਪਾਈ ਤੇ ਆਪ, ਸਭਨਾਂ ਦੇ ਭੱਥਿਆਂ ਵਿੱਚੋਂ ਤੀਰਾਂ ਦੀ ਵਾਛੜ ਹੋ ਰਹੀ ਹੈ। ਕੁਰਸੀ ਦੀ ਜੰਗ ਵਿੱਚ ਦਰੋਪਤੀ ਦਾ ਚੀਰ ਹਰਣ ਹੋ ਰਿਹੈ। ਕਾਰਵਾਂ-ਪਾਂਡਵਾਂ ਦੀ ਲੜਾਈ ਵਾਂਗ ਹਰ ਕੋਈ ਆਪਣੇ ਆਪ ਨੂੰ ਯੋਧਾ, ਮਹਾਂਯੋਧਾ, ਮਹਾਂਬਲੀ ਸਾਬਤ ਕਰਨ ਵੱਲ ਰੁਚਿਤ ਹੈ। ਰਾਜ ਸੱਤ੍ਹਾ ਦੀ ਨਾਗਣ ਨੇ ਧਰਮਾਂ ਨੂੰ ਵੀ ਕੁੰਡਲੀ ਮਾਰ ਲਈ ਹੈ। ਇਨ੍ਹਾਂ ਮਹਾਂਬਲੀ, ਯੋਧਿਆਂ ਦੀ ਕੁਰਸੀ ਜੰਗ ਵਿੱਚ ਲੋਕ ਮਸਲੇ ਰੁਲ਼ ਗਏ ਹਨ। ਸਾਡੇ ਦੇਸ਼ ਪੰਜਾਬ ਦੇ ਸਾਫ-ਸ਼ਫਾਫ ਨੀਲੇ ਅੰਬਰ 'ਤੇ ਫਿਰ ਸ਼ਰਾਰਤ ਦਾ ਸੰਘਣਾ ਗਰਦ-ਗੁਬਾਰ ਛਾਇਆ ਹੋਇਐ? ਮਹਿੰਗਾਈ ਦੇ ਮਾਰੇ ਲੋਕ ਤ੍ਰਾਹ ਤ੍ਰਾਹ ਕਰ ਰਹੇ ਹਨ। ਪੰਜਾਬ ਕਰਜ਼ ਦੀਆਂ ਨੁਕੀਲੀਆਂ ਕਿੱਲਾਂ ਨਾਲ਼ ਵਿੰਨ੍ਹਿਆ ਪਿਆ, ਮੁਰਝਤ ਹੁੰਦਾ ਜਾ ਰਿਹੈ। ਸੋਚਦਾਂ ਹਾਂ ਮਖੌਟਿਆਂ, ਮਾਸਕਾਂ, ਦੋਗਲੇ ਤੇ ਅਤਿ-ਕਾਲ਼ੇ ਦਿਲ ਵਾਲ਼ਿਆਂ ਦੇ ਅਸਲ ਚਿਹਰੇ ਕਿਵੇਂ ਤੇ ਕਦੋਂ ਸਾਹਮਣੇ ਆਉਣਗੇ? ਮੇਰੇ ਬੁੱਲ੍ਹਾਂ 'ਤੇ ਮੇਰੇ ਗੀਤ ਦੇ ਬੋਲ ਜੀਵੰਤ ਹੋ ਉੱਠਦੇ ਹਨ, 'ਪਾਣੀ ਸਾਗਰਾਂ ਦੇ ਖ਼ਾਰੇ ਸਾਡੇ ਅੱਥਰੂ ਵੀ ਖਾਰੇ/ ਚੱਪੂ ਟੁੱਟੇ ਅਧਵਾਟੇ ਬੇੜੀ ਛੱਲਾਂ ਦੇ ਸਹਾਰੇ/ ਕਿਸੇ ਲਹਿਰ ਦਾ ਹੁਲਾਰਾ, ਖ਼ੌਰੇ ਬਖਸ਼ੇ ਕਿਨਾਰਾ/ ਏਸੇ ਆਸ 'ਤੇ ਸਾਹਾਂ ਨੂੰ ਅਟਕਾ ਲਿਆ/ ਸੱਧਰਾਂ ਦੇ ਹਾਰ ਗੁੰਦ ਕੇ/ ਅਸਾਂ ਜਿੰਦ ਨੂੰ ਅਵੱਲਾ ਰੋਗ ਲਾ ਗਿਆ।'

**ਸੰਪਰਕ : 98144-30874**

# ਪਾਕਿਸਤਾਨ ਦਾ ਪ੍ਰਸਿੱਧ ਸੰਗੀਤਕਾਰ ਬਾਬਾ ਜੀ ਏ ਚਿਸ਼ਤੀ


**ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ**

ਪਾਕਿਸਤਾਨ ਵਿਚ ਲਹਿੰਦੇ ਪੰਜਾਬ ਦੀਆਂ ਪੰਜਾਬੀ ਤੇ ਉਰਦੂ ਫਿਲਮਾਂ ਦੇ ਮਿੱਠੇ ਤੇ ਸੁਰੀਲੇ ਗੀਤਾਂ ਨੂੰ ਮਲਕਾ-ਇ-ਤਰੰਨੁਮ ਨੂਰ ਜਹਾਂ ਦੀ ਆਵਾਜ਼ ਵਿਚ ਸੁਣਦੇ ਹਾਂ ਤਾਂ ਦਿਲ ਬਾਗੋ-ਬਾਗ ਹੋ ਉੱਠਦਾ ਹੈ। ਇਨ੍ਹਾਂ ਫਿਲਮੀ ਗੀਤਾਂ ਨੂੰ ਸੁਰ ਦੇਣ ਵਾਲੀ ਸ਼ਖਸੀਅਤ ਹੈ-ਬਾਬਾ ਜੀ ਏ ਚਿਸ਼ਤੀ, ਜਿਨ੍ਹਾਂ ਦਾ ਅਸਲ ਨਾਂਅ ਗੁਲਾਮ ਅਹਿਮਦ ਚਿਸ਼ਤੀ ਹੈ। ਸਤਿਕਾਰ ਨਾਲ ਉਨ੍ਹਾਂ ਨੂੰ ਬਾਬਾ ਜੀ ਏ ਚਿਸ਼ਤੀ ਕਿਹਾ ਜਾਂਦਾ ਹੈ। ਸੰਗੀਤਕਾਰ ਜੀ ਏ ਚਿਸ਼ਤੀ ਦਾ ਜਨਮ, 07 ਅਗਸਤ 1905 ਵਿਚ ਜਲੰਧਰ ਜ਼ਿਲ੍ਹੇ ਦੇ ਇਕ ਪਿੰਡ ਵਿਚ ਹੋਇਆ। ਦੇਸ਼ ਵੰਡ ਪਿੱਛੋਂ ਉਹ ਲਾਹੌਰ ਚਲੇ ਗਏ। ਸੰਗੀਤ ਦਾ ਬਚਪਨ ਤੋਂ ਸ਼ੌਕ ਸੀ। ਸਕੂਲ ਪੜ੍ਹਦੇ ਸਮੇਂ ਉਹ ਨਾਹਤਾਂ (ਧਾਰਮਿਕ ਸੰਗੀਤ) ਗਾਇਆ ਕਰਦੇ ਸਨ। ਉਹ ਪਾਕਿਸਤਾਨ ਦੇ ਇਤਿਹਾਸਕ ਤੇ ਫਿਲਮੀ ਸ਼ਹਿਰ ਲਾਹੌਰ ਦੀ ਫਿਲਮ ਇੰਡਸਟਰੀ ਵਿਚ ਗੀਤ ਲਿਖ ਕੇ ਤਰਜ਼ਾਂ ਬਣਾਉਣ ਲੱਗੇ।

ਜੀ ਏ ਚਿਸ਼ਤੀ ਸਾਹਿਬ ਨੇ ਆਗਾ ਹਸਨ ਕਸ਼ਮੀਰੀ ਨਾਲ ਕੁਝ ਸਮਾਂ ਕੰਮ ਕੀਤਾ। ਭਾਰਤੀ ਫਿਲਮਾਂ ਵਿਚ ਵੀ ਜੀ ਏ ਚਿਸ਼ਤੀ ਦੇ ਡੇਢ ਦਰਜਨ ਗੀਤਾਂ ਦੇ ਉਹ ਮੌਸੀਕਾਰ ਹਨ। ਲਹਿੰਦੇ ਪੰਜਾਬ ਦੀ ਚਰਚਿਤ ਪਹਿਲੀ ਫਿਲਮ 'ਫੇਰੇ' (1949) ਦੇ ਸਾਰੇ ਗੀਤ ਜੀ ਏ ਚਿਸ਼ਤੀ ਨੇ ਇਕ ਦਿਨ ਵਿਚ ਲਿਖੇ ਤੇ ਸੁਰ ਕੀਤੇ। ਬੇਬੀ ਨੂਰ ਜਹਾਂ 9 ਸਾਲ ਦੀ ਸੀ ਜਦੋਂ ਪਹਿਲੀ ਵਾਰ ਨੂਰ ਜਹਾਂ ਨੂੰ ਜੀ ਏ ਚਿਸ਼ਤੀ ਨੇ ਸਟੇਜ 'ਤੇ ਤੁਆਰਫ ਕਰਾਇਆ। 'ਦੁੱਲਾ ਭੱਟੀ' ਫਿਲਮ ਉਧਰ ਤੇ ਇਧਰ ਦੋਨੋਂ ਪੰਜਾਬਾਂ ਵਿਚ ਬਹੁਤ ਮਕਬੂਲ ਹੋਈ। ਇਸ ਫਿਲਮ ਦੇ ਗਾਣੇ ਜੀ ਏ ਚਿਸ਼ਤੀ ਦੇ ਸੁਰ ਸੰਗੀਤ ਕਾਰਨ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਏ। ਇਸ ਫਿਲਮ ਤੋਂ ਹੋਈ ਆਮਦਨ ਤੋਂ ਜੀ ਏ ਚਿਸ਼ਤੀ ਨੇ ਐਵਰਗਰੀਨ ਫਿਲਮ ਸਟੂਡਿਓ ਬਣਾਇਆ। ਫਿਲਮ 'ਫੇਰੇ' ਦਾ ਗੀਤ 'ਮੈਨੂੰ ਰੱਬ ਦੀ ਸਹੁੰ ਤੇਰੇ ਨਾਲ ਪਿਆਰ ਹੋ ਗਿਆ ਵੇ ਚੰਨਾ ਸੱਚੀ-ਮੁੱਚੀ, ਤੇਰੀ ਯਾਦ ਵਿਚ ਦਿਲ ਬੇਕਰਾਰ ਹੋ ਗਿਆ ਵੇ ਚੰਨਾ ਸੱਚੀ ਮੁੱਚੀ' (ਆਵਾਜ਼ ਮੁਨਵਰ ਸੁਲਤਾਨਾ) ਦੀ ਤਰਜ਼ ਜੀ ਏ ਚਿਸ਼ਤੀ ਨੇ ਬਣਾਈ। ਜੀ ਏ ਚਿਸ਼ਤੀ ਸਾਹਿਬ ਮੌਸੀਕਾਰ ਦੇ ਨਾਲ ਫਿਲਮੀ ਗੀਤਾਂ ਦੇ ਸ਼ਾਇਰ ਵੀ ਰਹੇ। ਪੰਜਾਬੀ ਫਿਲਮ ਯੱਕੇ ਵਾਲੀ ਦੀ ਆਮਦਨ ਤੋਂ ਜੀ ਏ ਚਿਸ਼ਤੀ ਨੇ ਵਾਰਿਸ ਫਿਲਮ ਸਟੂਡਿਓ ਬਣਾਇਆ। ਗਾਇਕ ਕਲਾਕਾਰ ਮਸੂਦ ਰਾਣਾ ਨਾਲ ਚਿਸ਼ਤੀ ਸਾਹਿਬ ਦੀ ਬਹੁਤ ਮੁਹੱਬਤ ਸੀ। ਨਵੇਂ ਕਲਾਕਾਰ ਚਿਸ਼ਤੀ ਸਾਹਿਬ ਦਾ ਬਹੁਤ ਮਾਣ ਕਰਦੇ ਸਨ। ਜੀ ਏ ਚਿਸ਼ਤੀ ਸਾਹਿਬ ਦੇ ਦੋ ਲੜਕੇ ਸਨ। ਇਕ ਪੁੱਤਰ ਤਸਕੀਨ ਚਿਸ਼ਤੀ ਇਸ ਵੇਲੇ ਉੱਘਾ ਮੌਸੀਕਾਰ ਹੈ। ਜੀ ਏ ਚਿਸ਼ਤੀ ਦੀ ਬੀਵੀ 1949 ਵਿਚ ਵਿਛੋੜਾ ਦੇ ਗਈ ਸੀ। ਬੀਵੀ ਦੀ ਮੌਤ ਪਿੱਛੋਂ ਉਨ੍ਹਾਂ ਗੀਤ ਲਿਖਿਆ——ਕੀ ਕੀਤਾ ਤਕਦੀਰ ਰੋਲ ਸੁਟੇ ਦੋ ਹੀਰੇ'।

ਪੰਜਾਬੀ ਫਿਲਮ 'ਪਤਨ' ਵਿਚ ਗਾਇਕਾ ਜ਼ੁਬੈਦਾ ਖਾਨੁਮ ਦਾ ਗੀਤ 'ਛੱਡ ਜਾਵੀਂ ਨਾ ਚੰਨਾ ਬਾਂਹ ਫੜ ਕੇ, ਹਾਏ ਵੇ ਡੋਲੇ ਕਾਲਜਾ ਮੇਰਾ ਤੇ ਦਿਲ ਧੜਕੇ' ਦੀ ਸੁਰ ਜੀ ਏ ਚਿਸ਼ਤੀ ਦੀ ਹੈ। ਪਾਕਿਸਤਾਨ ਦੇ ਪ੍ਰਸਿੱਧ ਫਿਲਮੀ ਕਲਾਕਾਰ ਇਨਾਇਤ ਹੁਸੈਨ ਭੱਟੀ ਨੇ ਫਿਲਮ 'ਮਾਹੀ ਮੁੰਡਾ' ਵਿਚ ਗੀਤ 'ਰੰਨਾਂ ਵਾਲਿਆਂ ਦੇ ਪੱਕਣ ਪਰੌਂਠੇ ਤੇ ਛੜਿਆਂ ਦੀ ਅੱਗ ਨਾ ਬਲੇ' ਲੋਕ ਗੀਤ ਦਾ ਰੁਤਬਾ ਹਾਸਲ ਕਰ ਗਿਆ, ਜਿਸ ਦੀ ਮੌਸਿਕੀ ਜੀ ਏ ਚਿਸ਼ਤੀ ਦੀ ਹੈ। ਫਿਲਮ 'ਮਾਹੀ ਮੁੰਡਾ' ਦਾ ਗੀਤ 'ਵੇ ਮੈਂ ਨਾਰ ਪਟੋਲੇ ਵਰਗੀ' (ਆਵਾਜ਼ ਜ਼ੁਬੈਦਾ ਖਾਨਮ) ਦੇ ਸੰਗੀਤਕਾਰ ਜੀ ਏ ਚਿਸ਼ਤੀ ਹਨ। ਜੀ ਏ ਚਿਸ਼ਤੀ ਨੇ ਸਾਰਿਆਂ ਤੋਂ ਵੱਧ ਕਲਾਕਾਰਾਂ ਨਾਲ ਕੰਮ ਕੀਤਾ।

ਲਹਿੰਦੇ ਪੰਜਾਬ ਦੀ ਫਿਲਮ 'ਪੀਂਘਾਂ' ਵਿਚ ਕੌਸਰ ਪਰਵੀਨ ਦੀ ਮਿੱਠੀ ਆਵਾਜ਼ ਵਿਚ ਸੋਜ਼ਮਈ ਗੀਤ 'ਤੈਨੂੰ ਭੁੱਲ ਗਈਆਂ ਸਾਡੀਆਂ ਰਾਹਵਾਂ, ਸਾਡੇ ਲੇਖਾਂ ਵਿਚ ਲਿਖੀਆਂ ਨੇ ਹਾਵਾਂ, ਵੇ ਅਸਾਂ ਤੈਨੂੰ ਕੀ ਆਖਣਾ ਵੇ ਤੈਨੂੰ ਕੀ ਆਖਣਾ' ਨੂੰ ਜੀ ਏ ਚਿਸ਼ਤੀ ਨੇ ਸੁਰ ਦੇ ਕੇ ਘਰ-ਘਰ ਦਾ ਗੀਤ ਬਣਾ ਦਿੱਤਾ। ਇਸ ਗੀਤ ਨਾਲ ਕੌਸਰ ਪਰਵੀਨ ਵੀ ਫਿਲਮੀ ਜਗਤ ਵਿਚ ਅੰਬਰਾਂ ਨੂੰ ਛੂਹ ਗਈ। ਇਕ ਬਹੁਚਰਚਿੱਤ ਗੀਤ ਹੈ 'ਵਾਸਤਾ ਈ ਰੱਬ ਦਾ ਤੂੰ ਜਾਈਂ ਵੇ ਕਬੂਤਰਾ ਚਿੱਠੀ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ' ਫਿਲਮ ਦੁੱਲਾ ਭੱਟੀ ਦੋਨਾਂ ਪੰਜਾਬਾਂ ਵਿਚ ਬਹੁਤ ਲੰਮਾ ਸਮਾਂ ਸੁਣਿਆ ਗਿਆ। ਇਸ ਦੀ ਤਰਜ਼ ਵੀ ਜੀ ਏ ਚਿਸ਼ਤੀ ਦਾ ਕਮਾਲ ਹੈ। ਪਰਵਾਰਕ ਫਿਲਮ 'ਗੁੱਡੀ ਗੁੱਡਾ' ਦਾ ਗੀਤ 'ਬਾਬਲ ਦਾ ਵਿਹੜਾ ਛੱਡ ਕੇ ਵੀਰਾਂ ਤੋਂ ਦੂਰ ਚਲੀ— ਗੁੱਡੀਆਂ ਪਟੋਲੇ ਛੱਡ ਕੇ ਵੀਰਾਂ ਤੋਂ ਦੂਰ ਚਲੀ' ਦੀ ਆਵਾਜ਼ ਤੇ ਦ੍ਰਿਸ਼ ਵੇਖ ਕੇ ਭਾਵੁਕਤਾ ਛਲਕਦੀ ਹੈ। ਪੰਜਾਬੀ ਸੱਭਿਆਚਾਰ ਵਿਚ ਧੀਆਂ ਨੂੰ ਘਰੋਂ ਤੋਰਨ ਵੇਲੇ ਇਹ ਗੀਤ ਬਹੁਤ ਉਦਾਸੀ ਵਿਚ ਗਾਇਕਾਂ ਨੇ ਗਾਇਆ ਹੈ। ਇਹ ਗੀਤ ਅਕਸਰ ਮੇਰੇ ਸਵਰਗੀ ਪਿਤਾ ਜੀ ਸੁਣਿਆ ਕਰਦੇ ਸਨ। ਜੀ ਏ ਚਿਸ਼ਤੀ ਦੀ ਤਰਜ਼ ਵਾਲੇ ਗੀਤ ਪੀੜ੍ਹੀ ਦਰ ਪੀੜ੍ਹੀ ਸਾਡੇ ਪੰਜਾਬੀ ਸੱਭਿਆਚਾਰ ਦਾ ਅੰਗ ਬਣ ਚੁੱਕੇ ਹਨ।



ਲਹਿੰਦੇ ਪੰਜਾਬ ਦੀ ਚਰਚਿਤ ਪੰਜਾਬੀ ਫਿਲਮ 'ਡਾਚੀ' ਵਿਚ ਇਕ ਗੀਤ ਹੈ-'ਟਾਂਗੇ ਵਾਲਾ ਖੈਰ ਮੰਗਦਾ ਟਾਂਗਾ ਲਾਹੌਰ ਦਾ ਹੋਵੇ ਤੇ ਭਾਵੇਂ ਝੰਗ ਦਾ' ਮਸੂਦ ਰਾਣਾ ਨੇ ਜਿਸ ਲੋਰ ਵਿਚ ਗਾਇਆ ਤੇ ਚੱਲਦੀ ਗੱਡੀ ਦੇ ਦ੍ਰਿਸ਼ ਫਿਲਮਾਏ, ਉਹ ਲਾਜਵਾਬ ਹਨ। ਜੀ ਏ ਚਿਸ਼ਤੀ ਨੇ ਇਸ ਗੀਤ ਦੀ ਤਰਜ਼ ਬਣਾ ਕੇ ਸਦਾ-ਬਹਾਰ ਗੀਤ ਦੇ ਮੁਕਾਮ 'ਤੇ ਪੁਚਾ ਦਿੱਤਾ। ਫਿਲਮ 'ਹੱਥ ਜੋੜੀ' ਵੀ ਬਹੁਤ ਪੁਰਾਣੀ ਪੰਜਾਬੀ ਫਿਲਮ ਹੈ। ਇਸ ਫਿਲਮ ਦਾ ਗੀਤ 'ਥੋੜ੍ਹਾ ਥੋੜ੍ਹਾ ਚੰਨ ਵੇਖਿਆ ਬਹੁਤਾ ਰਹਿ ਗਿਆ ਅੱਖਾਂ ਦੇ ਉਹਲੇ' ਤੇ ਮਸੂਦ ਰਾਣਾ ਦਾ ਗੀਤ 'ਸਜਨਾ ਨੇ ਬੂਹੇ ਅੱਗੇ ਚਿਕ ਤਾਣ ਲਈ' (ਫਿਲਮ ਭਰਿਆ ਮੇਲਾ) ਦੀ ਸੁਰ ਵੀ ਜੀ ਏ ਚਿਸ਼ਤੀ ਦੀ ਹੈ। ਜੀ ਏ ਚਿਸ਼ਤੀ ਦੀਆਂ ਮਨਮੋਹਕ ਤਰਜ਼ਾਂ ਹੋਰ ਵੀ ਪੰਜਾਬੀ ਫਿਲਮਾਂ ਦੇ ਚਰਚਿਤ ਗੀਤਾਂ ਵਿਚ ਹਨ। ਪਤਾ ਲੱਗਾ ਹੈ ਕਿ ਜੀ ਏ ਚਿਸ਼ਤੀ ਨੇ 500 ਗੀਤਾਂ ਦੀਆ ਤਰਜ਼ਾਂ ਬਣਾਈਆਂ। (ਸਾਰਿਆਂ ਦਾ ਜ਼ਿਕਰ ਸੰਭਵ ਨਹੀਂ) ਫਿਲਮ 'ਚੰਨ ਤਾਰਾ' ਦਾ ਗੀਤ ਤੱਕ ਚੰਨ ਪਿਆ ਜਾਂਦਾ ਈ (ਆਵਾਜ਼ਾਂ ਪਰਵੇਜ਼ ਮਹਿੰਦੀ ਤੇ ਨੂਰ ਜਹਾਂ) ਦੀ ਤਰਜ਼ ਵੀ ਚਿਸ਼ਤੀ ਜੀ ਦੀ ਦੇਣ ਹੈ। 1979 ਵਿਚ ਸਰਕਾਰ ਵੱਲੋਂ ਜੀ ਏ ਚਿਸ਼ਤੀ ਨੂੰ ਬੈਸਟ ਪ੍ਰੋਫਾਰਮੈਂਸ ਐਵਾਰਡ ਮਿਲਿਆ।

'ਲੰਗੋਟੀਆ' ਫਿਲਮ ਵਿਚ ਨਸੀਮ ਬੇਗਮ ਦਾ ਗੀਤ 'ਛੁਪ ਜਾਓ ਤਾਰਿਓ ਪਾ ਦਿਓ ਹਨੇਰ ਵੇ ਅਸਾਂ ਇਸ ਰਾਤ ਦੀ ਨੀਂ ਵੇਖਣੀ ਸਵੇਰ ਵੇ' ਦੀ ਸੋਜ਼ਮਈ ਤਰਜ਼ ਜੀ ਏ ਚਿਸ਼ਤੀ ਦੀ ਕਲਾ ਦਾ ਕਮਾਲ ਹੈ। ਫਿਲਮ 'ਸ਼ੇਰਾਂ ਦੀ ਜੋੜੀ' ਦਾ ਗੀਤ 'ਤੇਰੇ ਹੱਥ ਕੀ ਬੇਦਰਦੇ ਆਇਆ ਨੀ ਫੁੱਲਾਂ ਜਿਹਾ ਦਿਲ ਤੋੜ ਕੇ' ਸੰਗੀਤ ਜੀ ਏ ਚਿਸ਼ਤੀ ਤੇ ਆਵਾਜ਼ ਨੂਰ ਜਹਾਂ ਚਰਚਿਤ ਗੀਤ ਹੈ। (ਇਹ ਗੀਤ ਥੋੜ੍ਹੇ ਜਿਹੇ ਸ਼ਬਦੀ ਅੰਤਰ ਨਾਲ ਮਸੂਦ ਰਾਣਾ ਨੇ ਵੀ ਗਾਇਆ ਹੈ) ਫਿਲਮ 'ਚੰਨ ਪੁੱਤਰ' ਵਿਚ ਨਸੀਮ ਬੇਗਮ ਦਾ ਗੀਤ 'ਸਾਨੂੰ ਵੀ ਲੈ ਚੱਲ ਨਾਲ ਵੇ ਬਾਊ ਸੁਣ ਗੱਡੀ ਵਾਲਿਆ' ਦੀ ਸਾਦਗੀ ਤੇ ਰੁਮਾਂਸ ਨੂੰ ਜੀ ਏ ਚਿਸ਼ਤੀ ਦੀ ਤਰਜ਼ ਨੇ ਉਭਾਰਿਆ ਤੇ ਲੋਕਾਂ ਦੀ ਪਸੰਦ ਬਣਾਇਆ। ਕੁਝ ਉਰਦੂ ਗੀਤਾਂ ਦੀ ਸੁਰ ਵੀ ਜੀ ਏ ਚਿਸ਼ਤੀ ਨੇ ਬਣਾਈ। ਜੀ ਏ ਚਿਸ਼ਤੀ ਦਿਲ ਦੇ ਦੌਰੇ ਨਾਲ 25 ਦਸੰਬਰ, 1994 ਵਿਚ 89 ਸਾਲ ਦੀ ਉਮਰ ਵਿਚ ਲਾਹੌਰ ਵਿਚ ਵਫਾਤ ਪਾ ਗਏ। ਵੱਡੀ ਗਿਣਤੀ ਵਿਚ ਲੋਕਾਂ ਨੇ ਜੀ ਏ ਚਿਸ਼ਤੀ ਨੂੰ ਅੰਤਿਮ ਵਿਦਾਇਗੀ ਦਿੱਤੀ। ਲਹਿੰਦੇ ਪੰਜਾਬ ਦੇ ਮੌਸੀਕਾਰ ਬਾਬਾ ਜੀ ਏ ਚਿਸ਼ਤੀ ਦੀਆਂ ਬਣਾਈਆਂ ਤਰਜ਼ਾਂ ਅੱਜ ਵੀ ਫਿਲਮੀ ਗੀਤਾਂ ਦਾ ਸ਼ਿੰਗਾਰ ਹਨ ਤੇ ਦੋਨੋਂ ਪੰਜਾਬਾਂ ਦੇ ਪੰਜਾਬੀ ਸਰੋਤੇ ਖੂਬ ਆਨੰਦ ਲੈ ਰਹੇ ਹਨ।

**ਸੰਪਰਕ-98148-56160**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਭਾਰਤੀ ਰਾਜਨੀਤੀ ਦੇ ਪ੍ਰਸੰਗ 'ਚ ਸਿੱਖ ਮਸਲਿਆਂ ਦਾ ਵਿਸ਼ਲੇਸ਼ਣ


ਫੋਕਸ

ਚਰਚਾ ਇਕ ਪੁਸਤਕ ਦੀ

ਡਾ. ਪਰਮਜੀਤ ਢੀਂਗਰਾ

## 'ਸਾਚੀ ਸਾਖੀ' ਦਾ ਅਸਲੀ ਸੱਚ

**ਸਿਰਦਾਰ ਕਪੂਰ ਸਿੰਘ**
**ਸੰਪਾ. ਡਾ. ਭਗਵੰਤ ਸਿੰਘ, ਸੰਦੀਪ ਸਿੰਘ**
**ਸਫੇ : 477, ਮੁੱਲ : 695 ਰੁਪਏ**
**ਲੋਕਗੀਤ ਪ੍ਰਕਾਸ਼ਨ, ਮੁਹਾਲੀ**






ਕਿਸੇ ਕਿਤਾਬ 'ਤੇ ਲੰਮੇ ਸਮੇਂ ਤੱਕ ਵਿਚਾਰ ਵਿਮਰਸ਼ ਹੋਣਾ ਕੀ ਉਸ ਦੀ ਪ੍ਰਾਪਤੀ ਮੰਨੀ ਜਾਵੇ ਜਾਂ ਵਿਚਾਰਾਂ ਦਾ ਭੇੜ? ਇਹ ਦੋਵੇਂ ਸੱਚ ਹੋ ਸਕਦੇ ਹਨ। ਕਿਸੇ ਕਿਤਾਬ ਵਿਚਲੇ ਤੱਥਾਂ ਤੇ ਵਿਚਾਰਾਂ ਦਾ ਨਿਬੇੜਾ ਸਮਕਾਲ ਵਿਚ ਹੋ ਜਾਵੇ ਤਾਂ ਬਿਹਤਰ ਨਹੀਂ ਤਾਂ ਇਤਿਹਾਸ ਵੱਲ ਜਾਂਦਿਆਂ ਉਹੀ ਤੱਥ, ਵਿਚਾਰ, ਮਿੱਥਾਂ, ਭਟਕਨਾਵਾਂ ਤੇ ਵਿਚਾਰਾਂ ਦੇ ਭੇੜ ਧਿਰਾਂ ਵਿਚ ਵੰਡੇ ਜਾਂਦੇ ਹਨ। ਸ਼ਾਇਦ 'ਸੱਚੀ ਸਾਖੀ' ਨਾਲ ਵੀ ਇਹੀ ਭਾਣਾ ਵਰਤਿਆ ਹੈ। ਜਦੋਂ ਪੰਜਾਬ ਵਿਚ ਬਦ-ਅਮਨੀ ਦਾ ਦੌਰ ਦੌਰਾ ਸੀ ਤਾਂ ਇਸ ਕਿਤਾਬ ਦੇ ਚਰਚੇ ਨੇ ਹਨੇਰੀ ਲਿਆ ਦਿੱਤੀ। ਓਦੋਂ ਇਸ ਨੂੰ ਬੈਨ ਕਰ ਦਿੱਤਾ ਗਿਆ ਸੀ। ਵਿਚਾਰਵਾਨ ਇਸ ਨੂੰ ਲੱਭ ਰਹੇ ਸਨ, ਫੋਟੋ ਕਾਪੀਆਂ ਕਰਵਾ ਰਹੇ ਸਨ। ਜਦੋਂ ਮਨੁੱਖ ਸੰਕਟ ਵਿਚ ਹੁੰਦਾ ਹੈ ਤਾਂ ਉਹ ਇਤਿਹਾਸਕ ਰਚਨਾਵਾਂ ਵੱਲ ਅਹੁਲਦਾ ਹੈ ਤਾਂ ਕਿ ਸਮਕਾਲ ਵਿਚਲੇ ਸੰਕਟਾਂ ਦੀ ਨਿਸ਼ਾਨਦੇਹੀ ਕਰ ਸਕੇ। ਓਦੋਂ ਇਹ ਲਿਖਤਾਂ ਕਈ ਵਾਰ ਅਗਵਾਈ ਕਰਦੀਆਂ ਲੱਗਦੀਆਂ ਹਨ।

ਸਿੱਖ ਚਿੰਤਕਾਂ ਵਿਚ ਸ੍. ਕਪੂਰ ਸਿੰਘ ਦਾ ਨਾਂਅ ਮੂਹਰਲੀ ਕਤਾਰ ਵਿਚ ਆਉਂਦਾ ਹੈ। ਉਨ੍ਹਾਂ ਬਾਰੇ ਸੰਪਾਦਕੀ ਵਿਚ ਬੜੀ ਸੰਜਮੀ ਸ਼ੈਲੀ ਵਿਚ ਸੰਪਾਦਕ ਲਿਖਦਾ ਹੈ-ਸਿਰਦਾਰ ਕਪੂਰ ਸਿੰਘ (2 ਮਾਰਚ 1909-13 ਅਗਸਤ 1986) ਨੇ ਸਿੱਖ ਫਲਸਫੇ, ਸਿੱਖ ਵਿਚਾਰਧਾਰਾ, ਇਤਿਹਾਸ, ਸਮਾਜਿਕ ਪ੍ਰਸੰਗ, ਰਾਜਨੀਤਕ ਸੰਕਲਪਾਂ ਨੂੰ ਇਕ ਵੱਖਰੀ ਦ੍ਰਿਸ਼ਟੀ ਤੋਂ ਨਵੀਂ ਸੇਧ ਦਿੱਤੀ। ਉਨ੍ਹਾਂ ਨੇ ਕੌਮਾਂਤਰੀ ਸਥਿਤੀਆਂ ਦੇ ਪ੍ਰਸੰਗ ਵਿਚ ਵਿਸ਼ਵ ਇਤਿਹਾਸ ਨੂੰ ਦ੍ਰਿਸ਼ਟੀਗੋਚਰ ਰੱਖਦੇ ਹੋਏ ਪੰਜਾਬ ਤੇ ਸਿੱਖਾਂ ਬਾਰੇ ਆਪਣੀਆਂ ਮਾਨਤਾਵਾਂ ਸਥਾਪਤ ਕੀਤੀਆਂ। ਸਿਰਦਾਰ ਕਪੂਰ ਸਿੰਘ ਦੂਰ-ਦ੍ਰਿਸ਼ਟੇਤਾ, ਇਤਿਹਾਸ, ਦਰਸ਼ਨ, ਸਮਾਜ, ਧਰਮ ਤੇ ਕਈ ਭਾਸ਼ਾਵਾਂ ਦੇ ਗਿਆਤਾ ਸਨ। ਉਨ੍ਹਾਂ ਨੇ ਦੇਸ਼ ਦੇਸ਼ਾਂਤਰਾਂ ਦੇ ਭ੍ਰਮਣ ਤੇ ਉਸ ਸਮੇਂ ਦੇ ਵਿਸ਼ਵ ਦੇ ਸਭ ਤੋਂ ਵੱਡੇ ਮਹਾਂਨਗਰਾਂ ਨੂੰ ਨਿਕਟ ਤੋਂ ਦੇਖਿਆ। ਉਹ ਇੰਗਲੈਂਡ ਵਿਖੇ ਕੈਂਬਰਿਜ ਯੂਨੀਵਰਸਿਟੀ ਤੋਂ ਪੜ੍ਹੇ ਤੇ ਆਈ.ਸੀ.ਐੱਸ. ਪਾਸ ਕਰਕੇ ਪੰਜਾਬ ਦੇ ਕਈ ਜ਼ਿਲ੍ਹਿਆਂ ਗੁਜਰਾਤ, ਕਰਨਾਲ, ਹੁਸ਼ਿਆਰਪੁਰ ਆਦਿ ਦੇ ਡਿਪਟੀ ਕਮਿਸ਼ਨਰ ਰਹੇ। ਉਹ ਕੁਸ਼ਲ ਪ੍ਰਸ਼ਾਸਕ, ਨਿਆਂ ਪਸੰਦ ਅਤੇ ਦਲੇਰੀ ਨਾਲ ਫੈਸਲੇ ਲੈਂਦੇ ਸਨ। ਉਨ੍ਹਾਂ ਦਾ ਸਾਰੇ ਪਾਸੇ ਦਬਦਬਾ ਸੀ।

ਇਸ ਤਰ੍ਹਾਂ ਸਪੱਸ਼ਟ ਹੈ ਕਿ ਉਹ ਵੱਡੇ ਵਿਦਵਾਨ ਹੋਣ ਦੇ ਨਾਲ-ਨਾਲ ਚੰਗੇ ਪ੍ਰਸ਼ਾਸਕ ਤੇ ਇਮਾਨਦਾਰ ਛਵੀ ਵਾਲੇ ਅਫਸਰ ਸਨ। ਵਿਦੇਸ਼ਾਂ ਵਿਚ ਪੜ੍ਹੇ ਹੋਣ ਕਰਕੇ ਉਹ ਵਿਸ਼ਵ ਚਿੰਤਨ ਤੇ ਸਮਕਾਲੀ ਸਰੋਕਾਰਾਂ ਨਾਲ ਜੁੜੇ ਹੋਏ ਸਨ। ਇਹੀ ਕਾਰਨ ਹੈ ਕਿ ਉਨ੍ਹਾਂ ਵਿਚ ਬੇਬਾਕੀ ਸੀ ਤੇ ਹਰ ਫੈਸਲੇ ਨੂੰ ਨਿਆਂ ਤੇ ਤਰਕਸੰਗਤ ਦੇ ਆਧਾਰ ਉੱਤੇ ਲੈਣ ਲਈ ਉਹ ਅਜ਼ਾਦ ਸਨ, ਪਰ ਅਜਿਹੀ ਅਜ਼ਾਦੀ ਤੇ ਵਿਹਾਰ ਰਾਜਨੀਤੀ ਦੇ ਵਿਹੜੇ ਵਿਚ ਉਨ੍ਹਾਂ ਨੂੰ ਰਾਸ ਨਾ ਆਏ।

ਹੱਥਲੀ ਕਿਤਾਬ 'ਸਾਚੀ ਸਾਖੀ ਦਾ ਅਸਲੀ ਸੱਚ' ਉਨ੍ਹਾਂ ਦੀ ਰਾਜਨੀਤਕ ਸੂਝ-ਬੂਝ ਦੇ ਨਾਲ-ਨਾਲ ਸਿੱਖ ਮਸਲਿਆਂ ਨੂੰ ਵਿਚਾਰਨ ਤੇ ਭਾਰਤੀ ਰਾਜਨੀਤੀ ਵਿਚ ਸਿੱਖਾਂ ਦੀ ਪੁਜ਼ੀਸ਼ਨ ਨੂੰ ਸਮਕਾਲ ਤੇ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਦੇਖਣ ਦਾ ਯਤਨ ਹੈ। ਇਹ ਇਤਿਹਾਸਕ ਦ੍ਰਿਸ਼ਟੀ ਤੋਂ ਰੈਫਰੈਂਸ ਦੀ ਹੈਸੀਅਤ ਰੱਖਦੀ ਹੈ। ਇਸ ਨੂੰ ਕੁਝ ਵਿਦਵਾਨ ਸਿੱਖਾਂ ਦਾ ਰਾਜਨੀਤਕ ਡਾਕੂਮੈਂਟ ਵੀ ਕਹਿੰਦੇ ਹਨ। ਇਸ ਵਿਚ ਇਤਿਹਾਸਕ ਹਵਾਲਿਆਂ ਦੇ ਨਾਲ-ਨਾਲ ਨਿੱਜੀ ਅਨੁਭਵ ਤੇ ਸਮਕਾਲੀ ਗਵਾਹੀਆਂ ਦੇ ਪ੍ਰਸੰਗ ਕਰਕੇ ਇਹਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਧਰਮ ਤੇ ਨੈਤਿਕ ਅਸੂਲਾਂ ਦਾ ਇਹਨੂੰ ਸ੍ਰੇਸ਼ਟ ਦਸਤਾਵੇਜ਼ ਮੰਨਿਆ ਜਾਂਦਾ ਹੈ।

ਵਾਰਤਾਲਾਪੀ ਸ਼ੈਲੀ ਇਸ ਕਿਤਾਬ ਦਾ ਵੱਡਾ ਗੁਣ ਹੈ। ਇਸ ਨਾਲ ਪੜ੍ਹਨ ਵਾਲੇ ਨੂੰ ਮਹਿਸੂਸ ਹੁੰਦਾ ਹੈ ਜਿਵੇਂ ਘਟਨਾਵਾਂ ਸਾਖਸ਼ਾਤ ਰੂਪ ਵਿਚ ਉਹਦੇ ਸਾਹਮਣੇ ਵਾਪਰ ਰਹੀਆਂ ਹੋਣ। ਉਹ ਵੀ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਗਵਾਹ ਬਣ ਜਾਂਦਾ ਹੈ। ਲੇਖਕ ਦੀ ਇਹ ਚਮਤਕਾਰੀ ਸ਼ਖਸੀਅਤ ਦਾ ਅਸਰ ਹੈ ਕਿ ਉਹ ਘਟਨਾਵਾਂ ਤੇ ਵਰਤਾਰਿਆਂ ਨੂੰ ਇਸ ਸ਼ੈਲੀ ਵਿਚ ਬਿਆਨ ਕਰਨ ਦਾ ਮਾਹਰ ਹੈ। ਇਹਦੀ ਇਕ ਉਦਾਹਰਣ ਲਈ ਜਾ ਸਕਦੀ ਹੈ-ਸਰ ਕ੍ਰਿਪਸ ਨੇ ਸੋਟੀ ਨਾਲ ਹਿੰਦੁਸਤਾਨ ਦਾ ਨਕਸ਼ੇ 'ਤੇ ਪਾਨੀਪਤ ਤੋਂ ਨਨਕਾਣੇ ਸਾਹਿਬ ਦੇ ਇਲਾਕੇ ਦੇ ਦੁਆਲੇ ਲਕੀਰ ਲਾ ਕੇ ਇਸ ਇਲਾਕੇ ਨੂੰ ਸਿੱਖਾਂ ਦੇ ਵਿਸ਼ੇਸ਼ ਰਾਖਵੇਂ ਅਧਿਕਾਰ ਵਾਲਾ ਕਿਹਾ ਸੀ। ਸਰ ਕ੍ਰਿਪਸ ਨੇ ਕਿਹਾ ਸੀ ਕਿ ਭਾਵੇਂ ਇਹ ਇਲਾਕਾ ਕਿਸੇ ਪਾਸੇ ਵੀ ਜਾਵੇ, ਕੋਈ ਵਿਧਾਨ ਅਜਿਹਾ ਨਾ ਬਣੇ ਜਿਹੜਾ ਇਸ ਇਲਾਕੇ ਬਾਰੇ ਸਿੱਖਾਂ ਦੀ ਮਰਜ਼ੀ ਦੇ ਵਿਰੁੱਧ ਬਣੇ ਤਾਂ ਕੀ ਇਹ ਸਿੱਖਾਂ ਨੂੰ ਮਨਜ਼ੂਰ ਹੈ? ਸਰਦਾਰ ਸਾਹਿਬ, 'ਨਹੀਂ, ਨਹੀਂ ਮੇਰੀ ਕੌਮ ਤਾਂ ਜਿਹਲਮ ਤੱਕ ਰਾਜ ਮੰਗਦੀ ਹੈ। ਇਹ ਛੋਟਾ ਜਿਹਾ ਥਾਂ ਅਸਾਂ ਨਹੀਂ ਲੈਣਾ।'

ਲੇਖਕ ਦਾ ਇਕ ਇਤਿਹਾਸਕ ਦਾਅਵਾ ਹਮੇਸ਼ਾ ਚਰਚਾ ਵਿਚ ਰਿਹਾ ਹੈ। ਦੇਸ਼ ਵੰਡ ਵੇਲੇ ਤਿੰਨਾਂ ਸਮੁਦਾਇਆਂ ਵਿਚ ਬਹੁਤ ਜ਼ਿਆਦਾ ਤਨਾਓ ਸੀ। ਦੂਜੇ ਪਾਸੇ ਮਾਰ ਕਾਟ, ਉਧਾਲੇ ਹੋ ਰਹੇ ਸਨ। ਕਤਲੋਗਾਰਤ ਏਨੀ ਵੱਡੀ ਪੱਧਰ ਉੱਤੇ ਹੋ ਰਹੀ ਸੀ ਕਿ ਕਿਸੇ ਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਹੋ ਰਿਹਾ ਹੈ ਤੇ ਇਹਦਾ ਹੱਲ ਕੀ ਹੈ। ਇਕ ਪਾਸੇ ਵੱਡੀ ਧਿਰ ਅਜ਼ਾਦੀ ਲੈਣ ਦੀ ਕਾਹਲ ਵਿਚ ਸੀ, ਦੂਜੇ ਪਾਸੇ ਮੁਸਲਿਮ ਲੀਗ ਵਾਲੀ ਧਿਰ ਦੇਸ਼ ਨੂੰ ਵੰਡਣ ਦੇ ਨਾਲ-ਨਾਲ ਵੱਧ ਤੋਂ ਵੱਧ ਇਲਾਕੇ ਹਥਿਆਉਣਾ ਚਾਹੁੰਦੀ ਸੀ। ਅਜਿਹੀਆਂ ਸਥਿਤੀਆਂ ਵਿਚ ਸਿੱਖਾਂ ਦੀ ਵਾਗਡੋਰ ਜਿਨ੍ਹਾਂ ਲੀਡਰਾਂ ਦੇ ਹੱਥ ਵਿਚ ਸੀ, ਉਹ ਇਸ ਨੂੰ ਸੁਰੱਖਿਅਤ ਰੱਖਣ ਵਿਚ ਕਾਮਯਾਬ ਨਹੀਂ ਹੋਏ। ਦੂਜੇ ਪਾਸੇ ਜਿਹੜੀ ਧਿਰ ਅਜ਼ਾਦੀ ਲਈ ਕਾਹਲੀ ਸੀ, ਉਹਨੇ ਇਹਦਾ ਫਾਇਦਾ ਉਠਾਉਂਦੇ ਹੋਏ ਇਕ ਤਰ੍ਹਾਂ ਨਾਲ ਸਿੱਖਾਂ ਨੂੰ ਹਾਸ਼ੀਏ ਵੱਲ ਧੱਕ ਦਿੱਤਾ। ਇਸ ਬਾਰੇ ਲੇਖਕ ਦਾ ਕਥਨ ਹੈ-ਅਗਸਤ ਸੰਨ 1947 ਦੇ ਉਤਰਾਰਧ ਵਿਚ ਜਦੋਂ ਪੰਜਾਬ ਦੇ ਦੋਹਾਂ ਭਾਗਾਂ ਵਿਚ, ਸਿੱਖ ਤੇ ਮੁਸਲਮਾਨ ਪੰਜਾਬੀ ਇਕ-ਦੂਜੇ ਦੇ ਸਰਵਨਾਸ਼ ਕਰਨ ਵਿਚ ਰੁੱਝੇ ਹੋਏ ਸਨ ਤਾਂ ਭਾਰਤ ਦੇ ਫਿਰੰਗੀ ਗਵਰਨਰ ਜਨਰਲ ਨੇ ਸਰਦਾਰ ਪਟੇਲ ਨੂੰ ਪੁੱਛਿਆ, 'ਸਿੱਖਾਂ ਬਾਰੇ ਕੀ ਸੋਚਿਆ ਹੈ?' ਤਾਂ ਸਰਦਾਰ ਪਟੇਲ ਨੇ ਉੱਤਰ ਦਿੱਤਾ-'ਇਹ ਮੂਰਖ ਆਪ ਹੀ ਆਪਣੇ ਪੈਰੀਂ ਕੁਹਾੜਾ ਮਾਰ ਚੁੱਕੇ ਹਨ ਅਤੇ ਮੌਕਾ ਖੁੰਝਾ ਬੈਠੇ ਹਨ।' ਇਸ ਤਰ੍ਹਾਂ ਉਸ ਵੇਲੇ ਦੀਆਂ ਸਥਿਤੀਆਂ ਦੇ ਨਤੀਜੇ ਅੱਜ ਤੱਕ ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖ ਭੁਗਤ ਰਹੇ ਹਨ।

'ਸਾਚੀ ਸਾਖੀ' ਕਿਤਾਬ ਸਿਰਦਾਰ ਕਪੂਰ ਸਿੰਘ ਦੇ ਸਵੈ-ਜੀਵਨੀ ਮੂਲਕ ਬਿਰਤਾਂਤਾਂ ਦਾ ਸੰਗ੍ਰਹਿ ਵੀ ਹੈ। ਇਮਾਨਦਾਰ, ਜਥੇ ਵਾਲਾ ਤੇ ਬਿਬੇਕ ਬੁੱਧੀ ਦਾ ਮਾਲਕ ਹੋਣ ਕਰਕੇ ਉਹ ਸਰਕਾਰ ਦੀਆਂ ਨਜ਼ਰਾਂ ਵਿਚ ਰੜਕਦਾ ਸੀ। ਉਹ ਬਿਲਕੁਲ ਹੇਠਲੇ ਪੱਧਰ ਤੋਂ ਉੱਠ ਕੇ ਵਿਦਵਾਨ, ਚਿੰਤਕ ਤੇ ਭਾਰਤੀ ਪ੍ਰਸ਼ਾਸਨਿਕ ਸੇਵਾ ਦਾ ਉੱਚ ਅਧਿਕਾਰੀ ਬਣਿਆ ਸੀ। ਇਹਦੇ ਲਈ ਉਹਨੂੰ ਜ਼ਿੰਦਗੀ ਵਿਚ ਬੜਾ ਸੰਘਰਸ਼ ਵੀ ਕਰਨਾ ਪਿਆ। 'ਸਾਚੀ ਸਾਖੀ' ਵਿਚ ਉਹ ਆਪਣੀ ਜ਼ਿੰਦਗੀ ਦੇ ਹਾਲਾਤ ਦਾ ਜ਼ਿਕਰ ਕਰਦਿਆਂ ਲਿਖਦਾ ਹੈ-'ਮਤ ਕੋਈ ਸਮਝੇ ਕਿ ਇਹ ਸਿਰਦਾਰ ਕਪੂਰ ਸਿੰਘ, ਆਪਣਾ ਰੋਣਾ ਹੀ ਰੋਈ ਜਾਂਦਾ ਹੈ, ਜਿਸ ਕਹਾਣੀ ਦਾ ਪੁਸਤਕ 'ਸਾਚੀ ਸਾਖੀ' ਦੇ ਵਿਸ਼ੇ ਵਸਤੂ ਨਾਲ ਕੋਈ ਸਿੱਧਾ ਸਬੰਧ ਪ੍ਰਤੱਖ ਨਹੀਂ। ਜੇ ਨਿਰੀ ਦੁੱਖ-ਸੁੱਖ ਦੀ ਕਹਾਣੀ ਹੀ ਹੁੰਦੀ, ਤਦ ਉਹ ਤਾਂ ਬੀਤ ਚੁੱਕੀ। ਮੈਂ ਤੀਹ ਬੱਤੀ ਸਾਲ, ਘੋਰ ਰਾਜਕੋਪ ਦੇ ਸ਼ਿਕਾਰ ਹੋਏ ਨੇ ਕੱਟ ਲਏ। ਬਿਨਾਂ ਆਮਦਨ, ਬਿਨਾਂ ਰੋਜ਼ਗਾਰ, ਬਿਨਾਂ ਕਿਸੇ ਕਮਾਈ ਕਰ ਸਕਣ ਦੇ, ਲੰਘਾ ਲਏ। ਮੇਰੇ ਇਕਲੌਤੇ ਪੁੱਤਰ ਨੇ ਵਿਦੇਸ਼ਾਂ ਵਿਚ ਜਾ ਕੇ ਮਿਹਨਤ-ਮਜ਼ਦੂਰੀ ਕਰਕੇ ਪ੍ਰਾਪਤੀ ਤੇ ਵਿਦਿਆ ਸਮਾਪਤ ਕਰ ਲਈ। ਮੇਰੀ ਇਸਤਰੀ ਰੋਗ-ਗ੍ਰਸਤ ਅਵਸਥਾ ਵਿਚ ਨੌਕਰੀ ਕਰਕੇ ਘਰ ਦਾ ਰੋਟੀ ਟੁੱਕ ਚਲਾਉਂਦੀ ਰਹੀ ਅਤੇ ਇਸ ਤਰ੍ਹਾਂ ਗੁਰੂ ਚਰਨਾਂ ਵਿਚ ਜਾ ਪੁੱਜੀ। ਮੇਰੇ ਮਾਤਾ ਪਿਤਾ, ਜਿਨ੍ਹਾਂ ਮੈਨੂੰ ਬੜੇ ਚਾਅ ਨਾਲ ਵੱਡੀ ਤਪੱਸਿਆ ਕਰਕੇ ਤੇ ਸੰਜਮ ਸੰਤੋਖ ਵਿਚ ਰਹਿ ਕੇ ਉੱਚਤਮ ਵਿੱਦਿਆ ਪ੍ਰਾਪਤੀ ਦੇ ਵਸੀਲੇ ਪ੍ਰਦਾਨ ਕੀਤੇ ਸਨ ਅਤੇ ਮੇਰੇ ਚੰਗੇ ਦਿਨ ਵੀ ਦੇਖੇ ਸਨ, ਮੇਰੀ ਅਧੋਗਤੀ ਨੂੰ ਦੇਖਦੇ-ਦੇਖਦੇ ਹੀ ਸੰਸਾਰ ਤਿਆਗ ਗਏ। ਕਿਸੇ ਨੇ ਮੇਰੇ ਨਾਲ ਹੋਏ ਧੱਕੇ ਵੱਲ ਗੌਰ ਨਾ ਕੀਤਾ ਤੇ ਨਾ ਮੈਨੂੰ ਕਿਸੇ ਥਾਂ ਤੋਂ ਇਨਸਾਫ ਮਿਲਿਆ, ਪਰ ਮੇਰੀ ਸਿਦਕ ਸਬੂਰੀ ਗੁਰੂ ਨੇ ਨਿਭਾ ਦਿੱਤੀ।

ਲੇਖਕ ਵੱਖ-ਵੱਖ ਧਰਮਾਂ, ਚਿੰਤਨਾਂ ਤੇ ਵਿਚਾਰਧਾਰਾਵਾਂ ਦਾ ਗਿਆਤਾ ਸੀ। ਇਸ ਕਰਕੇ ਉਹਦੇ ਵਿਚਾਰਾਂ, ਚਿੰਤਨ ਤੇ ਸੰਕਲਪਾਂ ਨੂੰ ਏਸੇ ਦ੍ਰਿਸ਼ਟੀ ਤੋਂ ਸਮਝਣ ਤੇ ਵਿਖਿਆਉਣ ਦੀ ਲੋੜ ਹੈ। ਉਹ ਲੋੜ ਅਨੁਸਾਰ ਇਤਿਹਾਸਕ, ਮਿਥਿਹਾਸਕ, ਲੋਕ ਧਾਰਾਈ ਸ੍ਰੋਤਾਂ ਦੀ ਬਾਖੂਬੀ ਵਰਤੋਂ ਕਰਦਾ ਹੈ। ਕਿਸੇ ਵਿਦਵਾਨ ਦੀ ਸਭ ਤੋਂ ਵੱਡੀ ਖੂਬੀ ਇਹ ਹੁੰਦੀ ਹੈ ਕਿ ਉਹ ਇਤਿਹਾਸਕ ਹਵਾਲਿਆਂ ਦੇ ਸੰਦਰਭ ਵਿਚ ਸਮਕਾਲੀ ਸਰੋਕਾਰਾਂ ਦੀ ਪੁਣਛਾਣ ਕਰਕੇ ਇਕ ਨਵਾਂ ਥੀਸਿਜ਼ ਉਸਾਰਦਾ ਹੈ। ਜਿਵੇਂ ਅੱਜਕੱਲ੍ਹ ਇਕ ਦੇਸ਼, ਇਕ ਭਾਸ਼ਾ, ਇਕ ਧਰਮ, ਇਕ ਕੌਮ ਵਰਗੇ ਸੰਕਲਪਾਂ ਰਾਹੀਂ ਕੇਂਦਰੀਕਰਨ ਦੀ ਨੀਤੀ ਨੂੰ ਥੋਪ ਕੇ ਬਹੁਲ ਸੱਭਿਆਚਾਰ ਦੇ ਨੈਣ-ਨਕਸ਼ਾਂ ਨੂੰ ਧੁੰਦਲਾ ਕੀਤਾ ਜਾ ਰਿਹਾ ਹੈ, ਇਹ ਇਕ ਤਰ੍ਹਾਂ ਨਾਲ ਫਾਸ਼ੀਵਾਦ ਦਾ ਰਾਹ ਖੋਲ੍ਹਦਾ ਹੈ, ਜਿੱਥੇ ਬਾਕੀ ਘੱਟ ਗਿਣਤੀਆਂ ਦੇ ਭਾਸ਼ਾ, ਸੱਭਿਆਚਾਰ ਧਰਮ ਤੇ ਪਰੰਪਰਾਵਾਂ ਦੀ ਪਾਲਣਾ ਦੀ ਸੰਵਿਧਾਨਕ ਗਰੰਟੀ ਨੂੰ ਖਾਰਜ ਕਰਕੇ ਬਹੁਗਿਣਤੀ ਦੀ ਹੈਜੇਮਨੀ ਸਥਾਪਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਕੇਂਦਰੀਕਰਨ ਤੇ ਬਹੁ-ਕੇਂਦ੍ਰਿਤ ਸਮਾਜਾਂ ਦੀ ਗੱਲ ਕਰਦਿਆਂ ਲੇਖਕ ਇਨ੍ਹਾਂ ਨੂੰ ਨਵੀਂ ਸੰਕਲਪੀ ਪਰਿਭਾਸ਼ਾ ਦੇਂਦਿਆਂ ਲਿਖਦਾ ਹੈ-' ਏਕਾ-ਕੇਂਦ੍ਰਿਤ ਸਮਾਜ ਕੇਵਲ ਰਾਜ ਸੱਤਾ ਅਤੇ ਘੋਰ ਭੈਅ (terror) ਰਾਹੀਂ ਮਨੁੱਖ ਦੀ ਸੁਤੰਤਰ ਆਤਮਾ ਦਾ ਸਦੀਵ ਹੀ ਨਹੀਂ ਲੋੜਦਾ, ਸਗੋਂ ਇਹ ਸਿਧਾਂਤ ਮਨੁੱਖ ਜਾਤੀ ਦੇ ਹਰ ਗਰੌਹ, ਹਰ ਕਰਤੱਵ, ਹਰ ਵਿਚਾਰ, ਹਰ ਸੁਪਨੇ ਅਤੇ ਹਰ ਪ੍ਰਤਿਭਾ ਉੱਤੇ ਹਾਵੀ ਹੋ ਕੇ ਉਸ ਦੇ ਨੱਕ ਨਕੇਲ ਪਾਉਣ ਦਾ ਦਾਈਆ ਰੱਖਦਾ ਹੈ ਤਾਂ ਜੁ ਵਿਅਕਤੀਤਵ, ਆਤਮਤੱਵ, ਉਕਾ ਪ੍ਰਾਧੀਨ ਤੇ ਬਲਹੀਨ ਹੋ ਕੇ ਰਾਜਸੱਤਾ ਜਾਂ ਕੇਂਦਰੀ ਸ਼ਕਤੀਸ਼ਾਲੀ ਧੜਵੈਲੀਆਂ ਦਾ ਅੰਕੁਸ਼ ਗ੍ਰਸਤ ਗੋਲਾ ਤੇ ਦਾਸ ਬਣ ਜਾਵੇ ਅਤੇ ਇਸ ਗਤੀ ਤੋਂ ਕਿਸੇ ਸਮੇਂ, ਕਿਸੇ ਵੀ ਸੂਰਤ ਵਿਚ ਭੀ, ਛੁਟਕਾਰਾ ਪਾਉਣ ਦੇ ਵਿਚਾਰਾਂ ਨੂੰ ਗ੍ਰਹਿਣ ਕਰਨ ਦੇ ਯੋਗ ਵੀ ਨਾ ਰਹਿ ਸਕੇ।'

ਇਸ ਤਰ੍ਹਾਂ ਕੇਂਦਰੀਕਰਨ ਦੀ ਇਸ ਨੀਤੀ ਰਾਹੀਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਰਾਜਸੱਤਾ ਸੰਸਥਾਵਾਂ ਤੇ ਵਿਅਕਤੀਆਂ ਨੂੰ ਬਲਹੀਨ ਤੇ ਨਕਾਰਾ ਕਰ ਦੇਂਦੀ ਹੈ, ਜਿਸ ਤੋਂ ਛੁਟਕਾਰਾ ਸੰਭਵ ਨਹੀਂ। ਏਸੇ ਤਰ੍ਹਾਂ ਬਹੁ-ਕੇਂਦਰਿਤ ਸਮਾਜ ਨੂੰ ਪਰਿਭਾਸ਼ਿਤ ਕਰਦਿਆਂ ਲੇਖਕ ਦਾ ਕਥਨ ਹੈ-'ਬਹੁ-ਕੇਂਦ੍ਰਿਤ ਸਮਾਜ (Plural Society) ਦਾ ਸਿਧਾਂਤ, ਮਨੁੱਖੀ ਵਿਅਕਤੀਤਵ ਅਤੇ ਪ੍ਰਥਮ ਮਨੁੱਖੀ ਆਤਮਾ ਨੂੰ ਪ੍ਰਭੂਸੱਤਾ ਸੰਪੰਨ ਪੂਰਨ ਸੁਤੰਤਰਤਾ ਅਧਿਕਾਰ ਪ੍ਰਾਪਤ ਸਵੀਕਾਰ ਕਰਕੇ, ਰਾਜਸੱਤਾ ਅਤੇ ਰਾਜਯ (State) ਨੂੰ ਇਕ ਤੇ ਕੇਵਲ ਇਕ ਮਨੁੱਖੀ ਸੰਘ ਪਰਵਾਣਦਾ ਹੈ, ਜਿਹੜਾ ਕਿ ਧੱਕੇ, ਭੈਅ ਅਤੇ ਤੱਦੀ ਦੁਆਰਾ ਮਨੁੱਖੀ ਸੁਤੰਤਰਤਾ ਦੀ ਹਾਨੀ ਕਰਨ ਦਾ ਅਧਿਕਾਰੀ ਨਹੀਂ।'

ਅੱਜ ਇਨ੍ਹਾਂ ਸੰਕਲਪਾਂ ਬਾਰੇ ਵੱਡੀ ਡੀਬੇਟ ਹੋ ਰਹੀ ਹੈ। ਭਾਰਤ ਦੇ ਫੈਡਰਲ ਢਾਂਚੇ ਵੱਲ ਵਧਦੇ ਕਦਮਾਂ ਨੂੰ ਬ੍ਰੇਕ ਲਾ ਕੇ ਪਿੱਛਲਪੈਰੀਂ ਇਤਿਹਾਸ ਵੱਲ ਮੋੜਨ ਦਾ ਯਤਨ ਕੀਤਾ ਜਾ ਰਿਹਾ ਹੈ। ਇਤਿਹਾਸ ਦੀ ਤੋੜ-ਮਰੋੜ ਨੂੰ ਸੱਤਾ ਦੇ ਹਾਣ ਦਾ ਕਰਕੇ ਬਹੁ-ਵੰਨੀ ਭਾਰਤੀ ਦਿੱਖ ਨੂੰ ਕਰੂਪ ਕੀਤਾ ਜਾ ਰਿਹਾ ਹੈ। ਅਜਿਹੇ ਹਾਲਤ ਵਿਚ 'ਸਾਚੀ ਸਾਖੀ' ਵਰਗੀਆਂ ਕਿਤਾਬਾਂ ਸਾਨੂੰ ਵੱਖਰੀ ਤਰ੍ਹਾਂ ਦੀ ਸੂਝ ਸਮਝ ਦੇਂਦੀਆਂ ਹਨ ਕਿ ਅਸੀਂ ਵਰਤਮਾਨ ਨੂੰ ਕਿਵੇਂ ਪਰਿਭਾਸ਼ਿਤ ਕਰਨਾ ਹੈ ਤੇ ਆਪਣੀਆਂ ਸਮੱਸਿਆਵਾਂ ਨਾਲ ਕਿਵੇਂ ਨਜਿੱਠਣਾ ਹੈ।

ਸਿੱਖਾਂ ਨੇ 1947 ਦੀ ਵੰਡ ਵੇਲੇ ਹਿੰਦੁਸਤਾਨ ਨਾਲ ਰਹਿਣ ਦਾ ਫੈਸਲਾ ਕੀਤਾ। ਉਸ ਵੇਲੇ ਦੇ ਆਗੂਆਂ ਨੇ ਸਿੱਖਾਂ ਨਾਲ ਕੁਝ ਵਾਅਦੇ ਕੀਤੇ ਕਿ ਅਜ਼ਾਦ ਭਾਰਤ ਵਿਚ ਉਨ੍ਹਾਂ ਦੀ ਪੁਜ਼ੀਸ਼ਨ ਕੀ ਹੋਵੇਗੀ ਤੇ ਉਨ੍ਹਾਂ ਨੂੰ ਰਾਜਨੀਤਕ ਤੇ ਵਿਧਾਨਕ ਤੌਰ ਉਤੇ ਬਣਦਾ ਹੱਕ ਦਿੱਤਾ ਜਾਵੇਗਾ। ਇਹਦੇ ਪਿੱਛੇ ਇਹ ਵੀ ਲਾਲਸਾ ਸੀ ਕਿ ਜੇ ਸਿੱਖ ਪਾਕਿਸਤਾਨ ਨਾਲ ਜਾਣ ਦਾ ਫੈਸਲਾ ਕਰਦੇ ਹਨ ਤਾਂ ਅਜਿਹੀ ਸਥਿਤੀ ਵਿਚ ਭਾਰਤ ਦੀ ਜੀਓ ਪਾਲਿਟਿਕਸ ਤੇ ਰਣਨੀਤੀ 'ਤੇ ਵੱਡਾ ਅਸਰ ਪਵੇਗਾ। ਉਸ ਵੇਲੇ ਸਿੱਖਾਂ ਨੂੰ ਵਾਰ-ਵਾਰ ਉਨ੍ਹਾਂ ਇਤਿਹਾਸਕ ਹਵਾਲਿਆਂ ਵੱਲ ਮੋੜਿਆ ਜਾ ਰਿਹਾ ਸੀ ਕਿ ਮੁਸਲਮਾਨ ਸਿੱਖਾਂ ਦੇ ਮੱਧਕਾਲ ਤੋਂ ਵੱਡੇ ਦੁਸ਼ਮਣ ਹਨ ਕਿਉਂਕਿ ਉਨ੍ਹਾਂ ਨੇ ਗੁਰੂ ਸਾਹਿਬਾਨ ਨੂੰ ਸ਼ਹੀਦ ਕੀਤਾ, ਸਿੱਖਾਂ ਨੂੰ ਤਸੀਹੇ ਦਿੱਤੇ ਤੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣਵਾਇਆ। ਇਸ ਲਈ ਸਿੱਖ ਓਥੇ ਖ਼ੁਸ਼ ਨਹੀਂ ਰਹਿ ਸਕਦੇ, ਪਰ ਜੋ ਵਾਅਦੇ ਉਸ ਸਮੇਂ ਕੀਤੇ ਗਏ ਸਨ, ਬਾਅਦ ਵਿਚ ਉਨ੍ਹਾਂ ਤੋਂ ਅੱਖਾਂ ਮੀਟ ਲਈਆਂ ਗਈਆਂ, ਭਾਵੇਂ ਉਹ ਪੰਜਾਬੀ ਸੂਬੇ ਦਾ ਸਵਾਲ ਸੀ ਤੇ ਭਾਵੇਂ ਪੰਜਾਬੀ ਭਾਸ਼ਾ ਨੂੰ ਮਾਨਤਾ ਦੇਣ ਦਾ। ਅੰਗਰੇਜ਼ ਜਦੋਂ ਸਿੱਖਾਂ ਨੂੰ ਤੀਜੀ ਧਿਰ ਵਜੋਂ ਮਾਨਤਾ ਦੇ ਰਹੇ ਸਨ ਤਾਂ ਉਸ ਵੇਲੇ ਸਿੱਖ ਲੀਡਰਾਂ ਦੀ ਉਦਾਸੀਨਤਾ ਨੇ ਸਥਿਤੀਆਂ ਪਲਟ ਦਿੱਤੀਆਂ।

ਇਸ ਬਾਰੇ ਲੇਖਕ ਨੇ ਇਕ ਹਵਾਲਾ ਦੇਂਦਿਆਂ ਲਿਖਿਆ ਹੈ-'9 ਦਸੰਬਰ, 1946 ਨੂੰ ਵਿਧਾਨ ਪ੍ਰੀਸ਼ਦ ਦੀ ਪਹਿਲੀ ਬੈਠਕ ਬਾਬੂ ਰਜਿੰਦਰ ਪ੍ਰਸਾਦ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਨਹਿਰੂ ਨੇ ਪਹਿਲਾ ਤੇ ਬੁਨਿਆਦੀ ਮਤਾ ਪੇਸ਼ ਕੀਤਾ, ਜਿਸ ਵਿਚ ਕਿਹਾ ਗਿਆ ਕਿ 'ਅਸੀਂ ਆਪਣੇ ਵਿਧਾਨ ਵਿਚ ਘੱਟ ਗਿਣਤੀਆਂ ਤੇ ਪੱਛੜੀਆਂ ਜਾਤੀਆਂ ਆਦਿ ਦੀ ਪੂਰੀ ਰੱਖਿਆ ਦਾ ਪ੍ਰਬੰਧ ਕਰਾਂਗੇ। ਇਹ ਅਸਾਡਾ ਐਲਾਨ ਹੈ ਦਿੱਤਾ ਹੋਇਆ ਬਚਨ ਹੈ ਅਤੇ ਸਾਰੇ ਸੰਸਾਰ ਦੇ ਰੂਬਰੂ ਕੀਤੀ ਹੋਈ ਪ੍ਰਤਿੱਗਿਆ ਹੈ। ਇਹ ਇਕਰਾਰਨਾਮਾ ਅਸੀਂ ਕਰੋੜਾਂ ਹਿੰਦੁਸਤਾਨੀਆਂ ਨਾਲ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਮਨੁੱਖੀ ਸੁਭਾਅ ਦੀਆਂ ਸੂਖਮ ਪਰਤਾਂ ਨੂੰ ਫ਼ਰੋਲਦਾ ਕਹਾਣੀ ਸੰਗ੍ਰਹਿ

ਸਾਹਿਤ ਚਿੰਤਨ

ਡਾ. ਭੁਪਿੰਦਰ ਕੌਰ

## ਕਬਰਾਂ ਵਿੱਚ ਉੱਗੇ ਫੁੱਲ

**(ਰਾਜਪ੍ਰੀਤ ਕੌਰ ਬੈਨੀਪਾਲ)**
**ਸਫੇ-155, ਮੁੱਲ-230 ਰੁਪਏ**
**ਕੈਲੀਬਰ ਪਬਲੀਕੇਸ਼ਨ, ਪਟਿਆਲਾ**

ਮਾਨਵੀ ਸੰਵੇਦਨਾ ਨੂੰ ਬਹੁਤ ਹੀ ਸੂਖਮਤਾ ਨਾਲ ਪੇਸ਼ ਕਰਨ ਵਾਲੀ ਡਾ. ਰਾਜਪ੍ਰੀਤ ਕੌਰ ਬੈਨੀਪਾਲ ਉਨ੍ਹਾਂ ਕਹਾਣੀਕਾਰਾਂ ਵਿੱਚੋਂ ਇਕ ਹੈ, ਜਿਨ੍ਹਾਂ ਨੂੰ ਕਹਾਣੀ ਕਹਿਣ ਦਾ ਵੱਲ ਆਉਂਦਾ ਹੈ।ਉਸ ਦੇ ਬਚਪਨ, ਆਲੇ-ਦੁਆਲੇ ਦੇ ਮਾਹੌਲ ਨੇ ਸਾਹਿਤ ਚੇਟਕ ਲਾ ਦਿੱਤੀ।ਹੌਲੀ-ਹੌਲੀ ਉਸ ਅੰਦਰ ਕਹਾਣੀ ਪਨਪੀ ਤੇ ਫਿਰ ਵਿਗਸਣ ਲੱਗੀ।ਇਸ ਬਾਰੇ ਉਹ ਲਿਖਦੀ ਹੈ, ਇਕ ਰੌਸ਼ਨ ਜੋਤ ਮੇਰੀ ਕਹਾਣੀ ਦੇ ਰਾਹਾਂ 'ਤੇ ਆ ਕੇ ਵਿਛ ਗਈ, ਜਿਸ ਨਾਲ ਮੇਰਾ ਅੰਦਰ ਚਾਨਣ ਨਾਲ ਭਰ ਗਿਆ। ਸਾਹਿਤ ਕਿਵੇਂ ਪੜ੍ਹਨਾ ਚਾਹੀਦਾ? ਇਹਦੀ ਸੋਝੀ ਆਉਣ ਲੱਗੀ। ਕੀ ਪੜ੍ਹਨਾ ਹੈ? ਕਿਵੇਂ ਲਿਖਣਾ ਹੈ? ਮਨ ਦੇ ਸਾਰੇ ਸਵਾਲ ਹੱਲ ਹੋਣ ਲੱਗੇ। ਕਾਗਜ਼ਾਂ 'ਤੇ ਉਤਾਰੀਆਂ ਗੱਲਾਂ ਫਿਰ ਤੋਂ ਕਹਾਣੀ ਬਣਨ ਲੱਗੀਆਂ। ਪਾਤਰ ਮੇਰੇ ਚੇਤਿਆਂ 'ਚੋਂ ਨਿਕਲ-ਨਿਕਲ ਮੇਰੇ ਸਾਹਮਣੇ ਆਉਣ ਲੱਗੇ। ਆਲੇ-ਦੁਆਲੇ ਦੀ ਜ਼ਿੰਦਗੀ ਫਿਰ ਤੋਂ ਕਹਾਣੀ ਬਣਨ ਲੱਗੀ। ਇਸੇ ਤਜਰਬੇ ਵਿੱਚੋਂ 2007 ਵਿੱਚ 'ਖੰਮ੍ਹਣੀਆਂ ਵਾਲਾ ਪਿੱਪਲ' ਕਹਾਣੀ ਸੰਗ੍ਰਹਿ, 2013 ਵਿੱਚ 'ਭਾਈ ਵੀਰ ਸਿੰਘ ਦੀ ਕਾਵਿ ਦ੍ਰਿਸ਼ਟੀ' 2014 ਵਿੱਚ, 'ਪ੍ਰੋ. ਪੂਰਨ ਸਿੰਘ ਕਾ ਪੁਨਰ ਵਿਵੇਚਨ' ਵਰਗੀਆਂ ਆਲੋਚਨਾ ਪੁਸਤਕਾਂ ਤੇ ਉਸ ਤੋਂ ਬਾਅਦ ਹੁਣ 'ਕਬਰਾਂ ਵਿੱਚ ਉੱਗੇ ਫੁੱਲ' ਕਹਾਣੀ ਸੰਗ੍ਰਹਿ ਪਾਠਕਾਂ ਦੇ ਹੱਥਾਂ ਵਿੱਚ ਹੈ। ਕੈਲੀਬਰ ਪਬਲੀਕੇਸ਼ਨ, ਪਟਿਆਲਾ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਦੁਨੀਆ ਭਰ ਦੇ ਬੱਚਿਆਂ ਦੀ ਮਾਸੂਮੀਅਤ ਨੂੰ ਸਮਰਪਿਤ ਕੀਤੀ ਗਈ ਹੈ। ਸੰਗ੍ਰਹਿ ਵਿੱਚ ਕੁੱਲ ਨੌਂ ਕਹਾਣੀਆਂ ਹਨ। ਜ਼ਿਆਦਾਤਰ ਕਹਾਣੀਆਂ ਮਾਸੂਮੀਅਤ ਦੀ ਗੱਲ ਕਰਦੀਆਂ ਹਨ, ਭਾਵੇਂ ਉਹ ਮਾਸੂਮੀਅਤ ਬੱਚਿਆਂ ਦੀ ਹੋਵੇ, ਔਰਤ ਦੀ ਹੋਵੇ ਤੇ ਭਾਵੇਂ ਇੱਕ ਬਜ਼ੁਰਗ ਮਾਂ ਦੀ ਹੋਵੇ।'ਸਰਗਮ ਵਿਹੂਣੇ ਸਾਜ਼' ਮੈਟਾਫਰ ਹੈ ਉਹਨਾਂ ਬੱਚਿਆਂ ਦਾ, ਜੋ ਡਿਪਰੈਸ਼ਨ ਦਾ ਸ਼ਿਕਾਰ ਹੁੰਦੇ ਹਨ।ਕਾਰਨ ਮਾਪਿਆਂ ਵੱਲੋਂ ਬੱਚਿਆਂ ਨੂੰ ਸਮਾਂ ਨਾ ਦੇਣਾ ਹੀ ਹੁੰਦਾ ਹੈ। ਉਹ ਸਮਝ ਹੀ ਨਹੀਂ ਸਕਦੇ ਕਿ ਕਸੂਰ ਉਹਨਾਂ ਦਾ ਹੀ ਹੈ। ਕਹਾਣੀ ਵਿੱਚ ਮਾਂ ਜਦੋਂ ਬੱਚੇ ਨੂੰ ਮਨੋ-ਸੰਤੁਲਨ ਹਸਪਤਾਲ ਵਿੱਚ ਲੈ ਕੇ ਜਾਂਦੀ ਹੈ ਤਾਂ ਇੱਕ ਔਰਤ ਨੂੰ ਇਹ ਕਹਿਣਾ ਕਿ ਮੇਰਾ ਬੇਟਾ ਜਿਸ ਦਿਨ ਦਾ ਪੈਦਾ ਹੋਇਆ, ਅਸੀਂ ਤਾਂ ਜੀ ਤਾਏ ਹੋਏ ਆਂ ਬਥੇਰੇ ਡਾਕਟਰ ਦੇ ਦਿਖਾ ਲਿਆ, ਕੋਈ ਸਮਝ ਨਹੀਂ ਆਉਂਦੀ ਇਹਦੀ ਬਿਮਾਰੀ ਦੀ ਹਰਮਨ ਨੂੰ ਬਹੁਤ ਪਰੇਸ਼ਾਨ ਕਰ ਦਿੰਦੀ ਹੈ। ਹਰਮਨ ਨੂੰ ਬਿਮਾਰ ਹੋਣਾ ਚੰਗਾ ਲੱਗਦਾ, ਕਿਉਂਕਿ ਉਸ ਵੇਲੇ ਉਸ ਦੀ ਮੰਮੀ ਸਾਰਾ ਦਿਨ ਉਸ ਦੇ ਆਲੇ-ਦੁਆਲੇ ਰਹਿੰਦੀ ਹੈ। ਉਹ ਆਪਣੇ ਦਾਦੇ ਦੇ ਆਉਣ 'ਤੇ ਸਭ ਤੋਂ ਵਧੇਰੇ ਖੁਸ਼ ਹੁੰਦਾ, ਉਸ ਨੂੰ ਪਾਣੀ ਤੋਂ ਵੀ ਡਰ ਨਾ ਲੱਗਦਾ, ਉਹ ਕਿੰਨੀਆਂ ਹੀ ਕਹਾਣੀਆਂ ਸੁਣਾਉਂਦੇ, ਰਾਜਿਆਂ ਦੀਆਂ, ਰਾਣੀਆਂ ਦੀਆਂ ਤੇ ਪੰਛੀਆਂ ਦੀਆਂ।ਇਸੇ ਲਈ ਦਾਦੇ ਦਾ ਸਾਥ ਉਸ ਨੂੰ ਚੰਗਾ ਲੱਗਦਾ। ਸੋ ਇਹ ਸਾਜ਼ ਤਦ ਤੱਕ ਸਰਗਮ ਵਿਹੂਣਾ ਸੀ, ਜਦ ਤੱਕ ਉਸ ਨੂੰ ਘਰਦਿਆਂ ਦਾ ਸਾਥ ਨਾ ਮਿਲਿਆ। ਦਾਦੇ ਦੇ ਸਾਥ ਨਾਲ ਇਸ ਸਾਜ਼ ਵਿੱਚ ਤਰੰਗਾਂ ਪੈਦਾ ਹੁੰਦੀਆਂ ਹਨ। ਇਸੇ ਤਰ੍ਹਾਂ ਦੀ ਮਾਸੂਮੀਅਤ ਦੀ ਕਹਾਣੀ ਹੈ 'ਚੀਕਣੀ ਮਿੱਟੀ ਦਾ ਰਿਸ਼ਤਾ'। ਰਾਣੀ ਨਾਂਅ ਦੀ ਕੁੜੀ ਮਾਂ ਦੇ ਮਰਨ ਤੋਂ ਬਾਅਦ ਆਪਣੇ ਭੈਣ-ਭਰਾਵਾਂ ਨੂੰ ਮਾਵਾਂ ਵਾਂਗ ਪਾਲਦੀ ਤੇ ਜਦੋਂ ਉਸ ਨੂੰ ਕਿਸੇ ਘਰੋਂ ਮਾਵਾਂ ਵਾਲਾ ਪਿਆਰ ਮਿਲਦਾ ਹੈ ਤਾਂ ਉਸ ਨੂੰ ਖੁਸ਼ੀ ਹੁੰਦੀ ਹੈ। ਉਸ ਨੂੰ ਗੁੜੀਆ ਨਾਲ ਖੇਡਣਾ, ਪਿਆਰ ਕਰਨਾ ਚੰਗਾ ਲੱਗਦਾ, ਲੇਕਿਨ ਜਦੋਂ ਉਸ ਪਿਆਰ ਦਾ ਹੱਕ ਲੈਣ ਲਈ ਸੱਭੋ ਵਰਗੀ ਹੋਰ ਕੁੜੀ ਵਿੱਚ ਆ ਜਾਂਦੀ ਹੈ ਤਾਂ ਉਸ ਨੂੰ ਚੰਗਾ ਨਹੀਂ ਲੱਗਦਾ। ਗੁੜੀਆ ਦਾ ਸਿਰਫ਼ ਰਾਣੀ ਨੂੰ ਹੀ ਪਸੰਦ ਕਰਨਾ ਰਾਣੀ ਨੂੰ ਖੁਸ਼ੀ ਦਿੰਦਾ ਹੈ। ਸੋ ਕਹਾਣੀ ਬਿਨਾਂ ਮਾਂ-ਬਾਪ ਦੇ ਬੱਚਿਆਂ ਦੀ ਮਾਨਸਿਕਤਾ ਨੂੰ, ਉਹਨਾਂ ਦੀ ਮਾਸੂਮੀਅਤ ਨੂੰ ਪੇਸ਼ ਕਰਦੀ ਹੈ।ਸਿਰਲੇਖ ਅਧੀਨ ਕਹਾਣੀ 'ਕਬਰਾਂ ਵਿੱਚ ਉੱਗੇ ਫੁੱਲ' ਛੋਟੀ ਬੱਚੀ ਰੇਸ਼ਮਾ ਦੀ ਮਾਸੂਮੀਅਤ ਦੀ ਕਹਾਣੀ ਹੈ, ਜੋ ਉਹਨਾਂ ਬੱਚਿਆਂ ਦੀ ਪ੍ਰਤੀਨਿਤਾ ਕਰਦੀ ਹੈ, ਜੋ ਯੁੱਧ ਉਪਰੰਤ ਸੰਤਾਪ ਭੋਗਦੇ ਹਨ।ਗਾਜ਼ਾ ਪੱਟੀ ਤੇ ਫਲਸਤੀਨਾਂ 'ਤੇ ਹਮਲਾ ਇਜ਼ਰਾਇਲ ਵੱਲੋਂ ਬੰਬਾਰੀ ਤੇ ਉੱਥੇ ਰਹਿ ਰਹੇ ਪਰਵਾਰਾਂ ਦੀ ਮਾੜੀ ਹਾਲਤ, ਬਚੀਆਂ ਹੋਈਆਂ ਧੀਆਂ-ਮਾਵਾਂ ਦਾ ਸਰੀਰਕ ਸ਼ੋਸ਼ਣ ਦਰਸਾਇਆ ਹੈ।ਬੱਚਿਆਂ ਦੀ ਮਾਸੂਮੀਅਤ ਇਹ ਨਹੀਂ ਦੇਖਦੀ ਕਿ ਫੌਜੀਆਂ ਦੀ ਅੱਖ ਵਿੱਚ ਕਸਾਈ ਬੈਠਾ ਹੈ, ਉਹ ਤਾਂ ਖਾਣ ਲਈ ਲਿਆਂਦੇ ਬਰੈਡ ਹੀ ਦੇਖਦੀ ਹੈ, ਕਿਉਂਕਿ ਉਨ੍ਹਾਂ ਨੂੰ ਭੁੱਖ ਲੱਗੀ ਹੈ।ਫੌਜੀ ਫੁੱਲ ਵਰਗੇ ਬੱਚੇ ਦਾ ਸਰੀਰਕ ਸ਼ੋਸ਼ਣ ਕਰਦਾ ਹੈ। ਕਹਾਣੀ ਇਹ ਵੀ ਦੱਸਦੀ ਹੈ ਕਿ ਯੁੱਧ ਦਾ ਸ਼ਿਕਾਰ ਹੋਏ ਘਰਾਂ ਵਿਚ ਤੜਪ ਰਹੀਆਂ ਰੂਹਾਂ ਢਿੱਡ ਦੀ ਭੁੱਖ ਕਰਕੇ ਕਿਵੇਂ ਝੁਕਦੀਆਂ ਹਨ। ਕਹਾਣੀ ਦਾ ਅੰਤ ਭਾਵੁਕ ਕਰ ਦੇਣ ਵਾਲਾ ਹੈ, ਉਹਨੂੰ ਪਈ-ਪਈ ਨੂੰ ਕੁਝ ਚੇਤੇ ਆਇਆ ਤੇ ਉਹ ਦਰਦ ਨਾਲ ਟੁੱਟਦੀਆਂ ਜਾਂਦੀਆਂ ਲੱਤਾਂ ਦੀ ਪਰਵਾਹ ਕੀਤੇ ਬਿਨਾਂ ਹੀ ਉੱਠ ਕੇ ਗਲੀ ਵਿੱਚ ਆਈ। ਉਹਨੂੰ ਉਹੀ ਫੌਜੀ ਗਲੀ ਦਾ ਮੋੜ ਮੁੜਦਾ ਨਜ਼ਰ ਆਇਆ। ਪੀੜੋ-ਪੀੜ ਹੋਈ ਉਹ ਕਾਹਲੇ ਕਦਮੀਂ ਤੁਰਦੀ ਉਹਦੇ ਅੱਗੇ ਜਾ ਖੜ੍ਹੀ, ਅੰਕਲ!....... ਬਰੈਡ........? ਤੇ ਫੌਜੀ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਦਿਆਂ ਦੋਵੇਂ ਹੱਥ ਫੈਲਾ ਦਿੱਤੇ। 'ਬਿਖੜੇ ਪੈਂਡਿਆਂ ਦਾ ਨਾਚ' ਉਹਨਾਂ ਬੱਚਿਆਂ ਦੀ ਮਾਸੂਮੀਅਤ ਨੂੰ ਦਰਸਾਉਂਦਾ ਹੈ, ਜੋ ਪੜ੍ਹਾਈ ਦਾ ਬੋਝ ਤੇ ਡਾਕਟਰ ਬਣਨ ਦਾ ਸੁਪਨਾ ਪੂਰਾ ਨਾ ਹੋਣ ਕਾਰਨ ਆਤਮਘਾਤ ਕਰ ਲੈਂਦੇ ਹਨ।ਸੜਕ 'ਤੇ ਰੁਲਦੇ ਮੁੰਡੇ ਦੀ ਮਾਨਸਿਕ ਹਾਲਤ ਵੇਖ ਕੇ ਬਿਰਤਾਂਤਕਾਰ ਨੂੰ ਆਪਣਾ ਪੁੱਤਰ ਯਾਦ ਆਉਂਦਾ ਹੈ, ਜੋ ਪੜ੍ਹਾਈ ਵਿੱਚ ਵਧੀਆ ਰੈਂਕ ਨਾ ਆਉਣ ਕਰਕੇ ਆਤਮਘਾਤ ਕਰ ਲੈਂਦਾ ਹੈ।ਪਰਵਾਰ ਵਿੱਚ ਅਚਾਨਕ ਵਾਪਰੀ ਇਸ ਘਟਨਾ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ।ਉਸ ਕਮਲੇ ਹੋਏ ਮੁੰਡੇ ਦੀ ਹਾਲਤ ਵੇਖ ਕੇ, ਉਸ ਦੇ ਘਰਦਿਆਂ ਨੂੰ ਮਿਲ ਕੇ ਬਿਰਤਾਂਤਕਾਰ ਆਪ ਵੀ ਬਹੁਤ ਅਪਸੈਟ ਹੋਇਆ ਕਿਉਂਕਿ ਉਸ ਨੂੰ ਆਪਣਾ ਰਿੰਕੂ ਯਾਦ ਆ ਗਿਆ, ਉਹ ਸੋਚਣ ਲੱਗਾ ਕਿ ਰਿੰਕੂ ਜੇ ਆਤਮਘਾਤ ਨਾ ਕਰਦਾ ਤਾਂ ਸ਼ਾਇਦ ਉਹ ਵੀ ਇਹਦੇ ਵਾਂਗ ਕਮਲਾ ਹੋਇਆ ਫਿਰਦਾ, ਪਰ 'ਸਹੁਰਾ ਦਿਸਦਾ ਤਾਂ ਰਹਿੰਦਾ' ਕਹਿੰਦਿਆਂ ਭੁੱਬਾ ਮਾਰ ਕੇ ਰੋ ਪੈਂਦਾ ਹੈ। ਕਹਾਣੀ ਮੈਡੀਕਲ ਖੇਤਰ ਵਿੱਚ ਪੜ੍ਹਾਈ ਦੇ ਬੋਝ ਥੱਲੇ ਆਤਮਘਾਤ ਕਰ ਰਹੇ ਬੱਚਿਆਂ ਦੀ ਮਾਸੂਮੀਅਤ ਨੂੰ ਦਰਸਾਉਂਦੀ ਹੈ।'ਫੁੱਟਪਾਥ ਦੇ ਬਸ਼ਿੰਦੇ' ਕਹਾਣੀ ਉਨ੍ਹਾਂ ਪ੍ਰਵਾਸੀ ਬੱਚਿਆਂ ਦੀ ਮਾਸੂਮੀਅਤ ਨੂੰ ਦਰਸਾਉਂਦੀ ਹੈ ਜੋ ਰੋਜ਼ੀ-ਰੋਟੀ ਦੀ ਤਲਾਸ਼ ਲਈ ਪਰਦੇਸਾਂ ਵਿੱਚ ਭਟਕਦੇ ਫਿਰਦੇ ਹਨ। ਕਹਾਣੀ ਦੀ ਬਿਰਤਾਂਤਕਾਰ ਮਾਂ ਘਰ ਲੱਗੇ ਪ੍ਰਵਾਸੀ ਮਜ਼ਦੂਰ ਵਿੱਚੋਂ ਬਾਹਰਲੇ ਮੁਲਕ ਭੇਜੇ ਆਪਣੇ ਪੁੱਤਰ ਚੰਨਵੀਰ ਨੂੰ ਦੇਖਦੀ ਹੈ। ਉਸ ਨੂੰ ਲੱਗਦਾ ਹੈ, ਖੌਰੇ ਇਹ ਵੀ ਮੇਰੇ ਚੰਨਵੀਰ ਵਾਂਗੂ ਜ਼ਿੱਦ ਕਰਕੇ ਘਰੋਂ ਭੱਜ ਆਇਆ ਹੋਵੇ ਬਹੁਤੀਆਂ ਕਮਾਈਆਂ ਕਰਨ। ਜਵਾਨੀ ਦੇ ਜੋਸ਼ 'ਚ ਲਏ ਘਰ ਦੀ ਗਰੀਬੀ ਚੱਕ ਦੇਣ ਦੇ ਸੁਪਨੇ ਪੂਰੇ ਕਰਨ। ਇਹਦੀ ਮਾਂ ਵਿਚਾਰੀ ਮੇਰੇ ਵਾਂਗੂੰ ਤੜਪਦੀ ਹੋਊ। ਉਹ ਮਾਂ ਉਸ ਪਰਵਾਸੀ ਮਜ਼ਦੂਰ ਗੋਲੂ ਦੀ ਜ਼ਿੰਦਗੀ ਵਿੱਚ ਸੁਧਾਰ ਕਰਕੇ ਸਕੂਨ ਮਹਿਸੂਸ ਕਰਦੀ ਹੈ। ਇਸ ਕਹਾਣੀ ਦਾ ਅੰਤ ਬਹੁਤ ਹੀ ਦਰਦਨਾਕ ਹੁੰਦਾ ਹੈ ਜਦੋਂ ਪੈਸੇ ਇਕੱਠੇ ਕਰਕੇ ਗੋਲੂ ਆਪਣੇ ਘਰ ਵਾਪਸ ਜਾਣ ਦੀ ਤਿਆਰੀ ਵਿੱਚ ਹੁੰਦਾ ਹੈ ਤੇ ਰਾਤ ਨੂੰ ਇੱਕ ਸ਼ਰਾਬੀ ਹੋਏ ਵਿਅਕਤੀ ਦੀ ਇੰਡੈਵਰ ਗੱਡੀ ਬੇਕਾਬੂ ਹੋ ਕੇ ਫੁੱਟਪਾਥ 'ਤੇ ਸੁੱਤੇ ਮਜ਼ਦੂਰਾਂ ਦੇ ਉੱਪਰ ਚੜ੍ਹ ਜਾਂਦੀ ਹੈ ਤੇ ਜਿਸ ਵਿੱਚ ਗੋਲੂ ਦੀ ਮੌਤ ਹੋ ਜਾਂਦੀ ਹੈ ਉਹ ਪੈਸੇ ਜੋ ਇਕੱਠੇ ਕਰਕੇ ਉਹ ਆਪਣੇ ਘਰ ਲਿਜਾਣ ਲਈ ਜੇਬ ਵਿੱਚ ਪਾ ਕੇ ਸੁੱਤਾ ਹੁੰਦਾ ਹੈ ਉਸ ਦੀ ਜੇਬ ਫਿਰ ਤੋਂ ਕੱਟੀ ਜਾਂਦੀ ਹੈ। 'ਸੋਨੇ ਦੀਆਂ ਬੇੜੀਆਂ' ਕਹਾਣੀ ਔਰਤ ਦੀ ਮਾਸੂਮੀਅਤ ਨੂੰ ਚਿੱਤਰਦੀ ਹੈ ਜਿਸ ਲਈ ਇਹ ਸੋਨੇ ਦੀਆਂ ਬੇੜੀਆਂ ਇੱਕ ਕੈਦ ਬਣ ਜਾਂਦੀਆਂ ਹਨ। ਕਹਾਣੀ ਦੀ ਪਾਤਰ ਗੋਲਡੀ ਇੱਕ ਅਮੀਰ ਸ਼ਖਸ ਨਾਲ ਵਿਆਹੀ ਜਾਂਦੀ ਹੈ, ਜਿਸ ਦੀ ਅਮੀਰੀ ਹੇਠ ਉਸ ਦੀ ਆਪਣੀ ਹੋਂਦ ਖਤਮ ਹੋ ਜਾਂਦੀ। ਉਹ ਸਿਰਫ਼ ਘਰ ਵਿੱਚ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ।ਉਹ ਗੋਲਡੀ ਜੋ 'ਗਿੱਧਿਆਂ ਦੀ ਰਾਣੀ' ਹੋਇਆ ਕਰਦੀ ਸੀ, ਹੁਣ ਸਿਰਫ਼ ਮਿਸਿਜ਼ ਅਗਰਵਾਲ ਬਣ ਕੇ ਰਹਿ ਜਾਂਦੀ ਹੈ। ਕਹਾਣੀ ਔਰਤ ਦੀ ਉਸ ਮਾਸੂਮੀਅਤ ਨੂੰ ਚਿੱਤਰਦੀ ਹੈ ਜਿਸ ਲਈ ਅਮੀਰ ਇਨਸਾਨ ਨਾਲ ਵਿਆਹ ਕੈਦ ਬਣ ਜਾਂਦਾ ਹੈ। ਇਸੇ ਤਰ੍ਹਾਂ 'ਸੁੱਚੀ ਫੁਲਕਾਰੀ' ਤੇ 'ਪਛਤਾਵਾ' ਵੀ ਖ਼ੂਬਸੂਰਤ ਕਹਾਣੀਆਂ ਹਨ।ਡਾ. ਰਾਜਪ੍ਰੀਤ ਦੀਆਂ ਕਹਾਣੀਆਂ ਵਿੱਚ ਪਿੰਡ ਬੋਲਦਾ ਹੈ। ਉਸ ਕੋਲ ਦੂਰ-ਦੂਰ ਦੇਖਣ ਦੀ ਕਥਾ-ਦ੍ਰਿਸ਼ਟੀ ਹੈ ਜਿਸ ਰਾਹੀਂ ਗਾਜ਼ਾ ਪੱਟੀ 'ਤੇ ਹੋਏ ਯੁੱਧ ਦੇ ਪਰਿਣਾਮਾਂ ਨੂੰ ਦੇਖ ਸਕਦੀ ਹੈ।ਉਹ ਕਹਾਣੀ ਵਿੱਚ ਰੌਚਕਤਾ ਤੇ ਉਤਸੁਕਤਾ ਬਣਾਈ ਰੱਖਦੀ ਹੈ। ਚੇਤਨਾ ਪ੍ਰਵਾਹ ਦੀ ਜੁਗਤ ਰਾਹੀਂ ਉਹ ਪਾਤਰਾਂ ਦੇ ਧੁਰ ਅੰਦਰਲੇ ਦਵੰਦ ਨੂੰ ਕਾਮਯਾਬੀ ਨਾਲ ਪੇਸ਼ ਕਰ ਲੈਂਦੀ ਹੈ।ਉਸ ਦੀਆਂ ਕਹਾਣੀਆਂ ਮਨੋਵਿਗਿਆਨਕ ਕਹਾਣੀਆਂ ਦੇ ਨਾਲ ਯਥਾਰਥ ਦੇ ਵੀ ਨੇੜੇ ਹਨ। ਰਾਜਪ੍ਰੀਤ ਦੀ ਇਸ ਪੁਸਤਕ ਨੂੰ ਸਾਹਿਤ ਜਗਤ ਵਿਚ ਜੀ ਆਇਆਂ। ਪਾਠਕਾਂ ਦੇ ਹੁੰਗਾਰੇ ਦੀ ਉਡੀਕ ਰਹੇਗੀ।




## ਨਵਾਂ ਸੰਸਕਰਨ

### ਕੰਮ ਕਰਨ ਦੇ ਮਸਲੇ

**ਨਰਿੰਦਰ ਸਿੰਘ ਕਪੂਰ**
**ਪੰਨੇ : 157, ਮੁੱਲ : 250 ਰੁਪਏ**
**ਲੋਕ ਗੀਤ ਪ੍ਰਕਾਸ਼ਨ, ਮੁਹਾਲੀ**




ਹੱਥਲੀ ਪੁਸਤਕ 'ਕੰਮ ਕਰਨ ਦੇ ਮਸਲੇ' ਇੱਕ ਲੇਖ-ਸੰਗ੍ਰਹਿ ਹੈ, ਜੋ ਸ਼੍ਰੋਮਣੀ ਲੇਖਕ ਡਾਕਟਰ ਨਰਿੰਦਰ ਸਿੰਘ ਕਪੂਰ ਦੁਆਰਾ ਲਿਖੀ ਗਈ ਹੈ। ਇਸ ਪੁਸਤਕ ਵਿੱਚ ਲੇਖਕ ਕਿਸੇ ਖਾਸ ਮਨੁੱਖ ਦੁਆਰਾ ਕੰਮ ਕਰਨ ਤੇ ਉਸ ਕਾਰਜ ਦੀ ਸਫ਼ਲਤਾ ਲਈ ਸਹੀ ਢੰਗ, ਸੁਹਜਤਾ ਤੇ ਆਦਰਸ਼ ਦੀ ਸਪੱਸ਼ਟਤਾ ਬਾਰੇ ਦੱਸਦਾ ਹੈ। ਇਹ ਪੁਸਤਕ ਸਤਾਰਾਂ ਲੇਖਾਂ 'ਤੇ ਅਧਾਰਤ ਹੈ। ਪਹਿਲੇ ਲੇਖ 'ਹੋਰ ਰੁਕਣਾ ਮਨ੍ਹਾ ਹੈ' ਵਿੱਚ ਲੇਖਕ ਕੰਮ ਕਰਨ ਦੇ ਸਿਰੜ ਤੇ ਸਫ਼ਲਤਾ ਪ੍ਰਾਪਤੀ ਪਿੱਛੇ ਕੰਮ ਕਰ ਰਹੀ ਸੁਚੱਜਤਾ ਦੀ ਗੱਲ ਕਰਦਾ ਹੈ। ਉਹ ਦੱਸਦਾ ਹੈ ਕਿ ਸਫ਼ਲਤਾ ਲਈ ਸਭ ਤੋਂ ਪਹਿਲਾਂ ਕੰਮ ਵਿੱਚ ਦਿਲਚਸਪੀ ਜ਼ਰੂਰੀ ਹੈ।

ਅਗਲੇ ਲੇਖ 'ਸਿਦਕ ਸਿਰੜ ਤੇ ਦ੍ਰਿੜ੍ਹਤਾ' ਵਿੱਚ ਲੇਖਕ ਕਿਸੇ ਵੀ ਕੰਮ ਨੂੰ ਕਰਨ ਲਈ ਵਿਅਕਤੀ ਵਿਚਲੇ ਸਿਰੜ ਦੀ ਗੱਲ ਕਰਦਾ ਹੈ ਅਤੇ ਸਿਰੜਤਾ ਨਾਲ਼ ਹੀ ਕੋਈ ਵਿਅਕਤੀ ਸਫ਼ਲਤਾ ਵੱਲ ਵੱਧ ਸਕਦਾ ਹੈ। ਜੇ ਆਪਣੇ ਸੁਪਨਿਆਂ ਨੂੰ ਸੱਚ ਕਰਨ ਦਾ ਸਿਦਕ ਉਸ ਵਿਅਕਤੀ ਵਿੱਚ ਹੋਵੇ, ਵਕਤ ਦੀ ਪਾਬੰਦੀ, ਮਿਹਨਤ ਅਤੇ ਦ੍ਰਿੜ੍ਹਤਾ ਵਿਅਕਤੀ ਵਿੱਚ ਸਵੈ-ਵਿਸ਼ਵਾਸ ਭਰਦੇ ਹਨ ਤਾਂ ਹੀ ਜਿੱਤ ਪ੍ਰਾਪਤ ਹੁੰਦੀ ਹੈ।ਇਸੇ ਤਰ੍ਹਾਂ ਸਿਰੜ ਦਾ ਸੰਕਲਪ ਕੁਦਰਤੀ ਆਫਤਾਂ ਨੂੰ ਬਰਦਾਸ਼ਤ ਕਰਨ ਅਤੇ ਮੁੜ ਆਬਾਦ ਹੋਣ ਦੀ ਪ੍ਰਕ੍ਰਿਆ ਦੀ ਦੇਣ ਹੈ ਅਤੇ ਦ੍ਰਿੜ੍ਹਤਾ ਦਾ ਸੰਕਲਪ ਮਹਾਨ ਵਿਅਕਤੀਆਂ ਦੇ ਕਾਰਨਾਮਿਆਂ ਵਿੱਚੋਂ ਉਪਜਿਆ ਹੈ।ਅਗਲੇ ਲੇਖ ਦਾ ਸਿਰਲੇਖ ਹੈ 'ਅਸਫ਼ਲ ਹੋਏ ਸਭ ਆਣ ਮਿਲੋ', ਲੇਖਕ ਦੱਸਦਾ ਹੈ ਕਿ ਅਸਫ਼ਲਤਾ ਅਸਲ ਵਿੱਚ ਸਫ਼ਲ ਹੋਣ ਦੀ ਸਿਖਲਾਈ ਦਿੰਦੀ ਹੈ। ਹਾਰ ਕੇ ਹੀ ਅਸੀਂ ਨਵੇਂ ਢੰਗ ਤੇ ਨਵੇਂ ਅਸੂਲ ਸਿੱਖਦੇ ਹਾਂ, ਜੋ ਸਾਡੀ ਸਫ਼ਲਤਾ ਲਈ ਬਹੁਤ ਜ਼ਰੂਰੀ ਹਨ। ਲੇਖ 'ਕੰਮ ਦੀ ਕਰਾਮਾਤ' ਵਿੱਚ ਲੇਖਕ ਅਮਰੀਕਾ, ਯੂਰਪ ਅਤੇ ਦੂਸਰੇ ਪੱਛਮੀ ਦੇਸ਼ਾਂ ਦੀਆਂ ਉਦਾਹਰਨਾਂ ਦੇ ਕੇ ਕੰਮ ਦੀ ਮਹੱਤਤਾ ਨੂੰ ਸਮਝਾਉਂਦਾ ਹੈ। ਉਹ ਉਨ੍ਹਾਂ ਦੇ ਰਹਿਣ-ਸਹਿਣ ਅਤੇ ਕੰਮ ਕਰਨ ਦੇ ਢੰਗ-ਤਰੀਕੇ ਵੀ ਨੂੰ ਵੀ ਵਿਸ਼ਾ ਬਣਾਉਂਦਾ ਹੈ। ਇਸ ਲੇਖ ਵਿੱਚ ਉਹ ਅਮਰੀਕਾ ਅਤੇ ਭਾਰਤ ਦੀ ਹਰ ਪੱਖ ਤੋਂ ਤੁਲਨਾ ਕਰਦਾ ਹੋਇਆ ਅਮਰੀਕਾ ਦੇ ਸਫ਼ਲਤਾ ਪਿੱਛੇ ਡੂੰਘੇ ਰਾਜ਼ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ।

'ਔਖਾ ਕੰਮ, ਸੌਖਾ ਕੰਮ' ਵਿੱਚ ਲੇਖਕ ਦੱਸਦਾ ਹੈ ਕਿ ਕੰਮ ਦਾ ਸੌਖਾ ਜਾਂ ਔਖਾ ਹੋਣਾ ਕਰਨ ਵਾਲੇ ਦੀ ਦਿਲਚਸਪੀ 'ਤੇ ਨਿਰਭਰ ਕਰਦਾ ਹੈ। ਸਾਰੇ ਕੰਮ ਮਹੱਤਵਪੂਰਨ ਹੁੰਦੇ ਹ ਤੇ ਔਖੇ ਕੰਮਾਂ ਦਾ ਮਹੱਤਵ ਇਸੇ ਲਈ ਜ਼ਿਆਦਾ ਮੰਨਿਆ ਗਿਆ ਹੈ ਕਿ ਉਹਨਾਂ ਦੀ ਕਦਰ ਜ਼ਿਆਦਾ ਪੈਂਦੀ ਹੈ। ਅਜਿਹੇ ਕੰਮਾਂ ਨੂੰ ਕਰਨ ਵਿੱਚ ਜ਼ਿਆਦਾ ਦਿਲਚਸਪੀ ਤੇ ਸਿਰੜ ਦੀ ਲੋੜ ਹੁੰਦੀ ਹੈ। ਇਸੇ ਲਈ ਸਹੀ ਸਮੇਂ 'ਤੇ ਸਹੀ ਫ਼ੈਸਲਾ ਹੀ ਕੰਮ ਨੂੰ ਸੌਖਾ ਜਾਂ ਔਖਾ ਕਰਦਾ ਹੈ। ਲੇਖ 'ਸਫ਼ਲਤਾ ਦਾ ਲਿਬਾਸ' ਇੱਕ ਬਹੁਤ ਹੀ ਦਿਲਚਸਪ ਨਿਬੰਧ ਹੈ, ਜਿਸ ਵਿੱਚ ਲੇਖਕ ਨੇ ਲਿਬਾਸ ਦੇ ਇਤਿਹਾਸ ਬਾਰੇ ਚਰਚਾ ਕਰਦਿਆਂ ਇਸ ਦੇ ਕਈ ਭੇਦ ਖੋਲ੍ਹੇ ਹਨ।

'ਵੇਖਣ ਦਾ ਵਿਗਿਆਨ ਤੇ ਵਿਖਾਉਣ ਦੀ ਕਲਾ' ਲੇਖ ਵੀ ਇਸ ਸਮਾਜ ਦੇ ਨਿਵੇਕਲੇ ਪੱਖਾਂ ਨੂੰ ਵਿਚਾਰ-ਚਰਚਾ ਦਾ ਵਿਸ਼ਾ ਬਣਾਉਂਦਾ ਹੋਇਆ ਦਿਲਚਸਪ ਢੰਗ ਨਾਲ ਪਾਠਕ ਦੇ ਰੂ-ਬ-ਰੂ ਹੁੰਦਾ ਹੈ। ਲੇਖਕ ਨੇ ਕਿਸੇ ਵੀ ਵਸਤ ਜਾਂ ਵਿਅਕਤੀ ਨੂੰ ਵੇਖਣਾ, ਸਮਝਣਾ, ਨਿਹਾਰਨਾ ਅਤੇ ਉਸ ਦੇ ਵਿਅਕਤਿਤਵ ਬਾਰੇ ਫ਼ੈਸਲਾ ਕਰਨ ਨੂੰ ਇਸ ਪਾਠ ਦਾ ਮੁੱਖ ਵਿਸ਼ਾ ਬਣਾਇਆ ਹੈ। ਉਹ ਲਿਖਦਾ ਹੈ ਕਿ ਵੇਖਣ-ਵਿਖਾਉਣ ਦਾ ਸੰਬੰਧ ਕੇਵਲ ਬਾਹਰਲੀਆਂ ਚੀਜ਼ਾਂ ਤੱਕ ਸੀਮਤ ਨਹੀਂ, ਇਸ ਦਾ ਖੇਤਰ ਬੜਾ ਵਿਸ਼ਾਲ ਹੈ। ਇਸ ਪੁਸਤਕ ਦਾ ਅਗਲਾ ਲੇਖ ਹੈ 'ਸ਼ੀਸ਼ਾ ਸਾਹਿਬ'। ਇਸ ਲੇਖ ਵਿੱਚ ਲੇਖਕ ਡਾ. ਕਪੂਰ ਨੇ ਸ਼ੀਸ਼ੇ ਅਤੇ ਵਿਅਕਤੀ ਦੇ ਵਿਅਕਤਿਤਵ ਅਤੇ ਦਿੱਖ ਨੂੰ ਲੈ ਕੇ ਅਜਿਹੇ ਅਜਿਹੇ ਨੁਕਤੇ ਉਠਾਏ ਹਨ, ਜੋ ਆਮ ਵਿਅਕਤੀ ਦੇ ਜ਼ਿਹਨ ਵਿੱਚ ਨਾ ਸਮਾ ਸਕਦਾ ਹੋਵੇ। ਇਸ ਪੁਸਤਕ ਦੇ ਲੇਖ 'ਧਿਆਨ ਨਾਲ ਟੁਰੋ, ਝੱਲੇ ਜਿਹੇ ਹੋ ਕੇ' ਅਤੇ 'ਇੱਕ ਵਾਰੀ' ਵਿੱਚ ਵੀ ਲੇਖਕ ਨੇ ਵਿਲੱਖਣ ਸ਼ੈਲੀ ਵਿੱਚ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਹ ਆਪਣੇ ਨਿੱਜੀ ਜੀਵਨ ਵਿੱਚੋਂ ਕਈ ਉਦਾਹਰਨਾਂ ਲੈ ਕੇ ਕੰਮ ਦੀ ਵਿਉਂਤਬੰਦੀ ਅਤੇ ਸਫ਼ਲਤਾ ਬਾਰੇ ਚਰਚਾ ਕਰਦਾ ਹੈ। ਲੇਖ 'ਲੋਕ ਕੀ ਕਹਿਣਗੇ', 'ਗੱਲਬਾਤ, ਗੱਲਾਂ ਤੇ ਗੱਪਾਂ' ਅਤੇ 'ਦੁਨੀਆਂ ਦਾ ਸਭ ਤੋਂ ਵੱਡਾ ਮੇਲਾ' ਵਿੱਚ ਉਸ ਨੇ ਮਨੁੱਖ ਨੂੰ ਇੱਕ ਸਮਾਜਿਕ ਪ੍ਰਾਣੀ ਵਜੋਂ ਸਥਾਪਤ ਕਰਦੇ ਹੋਏ ਸਮਾਂਤਰ ਆਪਣੇ ਮਨ ਦੀ ਮੰਨਣ ਦੀ ਸਿੱਖਿਆ ਦਿੱਤੀ ਹੈ। 'ਦੇਖ ਜਾਗਦੀਆਂ ਅੱਖਾਂ ਦੇ ਸੁਪਨੇ', 'ਕੱਪੜੇ ਪਹਿਰਾਵਾ ਤੇ ਫੈਸ਼ਨ' ਅਤੇ 'ਪੈਰਿਸ ਕਦੋਂ ਜਾਓਗੇ' ਵਿਅਕਤੀਤਵ ਵਿੱਚ ਨਕਲ ਕਰਨ ਅਤੇ ਬਾਹਰੀ ਦਿੱਖ ਦੀ ਗੱਲ ਕਰਨ 'ਤੇ ਆਧਾਰਤ ਹੈ। ਇੱਥੇ ਇਹ ਆਸ ਕੀਤੀ ਜਾਂਦੀ ਹੈ ਕਿ ਇਹ ਪੁਸਤਕ ਨਰਿੰਦਰ ਸਿੰਘ ਕਪੂਰ ਦੀਆਂ ਪਹਿਲੀਆਂ ਪੁਸਤਕਾਂ ਵਾਂਗ ਮਕਬੂਲੀਅਤ ਦੇ ਸਿਖ਼ਰ 'ਤੇ ਪਹੁੰਚੇਗੀ।

**— ਡਾ. ਸੰਦੀਪ ਰਾਣਾ**
ਸੰਪਰਕ : 98728-87551

# ਪੁਸਤਕ ਰੀਵਿਊ

## ਸੰਯੋਗਤਾ

**(ਨਾਵਲ)**
**ਬਲਬੀਰ ਸਿੰਘ ਯੂ ਐੱਸ ਏ**
**ਪੰਨੇ-193, ਮੁੱਲ-350 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**

ਬਲਬੀਰ ਸਿੰਘ ਯੂ ਐੱਸ ਏ ਨੇ ਤਿੰਨ ਨਾਵਲ 'ਦਰਦ ਪਰਾਇਆ', 'ਖਾਮੋਸ਼ੀ ਤੇ 'ਸੰਯੋਗਤਾ' ਪ੍ਰਕਾਸ਼ਤ ਕਰਵਾ ਕੇ ਪੰਜਾਬੀ ਨਾਵਲਕਾਰੀ ਦੇ ਖੇਤਰ ਵਿਚ ਆਪਣਾ ਚੰਗਾ ਨਾਂਅ-ਥਾਂ ਬਣਾ ਲਿਆ ਹੈ। ਉਸ ਦੇ ਨਾਵਲ ਸਮਕਾਲੀ ਸਮਾਜਿਕ ਵਿਵਸਥਾ ਦਾ ਮਾਨਵੀਕਰਨ ਤਰਜ਼ 'ਤੇ ਪੁਨਰ-ਨਿਰਮਾਣ ਕਰਨ ਦੇ ਕਾਰਜ ਨੂੰ ਉਸ ਦੇ ਸਾਹਿਤਕ ਏਜੰਡੇ ਵਜੋਂ ਉਭਾਰਦੇ ਹਨ। ਹੱਥਲਾ ਨਾਵਲ 'ਸੰਯੋਗਤਾ' ਮਾਨਵਤਾ ਪ੍ਰੇਮੀ ਗੁਰਪ੍ਰੀਤ ਸਿੰਘ ਮਿੰਟੂ ਦੀ ਨਿਗਰਾਨੀ ਵਿੱਚ ਹਸਨਪੁਰ ਜ਼ਿਲ੍ਹਾ ਲੁਧਿਆਣਾ ਵਿੱਖੇ ਚਲਾਈ ਜਾ ਰਹੀ ਸਮਾਜ ਸੇਵੀ ਸੰਸਥਾ 'ਸੁਪਨਿਆਂ ਦਾ ਘਰ' ਨੂੰ ਮਾਨਵਤਾਵਾਦ ਦਾ ਸਰਵੋਤਮ ਮਾਡਲ ਸਵੀਕਾਰ ਕੇ ਉਨ੍ਹਾਂ ਲੋਕਾਂ ਦੀ ਸ਼ਨਾਖ਼ਤ ਕਰਦਾ ਹੈ, ਜਿਹੜੇ ਇਸ ਸੰਸਥਾ ਦੀ ਸੋਚ ਦੇ ਦਾਇਰੇ ਨੂੰ ਹੋਰ ਵਿਸਥਾਰ ਦੇਣ ਦੇ ਮਾਮਲੇ ਵਿਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਇਸ ਕਾਰਜ ਵਿਚ ਵੱਡੀ ਭੂਮਿਕਾ ਨਿਭਾਅ ਸਕਦਾ ਪ੍ਰਿੰਟ ਤੇ ਇਲੈਕਟਰੋਨਿਕਸ ਮੀਡੀਆ ਜਦੋਂ ਵਿਅਕਤੀਵਾਦੀ ਬਿਰਤੀਆਂ ਦਾ ਸ਼ਿਕਾਰ ਹੋ ਕੇ ਆਪਣੀ ਮਾਨਵੀ ਫਰਜ਼ਾਂ ਤੋਂ ਭਟਕਦਾ ਜਾ ਰਿਹਾ ਹੈ ਤਾਂ ਇਹ ਨਾਵਲ ਪਾਠਕਾਂ ਅੰਦਰਲੀ ਸੰਵੇਦਨਾ ਨੂੰ ਝੰਜੋੜ ਕੇ ਉਹਨਾਂ ਦੇ ਬਣਦੇ ਫਰਜ਼ਾ ਦਾ ਅਹਿਸਾਸ ਕਰਾਉਂਦਾ ਹੈ। ਨਾਵਲਕਾਰ ਦਾ ਸੁਪਨਾ ਹੈ ਕਿ ਬਾਈ ਗੁਰਪ੍ਰੀਤ ਸਿੰਘ ਮਿੰਟੂ ਦੇ ਸੁਪਨਿਆਂ ਦੇ ਘਰ ਵੱਲੋਂ ਪੈਦਾ ਕੀਤੀ ਜਾ ਰਹੀ ਮਾਨਵੀ ਸੰਵੇਦਨਾ ਦਾ ਪਸਾਰ ਚਾਰੇ ਪਾਸੇ ਹੋ ਜਾਵੇ।

ਨਾਵਲ ਦਾ ਮੁੱਖ ਪਾਤਰ ਪੱਤਰਕਾਰ ਬਲਰਾਜ ਇਲੈਕਟ੍ਰੋਨਿਕਸ ਮੀਡੀਆ ਨੂੰ ਮਾਨਵਤਾ ਦੀ ਸੇਵਾ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਮੰਨਦਾ ਹੈ। ਬੱਸ ਅੱਡੇ 'ਤੇ ਅਰਧ ਨਗਨ ਅਵਸਥਾ ਵਿਚ ਫਿਰ ਰਹੀ ਇਕ ਪਾਗਲ ਕੁੜੀ ਤਮਾਸ਼ਬੀਨ ਲੋਕਾਂ ਲਈ ਤਾਂ ਮਨੋਰੰਜਨ ਦਾ ਵਸੀਲਾ ਬਣੀ ਹੋਈ ਸੀ, ਪਰ ਉਸ ਦੇ ਮਾਨਵੀ ਫਰਜ਼ ਉਸ ਨੂੰ ਪ੍ਰੇਰਿਤ ਕਰਦੇ ਹਨ ਕਿ ਉਹ ਅੱਡੇ 'ਤੇ ਖੜ੍ਹੀਆਂ ਹੋਰ ਔਰਤਾਂ ਦੀ ਮਦਦ ਨਾਲ ਉਸ ਦਾ ਨੰਗੇਜ਼ ਢਕਣ ਦੀ ਕੋਸ਼ਿਸ਼ ਕਰੇ। ਅਜਿਹਾ ਕਰਨ ਤੋਂ ਬਾਅਦ ਵੀ ਉਹ ਉਸ ਨੂੰ ਉਸ ਦੇ ਹਾਲ 'ਤੇ ਨਹੀਂ ਛੱਡਦਾ, ਸਗੋਂ ਆਪਣਾ ਫਰਜ਼ ਸਮਝ ਕੇ ਆਪਣੇ ਘਰ ਲੈ ਆਉਂਦਾ ਹੈ। ਉਸ ਦੇ ਪਰਿਵਾਰਕ ਮੈਂਬਰ ਦਿਮਾਗੀ ਤਵਾਜ਼ਨ ਗੁਆ ਚੁੱਕੀ ਕੁੜੀ ਤੋਂ ਤੰਗ ਆ ਕੇ ਉਸ ਨੂੰ ਆਪਣੇ ਲਈ ਮੁਸੀਬਤ ਸਮਝਦੇ ਹਨ, ਪਰ ਫਿਰ ਵੀ ਉਹ ਉਹਨਾਂ ਨੂੰ ਮਾਨਵਤਾ ਦਾ ਵਾਸਤਾ ਪਾ ਕੇ ਆਪਣੇ ਨਾਲ ਸਹਿਮਤ ਕਰ ਲੈਂਦਾ ਹੈ। ਜਦੋਂ ਉਸ ਕੁੜੀ ਵੱਲੋਂ ਘਰੋਂ ਭੱਜਣ ਦੀਆਂ ਕੋਸ਼ਿਸ਼ਾਂ ਪਰਵਾਰ ਲਈ ਲਈ ਵੱਡੀ ਮੁਸੀਬਤ ਬਣ ਜਾਂਦੀਆਂ ਹਨ ਤਾਂ ਇਸ ਦਾ ਹੱਲ ਉਸ ਨੂੰ ਇਹੀ ਵਿਖਾਈ ਦਿੰਦਾ ਹੈ ਕਿ ਉਸ ਕੁੜੀ ਨੂੰ ਬਾਈ ਗੁਰਪ੍ਰੀਤ ਸਿੰਘ ਮਿੰਟੂ ਵੱਲੋਂ ਚਲਾਈ ਜਾ ਰਹੀ ਸੰਸਥਾ ਵਿਚ ਛੱਡ ਕੇ ਮਾਨਸਿਕ ਰੋਗਾਂ ਦੇ ਮਾਹਰ ਤੋਂ ਉਸ ਦਾ ਇਲਾਜ ਕਰਵਾਇਆ ਜਾਵੇ। ਇਸ ਮਾਨਵਤਾਵਾਦੀ ਕਾਰਜ ਵਿਚ ਉਸ ਦੀ ਮੂੰਹ ਬੋਲੀ ਭੈਣ ਰੂਪੀ ਦੀ ਸਹੇਲੀ ਪੁਸ਼ਪਾ ਉਸ ਦਾ ਪੂਰਾ ਸਾਥ ਦਿੰਦੀ ਹੈ।




ਪੁਸ਼ਪਾ ਵੱਲੋਂ ਹਸਪਤਾਲ ਵਿਚ ਦਾਖਲ ਕਰਨ ਵੇਲੇ ਕੁੜੀ ਦਾ ਨਾਂਅ ਸੰਯੋਗਤਾ ਲਿਖਾਇਆ ਜਾਂਦਾ ਹੈ। ਇਲਾਜ ਨਾਲ ਉਸ ਦੀ ਮਾਨਸਿਕ ਦਸ਼ਾ ਠੀਕ ਹੋਣ ਲੱਗਦੀ ਹੈ ਤਾਂ ਉਹ ਬਲਰਾਜ ਦੇ ਨਾਲ ਹੀ ਫਿਰ ਤੋਂ ਉਸ ਦੇ ਘਰ ਆ ਜਾਂਦੀ ਹੈ। ਉਸ ਦੇ ਵਾਪਸ ਆਉਣ 'ਤੇ ਬਲਰਾਜ ਦੀ ਮਾਂ ਵੱਲੋਂ ਇਤਰਾਜ਼ ਕੀਤਾ ਜਾਂਦਾ ਹੈ, ਪਰ ਫਿਰ ਉਸ ਦਾ ਬਦਲਿਆ ਮਾਨਸਿਕ ਵਿਹਾਰ ਇਸ ਪਰਵਾਰ ਨੂੰ ਏਨਾ ਰਾਸ ਆ ਜਾਂਦਾ ਹੈ ਕਿ ਉਹ ਘਰ ਦੀ ਧੀ ਦਾ ਦਰਜਾ ਹੀ ਪ੍ਰਾਪਤ ਕਰ ਲੈਂਦੀ ਹੈ। ਬਲਰਾਜ ਦੀਆਂ ਭੈਣਾਂ ਪੰਮੀ ਤੇ ਰੀਤੂ ਉਸ ਨੂੰ ਨੂੰ ਪੜ੍ਹਨਾ ਲਿਖਣਾ ਸਿਖਾਉਂਦੀਆਂ ਹਨ ਤਾਂ ਉਹ ਇਸ ਕਾਬਿਲ ਬਣ ਜਾਂਦੀ ਹੈ ਕਿ ਬਲਰਾਜ ਦਾ ਦੋਸਤ ਕਮਲ ਉਸ ਨੂੰ ਆਪਣੇ ਰੈਸਟੋਰੈਂਟ ਵਿਚ ਰਿਸੈਪਸ਼ਨ ਕਾਊਂਟਰ 'ਤੇ ਬੈਠਣ ਦੀ ਜ਼ਿੰਮੇਵਾਰੀ ਵੀ ਸੰਭਾਲ ਦਿੰਦਾ ਹੈ। ਇਸ ਪੜਾਅ 'ਤੇ ਪੁੱਜ ਕੇ ਨਾਵਲ ਦੋ ਪਿਆਰ ਕਹਾਣੀਆਂ ਨੂੰ ਅੱਗੇ ਤੋਰਦਾ ਹੈ। ਇੱਕ ਪਾਸੇ ਸੰਯੋਗਤਾ ਦੀ ਸੀਰਤ ਤੇ ਸੁਭਾਅ ਤੋਂ ਪ੍ਰਭਾਵਤ ਹੋ ਕੇ ਕਮਲ ਉਸ 'ਤੇ ਮੋਹਿਤ ਹੋ ਜਾਂਦਾ ਹੈ ਤੇ ਦੂਜੇ ਪਾਸੇ ਬਲਰਾਜ ਤੇ ਪੁਸ਼ਪਾ ਦਾ ਅੰਦਰੂਨੀ ਪਿਆਰ ਵੀ ਜੱਗ ਜ਼ਾਹਰ ਹੋਣ ਲੱਗਦਾ ਹੈ। ਬਲਰਾਜ ਤੇ ਪੁਸ਼ਪਾ ਦੇ ਵਿਆਹ ਵਿਚ ਤਾਂ ਕੋਈ ਰੁਕਾਵਟ ਨਹੀਂ, ਪਰ ਸੰਯੋਗਤਾ ਦਾ ਅਤੀਤ ਉਸ ਤੇ ਕਮਲ ਦੇ ਵਿਆਹ ਵਿਚ ਵੱਡੀ ਰੁਕਾਵਟ ਬਣ ਕੇ ਸਾਹਮਣੇ ਆਉਂਦਾ ਹੈ।

ਨਾਵਲ ਸੰਯੋਗਤਾ ਦੇ ਅਤੀਤ ਨਾਲ ਜੁੜੇ ਰਹੱਸ ਨੂੰ ਖੋਲ੍ਹਦਾ ਹੈ ਤਾਂ ਉਸ ਦੇ ਵਰਤਮਾਨ ਨਾਲ ਸੰਬੰਧਤ ਸਾਰੇ ਸ਼ੁਭ ਚਿੰਤਕ ਇਸ ਦੁਬਿਧਾ ਵਿਚ ਪੈ ਜਾਂਦੇ ਹਨ ਕਿ ਉਹ ਆਪਣੇ ਪਿਛੋਕੜ ਵੱਲ ਪਰਤੇ ਜਾਂ ਕਮਲ ਨਾਲ ਵਿਆਹ ਕਰਵਾ ਕੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਨਵੇਂ ਸਿਰੇ ਤੋਂ ਕਰੇ। ਉਸ ਦਾ ਅਤੀਤ ਮੰਡੀ ਅਹਿਮਦਗੜ੍ਹ ਨਾਲ ਜੁੜਿਆ ਹੋਇਆ ਹੈ। ਆਪਣੇ ਵੱਡੇ ਭਰਾ ਨੂੰ ਅਹਿਮਦਗੜ੍ਹ ਗਏ ਬਲਰਾਜ ਦੀ ਖੋਜੀ ਬਿਰਤੀ ਇੱਕ ਫੈਕਟਰੀ ਮਜ਼ਦੂਰ ਪ੍ਰਕਾਸ਼ ਦੇ ਰੂਪ ਵਿਚ ਸੰਯੋਗਤਾ ਦੇ ਪਹਿਲੇ ਪਤੀ ਨੂੰ ਸਾਹਮਣੇ ਲੈ ਆਉਂਦੀ ਹੈ ਤੇ ਉਹ ਇਹ ਵੀ ਪਤਾ ਲਾ ਲੈਂਦਾ ਹੈ ਕਿ ਸੰਯੋਗਤਾ ਦਾ ਅਸਲ ਨਾਂਅ ਜੋਤੀ ਹੈ। ਭਾਵੇਂ ਜੋਤੀ ਉਰਫ ਸੰਯੋਗਤਾ ਦੇ ਅਤੀਤ ਨਾਲ ਜੁੜੇ ਘਟਨਾਕ੍ਰਮ ਦੀਆਂ ਪਰਤਾਂ ਕੁਝ ਨਾਟਕੀ ਕਿਸਮ ਦੀਆਂ ਹਨ, ਪਰ ਨਾਵਲ ਵਿਚਲਾ ਕਹਾਣੀ ਰਸ ਇਸ ਦੇ ਪਾਠ ਵਿਚ ਪਾਠਕੀ ਦਿਲਚਸਪੀ ਨੂੰ ਬਣਾਈ ਰੱਖਦਾ ਹੈ। ਸੰਯੋਗਤਾ ਦੀ ਗੁਆਚੀ ਯਾਦ ਵਾਪਸ ਨਾ ਆਉਣ ਕਾਰਨ ਉਹ ਆਪਣੇ ਪੁਰਾਣੇ ਪਤੀ ਨੂੰ ਨਹੀਂ ਪਛਾਣਦੀ ਤਾਂ ਪਾਠਕੀ ਜਗਿਆਸਾ ਇਸ ਸੁਆਲ ਦਾ ਜਵਾਬ ਲੱਭਣ ਲੱਗਦੀ ਹੈ ਕਿ ਕਮਲ ਤੇ ਪ੍ਰਕਾਸ਼ ਵਿਚੋਂ ਕਿਸ ਪੁਰਸ਼ ਦੀ ਆਮਦ ਉਸ ਦੇ ਜੀਵਨ ਵਿਚ ਹੋਵੇਗੀ।

ਬਦਲੇ ਸਮਾਜਕ ਸਮੀਕਰਨ ਕਮਲ ਦੇ ਹੱਕ ਵਿਚ ਭੁਗਤਦੇ ਹਨ ਤਾਂ ਪ੍ਰਕਾਸ਼ ਦੇ ਜੀਵਨ ਵਿਚ ਫਿਰ ਤੋਂ ਹਨੇਰਾ ਛਾ ਜਾਂਦਾ ਹੈ। ਆਪਣੇ ਆਪ ਨੂੰ ਫਿਰ ਇਕੱਲਾ ਪਿਆ ਮਹਿਸੂਸ ਕਰਕੇ ਉਹ ਨੀਮ ਪਾਗਲ ਅਵਸਥਾ ਵਿਚ ਉਸ ਬੱਸ ਅੱਡੇ 'ਤੇ ਪਹੁੰਚ ਜਾਂਦਾ ਹੈ, ਜਿੱਥੋਂ ਬਲਰਾਜ ਪਾਗਲ ਅਵਸਥਾ ਵਿਚ ਸੰਯੋਗਤਾ ਨੂੰ ਆਪਣੇ ਘਰ ਲਿਆਇਆ ਸੀ। ਇਸ ਪੜਾਅ 'ਤੇ ਵੀ ਬਲਰਾਜ ਤੇ ਬਾਈ ਮਿੰਟੂ ਹਿੰਮਤ ਨਹੀ ਹਾਰਦੇ ਤੇ ਸੰਯੋਗਤਾਂ ਵਾਂਗ ਉਸ ਨੂੰ ਨਵਾਂ ਜੀਵਨ ਦੇਣ ਦੇ ਯਤਨਾਂ ਵਿਚ ਜੁੱਟ ਜਾਂਦੇ ਹਨ। ਕੁਲ ਮਿਲਾ ਕਿ ਨਾਵਲ ਇਹ ਸੁਨੇਹਾ ਦੇਣ ਵਿਚ ਪੂਰੀ ਤਰ੍ਹਾਂ ਸਫਲ ਰਿਹਾ ਕਿ ਮਾਨਵਤਾਵਾਦ ਹੀ ਮਨੁੱਖੀ ਜੀਵਨ ਜਾਚ ਦਾ ਸਭ ਤੋਂ ਸਰਵੋਤਮ ਮਾਡਲ ਹੈ।

**—ਨਿਰੰਜਣ ਬੋਹਾ**
ਮੋਬਾਇਲ 89682-82700

# ਪ੍ਰੇਮ ਪ੍ਰਕਾਸ਼ ਬੇਜੋੜ ਹੁਨਰ ਅਤੇ ਹੌਸਲੇ ਵਾਲਾ ਕਹਾਣੀਕਾਰ ਸੀ : ਜਸਵੰਤ ਸਿੰਘ ਜ਼ਫ਼ਰ

**ਜਲੰਧਰ**-ਭਾਸ਼ਾ ਵਿਭਾਗ, ਪੰਜਾਬ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਭਾਸ਼ਾ ਦਫ਼ਤਰ, ਜਲੰਧਰ ਵੱਲੋਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਸੈਮੀਨਾਰ ਹਾਲ ਵਿਖੇ ਕਹਾਣੀਕਾਰ 'ਪ੍ਰੇਮ ਪ੍ਰਕਾਸ਼ ਸਿਮਰਤੀ ਸਮਾਗਮ' ਕਰਵਾਇਆ ਗਿਆ, ਜਿਸ ਦੌਰਾਨ ਉਨ੍ਹਾਂ ਦੀ ਕਹਾਣੀ ਕਲਾ ਤੇ ਸ਼ਖ਼ਸੀਅਤ ਬਾਰੇ ਨਿੱਠ ਕੇ ਵਿਚਾਰ ਚਰਚਾ ਕੀਤੀ ਗਈ। ਸਮਾਗਮ ਦੌਰਾਨ ਡਾ. ਗੁਰਇਕਬਾਲ ਸਿੰਘ ਨੇ ਮੁੱਖ ਵਕਤਾ ਵਜੋਂ ਚਰਚਾ ਦੀ ਸ਼ੁਰੂਆਤ ਕੀਤੀ। ਡਾ. ਲਖਵਿੰਦਰ ਜੌਹਲ, ਭਗਵੰਤ ਰਸੂਲਪੁਰੀ ਤੇ ਅਜਮੇਰ ਸਿੱਧੂ ਨੇ ਵਿਚਾਰ ਚਰਚਾ ਨੂੰ ਅੱਗੇ ਵਧਾਇਆ ਅਤੇ ਵਿਸ਼ੇਸ਼ ਮਹਿਮਾਨ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਚਰਚਾ ਨੂੰ ਸਿਖਰ 'ਤੇ ਪਹੁੰਚਾਇਆ।

ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨੇ ਸਵਾਗਤੀ ਭਾਸ਼ਣ ਦੌਰਾਨ ਕਿਹਾ ਕਿ ਜਲੰਧਰ ਪੰਜਾਬੀ ਕਹਾਣੀ ਦਾ ਗੜ੍ਹ ਰਿਹਾ ਹੈ। ਜਿੱਥੇ ਬਹੁਤ ਸਾਰੇ ਨਾਮਵਰ ਕਹਾਣੀਕਾਰ ਹੋਏ ਹਨ ਤੇ ਇਨ੍ਹਾਂ ਵਿੱਚ ਸ਼ਾਮਲ ਉੱਘੇ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੂੰ ਜਲੰਧਰ ਆ ਕੇ ਯਾਦ ਕਰਨਾ ਬਿਹਤਰ ਸਮਝਿਆ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਭਾਸ਼ਾ ਵਿਭਾਗ ਵੱਲੋਂ ਜਲੰਧਰ ਦੇ ਹੋਰਨਾਂ ਅਦੀਬਾਂ ਨੂੰ ਵੀ ਇਸੇ ਤਰ੍ਹਾਂ ਯਾਦ ਕੀਤਾ ਜਾਵੇਗਾ। ਸ. ਜ਼ਫ਼ਰ ਨੇ ਕਿਹਾ ਕਿ ਪ੍ਰੇਮ ਪ੍ਰਕਾਸ਼ ਵਿਲੱਖਣ ਹੁਨਰ ਅਤੇ ਹੌਸਲੇ ਵਾਲਾ ਕਹਾਣੀਕਾਰ ਸੀ। ਉਸ ਨੇ ਲੀਕ ਤੋਂ ਹਟ ਕੇ ਕੁਝ ਅਜਿਹੀਆਂ ਕਹਾਣੀਆਂ ਰਚੀਆਂ, ਜੋ ਪ੍ਰੇਮ ਪ੍ਰਕਾਸ਼ ਹੀ ਲਿਖ ਸਕਦਾ ਸੀ। ਜ਼ਿਲ੍ਹਾ ਭਾਸ਼ਾ ਅਫ਼ਸਰ ਜਲੰਧਰ ਡਾ. ਅਜੀਤਪਾਲ ਸਿੰਘ ਜਟਾਣਾ ਨੇ ਆਏ ਮਹਿਮਾਨਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ।



ਸਮਾਗਮ ਦੇ ਮੁੱਖ ਵਕਤਾ ਡਾ. ਗੁਰਇਕਬਾਲ ਸਿੰਘ ਨੇ ਦੱਸਿਆ ਕਿ ਪ੍ਰੇਮ ਪ੍ਰਕਾਸ਼ ਨੇ ਆਪਣੀਆਂ ਕਹਾਣੀਆਂ ਰਾਹੀਂ ਸਮਾਜਿਕ ਸੱਚ ਨੂੰ ਬਿਆਨ ਕੀਤਾ। ਉਹ ਸ਼ਹਿਰੀ ਮੱਧ ਸ਼੍ਰੇਣੀ ਨਾਲ ਸੰਬੰਧਤ ਸੀ ਤੇ ਉਨ੍ਹਾਂ ਦੀਆਂ ਕਹਾਣੀਆਂ ਦੇ ਪਾਤਰ ਵੀ ਇਸੇ ਸ਼੍ਰੇਣੀ ਨਾਲ ਸੰਬੰਧਤ ਹਨ। ਉਨ੍ਹਾਂ ਦੀਆਂ ਕਹਾਣੀਆਂ ਦੇ ਪਾਤਰ ਸਮਾਜਿਕ ਬੰਧਨਾਂ ਤੇ ਵਿਰਕਤੀਆਂ ਨਾਲ ਜੂਝਦੇ ਨਜ਼ਰ ਆਉਂਦੇ ਹਨ ਅਤੇ ਕਈ ਵਾਰ ਉਹ ਸਮਾਜਿਕ ਮਰਿਆਦਾ ਨੂੰ ਤੋੜਦੇ ਵੀ ਹਨ। ਇਹ ਉਨ੍ਹਾਂ ਪ੍ਰੇਮ ਪ੍ਰਕਾਸ਼ ਦੀਆਂ ਕੁਝ ਕਹਾਣੀਆਂ 'ਚੋਂ ਮਿਸਾਲਾਂ ਦੇ ਕੇ ਚਰਚਾ ਦੀ ਸ਼ੁਰੂਆਤ ਕੀਤੀ।

ਭਗਵੰਤ ਰਸੂਲਪੁਰੀ ਨੇ ਆਪਣੀਆਂ ਪ੍ਰੇਮ ਪ੍ਰਕਾਸ਼ ਨਾਲ ਜੁੜੀਆਂ ਯਾਦਾਂ ਬਾਰੇ ਬੋਲਦਿਆਂ ਕਿਹਾ ਕਿ ਸਾਡੀ ਪੀੜ੍ਹੀ ਦੇ ਕਈ ਕਹਾਣੀਕਾਰਾਂ ਨੂੰ ਪ੍ਰੇਮ ਪ੍ਰਕਾਸ਼ ਨੇ ਚੰਗਾ ਸਾਹਿਤ ਪੜ੍ਹਨ ਤੇ ਲਿਖਣ ਲਈ ਬਹੁਤ ਉਤਸ਼ਾਹਿਤ ਕੀਤਾ। ਉਨ੍ਹਾਂ ਉੱਭਰਦੇ ਲਿਖਾਰੀਆਂ ਨੂੰ ਸੰਪਾਦਨ ਤੇ ਅਨੁਵਾਦ ਵੀ ਸਿਖਾਇਆ। ਉਨ੍ਹਾਂ ਕਿਹਾ ਕਿ ਪ੍ਰੇਮ ਪ੍ਰਕਾਸ਼ ਸਮਕਾਲੀ ਲੇਖਕਾਂ ਨੂੰ ਬਹੁਤ ਪੜ੍ਹਦੇ ਸਨ ਤੇ ਲੇਖਕਾਂ ਨੂੰ ਚਿੱਠੀਆਂ ਰਾਹੀਂ ਆਪਣੀਆਂ ਟਿੱਪਣੀਆਂ ਵੀ ਭੇਜਦੇ ਸਨ। ਜੋ ਉਨ੍ਹਾਂ ਦਾ ਬਹੁਤ ਵੱਡਾ ਗੁਣ ਸੀ। ਸ੍ਰੀ ਅਜਮੇਰ ਸਿੱਧੂ ਨੇ ਕਿਹਾ ਕਿ ਪ੍ਰੇਮ ਪ੍ਰਕਾਸ਼ ਹੁਰਾਂ ਨੇ ਸਾਨੂੰ ਕਹਾਣੀਆਂ ਲਿਖਣ ਦੀਆਂ ਨਵੀਆਂ-ਨਵੀਆਂ ਤਕਨੀਕਾਂ ਦੱਸੀਆਂ। ਉਨ੍ਹਾਂ ਨਵੇਂ ਕਹਾਣੀਕਾਰਾਂ ਨੂੰ ਵੀ ਕਹਾਣੀ ਕਲਾ ਦੇ ਗੁਰ ਦੱਸਣ ਤੋਂ ਕਦੇ ਗੁਰੇਜ਼ ਨਹੀਂ ਕੀਤਾ। ਉਹ ਆਪਣੀਆਂ ਰਚਨਾਵਾਂ ਤੇ ਆਮ ਗੱਲਬਾਤ ਰਾਹੀਂ ਸਾਫ਼ਗੋਈ ਨਾਲ ਗੱਲ ਕਰਨ ਲਈ ਜਾਣੇ ਜਾਂਦੇ ਸਨ।

ਡਾ. ਲਖਵਿੰਦਰ ਜੌਹਲ ਨੇ ਆਪਣੇ ਭਾਵਪੂਰਤ ਸ਼ਬਦਾਂ ਰਾਹੀਂ ਦੱਸਿਆ ਕਿ ਪ੍ਰੇਮ ਪ੍ਰਕਾਸ਼ ਜ਼ਿੰਦਗੀ ਵਿੱਚ ਸਭ ਕੁਝ ਗਿਣ ਮਿਥ ਕੇ ਕਰਦੇ ਸਨ ਅਤੇ ਇੱਕ ਬਹੁਪਰਤੀ ਇਨਸਾਨ ਅਤੇ ਰਚਨਾਕਾਰ ਸਨ। ਉਨ੍ਹਾਂ ਨੂੰ ਜਦੋਂ ਵੀ ਮਿਲਦੇ ਸਾਂ ਤਾਂ ਇੱਕ ਨਵੀਂ ਪਰਤ ਦੇਖਣ ਨੂੰ ਮਿਲਦੀ ਸੀ। ਉਹ ਜੋ ਵੀ ਕਾਰਜ ਕਰਦੇ ਸਨ, ਉਸ ਦੀ ਪ੍ਰਮਾਣਿਕਤਾ ਵੀ ਤਿਆਰ ਰੱਖਦੇ ਸਨ। ਡਾ. ਜੌਹਲ ਨੇ ਕਿਹਾ ਕਿ ਉਹ ਪੰਜਾਬੀ ਸਾਹਿਤ ਸੰਵਾਦ ਦਾ ਹੱਸਮੁੱਖ ਚਿਹਰਾ ਸਨ। ਉਹ ਕਹਾਣੀ ਦਾ ਵਿਸ਼ਲੇਸ਼ਣ ਕਰਦੇ ਸਨ, ਨਾ ਕਿ ਕਹਾਣੀਕਾਰ ਦਾ। ਉਸ ਦੀਆਂ ਕਹਾਣੀਆਂ ਨੇ ਰਿਸ਼ਤਿਆਂ ਦੀਆਂ ਗੁੰਝਲਾਂ ਨੂੰ ਸਮਝਿਆ ਅਤੇ ਬਿਆਨਿਆ। ਉਹ ਇੱਕ ਸਮਰੱਥਾਵਾਨ ਲੇਖਕ ਸੀ, ਪਰ ਕੁੱਝ ਮੁੱਦਿਆਂ 'ਤੇ ਉਸ ਨੇ ਆਪਣੀਆਂ ਲਿਖਤਾਂ ਨੂੰ ਨਿੱਜ 'ਤੇ ਕੇਂਦਰਿਤ ਰੱਖਿਆ। ਇਸ ਸਨਕ ਕਾਰਨ ਉਹ ਹੋਰ ਵੱਡੀਆਂ ਮੰਜ਼ਲਾਂ ਸਰ ਨਹੀਂ ਕਰ ਸਕੇ।

ਵਿਸ਼ੇਸ਼ ਮਹਿਮਾਨ ਗੋਪਾਲ ਬੁੱਟਰ ਨੇ ਕਿਹਾ ਕਿ ਪ੍ਰੇਮ ਪ੍ਰਕਾਸ਼ ਪੰਜਾਬੀ ਸਾਹਿਤ ਦੇ ਸੁਲੱਖਣੇ ਲੋਕਾਂ 'ਚ ਸ਼ਾਮਲ ਸੀ। ਭਾਸ਼ਾ ਵਿਭਾਗ ਪੰਜਾਬ ਵੱਲੋਂ ਕਿਸੇ ਵੱਡੇ ਸਾਹਿਤਕਾਰ ਨੂੰ ਉਸ ਦੇ ਸ਼ਹਿਰ 'ਚ ਆ ਕੇ ਯਾਦ ਕਰਨਾ ਬਹੁਤ ਸ਼ਲਾਘਾਯੋਗ ਕਾਰਜ ਹੈ। ਉਨ੍ਹਾਂ ਕਿਹਾ ਕਿ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਬਹੁ-ਪਾਸਾਰੀ ਤੇ ਯਥਾਰਥਵਾਦੀ ਹੋਣ ਦੇ ਨਾਲ-ਨਾਲ ਸਾਹਿਤ ਗੁਣਾਂ 'ਤੇ ਵੀ ਖਰੀਆਂ ਉੱਤਰਦੀਆਂ ਹਨ।

ਸਮਾਗਮ ਦੀ ਸਹਿਯੋਗੀ ਸੰਸਥਾ ਲਾਇਲਪੁਰ ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਜਿੰਦਰ ਸਿੰਘ ਸੇਖੋਂ ਨੇ ਸਾਰੇ ਬੁਲਾਰਿਆਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਸਭ ਨੂੰ ਸੁਣ ਕੇ ਇਸ ਤਰ੍ਹਾਂ ਲੱਗਿਆ ਜਿਵੇਂ ਪ੍ਰੇਮ ਪ੍ਰਕਾਸ਼ ਦੇ ਜੀਵਨ ਦੀ ਫ਼ਿਲਮ ਅੱਖਾਂ ਸਾਹਮਣੇ ਚੱਲ ਰਹੀ ਹੋਵੇ। ਅਖ਼ੀਰ 'ਚ ਕਾਲਜ ਦੇ ਪ੍ਰਿੰਸੀਪਲ ਡਾ. ਸਮਸ਼ੇਰ ਸਿੰਘ ਸੰਧੂ ਨੇ ਸਭ ਦਾ ਧੰਨਵਾਦ ਕੀਤਾ। ਭਾਸ਼ਾ ਵਿਭਾਗ ਵੱਲੋਂ ਵਿਦਵਾਨਾਂ ਦਾ ਵਿਭਾਗੀ ਸ਼ਾਲਾਂ ਤੇ ਪੁਸਤਕਾਂ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰੋ. ਰਵਿੰਦਰ ਭੱਠਲ, ਬਿੰਦਰ ਬਸਰਾ, ਸਰੋਜ, ਰਜਿੰਦਰ ਬਿਮਲ, ਜ਼ਿਲ੍ਹਾ ਭਾਸ਼ਾ ਖੋਜ ਅਫ਼ਸਰ ਨਵਨੀਤ ਕੌਰ ਰਾਏ, ਅੰਕੁਸ਼ ਕੁਮਾਰ, ਕਾਲਜ ਦੇ ਅਧਿਆਪਕ ਤੇ ਵਿਦਿਆਰਥੀ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

# ਕੌਮਾਂਤਰੀ ਲੇਖਕ ਮੰਚ ਵੱਲੋਂ ਕਲਮ ਪੁਰਸਕਾਰ ਪ੍ਰਦਾਨ

**ਅੰਮ੍ਰਿਤਸਰ**-ਕੌਮਾਂਤਰੀ ਲੇਖਕ ਮੰਚ 'ਕਲਮ' ਵੱਲੋਂ 21ਵੇਂ 'ਬਾਪੂ ਜਗੀਰ ਸਿੰਘ ਕੰਬੋਜ ਯਾਦਗਾਰੀ ਕਲਮ-ਪੁਰਸਕਾਰ ਸਨਮਾਨ ਸਮਾਰੋਹ' ਮੌਕੇ ਬਾਪੂ ਜਾਗੀਰ ਸਿੰਘ ਕੰਬੋਜ ਯਾਦਗਾਰੀ 'ਕਿਰਤ-ਕੁੰਭ ਕਲਮ ਪੁਰਸਕਾਰ' ਬਹੁ-ਪੱਖੀ ਲੇਖਕ ਤੇ ਸ਼ਾਇਰ ਨਿਰਮਲ ਅਰਪਣ ਹੁਰਾਂ ਨੂੰ ਭੇਟ ਕੀਤਾ ਗਿਆ। ਵਿਰਸਾ ਵਿਹਾਰ ਵਿਖੇ ਫ਼ੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਗੁਰਭਜਨ ਗਿੱਲ, ਡਾ. ਰਵਿੰਦਰ, ਕੁਲਦੀਪ ਦੀਪ, ਦਰਸ਼ਨ ਬੁੱਟਰ ਤੇ ਕੇਵਲ ਧਾਲੀਵਾਲ ਦੀ ਪ੍ਰਧਾਨਗੀ ਵਿੱਚ ਹੋਣ ਵਾਲੇ ਇਸ ਸਮਾਰੋਹ ਵਿੱਚ ਸਤਨਾਮ ਚਾਨਾ ਨੂੰ 'ਡਾ. ਕੇਸਰ ਸਿੰਘ ਕੇਸਰ, ਇਲਮੇ-ਅੱਵਲ' ਪੁਰਸਕਾਰ, ਕਹਾਣੀਕਾਰ ਮੁਖਤਾਰ ਗਿੱਲ ਨੂੰ 'ਤਲਵਿੰਦਰ ਦੀ ਤਰੰਗ' ਕਲਮ ਪੁਰਸਕਾਰ ਅਤੇ ਸ਼ਾਇਰ ਵਿਸ਼ਾਲ ਨੂੰ 'ਰਿਸ਼ੀ ਰਮਨ ਦੀ ਰੌ' ਕਲਮ ਪੁਰਸਕਾਰ ਭੇਟ ਕੀਤੇ ਗਏ। ਸੁਖਵਿੰਦਰ ਕੰਬੋਜ, ਕੁਲਵਿੰਦਰ ਦੀ ਅਗਵਾਈ ਵਿੱਚ ਰਮੇਸ਼ ਯਾਦਵ ਤੇ ਭੁਪਿੰਦਰ ਸਿੰਘ ਸੰਧੂ ਦੀ ਸਰਪ੍ਰਸਤੀ ਹੇਠ ਹੋਣ ਵਾਲੇ ਇਸ ਸਮਾਰੋਹ ਦਾ ਮੰਚ-ਸੰਚਾਲਨ ਸੁਰਜੀਤ ਜੱਜ ਤੇ ਹਰਮੀਤ ਵਿਦਿਆਰਥੀ ਨੇ ਕੀਤਾ। ਡਾ. ਲਖਵਿੰਦਰ ਜੌਹਲ ਵੱਲੋਂ ਸਵਾਗਤੀ ਸ਼ਬਦ ਕਹਿਣ ਉਪਰੰਤ ਸਨਮਾਨਾਂ ਦੀ ਰਸਮ ਅਦਾ ਕਰਨ ਅਤੇ ਨਿਰਮਲ ਅਰਪਣ ਸੰਬੰਧੀ ਸੰਪਾਦਤ ਕਿਤਾਬ 'ਸ਼ਬਦ ਸ਼ਿਲਪੀ' ਲੋਕ ਅਰਪਣ ਕਰਨ ਉਪਰੰਤ ਪੰਜਾਬ ਦੇ ਨਾਮਵਰ ਸ਼ਾਇਰਾਂ ਦੀ ਹਾਜ਼ਰੀ ਵਾਲੇ ਕਵੀ ਦਰਬਾਰ ਵਿੱਚ ਸਰਵਸ੍ਰੀ ਬਲਵਿੰਦਰ ਸੰਧੂ, ਸਤੀਸ਼ ਗੁਲਾਟੀ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਬਲਵਿੰਦਰ ਭੱਟੀ, ਪ੍ਰੋ. ਬਲਦੇਵ ਸਿੰਘ ਬੱਲੀ, ਮੱਖਣ ਮਾਨ, ਬਖਤੌਰ ਧਾਲੀਵਾਲ, ਰਾਕੇਸ਼ ਆਨੰਦ, ਪ੍ਰਿੰਸ ਧੁੰਨਾ, ਸੁਖਦੇਵ ਭੱਟੀ, ਕਮਲ ਗਿੱਲ, ਐੱਸ. ਪ੍ਰਸ਼ੋਤਮ, ਕੰਵਲਪ੍ਰੀਤ ਥਿੰਦ, ਸੁਖਬੀਰ ਭੌਮਾ ਆਦਿ ਕਵੀਆਂ ਨੇ ਆਪਣਾ ਕਲਾਮ ਪੇਸ਼ ਕੀਤਾ। ਇਸ ਮੌਕੇ ਭਗਵੰਤ ਰਸੂਲਪੁਰੀ, ਸੁਖਜੀਵਨ, ਸਤਿੰਦਰਜੀਤ ਕੌਰ, ਰਾਜਬੀਰ ਗਰੇਵਾਲ, ਡਾ. ਭੁਪਿੰਦਰ ਕੌਰ, ਸਤਨਾਮ ਚਾਨਾ ਤੇ ਮੁਖਤਾਰ ਗਿੱਲ ਦਾ ਪਰਵਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਗੁਰਭਜਨ ਗਿੱਲ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਇਨਾਮ ਪ੍ਰਾਪਤ ਲੇਖਕਾਂ ਬਾਰੇ ਵਿਚਾਰ ਦੇਣ ਉਪਰੰਤ 'ਕਲਮ' ਭੁਪਿੰਦਰ ਸਿੰਘ ਸੰਧੂ ਤੇ ਗੁਰਜਿੰਦਰ ਬਘਿਆੜੀ ਦੁਆਰਾ ਆਏ ਹੋਏ ਤਮਾਮ ਸੱਜਣਾਂ ਦਾ ਧੰਨਵਾਦ ਕੀਤਾ ਗਿਆ। 'ਕਲਮ' ਦਾ ਇਹ ਸਮਾਰੋਹ ਆਪਣਾ ਵਿਸ਼ੇਸ਼ ਪ੍ਰਭਾਵ ਛੱਡਦਿਆਂ ਸਮਾਪਤ ਹੋਇਆ। ਇਸ ਮੌਕੇ ਹਰਜੀਤ ਸਰਕਾਰੀਆ, ਦਿਲਬਾਗ ਸਿੰਘ ਸਰਕਾਰੀਆ, ਮਨਿੰਦਰ ਕੌਰ ਮਹਿਲਾਂਵਾਲਾ, ਜਸਵਿੰਦਰ ਜੱਸੀ, ਕਮਲ ਗਿੱਲ, ਨਿਰੰਜਣ ਗਿੱਲ, ਰਾਜਪਾਲ ਰਮਦਾਸ, ਰਾਜਪਾਲ ਫਤਿਹਗੜ੍ਹ ਚੂੜੀਆਂ, ਕੁਲਦੀਪ ਚੇਤਨਪੁਰੀ, ਪ੍ਰਿਤਪਾਲ ਪੱਟੀ, ਬਰਕਤ ਵੋਹਰਾ ਪੱਟੀ, ਜਗਰੂਪ ਸਿੰਘ ਐਮਾ ਆਦਿ ਹਾਜ਼ਰ ਹੋਏ।



# ਡਾ. ਰਘਬੀਰ ਸਿੰਘ ਸਿਰਜਣਾ ਨੂੰ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ'

**ਕੈਲਗਰੀ**-ਅਰਪਨ ਲਿਖਾਰੀ ਸਭਾ, ਕੈਲਗਰੀ ਦਾ 15ਵਾਂ ਸਾਲਾਨਾ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਸਮਾਗਮ 13 ਜੂਨ ਨੂੰ ਟੈਂਪਲ ਕਮਿਊਨਿਟੀ ਹਾਲ ਵਿਖੇ ਆਯੋਜਿਤ ਕੀਤਾ ਗਿਆ। ਇਸ ਦੀ ਪ੍ਰਧਾਨਗੀ ਜਸਵੰਤ ਸਿੰਘ ਸੇਖੋਂ, ਡਾ. ਰਘਬੀਰ ਸਿੰਘ ਸਿਰਜਣਾ, ਜਨਾਬ ਮੁਨੱਵਰ ਅਹਿਮਦ ਅਤੇ ਕੁਲਦੀਪ ਕੌਰ ਘਟੌੜਾ ਨੇ ਕੀਤੀ।



ਜਗਦੇਵ ਸਿੱਧੂ ਨੇ ਸਨਮਾਨਿਤ ਕੀਤੇ ਜਾਣ ਵਾਲੇ ਮੁੱਖ ਮਹਿਮਾਨ, ਡਾ. ਰਘਬੀਰ ਸਿੰਘ ਸਿਰਜਣਾ ਬਾਰੇ ਬੋਲਦਿਆਂ ਉਨ੍ਹਾਂ ਦੇ ਜੀਵਨ, ਯੋਗਤਾਵਾਂ, ਕਾਰਜ ਖੇਤਰਾਂ, ਅਹੁਦਿਆਂ, ਜ਼ਿੰਮੇਵਾਰੀਆਂ ਅਤੇ ਪ੍ਰਾਪਤੀਆਂ ਉਪਰ ਪੰਛੀ ਝਾਤ ਪੁਆਈ। ਉਸ ਨੇ ਕਿਹਾ ਕਿ ਡਾ. ਰਘਬੀਰ ਸਿੰਘ ਉੱਘੇ ਪੱਤਰਕਾਰ, ਕਈ ਪੁਸਤਕਾਂ ਦੇ ਲੇਖਕ, ਅਨੁਵਾਦਕ, ਸੰਪਾਦਕ, ਚਿੰਤਕ, ਆਲੋਚਕ ਤੋਂ ਇਲਾਵਾ ਪੰਜ ਦਰਜਨ ਖੋਜ-ਪੱਤਰਾਂ, ਅਨੇਕਾਂ ਕਿਤਾਬਾਂ ਦੇ ਮੁੱਖ ਬੰਦ ਅਤੇ ਕੋਈ 150 ਪੁਸਤਕਾਂ ਦੀਆਂ ਸਮੀਖਿਆਵਾਂ ਲਿਖਣ ਵਾਲੇ ਸਾਹਿਤ-ਸੂਰਮੇ ਹਨ। ਉਨ੍ਹਾਂ ਨੂੰ ਮਿਲੇ ਪੁਰਸਕਾਰਾਂ ਤੇ ਸਨਮਾਨਾਂ ਦੀ ਸੂਚੀ ਬਹੁਤ ਲੰਮੀ ਹੈ। ਉਨ੍ਹਾਂ ਨੇ 1965 ਵਿਚ ਚਾਲੂ ਕੀਤੇ ਤ੍ਰੈਮਾਸਕ ਰਸਾਲੇ 'ਸਿਰਜਣਾ' ਦੁਆਰਾ ਪੰਜਾਬੀ ਵਿਚ ਅਨੇਕਾਂ ਲੇਖਕ ਪੈਦਾ ਕੀਤੇ, ਅਨੇਕਾਂ ਲੇਖਕਾਂ ਨੂੰ ਥਿੜਕਣ ਤੋਂ ਬਚਾਇਆ। ਉਸ ਨੇ ਡਾਕਟਰ ਸਾਹਿਬ ਦੁਆਰਾ ਅਧਿਆਪਨ, ਖੋਜ, ਸਾਹਿਤ ਰਚਨਾ ਅਤੇ ਪੱਤਰਕਾਰੀ ਦੇ ਖੇਤਰਾਂ ਵਿਚ ਪਾਏ ਵਡਮੁੱਲੇ ਯੋਗਦਾਨ ਸਦਕਾ ਉਨ੍ਹਾਂ ਨੂੰ ਸਾਹਿਤ ਦੇ ਮਹਾਰਥੀ ਕਿਹਾ। ਡਾ. ਰਘਬੀਰ ਸਿੰਘ ਨੇ ਪੁਰਸਕਾਰ ਸਵੀਕਾਰ ਕਰਦਿਆਂ ਸਭਾ ਦਾ ਧੰਨਵਾਦ ਕੀਤਾ। ਸਤਨਾਮ ਢਾਅ ਨੇ ਡਾ. ਰਘਬੀਰ ਸਿੰਘ ਦੀਆਂ ਉਪਲੱਬਧੀਆਂ ਦਾ ਸੰਖੇਪ ਬਿਊਰਾ ਦਿੰਦਿਆਂ ਅਤੇ ਉਨ੍ਹਾਂ ਦੁਆਰਾ ਸਰਕਾਰੀ ਦਮਨਕਾਰੀ ਨੀਤੀਆਂ ਅਤੇ ਮੁਸ਼ਕਲ ਹਾਲਤਾਂ ਵਿਚ ਵੀ ਨਿਰਪੱਖ ਪੱਤਰਕਾਰੀ ਉਪਰ ਨਿਡਰਤਾ ਨਾਲ਼ ਪਹਿਰਾ ਦੇਣ ਦੀ ਜੁਰਅੱਤ ਨੂੰ ਸਲਾਹਿਆ। ਉੱਘੇ ਲੇਖਕ ਸਾਧੂ ਬਿਨਿੰਗ ਨੇ ਬੀ.ਸੀ. ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਏ ਜਾਣ ਦੀ ਮਾਨਤਾ ਬਾਰੇ ਦੱਸਿਆ। ਰਚਨਾਵਾਂ ਦੇ ਦੌਰ ਵਿਚ ਲਹਿੰਦੇ ਪੰਜਾਬ ਤੋਂ ਜਨਾਬ ਮੁਨੱਵਰ ਅਹਿਮਦ, ਜਰਨੈਲ ਤੱਗੜ, ਸੋਹਣ ਸਿੰਘ ਭੁੱਚੋ, ਚਰਨਦੀਪ ਕੌਰ ਅਤੇ ਸਤਿੰਦਰ ਕੌਰ, ਸੁਰਿੰਦਰ ਗੀਤ, ਸੁਖਮੰਦਰ ਗਿੱਲ, ਡਾ. ਜੋਗਾ ਸਿੰਘ ਸਹੋਤਾ, ਡਾ. ਮਨਮੋਹਨ ਬਾਠ ਅਤੇ ਭੂਪਿੰਦਰ ਸਿੰਘ ਭਾਗੋਮਾਜਰਾ ਨੇ ਗੀਤਾਂ ਦੀ ਛਹਿਬਰ ਲਾਈ। ਸਮਾਗਮ 'ਚ ਸੁਖਵੰਤ ਹੁੰਦਲ, ਹਰਪ੍ਰੀਤ ਸੇਖਾ ਸਮਾਗਮ 'ਚ ਪਹੁੰਚੇ। ਜਸਵੰਤ ਰਾਏ ਸ਼ਰਮਾ, ਦਰਸ਼ਨ ਬਰਾੜ, ਸਭਾ ਦੇ ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਸਮਾਗਮ ਦਾ ਸੰਚਾਲਨ ਕੀਤਾ।

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਲੇਖਕਾਂ ਤੇ ਕਾਰਜਕਾਰਨੀ ਮੈਂਬਰਾਂ ਨੂੰ ਅਪੀਲ

ਚੰਡੀਗੜ੍ਹ : ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਮੂਹ ਮੈਂਬਰਾਂ ,ਸਭਾਵਾਂ ਅਹੁਦੇਦਾਰਾਂ, ਕਾਰਜਕਾਰੀ ਮੈਂਬਰਾਂ ਨੂੰ ਚੇਤੇ ਕਰਾ ਜਾਂਦਾ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਤਿੰਨ ਸਾਲਾਂ ਬਾਅਦ ਹੋਣ ਵਾਲੀ ਚੋਣ ਇਸ ਸਾਲ ਅਕਤੂਬਰ ਮਹੀਨੇ ਤੋਂ ਪਹਿਲਾਂ ਪਹਿਲਾਂ ਹੋਣੀ ਲਾਜਮੀ ਹੈ।ਇਸ ਲਈ ਸਾਰੀਆਂ ਸਭਾਵਾਂ ਅਤੇ ਸਮੂਹ ਮੈਂਬਰਾਂ ਨੂੰ ਆਪਣੀ ਮੈਂਬਰਸ਼ਿਪ 30 ਜੂਨ ਤੱਕ ਨਵਾਉਣ ਦਾ ਫੈਸਲਾ ਕੀਤਾ ਗਿਆ ਹੋਇਆ ਹੈ।

ਕੇਂਦਰੀ ਸਭਾ ਦੀ ਕਾਰਜਕਾਰਨੀ ਦੀ ਹੋਈ ਗਿਆਰਾਂ ਅਪ੍ਰੈਲ 2026 ਦੀ ਮੀਟਿੰਗ ਦੇ ਹੋਏ ਫੈਸਲੇ ਤਾਹਿਤ ਮੈਂਬਰ ਸੂਚੀ ਨਵਿਉਣ ਅਤੇ ਨਵੇਂ ਲੇਖਕਾਂ ਨੂੰ ਮੈਂਬਰ ਸੂਚੀ ਵਿਚ ਦਰਜ ਕਰਾਉਣ ਦੀ ਆਖਰੀ ਮਿਤੀ 15 ਜੁਲਾਈ ਤਹਿ ਹੋਈ ਸੀ।ਸਾਰੇ ਸਾਥੀ ਕ੍ਰਿਪਾ ਕਰਕੇ ਸਮਾਂ ਰਹਿੰਦਿਆਂ ਆਪੋ ਆਪਣੇ ਇਲਾਕਿਆਂ ਦੀਆਂ ਸਾਹਿਤ ਸਭਾਵਾਂ ਨਾਲ ਤਾਲ ਮੇਲ ਕਰਕੇ ਕੇਂਦਰੀ ਸਭਾ ਦੇ ਦਫਤਰ ਨੂੰ ਅੰਤਿਮ ਮਿਤੀ 15 ਜੁਲਾਈ ਤੱਕ ਸੂਚਿਤ ਕਰਨ।ਸਭਾ ਰਾਹੀਂ ਮੈਂਬਰਸ਼ਿਪ ਫੀਸ 200 ਰੁਪਏ ਅਤੇ ਜੀਵਨ ਮੈਂਬਰ ਦੀ ਫੀਸ 1000 ਰੁਪਏ ਨਿਰਧਾਰਿਤ ਕੀਤੀ ਗਈ ਹੈ।

ਨਵੇਂ ਮੈਂਬਰ ਲਈ ਘੱਟੋ ਘੱਟ ਇਕ ਸਾਹਿਤਕ ਪੁਸਤਕ ਜਾਂ ਕਿਸੇ ਨਾਮੀ ਅਖਬਾਰਾਂ ਜਾਂ ਮੈਗਜ਼ੀਨਾਂ ਵਿਚ ਘੱਟੋ ਘੱਟ ਵੀਹ ਰਚਨਾਵਾਂ ਮੌਲਿਕ ਪ੍ਰਕਾਸ਼ਿਤ ਹੋਣ।ਕਿਤਾਬ ਦਾ ਖਰੜਾ ਵੀ ਪ੍ਰਵਾਨਯੋਗ ਹੈ।ਵੱਲੋਂ : ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਮੱਖਣ ਕੁਹਾੜ, ਦੀਪ ਦੇਵਿੰਦਰ ਸਿੰਘ, ਸੰਪਰਕ 98728-23110

# ਅਧਿਆਤਮਿਕਤਾ ਦੇ ਨਾਲ-ਨਾਲ ਹੱਕਾਂ ਦੀ ਤਰਜਮਾਨੀ ਕਰਦੀ ਹੈ ਰਵਿਦਾਸ ਬਾਣੀ : ਡਾ. ਧਰਮ ਸਿੰਘ

ਪਟਿਆਲਾ : ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਪਟਿਆਲਾ ਵੱਲੋਂ ਸ੍ਰੀ ਬੇਗ਼ਮਪੁਰਾ ਮਿਸ਼ਨ (ਰਜਿ) ਪੰਜਾਬ ਦੇ ਸਹਿਯੋਗ ਨਾਲ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿਚ ਸ੍ਰੀ ਗੁਰੂ ਰਵਿਦਾਸ ਜੀ ਨਾਲ ਸਬੰਧਿਤ 'ਗੁਰੂ ਰਵਿਦਾਸ : ਜੀਵਨ ਤੇ ਫ਼ਲਸਫ਼ਾ' ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿਚ ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਧਰਮ ਸਿੰਘ ਨੇ ਕਿਹਾ ਗੁਰੂ ਸਾਹਿਬਾਨਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਲਈ ਦਰਜ ਕੀਤੀ ਕਿਉਂਕਿ ਉਹ ਅਧਿਆਤਮਿਕਤਾ ਦੇ ਨਾਲ ਨਾਲ ਇਨਸਾਨੀਅਤ ਦੀ ਤਰਜਮਾਨੀ ਵੀ ਕਰਦੀ ਹੈ। ਪ੍ਰੋ. ਕਿਰਪਾਲ ਕਜ਼ਾਕ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਫਲਸਫੇ ਅਤੇ ਉਹਨਾਂ ਦੇ ਜੀਵਨ 'ਤੇ ਹੋਰ ਖ਼ੋਜ ਹੋਣੀ ਚਾਹੀਦੀ ਹੈ। ਗੁਰੂ ਰਵਿਦਾਸ ਦੀ ਬਾਣੀ ਜਿੱਥੇ ਸੱਤਾ ਨੂੰ ਵੰਗਾਰਦੀ ਹੈ ਉੱਥੇ ਹੀ ਰੱਬ ਨੂੰ ਵੀ ਚੇਤੇ ਰੱਖਦੀ ਹੈ। ਇੱਥੇ ਪਰਚਾ ਪੜ੍ਹਦਿਆਂ ਲੇਖਕ ਤੇ ਚਿੰਤਕ ਪ੍ਰੋ. ਮੀਤ ਖੱਟੜਾ ਨੇ ਕਿਹਾ ਕਿ ਵਰਣ ਵੰਡ ਕਰਕੇ ਹੀ ਇਨਸਾਨ ਇਨਸਾਨ ਨੂੰ ਨਫ਼ਰਤ ਕਰਨ ਲੱਗਾ ਜਿਸ ਕਰਕੇ ਬੰਦੇ ਤੋ ਬੰਦੇ ਵਿਚਲਾ ਪਾੜਾ ਨੇੜੇ ਹੁੰਦਿਆਂ ਵੀ ਬਹੁਤ ਦੂਰ ਦਾ ਬਣ ਗਿਆ। ਖੋਜਾਰਥੀ ਜਗਪਾਲ ਸਿੰਘ ਚਹਿਲ ਨੇ ਪਰਚੇ ਵਿਚ ਕਿਹਾ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਸਾਨੂੰ ਮਿਲ ਬੈਠ ਕੇ ਚਿੰਤਨ ਕਰਨ ਦਾ ਸੰਦੇਸ਼ ?ਦੇਣ ਦੇ ਨਾਲ਼ ਅਜੋਕੇ ਸਮੇਂ ਵਿੱਚ ਵੀ ਉਨੀ ਹੀ ਪ੍ਰਸੰਗਿਕ ਹੈ ਜਿੰਨੀ ਉਹਨਾਂ ਦੇ ਸਮੇਂ ਵਿੱਚ ਸੀ। ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਗੁਰਨਾਮ ਸਿੰਘ ਅਕੀਦਾ ਨੇ ਕਿਹਾ ਕਿ ਗੁਰੂ ਰਵਿਦਾਸ ਦੀ ਬਾਣੀ ਇਹ ਸਿੱਧਾ ਸੰਕੇਤ ਦਿੰਦੀ ਕਿ ਸਾਨੂੰ ਇਨਸਾਨੀ ਅਤੇ ਰੂਹਾਨੀ ਗੁਣਾਂ ਨੂੰ ਧਾਰਨ ਕਰਨਾ ਚਾਹੀਦਾ ਹੈ। ਇੱਥੇ ਬੋਲਦਿਆਂ ਉੱਘੇ ਦਲਿਤ ਚਿੰਤਕ ਡਾ. ਗੁਰਮੀਤ ਕੱਲਰਮਾਜਰੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਝਣ ਦੀ ਲੋੜ ਹੈ ਨਾ ਕਿ ਸਿਰਫ਼ ਮੱਥੇ ਟੇਕ ਹੀ ਆਪਣਾ ਫ਼ਰਜ਼ ਪੂਰਾ ਕਰਨਾ। ਇੱਥੇ ਸ੍ਰੀ ਬੇਗਮਪੁਰਾ ਮਿਸ਼ਨ ਰਜਿ ਦੇ ਮੁਖੀ ਕੁਲਵੰਤ ਸਿੰਘ ਨਾਰੀਕੇ ਨੇ ਕਿਹਾ ਕਿ ਗੁਰੂ ਸਾਨੂੰ ਰਸਤਾ ਦਿਖਾਉਂਦੇ ਹਨ ਪਰ ਚੱਲਣਾ ਤਾਂ ਸਾਨੂੰ ਹੀ ਪਵੇਗਾ।ਪ੍ਰਗਤੀਸ਼ੀਲ ਲੇਖਕ ਸੰਘ ਦੇ ਜ਼ਿਲ੍ਹਾ ਪ੍ਰਧਾਨ ਡਾ. ਸੰਤੋਖ ਸਿੰਘ ਨੇ ਗੁਰੂ ਰਵਿਦਾਸ ਨਾਲ ਸਬੰਧਿਤ ਆਪਣੀ ਕਵਿਤਾ ਪੜ੍ਹੀ, ਇਸ ਤੋਂ ਇਲਾਵਾ ਗੁਰਮੁਖ ਸਿੰਘ ਅਤੇ ਕੁਲਵੰਤ ਸਿੰਘ ਸੈਦੋਕੇ ਨੇ ਗੁਰੂ ਰਵਿਦਾਸ ਨਾਲ ਸਬੰਧਿਤ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਪ੍ਰਗਤੀਸ਼ੀਲ ਲੇਖਕ ਸੰਘ ਪਟਿਆਲਾ ਦੇ ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ ਭੱਟੀ ਨੇ ਧੰਨਵਾਦੀ ਸ਼ਬਦ ਬੋਲਦਿਆਂ ਕਿਹਾ ਕਿ ਸਾਨੂੰ ਗੁਰੂ ਰਵਿਦਾਸ ਜੀ ਦੇ ਰਸਤੇ ਤੇ ਤੁਰਨ ਦੀ ਜ਼ਰੂਰਤ ਹੈ। ਇਸ ਵੇਲੇ ਭਾਸ਼ਾ ਵਿਭਾਗ ਦੇ ਸਾਬਕਾ ਐਡੀਸ਼ਨਲ ਡਾਇਰੈਕਟਰ ਸ. ਸਤਨਾਮ ਸਿੰਘ, ਪ੍ਰਗਤੀਸ਼ੀਲ ਲੇਖਕ ਸੰਘ ਦੇ ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਦੀਪ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਹਨਾਂ ਤੋਂ ਇਲਾਵਾ ਡਾ. ਇਕਬਾਲ ਸੋਮੀਆਂ, ਸਤਪਾਲ ਭੀਖੀ, ਗੁਰਚਰਨ ਸਿੰਘ ਚੰਨ ਪਟਿਆਲਵੀ, ਨਾਟਕਕਾਰ ਜੋਗਾ ਸਿੰਘ ਖੀਵਾ ਨੇ ਆਪਣੇ ਵਿਚਾਰ ਸਾਂਝੇ ਕੀਤੇ।



# ਪਟਿਆਲਾ ਯੂਨੀਵਰਸਿਟੀ ਵਿਖੇ ਦ੍ਰਾਵਿੜ ਲਿੰਗੂਇਸਟਸ ਕਾਨਫ਼ਰੰਸ

**ਪਟਿਆਲਾ**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ, ਸੈਂਟਰਲ ਇੰਸਟੀਚਿਊਟ ਆਫ਼ ਲੈਂਗੁਏਜਿਜ਼, ਮੈਸੂਰ ਅਤੇ ਆਈ.ਸੀ.ਐੱਸ.ਐੱਸ.ਆਰ. ਨਵੀਂ ਦਿੱਲੀ ਦੇ ਸਹਿਯੋਗ ਨਾਲ ਪੰਜਾਬੀ ਵਿਭਾਗ ਵੱਲੋਂ ਹੋਰਨਾਂ ਭਾਸ਼ਾਵਾਂ ਦੇ ਵਿਭਾਗਾਂ ਨਾਲ ਮਿਲ ਕੇ ਖ਼ੂਬਸੂਰਤ ਸੰਗੀਤਕ ਸ਼ਾਮ ਦਾ ਆਯੋਜਨ ਕੀਤਾ ਗਿਆ, ਜੋ ਲੋਕ ਕਲਾਵਾਂ ਅਤੇ ਸ਼ਾਸਤਰੀ ਕਲਾਵਾਂ ਦਾ ਕਲਾਤਮਿਕ ਸੁਮੇਲ ਸੀ। ਇਸ ਦੇ ਨਾਲ ਹੀ ਭਾਰਤੀ ਕਲਾਵਾਂ ਦੀ ਭਾਸ਼ਾਈ ਵਿਵਿਧਤਾ ਨੂੰ ਵੀ ਦਰਸਾਇਆ ਗਿਆ। ਗੁਰਮਤਿ ਸੰਗੀਤ ਪਰੰਪਰਾ ਦੇ ਸ੍ਰੇਸ਼ਠ ਸਾਜ਼ ਰਬਾਬ ਦੀ ਵਾਦਨ ਪੇਸ਼ਕਾਰੀ ਗੁਰਸਿਮਰ ਸਿੰਘ ਦੁਆਰਾ ਦਿੱਤੀ ਗਈ। ਉਪਰੰਤ ਚੰਦਨ ਵੱਲੋਂ ਗ਼ਜ਼ਲ ਗਾਇਨ ਦੀ ਪੇਸ਼ਕਾਰੀ ਦਿੱਤੀ ਗਈ। ਡਾ. ਵਨੀਤਾ ਵੱਲੋਂ ਸਿਤਾਰ ਵਾਦਨ ਦੀ ਸੁਰੀਲੀ ਅਤੇ ਤਿਆਰੀ ਭਰਪੂਰ ਪੇਸ਼ਕਾਰੀ ਨੇ ਸ੍ਰੋਤਿਆਂ ਦਾ ਮਨ ਮੋਹ ਲਿਆ। ਉਹਨਾ ਦੇ ਸਪੁੱਤਰ ਯੁਵਰਾਜ ਦੀ ਤਬਲਾ ਸੰਗਤੀ ਨੇ ਸਭ ਨੂੰ ਆਕਰਸ਼ਿਤ ਕੀਤਾ। ਪੰਜਾਬ ਦੀ ਲੋਕ ਨਾਚ ਕਲਾ ਦੀ ਰਹਿਨੁਮਾਈ ਕਰਦਾ ਨਾਚ, ਝੂਮਰ ਨੇ ਸਭ ਨੂੰ ਝੂਮਣ ਲਗਾ ਦਿੱਤਾ। ਪੰਜਾਬ ਘਰਾਣੇ ਦੇ ਤਬਲਾ ਵਾਦਕ ਨਰਿੰਦਰ ਸਿੰਘ ਨੇ ਏਕਲ ਤਬਲਾ ਵਾਦਨ ਦੀ ਨਿੱਗਰ ਪ੍ਰਸਤੁਤੀ ਦਿੱਤੀ। ਬੰਗਾਲ ਦੀ ਪ੍ਰਸਿੱਧ ਸੰਗੀਤ ਸ਼ੈਲੀ ਰਬਿੰਦਰਾ ਸੰਗੀਤ ਦੀਆਂ ਦੋ ਰਚਨਾਵਾਂ ਦਾ ਸੁਮਧੁਰ ਗਾਇਨ ਸ੍ਰੀਮਤੀ ਮੋਨੀਸ਼ਾ ਬੈਨਰਜੀ ਨੇ ਪੇਸ਼ ਕੀਤਾ, ਜਿਸ ਨੂੰ ਹਜ਼ਾਰਾਂ ਵਿਦਵਾਨਾਂ ਅਤੇ ਸ੍ਰੋਤਿਆਂ ਵੱਲੋਂ ਸਰਾਹਿਆ ਗਿਆ। ਵਿਦਿਆਰਥਣ ਕਮਲਪ੍ਰੀਤ ਕੌਰ ਨੇ ਮਿਮਿੱਕਰੀ ਦੀ ਪ੍ਰਭਾਵਸ਼ਾਲੀ ਪ੍ਰਸਤੁਤੀ ਦੌਰਾਨ ਤਮਿਲ ਭਾਸ਼ਾਈ ਗੀਤ ਗਾਇਆ।ਸੋਨੀਆ ਵੱਲੋਂ ਸ਼ਾਸਤਰੀ ਨ੍ਰਿਤ ਕੱਥਕ ਵਿਚ ਦੋ ਰਚਨਾਵਾਂ ਦੀ ਪੇਸ਼ਕਾਰੀ ਉਪਰੰਤ ਸਮਾਪਤੀ ਪੰਜਾਬ ਦੇ ਵਿਸ਼ਵ ਪ੍ਰਸਿੱਧ ਲੋਕ ਨਾਚ ਭੰਗੜਾ ਨਾਲ ਹੋਈ।

ਸਮਾਗਮ ਦੀ ਪ੍ਰਧਾਨਗੀ ਕਰਦੇ ਹੋਏ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਦੀ ਸੁਪਤਨੀ ਡਾ. ਸੁਖਜੀਤ ਕੌਰ ਨੇ ਵੱਖ-ਵੱਖ ਕਲਾ ਰੂਪਾਂ ਨਾਲ ਸ਼ਿੰਗਾਰੀ ਇਸ ਸੱਭਿਆਚਾਰਕ ਸ਼ਾਮ ਦੀ ਸ਼ਲਾਘਾ ਕਰਦੇ ਹੋਏ ਬਾਹਰੋਂ ਆਏ ਵਿਦਵਾਨਾਂ ਦਾ ਇਸ ਨੂੰ ਮਾਣਨ ਲਈ ਧੰਨਵਾਦ ਕੀਤਾ। ਇਸ ਸੰਗੀਤਕ-ਸ਼ਾਮ ਦੇ ਮੁੱਖ ਮਹਿਮਾਨ ਅਤੇ ਕਾਨਫ਼ਰੰਸ ਦੇ ਚੀਫ਼ ਪੈਟਰਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕਿਹਾ ਕਿ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਤੋਂ ਪੁੱਜੇ ਬਹੁ ਭਾਸ਼ਾਈ-ਪ੍ਰੇਮੀਆਂ ਲਈ ਪੰਜਾਬੀ ਸੱਭਿਆਚਾਰਕ ਅਤੇ ਭਾਰਤੀ ਸੰਸਕ੍ਰਿਤੀ ਦੀ ਇਹ ਪੇਸ਼ਕਾਰੀ ਅਨੇਕਤਾ ਵਿਚ ਏਕਤਾ ਦੀ ਅਤਿ ਸੁੰਦਰ ਮਿਸਾਲ ਹੈ। ਇਸ ਸੰਗੀਤਕ ਸ਼ਾਮ ਦੇ ਕਨਵੀਨਰ ਅਤੇ ਡਾਇਰੈਕਟਰ ਯੁਵਕ ਭਲਾਈ, ਡਾ. ਭੀਮ ਇੰਦਰ ਸਿੰਘ ਨੇ ਕਿਹਾ ਕਿ ਸੰਗੀਤਕ ਪਰੰਪਰਾ ਨੇ ਯੂਨੀਵਰਸਿਟੀ ਦੀ ਸਥਾਪਨਾ ਦੇ ਮਕਸਦ ਨੂੰ ਹੋਰ ਅੱਗੇ ਵਧਾਇਆ ਹੈ। ਸਰਬ ਭਾਰਤੀ ਦ੍ਰਾਵਿੜੀਅਨ ਲਿੰਗੂਇਸਟਸ ਕਾਨਫ਼ਰੰਸ ਦੇ ਆਰਗੇਨਾਈਜ਼ਿੰਗ ਸਕੱਤਰ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ ਪੰਜਾਬੀ ਨੇ ਕਿਹਾ ਕਿ ਅਜਿਹੀਆਂ ਸੰਗੀਤਕ ਸ਼ਾਮਾਂ ਭਾਈਚਾਰਕ-ਸਾਂਝ ਦੀਆਂ ਤੰਦਾਂ ਨੂੰ ਹੋਰ ਵਧੇਰੇ ਮਜ਼ਬੂਤ ਬਣਾਉਂਦੀਆਂ ਹਨ। ਦ੍ਰਾਵਿੜੀਅਨ ਲਿੰਗੂਇਸਟਿਕਸ ਐਸੋਸੀਏਸ਼ਨ ਦੀ ਤਰਫ਼ੋਂ ਪ੍ਰੋ. ਜੀ.ਕੇ ਪਨਿੱਕਰ ਨੇ ਸੱਭਿਆਚਾਰਕ ਪ੍ਰੋਗਰਾਮ ਦੀ ਉਤਮਤਾ ਦਾ ਖ਼ਾਸ ਜ਼ਿਕਰ ਕਰਦੇ ਹੋਏ ਪੰਜਾਬੀ ਯੂਨੀਵਰਸਿਟੀ ਵੱਲੋਂ ਕੀਤੇ ਇਸ ਆਯੋਜਨ ਦੀ ਸਮੁੱਚੇ ਰੂਪ ਵਿਚ ਸ਼ਲਾਘਾ ਕੀਤੀ। ਪ੍ਰੋਗਰਾਮ ਦਾ ਮੰਚ ਸੰਚਾਲਨ ਡਾ. ਨਿਵੇਦਿਤਾ ਸਿੰਘ ਪ੍ਰੋਫ਼ੈਸਰ ਸੰਗੀਤ ਵਿਭਾਗ ਵੱਲੋਂ ਕੀਤਾ ਗਿਆ। ਇਸ ਮੌਕੇ ਡਾ. ਹਰਵਿੰਦਰਪਾਲ ਕੌਰ, ਮੁਖੀ ਭਾਸ਼ਾ ਵਿਗਿਆਨ ਵਿਭਾਗ, ਡਾ. ਅਜੇ ਵਰਮਾ, ਡਾ. ਰਾਜਵਿੰਦਰ ਸਿੰਘ, ਸੰਗੀਤ ਵਿਭਾਗ ਮੁਖੀ ਡਾ. ਜਯੋਤੀ ਸ਼ਰਮਾ, ਡਾ. ਦਰਸ਼ਨ ਸਿੰਘ 'ਆਸ਼ਟ', ਡਾ. ਜਸਵੀਰ ਕੌਰ, ਡਾ. ਵੀਰਪਾਲ ਕੌਰ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਵਿਦਵਾਨ ਵਿਸ਼ੇਸ਼ ਰੂਪ ਵਿਚ ਹਾਜ਼ਰ ਰਹੇ।



# ਹਰਬੰਸ ਸਿੰਘ ਧੀਮਾਨ ਦੇ ਦੇਹਾਂਤ 'ਤੇ ਅਫ਼ਸੋਸ ਦਾ ਪ੍ਰਗਟਾਵਾ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਮੈਂਬਰਾਂ ਅਤੇ ਸਮੂਹ ਮੈਂਬਰਾਂ ਵੱਲੋਂ ਅਕਾਡਮੀ ਦੇ ਜੀਵਨ ਮੈਂਬਰ ਸ. ਹਰਬੰਸ ਸਿੰਘ ਧੀਮਾਨ ਦੇ ਦੇਹਾਂਤ 'ਤੇ ਡੂੰਘੇ ਦੁੱਖ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਅਤੇ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸ. ਹਰਬੰਸ ਸਿੰਘ ਧੀਮਾਨ ਦੇ ਸਦੀਵੀ ਵਿਛੋੜੇ 'ਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ. ਹਰਬੰਸ ਸਿੰਘ ਧੀਮਾਨ ਪੰਜਾਬੀ ਦੇ ਪ੍ਰਸਿੱਧ ਲੇਖਕ ਹਨ। ਪਿਛਲੇ ਦਿਨੀਂ ਇਕ ਦੁਰਘਟਨਾ ਦੌਰਾਨ ਉਨ੍ਹਾਂ ਨੂੰ ਗੰਭੀਰ ਸੱਟਾਂ ਲੱਗ ਗਈਆਂ ਸਨ ਅਤੇ ਉਹ ਜ਼ੇਰੇ ਇਲਾਜ ਸਨ। ਉਨ੍ਹਾਂ ਦੱਸਿਆ ਕਿ ਸ. ਹਰਬੰਸ ਸਿੰਘ ਧੀਮਾਨ ਨੇ ਪੰਚਤੰਤਰ ਦੀਆਂ ਕਹਾਣੀਆਂ, ਲਹਿੰਦੇ ਪੰਜਾਬ ਦੀਆਂ ਚੋਣਵੀਆਂ ਕਹਾਣੀਆਂ, ਤੀਸਰੀ ਜਿਨਸ, ਗਲੀਚਾ ਉਨਣ ਵਾਲੀ ਮਹੱਤਵਪੂਰਨ ਪੁਸਤਕਾਂ ਦਾ ਪੰਜਾਬੀ ਵਿਚ ਲਿੱਪੀਅੰਤਰ ਵੀ ਕੀਤਾ। ਉਨ੍ਹਾਂ ਕਿਹਾ ਕਿ ਹਰਬੰਸ ਸਿੰਘ ਧੀਮਾਨ ਦੇ ਦੇਹਾਂਤ ਨਾਲ ਪੰਜਾਬੀ ਸਾਹਿਤ ਜਗਤ ਅਤੇ ਪਰਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਅਕਾਡਮੀ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।

# ਪੰਜਾਬੀ ਲਿਖਾਰੀ ਸਭਾ ਦਾ ਸਮਾਗਮ

**ਮੰਡੀ ਗੋਬਿੰਦਗੜ੍ਹ**-ਪੰਜਾਬੀ ਲਿਖਾਰੀ ਸਭਾ ਮੰਡੀ ਗੋਬਿੰਦਗੜ੍ਹ ਦੀ ਜੂਨ 2026 ਮਹੀਨੇ ਦੀ ਮਾਸਿਕ ਇਕੱਤਰਤਾ ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ ਮੰਡੀ ਗੋਬਿੰਦਗੜ੍ਹ ਵਿਖੇ ਹੋਈ।ਮੀਟਿੰਗ ਦੀ ਸ਼ੁਰੂਆਤ ਬਾਣੀ ਦੇ ਸ਼ਬਦ ਨਾਲ ਹੋਈ।ਮੀਟਿੰਗ ਦੀ ਪ੍ਰਧਾਨਗੀ ਉਪਕਾਰ ਸਿੰਘ ਦਿਆਲਪੁਰੀ ਨੇ ਕੀਤੀ। ਉਪਰੰਤ ਮੀਟਿੰਗ ਵਿੱਚ ਮੁੱਖ ਮਹਿਮਾਨ ਤੇ ਲੇਖਕ ਰਾਮ ਕਮਲ ਦਾ ਸਭਾ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਰਾਮ ਕਮਲ ਵੱਲੋਂ ਸਭਾ ਨੂੰ ਆਪਣੀਆਂ ਨਵ-ਪ੍ਰਕਾਸ਼ਿਤ ਕਿਤਾਬਾਂ ਭੇਟ ਕੀਤੀਆਂ ਗਈਆਂ, ਜਿਨ੍ਹਾਂ ਵਿੱਚ 'ਮੈਂ ਕੁਝ ਨਵਾਂ ਕਹਿਣਾ ਹੈ,, 'ਜ਼ਿੰਦਗੀ ਦੀ ਧੁੱਪ ਤੇ ਛਾਂ' ਅਤੇ ਇੱਕ ਹਿੰਦੀ ਦੀ ਕਿਤਾਬ 'ਨਈਂ ਮੰਜ਼ਿਲੋਂ ਕੀ ਔਰ' ਸਭਾ ਨੂੰ ਭੇਟ ਕੀਤੀਆਂ। ਉਪਰੰਤ ਜਗਜੀਤ ਸਿੰਘ ਗੁਰਮ, ਅਮਰ ਸਿੰਘ ਸੈਂਪਲਾ, ਮਨਦੀਪ ਸਿੰਘ ਮਾਨਕੀ, ਹਰਬੰਸ ਸਿੰਘ ਸ਼ਾਨ, ਗੁਰਪ੍ਰੀਤ ਸਿੰਘ ਬੀੜ ਕਿਸ਼ਨ, ਬਘੇਲ ਸਿੰਘ ਚੰਦਨ, ਉਪਕਾਰ ਸਿੰਘ ਦਿਆਲਪੁਰੀ, ਜਗਸੀਰ ਸਿੰਘ ਕਲਾਲਾ, ਸਨੇਹਇੰਦਰ ਮੀਲੂ ਫਰੌਰ, ਸ੍ਰੀ ਲੋਕ ਨਾਥ ਸ਼ਰਮਾ ਆਦਿ ਨੇ ਕਵਿਤਾਵਾਂ, ਗੀਤ, ਕਹਾਣੀਆਂ ਪੜ੍ਹੀਆਂ। ਸਭਾ ਦੇ ਜਨਰਲ ਸਕੱਤਰ ਜਗਜੀਤ ਸਿੰਘ ਗੁਰਮ ਵੱਲੋਂ ਮੁੜ ਮਿਲਣ ਦੇ ਵਾਅਦੇ ਨਾਲ ਧੰਨਵਾਦ ਕੀਤਾ ਗਿਆ।



## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫ਼ੀ ਨਹੀਂ : ਜਗਰੂਪ, ਕਿਸ਼ਤ-5

ਨੋਇਡਾ ਦਾ ਮਜ਼ਦੂਰ ਅੰਦੋਲਨ- ਭੁੱਖ ਦੇ ਖਿਲਾ.ਫ ਖਿੱਚੀ ਲਕੀਰ

ਅੰਡੇਮਾਨ ਡਾਇਰੀਜ਼-4 : ਭੁਪਿੰਦਰ ਸਿੰਘ ਮਾਨ

'ਰਹਿਮਤ ਮਸੀਹ ਮੱਟੂ ਦੀ ਜੀਵਨੀ' : (ਫੋਕਸ) ਡਾ. ਹਰਪ੍ਰੀਤ ਸਿੰਘ

ਕੁਲਵਿੰਦਰ ਵਿਰਕ ਦੀਆਂ ਨਵੀਂਆਂ ਨਜ਼ਮਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਸ਼ਬਦ : ਸੁਫ਼ਨੇ ਵਿਸ਼ੇਸ਼ ਅੰਕ

ਸ਼ਬਦ-115 (ਜੁਲਾਈ-ਸਤੰਬਰ,2026) 'ਸੁਫ਼ਨੇ ਵਿਸ਼ੇਸ਼ ਅੰਕ' ਵਜੋਂ ਪ੍ਰਕਾਸ਼ਤ ਕੀਤਾ ਗਿਆ ਹੈ। ਸ਼ਬਦ ਦੀ ਸੰਪਾਦਕੀ ਟੀਮ ਨੇ ਹੱਥਲਾ ਅੰਕ ਨਿਵੇਕਲਾ ਤਿਆਰ ਕੀਤਾ ਹੈ। ਜਿਸ ਵਿੱਚ ਲੇਖਕਾਂ ਦੇ ਸੁਪਨ ਸੰਸਾਰ ਦਾ ਆਪਣੇ ਲੇਖਾਂ ਵਿੱਚ ਬਿਰਤਾਂਤ ਸਿਰਜਿਆ ਹੈ। 'ਮੇਰਾ ਪੰਨਾ' ਸੰਪਾਦਕੀ ਵਿੱਚ ਮੁੱਖ ਸੰਪਾਦਕ ਹਰਜੀਤ ਅਟਵਾਲ ਨੇ ਇਸ ਵਾਰ ਦੇ ਭਾਰਤੀ ਸਾਹਿਤ ਅਕੈਡਮੀ ਇਨਾਮ ਦੇ ਪ੍ਰਸੰਗ ਵਿੱਚ ਇਨਾਮਾਂ ਦੇ ਕਲਚਰ ਬਾਰੇ ਖੁੱਲ੍ਹ ਕੇ ਲਿਖਿਆ ਹੈ। ਕਿਵੇਂ ਇਨਾਮ ਦੇ ਐਲਾਨ ਹੋਣ ਉਪਰੰਤ ਸਾਹਿਤਕ ਹਲਕਿਆਂ ਵਿੱਚ ਚਰਚਾ ਸ਼ੁਰੂ ਹੋ ਜਾਂਦੀ ਹੈ ਅਤੇ ਕਿਵੇਂ ਸਾਹਿਤ ਅਕੈਡਮੀ ਦਾ ਇਨਾਮ ਲੇਖਕ ਵਿੱਚ ਊਰਜਾ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਮੁੱਖ ਸੰਪਾਦਕ ਨੇ ਪਰਚੇ ਦੇ ਸੰਪਾਦਕ ਜਿੰਦਰ ਨੂੰ ਭਾਰਤੀ ਸਾਹਿਤ ਅਕੈਡਮੀ ਦੇ ਇਨਾਮ ਮਿਲਣ ਤੇ ਵਧਾਈ ਦਿੱਤੀ ਹੈ। ਵਿਸ਼ੇਸ਼ ਅੰਕ ਵਿੱਚ 16 ਲੇਖਕਾਂ ਨੇ ਆਪਣੇ ਸੁਫ਼ਨੇ ਲਿਖੇ ਹਨ। ਬਲਦੇਵ ਸਿੰਘ ਸੜਕਨਾਮਾ ਦੀ ਲਿਖਤ ਮੁਲਾਕਾਤ ਦੇ ਰੂਪ ਵਿੱਚ ਹੈ। ਸੰਪਾਦਕੀ ਅਮਲੇ ਨੇ 12-13 ਸਵਾਲ ਹਰ ਲੇਖਕ ਨੂੰ ਭੇਜੇ ਸਨ। ਉਨ੍ਹਾਂ ਦੇ ਅਧਾਰ ਉੱਤੇ ਲੇਖ ਲਿਖਣ ਨੂੰ ਕਿਹਾ ਸੀ। ਬਲਦੇਵ ਸਿੰਘ ਨੇ ਮੁਲਾਕਾਤ ਦੀ ਸ਼ਕਲ ਵਿੱਚ ਜਵਾਬ ਲਿਖ ਦਿੱਤੇ ਸਨ। ਜਿਸ ਵਿੱਚ ਉਨ੍ਹਾਂ ਆਪਣੇ ਸੁਫ਼ਨਿਆਂ ਬਾਰੇ ਵਿਸਥਾਰ ਨਾਲ ਜਿਕਰ ਕੀਤਾ ਹੈ। ਉਪਰੰਤ ਅਜਾਇਬ ਸਿੰਘ ਹੁੰਦਲ (ਮੈਂ ਤੇ ਮੇਰੇ ਸੁਫ਼ਨੇ), ਬਲਦੇਵ ਸਿੰਘ ਗਰੇਵਾਲ (ਮੇਰੀ ਜ਼ਿੰਦਗੀ ਮੇਰੇ ਸੁਫ਼ਨੇ), ਗੁਰਚਰਨ ਸੱਗੂ (ਸੁਫ਼ਨੇ ਕੀ ਹਨ ?), ਹਰਜੀਤ ਅਟਵਾਲ (ਸੁਫ਼ਨਿਆਂ ਦੇ ਨਾਲ ਨਾਲ), ਹਰਦੇਸ ਬਸਰਾ (ਸੁਫ਼ਨਿਆ ਤੂੰ ਸੁਲਤਾਨ ਹੈਂ), ਭੋਲਾ ਸਿੰਘ ਸੰਘੇੜਾ (ਅਸੀਂ ਤੇ ਸਾਡੇ ਸੁਫ਼ਨੇ), ਦਲਵੀਰ ਕੌਰ (ਅਸੀਂ ਤੇ ਸਾਡੇ ਸੁਫ਼ਨੇ), ਸੁਭਾਸ਼ ਨੀਰਵ (ਮੈਂ ਤੇ ਮੇਰੇ ਸੁਫ਼ਨਿਆਂ ਦਾ ਮਨੋਵਿਗਿਆਨ), ਪਾਲੀ ਭੁਪਿੰਦਰ ਸਿੰਘ (ਮੈਂ, ਮੇਰੇ ਸੁਫ਼ਨੇ ਅਤੇ ਡਾ. ਫਰਾਇਡ), ਕੰਵਲਜੀਤ ਭੁੱਲਰ (ਸੁਫ਼ਨੇ-ਨੀਂਦ, ਰੂਹ ਅਤੇ ਹਕੀਕਤ ਦੇ ਦਰਮਿਆਨ), ਡਾ. ਸਰਬਜੀਤ ਕੌਰ ਸੋਹਲ (ਮੇਰਾ ਸੁਫ਼ਨ ਸੰਸਾਰ), ਮੱਖਣ ਮਾਨ (ਸੁਫ਼ਨੇ-ਰੂਹ ਦੀਆਂ ਅਧੂਰੀਆਂ ਖਾਹਿਸ਼ਾਂ), ਭਗਵੰਤ ਰਸੂਲਪੁਰੀ (ਜ਼ਿੰਦਗੀ ਦੀਆਂ ਪਰਤਾਂ-ਸੁਫ਼ਨੇ ਅਤੇ ਹਕੀਕਤ), ਸਰੋਜ (ਸੁਫ਼ਨਿਆਂ ਦੀ ਕਰਾਮਾਤ), ਰਵੀ ਸ਼ੇਰਗਿੱਲ (ਸੁਫ਼ਨੇ ਤਾਂ ਸੁਫ਼ਨੇ ਹੁੰਦੇ ਨੇ) ਆਦਿ ਲੇਖਾਂ ਵਿੱਚ ਲੇਖਕਾਂ ਦੇ ਮਨ ਦੀਆਂ ਵੱਖ ਵੱਖ ਤਰ੍ਹਾਂ ਅਵਸਥਾਵਾਂ ਦਾ ਵਰਨਣ ਪੜ੍ਹਨ ਨੂੰ ਮਿਲਦਾ ਹੈ। ਹਰ ਲੇਖਕ ਦੀ ਮਾਨਸਿਕ ਬਣਤਰ ਵੱਖਰੇ ਵੱਖਰੇ ਧਰਾਤਲ ਉੱਤੇ ਵੀ ਵਿਚਰਦੀ ਹੈ। ਲੇਖਕਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕਰਨ ਲਈ ਇਹ ਲਿਖਤਾਂ ਸਹਾਇਕ ਹੋ ਸਕਦੀਆਂ ਹਨ। ਕਿਤੇ ਕਿਤੇ ਕੁਝ ਲੇਖਕ ਵਿਸ਼ੇ ਤੋਂ ਥਿੜਕ ਵੀ ਗਏ ਹਨ।



ਇਸ ਤੋਂ ਇਲਾਵਾ 'ਸ਼ਬਦ' ਵਿੱਚ ਹੋਰ ਮੈਟਰ ਵੀ ਪ੍ਰਕਾਸ਼ਤ ਕੀਤਾ ਗਿਆ ਹੈ। ਹਰਜੀਤ ਅਟਵਾਲ ਦਾ ਲੇਖ 'ਅਲੱਗ ਖੜ੍ਹਾ ਅਮਰਜੀਤ ਚੰਦਨ', ਕੰਵਲ ਧਾਲੀਵਾਲ ਦਾ 'ਮੇਰੇ ਹਿੱਸੇ ਦਾ ਰੂਸ' ਵੀ ਮਿਆਰੀ ਹਨ। ਅੰਤ ਵਿੱਚ ਗੁਰਪਾਲ ਸਿੰਘ ਸੰਧੂ ਨੇ ਜਿੰਦਰ ਦੀ ਸਾਹਿਤ ਅਕੈਡਮੀ ਜੇਤੂ ਕਿਤਾਬ 'ਸੇਫ਼ਟੀ ਕਿੱਟ' ਉੱਤੇ 'ਸਮਕਾਲੀ ਯਥਾਰਥ ਦੇ ਨਵੇਂ ਸੰਦਰਭਾਂ ਦੀ ਦਾਸਤਾਨ-'ਸੇਫਟੀ ਕਿੱਟ' ਖੋਜ ਪੇਪਰ ਕਈ ਮੁੱਦੇ ਉਭਾਰਨ ਵਾਲਾ ਹੈ। ਸ਼ਬਦ ਦੇ ਪੰਨੇ :160, ਮੁੱਲ :100 ਰੁਪਏ, ਮੁੱਖ ਸੰਪਾਦਕ : ਹਰਜੀਤ ਅਟਵਾਲ, ਸੰਪਾਦਕ : ਜਿੰਦਰ (98148-03254) ਰਚਨਾਵਾਂ ਭੇਜਣ ਲਈ : email: jinder340@gmail.com

## ਪ੍ਰਵਚਨ: ਅਗਾਂਹ ਤੋਂ ਸੰਪਾਦਕੀ ਟੀਮ ਬਦਲੀ



ਪ੍ਰਵਚਨ-103 ਅੰਕ (ਅਪ੍ਰੈਲ-ਜੂਨ, 2026) ਡਾ. ਕੁਲਵੰਤ ਸਿੰਘ (ਸੰਧੂ) ਦੀ ਸੰਪਾਦਕੀ ਹੇਠ ਛਪਿਆ ਅੰਤਲਾ ਅੰਕ ਹੈ। ਭਵਿੱਖ ਵਿੱਚ 'ਪ੍ਰਵਚਨ' ਨਵੀਂ ਸੰਪਾਦਕੀ ਟੀਮ ਪ੍ਰਕਾਸ਼ਤ ਕਰੇਗੀ। ਸੰਪਾਦਕ ਕੁਲਵੰਤ ਸਿੰਘ ਨੇ 'ਪ੍ਰਵਚਨ ਦਾ ਸਫ਼ਰ' ਸਿਰਲੇਖ ਹੇਠ ਲਿਖੀ ਸੰਪਾਦਕੀ ਵਿੱਚ ਐਲਾਨ ਕੀਤਾ ਹੈ ਕਿ ਭਵਿੱਖ ਵਿੱਚ 'ਪ੍ਰਵਚਨ' ਡਾ. ਮਹਿਲ ਸਿੰਘ ਦੀ ਸਰਪ੍ਰਸਤੀ ਤੇ ਡਾ. ਰਮਿੰਦਰ ਕੌਰ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੋਇਆ ਕਰੇਗਾ। ਜੋ ਕਿ ਖਾਲਸਾ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਸਕੂਲ ਵੱਲੋਂ ਪ੍ਰਕਾਸ਼ਤ ਕੀਤਾ ਜਾਇਆ ਕਰੇਗਾ। ਪਾਠਕ ਭਵਿੱਖ ਵਿੱਚ ਨਵੀਂ ਦਿੱਖ ਨਾਲ ਪਰਚਾ ਪੜ੍ਹਿਆ ਕਰਨਗੇ। ਨਵੀਂ ਟੀਮ ਨੂੰ ਮੁਬਾਰਕਾਂ।

'ਪ੍ਰਵਚਨ' ਦੇ ਹੱਥਲੇ ਅੰਕ ਵਿੱਚ ਦੇਵਿੰਦਰ ਜੋਸ਼, ਤਲਵਿੰਦਰ ਸ਼ੇਰਗਿੱਲ, ਡਾ. ਰਵਿੰਦਰ ਆਦਿ ਦੀਆਂ ਗ਼ਜ਼ਲਾਂ ਤੇ ਕਵਿਤਾਵਾਂ ਪ੍ਰਕਾਸ਼ਤ ਹੋਈਆਂ ਹਨ। ਮਿਖ਼ਾਇਲ ਬੁਲਗਾਕੋਵ ਦੀ ਰੂਸੀ ਕਹਾਣੀ 'ਭਰੂਣ ਪਲਟੇਵਾਂ' ਛਪੀ ਹੈ। ਜਿਸ ਨੂੰ ਕਸ਼ਮੀਰ ਸਿੰਘ ਨੇ ਅਨੁਵਾਦ ਕੀਤਾ ਹੈ। ਇਸ ਤੋਂ ਇਲਾਵਾ- ਸਨੋਅ ਮੈਨ (ਬਲਬੀਰ ਕੌਰ ਸੰਘੇੜਾ), ਸਾਈਲੈਂਟ ਮੋਡ (ਜਸਵਿੰਦਰ ਧਰਮਕੋਟ), ਦੋਜ਼ਖੀਆ (ਅਰਵਿੰਦਰ ਕੌਰ ਧਾਲੀਵਾਲ), ਚਿੜੀਆਂ ਹਉਕੇ ਭਰਦੀਆਂ (ਜੋਗੇ ਭੰਗਲ), ਚੋਣ (ਅਰਮਿੰਦਰ ਦਾਸ) ਆਦਿ ਕਹਾਣੀਆਂ ਪ੍ਰਕਾਸ਼ਤ ਹੋਈਆਂ ਹਨ। ਸੁਖਪਾਲ ਸਿੰਘ ਥਿੰਦ ਦਾ ਯਾਤਰਾ ਪ੍ਰਸੰਗ 'ਦੁਨੀਆਂ ਦੀਆਂ ਉੱਚੀਆਂ ਥਾਵਾਂ ਗਾਹੁੰਦਿਆ', ਬਲਦੇਵ ਸਿੰਘ ਧਾਲੀਵਾਲ ਦਾ ਲੇਖ 'ਸਮਕਾਲੀ ਅਮਰੀਕੀ ਪੰਜਾਬੀ ਕਹਾਣੀ-ਨਵੇਂ ਰੁਝਾਨ' ਵੀ ਪੜ੍ਹਨ ਨੂੰ ਮਿਲ ਜਾਂਦੇ ਹਨ। ਉਰਮਿਲਾ ਆਨੰਦ ਸਿਮਰਤੀ ਪੁਰਸਕਾਰ ਜੇਤੂ ਅਜਮੇਰ ਰੋਡੇ ਦੀ ਕਹਾਣੀ 'ਹਜ਼ਾਰ ਮੀਲ ਲੰਮੀ ਬਾਂਹ' ਅਤੇ ਉਸ ਉਤੇ ਹੋਏ ਗੋਸ਼ਟੀ ਵੀ ਪੜ੍ਹੀ ਜਾ ਸਕਦੀ ਹੈ। ਡਾ. ਤੇਜਿੰਦਰ ਸਿੰਘ ਨੇ 'ਸਿਰ ਦੇ ਵਾਲ਼' ਕਹਾਣੀ ਦਾ ਲੋਕਧਾਰਾਈ ਅਧਿਐਨ' ਅਤੇ ਪਰਵਾਸੀ ਪੰਜਾਬੀ ਗਲਪ ਤੇ ਨਾਰੀਵਾਦ' ਆਲੋਚਨਾ ਲੇਖ ਛਪੇ ਹਨ। ਅੰਤ ਵਿੱਚ ਕੁਲਵੰਤ ਸੰਧੂ ਨੇ ਕੁਝ ਮਹੱਤਵਪੂਰਨ ਕਿਤਾਬਾਂ ਦੀ ਸਮੀਖਿਆ ਕੀਤੀ ਹੈ। 'ਪ੍ਰਵਚਨ' ਦੀ ਭਵਿੱਖੀ ਸੰਪਾਦਕੀ ਟੀਮ-ਪ੍ਰਵਚਨ: ਸਰਪ੍ਰਸਤ ਡਾ. ਮਹਿਲ ਸਿੰਘ, ਸੰਪਾਦਕ : ਡਾ. ਰਮਿੰਦਰ ਕੌਰ (94172-75147), ਪਤਾ: ਖਾਲਸਾ ਯੂਨੀਵਰਸਿਟੀ ਅੰਮ੍ਰਿਤਸਰ। ਰਚਨਾਵਾਂ ਭੇਜਣ ਲਈ email: pravachanpbiku@gmail.com

## ਨਿੱਕੀਆਂ ਕਰੂੰਬਲਾਂ : ਮਈ-ਜੂਨ, 2026

'ਨਿੱਕੀਆਂ ਕਰੂੰਬਲਾਂ' ਖ਼ੂਬਸੂਰਤ ਟਾਇਟਲ ਨਾਲ ਛਪ ਕੇ ਪੁੱਜਾ ਹੈ। ਪਰਚੇ ਦਾ ਸੰਪਾਦਕ ਬਲਜਿੰਦਰ ਮਾਨ ਬੱਚਿਆ ਲਈ ਕਾਫੀ ਲਾਹੇਵੰਦ ਸਮੱਗਰੀ ਪ੍ਰਕਾਸ਼ਤ ਕਰ ਰਿਹਾ ਹੈ। ਹੱਥਲੇ ਅੰਕ ਵਿੱਚ ਕਵਿਤਾਵਾਂ, ਕਹਾਣੀਆਂ ਤੇ ਲੇਖ ਪ੍ਰਕਾਸ਼ਤ ਹੋਏ ਹਨ। ਸੰਪਾਦਕੀ 'ਸੰਜਮੀ ਜੀਵਨ ਜਿਊਣ ਦੀ ਕਲਾ' ਦੀ ਗੱਲ ਕਰਦੀ ਹੈ। ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਬਾਰੇ ਅੰਕੜੇ ਦਿੱਤੇ ਗਏ ਹਨ। ਕਵਿਤਾ ਭਾਗ ਵਿੱਚ ਪਰਮਿੰਦਰ ਕੌਰ, ਗੋਗੀ ਜ਼ੀਰਾ, ਸੁਖਦੇਵ ਕੌਰ ਚਮਕ, ਰਛਪਾਲ ਸਿੰਘ ਰੈਸਲ, ਅਮਰਜੀਤ ਕੌਰ ਮੋਰਿੰਡਾ, ਬਲਜਿੰਦਰ ਮਾਨ, ਰਘੁਵੀਰ ਸਿੰਘ ਕਲੋਆ, ਚਰਨਜੀਤ ਕਤਰਾ, ਓਮਕਾਰ ਸੂਦ ਬਹੋਨਾ, ਹਰਪ੍ਰੀਤ ਪੱਤੋ, ਅਮਰੀਕ ਸਿੰਘ ਤਲਵੰਡੀ, ਅੰਜੂ ਵ ਰੱਤੀ, ਹਰਜਿੰਦਰ ਕੌਰ, ਉਮਾ ਕਮਲ, ਕਮਲਜੀਤ ਨੀਲੋਂ, ਆਤਮਾ ਸਿੰਘ ਚਿੱਟੀ, ਬਲਜੀਤ ਕੌਰ ਝੁੱਟੀ, ਗਗਨਪ੍ਰੀਤ ਸੱਪਲ, ਬਲਜਿੰਦਰ ਕੌਰ ਸ਼ੇਰਗਿੱਲ, ਹਰੀ ਕ੍ਰਿਸ਼ਨ ਮਾਇਰ ਦੀਆਂ ਜਾਣਕਾਰੀ ਭਰਪੂਰ ਕਵਿਤਾਵਾਂ ਪ੍ਰਕਾਸ਼ਤ ਹੋਈਆਂ ਹਨ। ਡਾ. ਦਰਸ਼ਨ ਸਿੰਘ ਆਸ਼ਟ ਦਾ ਬਾਲ ਨਾਵਲ 'ਫੁੱਲ ਖਿੜ ਪਏ' ਪੜ੍ਹਨ ਨੂੰ ਮਿਲ ਜਾਂਦਾ ਹੈ। ਬਾਲ ਕਹਾਣੀਆਂ ਵਿੱਚ ਬਲਜਿੰਦਰ ਮਾਨ (ਚਾਚੀ ਤਾਈ, ਆਂਟੀ), ਗੁਣਕਾਰੀ ਪੌਦੇ (ਸੁਰਿੰਦਰ ਕੈਲੇ), ਹਰਜੀਤ ਕੌਰ ਵਿਰਕ (ਪਿੱਪਲ ਦੀ ਜੜ੍ਹ), ਪ੍ਰਿੰਸੀਪਲ ਵਿਜੈ ਕੁਮਾਰ (ਮੋਬਾਇਲ ਨਹੀਂ ਕਿਤਾਬ), ਪਰਦੀਪ ਕੁਮਾਰ (ਪਿਤਾ ਦੀ ਸਲਾਹ), ਹਰਿੰਦਰ ਸਿੰਘ ਗੋਗਨਾ (ਸੂਰਜਮੁਖੀ ਦੀ ਧੀ), ਡਾ. ਕੁਲਬੀਰ ਸਿੰਘ ਸੂਰੀ (ਫ਼ਜ਼ੂਲ ਖਰਚ), ਸੁਰਿੰਦਰ ਕੌਰ ਰੋਮੀ (ਏਕਤਾ ਦੀ ਸ਼ਕਤੀ), ਜਸਵੀਰ ਰਾਣਾ (ਤੁਰਦੇ ਪੈਰਾਂ ਦੀ ਕਹਾਣੀ), ਬਹਾਦਰ ਸਿੰਘ ਗੋਸਲ (ਆਪਸੀ ਸਹਿਯੋਗ), ਈਸ਼ਦੀਪ ਕੌਰ ਈਸ਼ਾ (ਜਾਦੂ ਦੀ ਛੱਤਰੀ), ਨਕਸ਼ਦੀਪ ਪੰਜਕੋਹਾ (ਮੂਰਖ) ਆਦਿ ਬਾਲ ਮਨਾਂ ਦੀ ਤਰਜ਼ਮਾਨੀ ਕਰਦੀਆਂ ਕਹਾਣੀਆਂ ਪ੍ਰਕਾਸ਼ਤ ਹੋਈਆਂ ਹਨ। ਲੇਖਾਂ ਵਿੱਚ ਬਲਜਿੰਦਰ ਮਾਨ ਦਾ 'ਭਾਰਤੀ ਭਾਸ਼ਾਵਾਂ ਅਤੇ ਬਾਲ ਰਸਾਲੇ' ਪ੍ਰਕਾਸ਼ਤ ਹੋਇਆ ਹੈ। ਨਿਰਮਲ ਪ੍ਰੇਮੀ 'ਮਹਾਨ ਵਿਗਿਆਨੀ ਮਾਈਕੇਲ ਫੈਰਾਡੇ', ਵਿਜੈ ਗਰਗ '12 ਵੀ ਤੋਂ ਬਾਅਦ ਕੀ ਕਰੀਏ ?', ਸੰਜੀਵ ਸਿੰਘ ਸੈਣੀ 'ਵੱਧ ਸਕਰੀਨ ਸਮੇਂ ਕਾਰਨ ਗੁਆਚਿਆ ਬਚਪਨ', ਗਿਆਨੀ ਹਰਕੇਵਲ ਸਿੰਘ ਸੈਲਾਨੀ (ਰੋਟੀ ਖਾਈਏ ਸ਼ੱਕਰ ਨਾਲ ਹੋ ਸਕੇ ਤਾਂ ਮੱਖਣ ਨਾਲ' , ਕਨੀਕਾ ਬਾਗੀ 'ਡਿਜੀਟਲ ਦੀ ਚਮਕ ਵਿੱਚ ਗੁਆਚਦਾ ਬਚਪਨ' ਲੇਖ ਵੀ ਬੱਚਿਆ ਨੂੰ ਸੇਧ ਦੇਣ ਵਾਲੇ ਹਨ। ਅੰਤਲੇ ਸਫ਼ੇਆ ਉੱਤੇ ਪੁਸਤਕ ਰੀਵਿਊ, ਮੁਹਾਵਰੇ, ਨਿਆਰੀਆਂ ਗੱਲਾਂ, ਡਾ. ਨਰਿੰਦਰ ਸਿੰਘ ਕਪੂਰ ਦੀਆਂ ਖੱਟੀਆਂ ਮਿੱਠੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਸੰਪਾਦਕੀ ਅਮਲਾ ਬੱਚਿਆਂ ਵਿੱਚ ਚੰਗਾ ਸਾਹਿਤ ਪੜ੍ਹਨ ਲਈ ਲਗਾਤਾਰ ਉਪਰਾਲਾ ਕਰ ਰਿਹਾ ਹੈ।



'ਨਿੱਕੀਆਂ ਕਰੂੰਬਲਾਂ' ਦੇ ਪੰਨੇ : 58, ਮੁੱਲ : 70 ਰੁਪਏ ਹੈ। ਸੰਪਰਕ ਪਤਾ : ਸੰਪਾਦਕ 'ਨਿੱਕੀਆਂ ਕਰੂੰਬਲਾ', ਕਰੂੰਬਲਾ ਭਵਨ, ਗੜ੍ਹਸ਼ੰਕਰ ਰੋਡ, ਮਾਹਿਲਪੁਰ, ਪਰਚੇ ਦੇ ਮੁੱਖ ਸੰਪਾਦਕ ਹਨ : ਬਲਜਿੰਦਰ ਮਾਨ (ਮੁਬਾਇਲ : 98150-18947), ਰਚਨਾਵਾਂ ਭੇਜਣ ਲਈ email: karumblan1995@gmail.com

# ਮਨਜੀਤ ਮਾਨ ਦੀਆਂ ਮਿੰਨੀ ਕਹਾਣੀਆਂ

## ਹੜ੍ਹ

ਪਿਛਲੇ ਕਈ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਨੇ ਕੱਚੇ ਘਰਾਂ ਦੇ ਨਾਲ-ਨਾਲ ਪੱਕੇ ਘਰ ਵੀ ਚਿਆਉਣ ਲਾ ਦਿੱਤੇ ਸਨ। ਲੋਕ ਅਰਦਾਸਾਂ ਕਰ ਰਹੇ ਸਨ, ਪਰ ਮੀਂਹ ਸੀ ਕਿ ਰੁਕਣ ਦਾ ਨਾਂਅ ਨਹੀਂ ਲੈ ਰਿਹਾ ਸੀ।ਚਾਰ-ਚੁਫੇਰੇ ਜਲ-ਥਲ ਹੋਇਆ ਪਿਆ ਸੀ ਤੇ ਫ਼ਸਲਾਂ ਪਾਣੀ ਵਿੱਚ ਡੁੱਬ ਚੁੱਕੀਆਂ ਸਨ। ਰੱਬ ਦੇ ਮੂਹਰੇ ਕਿਸੇ ਦਾ ਜ਼ੋਰ ਨਹੀਂ ਚੱਲ ਰਿਹਾ ਸੀ ਤੇ ਮੀਂਹ ਦਾ ਪਾਣੀ ਹੌਲੀ-ਹੌਲੀ ਹੜ੍ਹ ਦਾ ਰੂਪ ਧਾਰਨ ਕਰਦਾ ਜਾ ਰਿਹਾ ਸੀ।ਦੁਪਹਿਰ ਵੇਲੇ ਜਦੋਂ ਮੀਂਹ ਥੋੜ੍ਹਾ ਜਿਹਾ ਰੁਕਿਆ ਤਾਂ ਸੁਖਚੈਨ ਮੋਢੇ 'ਤੇ ਕਹੀ ਧਰ ਕਾਹਲੇ ਕਦਮੀਂ ਆਪਣੇ ਖੇਤ ਵੱਲ ਨੂੰ ਹੋ ਤੁਰਿਆ ਸੀ। ਉਸ ਨੇ ਖੇਤ ਪਹੁੰਚ ਕੇ ਆਲੇ-ਦੁਆਲੇ ਨਜ਼ਰ ਮਾਰੀ ਤਾਂ ਉਸ ਨੂੰ ਪਾਣੀ ਤੋਂ ਬਿਨਾਂ ਕੁਝ ਦਿਖਾਈ ਨਾ ਦਿੱਤਾ।ਆਪਣੇ ਘਰ ਵਾਲੇ ਚਾਰ ਕਿੱਲਿਆਂ ਵਿਚਲਾ ਨਰਮਾ ਲੱਕ-ਲੱਕ ਪਾਣੀ ਵਿੱਚ ਖੜ੍ਹਾ ਬੇਵੱਸ ਨਜ਼ਰ ਆ ਰਿਹਾ ਸੀ।ਉਸ ਦੇ ਨਾਲ ਵਾਲੇ ਠੇਕੇ 'ਤੇ ਲਏ ਪੰਜ ਕਿੱਲਿਆਂ ਵਿਚਲਾ ਪੱਕਣ 'ਤੇ ਆਇਆ ਝੋਨਾ ਤਾਂ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬ ਚੁੱਕਿਆ ਸੀ। ਜਿਸ 'ਤੇ ਪਾਣੀ ਦੀ ਚਾਦਰ ਵਿਛੀ ਵਿਖਾਈ ਦੇ ਰਹੀ ਸੀ।ਇਸ ਝੋਨੇ ਦੀ ਫ਼ਸਲ ਨਾਲ ਹੀ ਤਾਂ ਉਹ ਪਿਛਲੇ ਸਾਲ ਭੈਣ ਦੇ ਵਿਆਹ ਸਮੇਂ ਚੁੱਕਿਆ ਕਰਜ਼ਾ ਉਤਾਰਨ ਦੀ ਸੋਚੀ ਬੈਠਾ ਸੀ।ਇਹ ਸਭ ਕੁਝ ਵੇਖ ਕੇ ਇੱਕ ਵਾਰ ਤਾਂ ਉਸ ਦਾ ਉੱਚੀ-ਉੱਚੀ ਧਾਹਾਂ ਮਾਰ ਕੇ ਰੋਣ ਨੂੰ ਦਿਲ ਕੀਤਾ, ਪਰ ਫਿਰ ਉਹ ਆਪਣੇ-ਆਪ ਨੂੰ ਸੰਭਾਲਦਾ ਹੋਇਆ ਬੋਝਲ ਕਦਮਾਂ ਨਾਲ ਘਰ ਵੱਲ ਮੁੜ ਪਿਆ। ਉਸ ਦੇ ਘਰ ਵੜਦਿਆਂ ਇੱਕ ਵਾਰ ਫਿਰ ਮੀਂਹ ਲਹਿ ਪਿਆ ਸੀ। ਮੋਹਲੇਧਾਰ ਵਰ੍ਹਦੇ ਮੀਂਹ ਵਿੱਚ ਉਸ ਨੇ ਉੱਪਰ ਵੱਲ ਮੂੰਹ ਕਰਕੇ ਉੱਚੀ ਜਿਹੀ ਧਾਹ ਮਾਰੀ, ਜਿਹੜੀ ਬੱਦਲਾਂ ਦੀ ਗੜਗੜਾਹਟ ਵਿੱਚ ਕਿੱਧਰੇ ਗੁਆਚ ਗਈ।ਉਸ ਦੇ ਅੰਦਰਲਾ ਸਾਗਰ ਛਲਕ ਪਿਆ ਸੀ ਤੇ ਅੱਖਾਂ ਵਿੱਚੋਂ ਹੰਝੂ ਮੀਂਹ ਦੇ ਪਾਣੀ ਵਿੱਚ ਰਲ ਕੇ ਸਾਰੇ ਵਿਹੜੇ ਵਿੱਚ ਫੈਲ ਗਏ ਸਨ। ਵਰਾਂਡੇ ਵਿੱਚ ਖੜ੍ਹੀ ਉਸ ਦੀ ਮਾਂ ਉਸ ਨੂੰ ਵੇ ਸੁਖਚੈਨ ਵੇ ਸੁਖਚੈਨ ਕਹਿ ਕੇ ਬੁਲਾ ਰਹੀ ਸੀ, ਪਰ ਉਹ ਵਿਹੜੇ ਵਿੱਚ ਬੁੱਤ ਬਣ ਖੜ੍ਹਾ ਮੀਂਹ ਵਿੱਚ ਭਿੱਜ ਰਿਹਾ ਸੀ।

## ਖਿਆਲ

ਜਦੋਂ ਦੀ ਮਾਸਟਰ ਸਤਵੰਤ ਸਿੰਘ ਦੀ ਡਿਊਟੀ ਬਾਰ੍ਹਵੀਂ ਜਮਾਤ ਦੇ ਪੇਪਰਾਂ ਵਿੱਚ ਲੱਗੀ ਸੀ, ਉਦੋਂ ਦੇ ਉਸ ਨੂੰ ਸਵੇਰ-ਸ਼ਾਮ ਸਿਫਾਰਸ਼ ਵਾਲਿਆਂ ਦੇ ਕੁਝ ਜ਼ਿਆਦਾ ਹੀ ਫੋਨ ਆ ਰਹੇ ਸਨ। ਦੋਸਤਾਂ-ਮਿੱਤਰਾਂ ਤੋਂ ਇਲਾਵਾ ਦੂਰ ਦੀ ਰਿਸ਼ਤੇਦਾਰੀ ਕੱਢ ਕੇ ਵੀ ਕਈ ਅਣਜਾਣ ਨੰਬਰਾਂ ਤੋਂ ਉਸ ਨੂੰ ਫੋਨ ਆ ਰਹੇ ਸਨ, ਜੋ ਰੋਲ ਨੰਬਰ ਲਿਖਾ ਕੇ ਪੇਪਰ ਵਿੱਚ ਕਿਸੇ ਨਾ ਕਿਸੇ ਵਿਦਿਆਰਥੀ ਦਾ ਖਿਆਲ ਰੱਖਣ ਲਈ ਕਹਿੰਦੇ ਰਹਿੰਦੇ ਸਨ। ਮਾਸਟਰ ਸਤਵੰਤ ਸਿੰਘ ਵੀ ਅੱਗਿਓਂ ਹਰੇਕ ਨੂੰ ਪੂਰੀ ਹਲੀਮੀ ਤੇ ਸਤਿਕਾਰ ਨਾਲ ਪੇਪਰ ਵਿੱਚ ਉਹਨਾਂ ਦੇ ਬੱਚੇ ਦਾ ਪੂਰਾ ਖਿਆਲ ਰੱਖਣ ਦਾ ਯਕੀਨ ਦਿਵਾ ਕੇ ਫੋਨ ਕੱਟ ਦਿੰਦਾ ਸੀ। ਅੱਜ ਸਵੇਰੇ ਵੀ ਜਦੋਂ ਉਹ ਤਿਆਰ ਹੋ ਕੇ ਆਪਣੀ ਡਿਊਟੀ 'ਤੇ ਜਾਣ ਹੀ ਲੱਗਾ ਸੀ ਕਿ ਉਸ ਦੇ ਫੋਨ ਦੀ ਘੰਟੀ ਵੱਜਣ ਲੱਗ ਪਈ ਸੀ। ਉਸ ਨੇ ਫੋਨ ਚੁੱਕ ਕੇ ਵੇਖਿਆ ਤਾਂ ਇਹ ਉਸ ਦੇ ਸਕੂਲ ਸਮੇਂ ਦੇ ਮਿੱਤਰ ਜਗਦੀਪ ਦਾ ਸੀ। ਉਸ ਦੇ ਮਿੱਤਰ ਨੇ ਰਸਮੀ ਜਿਹਾ ਹਾਲ-ਚਾਲ ਪੁੱਛਣ ਤੋਂ ਬਾਅਦ ਸਤਵੰਤ ਸਿੰਘ ਨੂੰ ਕਿਹਾ, 'ਮਾਸਟਰ ਜੀ ਤੇਰੇ ਵਾਲੇ ਸੈਂਟਰ ਵਿੱਚ ਮੇਰਾ ਭਤੀਜਾ ਪੇਪਰ ਦੇ ਰਿਹਾ ਹੈ ਤੇ ਅੱਜ ਉਸ ਦਾ ਅੰਗਰੇਜ਼ੀ ਦਾ ਪੇਪਰ ਹੈ।ਇਸ ਲਈ ਮਿਹਰਬਾਨੀ ਕਰਕੇ ਉਸ ਨੂੰ ਆਪਣਾ ਭਤੀਜਾ ਸਮਝ ਕੇ ਉਸ ਦਾ ਖ਼ਿਆਲ ਰੱਖਣਾ। ਸਤਵੰਤ ਸਿੰਘ ਨੇ ਪੂਰਾ ਵਿਸ਼ਵਾਸ ਦਿਵਾ ਕੇ ਕਾਹਲੀ ਨਾਲ ਉਸ ਦਾ ਫੋਨ ਕੱਟਿਆ ਤੇ ਮੋਟਰਸਾਈਕਲ ਲੈ ਕੇ ਆਪਣੀ ਡਿਊਟੀ 'ਤੇ ਚਲਾ ਜਾਂਦਾ ਹੈ। ਸਤਵੰਤ ਸਿੰਘ ਪੇਪਰ ਵਿੱਚ ਡਿਊਟੀ ਕਰਨ ਤੋਂ ਬਾਅਦ ਸ਼ਾਮ ਨੂੰ ਅਜੇ ਆਪਣੇ ਘਰ ਵਾਪਸ ਆਇਆ ਹੀ ਹੁੰਦਾ ਹੈ ਕਿ ਉਸ ਦੇ ਸਕੂਲ ਵਾਲੇ ਮਿੱਤਰ ਦਾ ਫਿਰ ਫੋਨ ਆ ਜਾਂਦਾ ਹੈ। ਸਤਵੰਤ ਸਿੰਘ ਅਜੇ ਫੋਨ ਚੁੱਕ ਕੇ ਹੈਲੋ ਕਹਿਣ ਹੀ ਲੱਗਦਾ ਹੈ ਕਿ ਉਹ ਪਹਿਲਾਂ ਹੀ ਬੋਲਣਾ ਸ਼ੁਰੂ ਕਰ ਦਿੰਦਾ ਹੈ। ਮਾਸਟਰ ਜੀ ਪੇਪਰ ਔਖਾ ਸੀ ਤੇ ਉੱਤੋਂ ਮੇਰਾ ਭਤੀਜਾ ਕਹਿੰਦਾ ਮਾਸਟਰ ਜੀ ਨੇ ਤਾਂ ਮੇਰਾ ਭੋਰਾ ਖਿਆਲ ਵੀ ਨਹੀਂ ਰੱਖਿਆ, ਮਾੜੀ ਗੱਲ ਹੈ ਥੋਡੀ, ਮੈਂ ਤਾਂ ਤੁਹਾਨੂੰ ਆਪਣਾ ਮਿੱਤਰ ਸਮਝ ਕੇ ਹੀ ਫੋਨ ਕੀਤਾ ਸੀ ਵੀ ਤੁਸੀਂ ਭਤੀਜੇ ਦੀ ਥੋੜ੍ਹੀ-ਬਹੁਤੀ ਮਦਦ ਕਰੋਗੇ, ਪਰ ਤੁਸੀਂ ਤਾਂ ਉਸ ਦੀ ਬਾਤ ਨਹੀਂ ਪੁੱਛੀ। ਸਤਵੰਤ ਸਿੰਘ ਨੇ ਉਸ ਦੀ ਗੱਲ ਨੂੰ ਵਿੱਚੋਂ ਹੀ ਟੋਕਦਿਆਂ ਕਿਹਾ, ਕੌਣ ਕਹਿੰਦਾ ਮੈਂ ਉਸ ਦਾ ਖਿਆਲ ਨਹੀਂ ਰੱਖਿਆ? ਜਗਦੀਪ ਮੈਂ ਆਪ ਤਿੰਨ ਵਾਰ ਜਾ ਕੇ ਉਸ ਨੂੰ ਪਾਣੀ ਤੇ ਦੋ ਵਾਰ ਚਾਹ ਪੁੱਛੀ ਸੀ। ਨਾਲੇ ਉਸ ਨੂੰ ਕਿਹਾ ਸੀ ਕਿ ਕੋਈ ਤਕਲੀਫ਼ ਹੈ ਤਾਂ ਦੱਸ? ਪਰ ਉਹ ਨਾਂਹ ਵਿੱਚ ਹੀ ਸਿਰ ਹਿਲਾਈ ਗਿਆ, ਹੋਰ ਤੂੰ ਦੱਸ ਯਾਰ ਖਿਆਲ ਕਿਵੇਂ ਰੱਖਿਆ ਜਾਂਦਾ ਹੈ? ਸਤਵੰਤ ਸਿੰਘ ਜਦ ਥੋੜ੍ਹਾ ਜਿਹਾ ਗੁੱਸੇ ਵਿੱਚ ਬੋਲਦਾ ਹੈ ਤਾਂ ਉਸ ਦਾ ਮਿੱਤਰ ਬਿਨਾਂ ਕੁਝ ਕਹੇ ਹੀ ਫੋਨ ਕੱਟ ਦਿੰਦਾ ਹੈ।

## ਕਿੱਟੀ ਪਾਰਟੀ

ਗੁਰਦਿੱਤ ਸਿਉਂ ਨੂੰ ਨਾਲ ਵਾਲੇ ਕਮਰੇ ਵਿੱਚੋਂ ਆ ਰਹੀਆਂ ਕੰਨ ਪਾੜਵੇਂ ਸੰਗੀਤ ਦੀਆਂ ਆਵਾਜ਼ਾਂ ਲਗਾਤਾਰ ਪ੍ਰੇਸ਼ਾਨ ਕਰ ਰਹੀਆਂ ਸਨ।ਉਹ ਪਿਛਲੇ ਚਾਰ ਮਹੀਨਿਆਂ ਤੋਂ ਅਧਰੰਗ ਦੀ ਬਿਮਾਰੀ ਨਾਲ ਪੀੜਤ ਹੋਣ ਕਰਕੇ ਮੰਜੇ 'ਤੇ ਪਿਆ ਸੀ।ਉਸ ਨੇ ਆਪਣੇ ਪੋਤੇ ਦਾ ਨਾਂਅ ਲੈ ਕੇ ਉਸ ਨੂੰ ਕਈ ਆਵਾਜ਼ਾਂ ਵੀ ਮਾਰੀਆਂ ਸਨ, ਪਰ ਇੰਨੇ ਰੌਲ਼ੇ-ਰੱਪੇ ਵਿੱਚ ਕਿਸੇ ਨੂੰ ਕੁਝ ਸੁਣਾਈ ਨਹੀਂ ਦੇ ਰਿਹਾ ਸੀ। ਫਿਰ ਅਚਾਨਕ ਉਸ ਦੀ ਪੋਤੀ ਜਦ ਆਪਣਾ ਫੋਨ ਸੁਣਨ ਉਸ ਦੇ ਕਮਰੇ ਵੱਲ ਆਈ ਤਾਂ ਉਸ ਨੇ ਉਸ ਦੀ ਆਵਾਜ਼ ਸੁਣ ਕੇ ਪੁੱਛਿਆ, ਕੀ ਗੱਲ ਹੋ ਗਈ ਦਾਦਾ ਜੀ ਤੁਸੀਂ ਇੰਨੀ ਉੱਚੀ ਆਵਾਜ਼ਾਂ ਕਿਉਂ ਮਾਰ ਰਹੇ ਹੋ? ਪੁੱਤ ਆਹ ਆਪਣੇ ਘਰ ਕਾਹਦੀ ਖੁਸ਼ੀ 'ਚ ਗੀਤ ਵੱਜ ਰਹੇ ਹਨ? ਇਹਨਾਂ ਦੀ ਥੋੜ੍ਹੀ ਜਿਹੀ ਆਵਾਜ਼ ਘੱਟ ਕਰ ਲਵੋ, ਮੇਰਾ ਚਿੱਤ ਕਾਹਲਾ ਜਿਹਾ ਪਈ ਜਾਂਦਾ ਹੈ।

ਦਾਦਾ ਜੀ ਤੁਸੀਂ ਚੁੱਪ ਕਰਕੇ ਮੂੰਹ ਢਕ ਕੇ ਪੈ ਜਾਵੋ, ਉੱਧਰ ਮੰਮੀ ਦੀ ਕਿੱਟੀ ਪਾਰਟੀ ਚੱਲ ਰਹੀ ਏ, ਉਨ੍ਹਾਂ ਦੀਆਂ ਬਹੁਤ ਸਾਰੀਆਂ ਫਰੈਂਡਜ਼ ਆਈਆਂ ਹੋਈਆਂ ਹਨ, ਉਹ ਮਿਲ ਕੇ ਇਨਜੁਆਏ ਕਰ ਰਹੀਆਂ ਹਨ। ਤੁਸੀਂ ਕਿਉਂ ਐਵੇਂ ਵਿੱਚ ਰੌਲਾ ਪਾਉਂਦੇ ਹੋ। ਜੇਕਰ ਮੰਮੀ ਨੂੰ ਪਤਾ ਲੱਗ ਗਿਆ ਤਾਂ ਉਹ ਤੁਹਾਡੇ ਨਾਲ ਗੁੱਸੇ ਹੋਣਗੇ।ਪੋਤੀ ਇੰਨਾ ਕਹਿ ਕੇ ਕੰਨ ਨਾਲ ਫੋਨ ਲਾ ਕੇ ਕਮਰੇ ਵਿੱਚੋਂ ਬਾਹਰ ਨਿਕਲ ਗਈ ਸੀ ਤੇ ਗੁਰਦਿੱਤ ਮੰਜੇ 'ਤੇ ਪਿਆ ਰੌਲੇ 'ਚੋਂ ਕਿੱਟੀ ਪਾਰਟੀ ਦੇ ਅਰਥ ਲੱਭਣ ਲੱਗ ਪਿਆ ਸੀ।

## ਬਦਸ਼ਗਨੀ

ਰੋਟੀ ਖਾਣ ਲਈ ਅਜੇ ਉਸ ਨੇ ਪਹਿਲੀ ਬੁਰਕੀ ਹੀ ਤੋੜੀ ਸੀ ਕਿ ਛੱਤ 'ਤੇ ਬਿੱਲੀਆਂ ਦੇ ਲੜਨ ਦੀ ਆਵਾਜ਼ ਨੇ ਟਿਕੀ ਰਾਤ ਦੀ ਸ਼ਾਂਤੀ ਭੰਗ ਕਰ ਦਿੱਤੀ।ਕੋਲ ਬੈਠੀ ਉਸ ਦੀ ਮਾਂ ਨੇ ਕਿਹਾ, ਜਾਹ ਪੁੱਤ ਇਹਨਾਂ ਕੁਲੈਹਣੀਆਂ ਨੂੰ ਪਰਾਂ ਭਜਾ ਕੇ ਆ, ਬਿੱਲੀਆਂ ਲੜਦੀਆਂ ਤਾਂ ਬਦਸ਼ਗਨੀ ਮੰਨੀ ਜਾਂਦੀ ਹੈ, ਰੱਬ ਸੁੱਖ ਰੱਖੇ।ਉਹ ਸੋਟੀ ਚੁੱਕ ਕੇ ਕਾਹਲੀ ਨਾਲ ਛੱਤ ਉੱਤੇ ਗਿਆ ਤੇ ਬਿੱਲੀਆਂ ਨੂੰ ਭਜਾ ਕੇ ਵਾਪਸ ਆ ਗਿਆ। ਰੋਟੀ ਖਾ ਕੇ ਉਹ ਭਾਂਡੇ ਭੁੰਜੇ ਰੱਖਣ ਲੱਗਾ ਤਾਂ ਗਵਾਂਢੀਆਂ ਦੇ ਘਰ ਚੀਕ-ਚਿਹਾੜਾ ਪੈ ਗਿਆ। ਸ਼ਰਾਬ ਦੇ ਰੱਜੇ ਉਸ ਦੇ ਗਵਾਂਢੀ ਨੇ ਆਪਣੀ ਘਰਵਾਲੀ ਤੇ ਜਵਾਕਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਸੀ।ਉਹ ਮੰਜੇ ਤੋਂ ਉੱਠ ਕੇ ਛੁਡਾਉਣ ਲਈ ਗਵਾਂਢੀਆਂ ਦੇ ਘਰ ਵੱਲ ਜਾਣ ਲੱਗਾ ਤਾਂ ਉਸ ਦੀ ਮਾਂ ਨੇ ਕਿਹਾ, ਵੇ ਪੁੱਤ ਬਹਿਜਾ-ਬਹਿਜਾ ਇਹਨਾਂ ਦਾ ਤਾਂ ਨਿੱਤ ਦਾ ਇਹੀ ਕੰਜਰ ਕਲੇਸ਼ ਨਹੀਂ ਮੁੱਕਦਾ ਹੈ। ਤੂੰ ਥੱਕਿਆ ਹੋਇਆ ਖੇਤੋਂ ਆਇਆ ਹੈਂ ਕਿਉਂ ਬੇਗਾਨੀ ਲੜਾਈ ਵਿੱਚ ਅੜ ਕੇ ਮਾੜਾ ਵੱਜਦਾ ਹੈ, ਇਨ੍ਹਾਂ ਨੇ ਤਾਂ ਫਿਰ ਘੰਟੇ ਬਾਅਦ ਇੱਕੋ ਜਿਹੇ ਹੋ ਜਾਣਾ ਹੈ। ਮਾਂ ਦੀ ਗੱਲ ਸੁਣ ਕੇ ਉਸ ਦੇ ਪੈਰ ਧਰਤੀ ਵਿੱਚ ਗੱਡੇ ਗਏ ਤੇ ਉਹ ਮੁੜ ਮੰਜੇ 'ਤੇ ਬੈਠ ਗਿਆ।

## ਗਿੱਦੜਸਿੰਗੀ

ਸਵੇਰੇ ਰੋਟੀ ਖਾ ਕੇ ਮੈਂ ਅਜੇ ਕਮਰੇ ਵਿੱਚ ਹੀ ਗਿਆ ਸੀ ਕਿ ਬਾਹਰ ਬੂਹੇ 'ਤੇ ਅਲਖੁ ਨਿਰੰਜਨ ਕਹਿੰਦਾ ਇੱਕ ਭਗਵਾਂਧਾਰੀ ਬਾਬਾ ਵਿਹੜੇ ਵਿੱਚ ਆ ਖਲੋਤਾ ਸੀ।

ਲਿਆ ਭਗਤਾ ਕੁਝ ਬਾਬਿਆਂ ਦੀ ਝੋਲੀ 'ਚ ਵੀ ਪਾ, ਘਰ ਵਿੱਚ ਅਨਾਜ ਆਇਆ ਹੈ। ਮੈਨੂੰ ਅੰਦਰੋਂ ਆਉਂਦਿਆਂ ਵੇਖ ਕੇ ਉਸ ਨੇ ਆਪਣੀ ਬਗਲੀ ਠੀਕ ਕਰਦਿਆਂ ਕਿਹਾ।

ਕਣਕ ਤਾਂ ਐਤਕੀਂ ਬਾਬਾ ਮਸਾਂ ਹੀ ਖਾਣ ਜੋਗੀ ਹੋਈ ਏ, ਉਹ ਵੀ ਹੁਣ ਤਾਂ ਅਸੀਂ ਢੋਲਾਂ ਵਿੱਚ ਪਾ ਕੇ ਸਾਂਭ ਦਿੱਤੀ ਹੈ, ਏਸ ਸਾਲ ਝਾੜ ਹੀ ਬਾਹਲਾ ਘਟ ਗਿਆ ਬਾਬਾ ਕੀ ਕਰੀਏ ਮੈਂ ਆਪਣੀ ਮਜਬੂਰੀ ਦੱਸਦਿਆਂ ਕਿਹਾ।

ਕੋਈ ਨਾ ਭਗਤਾ ਦਿਲ ਛੋਟਾ ਨੀ ਕਰੀਦਾ, ਉਹ ਪਰਮਾਤਮਾ ਸਭ ਦੀਆਂ ਝੋਲੀਆਂ ਭਰਨ ਵਾਲਾ ਹੈ। ਉਸ ਨੂੰ ਸਭ ਦੀ ਫ਼ਿਕਰ ਹੈ। ਦਿਲ ਛੋਟਾ ਨਾ ਕਰ, ਚੱਲ ਜਾਹ ਭਗਤਾ ਤੂੰ ਬਾਬਿਆਂ ਨੂੰ ਪ੍ਰਸ਼ਾਦਾ ਹੀ ਛਕਾ ਦੇ ਉਸ ਨੇ ਵਿਹੜੇ ਵਿਚਲੀ ਨਿੰਮ ਨਾਲ ਢੂਹ ਲਾ ਕੇ ਬੈਠਦਿਆਂ ਕਿਹਾ।

ਮੈਂ ਖਹਿੜਾ ਛੁਡਾਉਣ ਲਈ ਅੰਦਰੋਂ ਛੇਤੀ ਦੇਣੇ ਉਸ ਨੂੰ ਤਿੰਨ ਰੋਟੀਆਂ 'ਤੇ ਆਚਾਰ ਧਰ ਕੇ ਲਿਆ ਫੜਾਇਆ ਕਿ ਖਾ ਕੇ ਤੁਰਦਾ ਬਣੇ। ਪਰ ਉਸ ਨੇ ਰੋਟੀ ਖਾਣ ਮਗਰੋਂ ਮੈਨੂੰ ਕੋਲ ਸੱਦਦਿਆਂ ਕਿਹਾ, ਉਰੇ ਆ ਭਗਤਾ ਲਿਆ ਤੇਰਾ ਹੱਥ ਵੇਖੀਏ।

ਬਾਬਾ ਜੀ ਮੈਂ ਇਹਨਾਂ ਗੱਲਾਂ ਵਿੱਚ ਵਿਸ਼ਵਾਸ ਨਹੀਂ ਰੱਖਦਾ। ਮੈਂ ਅੱਕ ਕੇ ਕਿਹਾ।

ਮੇਰੇ ਨਾਂਹ-ਨਾਂਹ ਕਰਨ ਦੇ ਬਾਵਜੂਦ ਉਸ ਨੇ ਮੇਰਾ ਹੱਥ ਧੱਕੇ ਨਾਲ ਫੜ ਕੇ ਵੇਖਦਿਆਂ ਕਿਹਾ, ਭਗਤਾ ਮਾਇਆ ਤਾਂ ਤੇਰੇ ਕੋਲ ਬਹੁਤ ਆਉਂਦੀ ਹੈ, ਪਰ ਠਹਿਰਦੀ ਨੀ, ਤੂੰ ਤਾਂ ਸਭ ਦਾ ਭਲਾ ਚਾਹੁੰਦਾ, ਪਰ ਤੇਰਾ ਕੋਈ ਨ੍ਹੀ ਚਾਹੁੰਦਾ।

ਪਰ ਤੂੰ ਫ਼ਿਕਰ ਨਾ ਕਰ ਬਾਬਿਆਂ ਨੇ ਤੇਰਾ ਲੂਣ ਖਾਧਾ ਏ ਤੇਰਾ ਪੱਕਾ ਉਪਾਅ ਕਰਕੇ ਜਾਣਗੇ। ਉਸ ਨੇ ਬਗਲੀ ਵਿੱਚੋਂ ਨਿੱਕੀ ਜਿਹੀ ਪੋਟਲੀ ਕੱਢਦਿਆਂ ਕਿਹਾ।

ਪੋਟਲੀ 'ਚੋਂ ਉਸ ਨੇ ਨਿੱਕੀ ਜਿਹੀ ਡੱਬੀ ਵਿੱਚੋਂ ਸੰਧੂਰ ਨਾਲ ਲਿੱਬੜੇ ਪੰਛੀ ਦੇ ਖੰਭ ਜਿਹੇ ਕੱਢ ਕੇ ਮੇਰੀ ਹਥੇਲੀ 'ਤੇ ਧਰ ਦਿੱਤੇ।

ਇਹ ਕੀ ਹੈ ਬਾਬਾ ਜੀ। ਮੈਂ ਗਹੁ ਨਾਲ ਦੇਖਦਿਆਂ ਪੁੱਛਿਆ।

ਇਹ ਭਗਤਾ ਗਿੱਦੜਸਿੰਗੀ ਏ, ਜਿਸ ਘਰ ਵਿੱਚ ਇਹ ਹੋਵੇ, ਉੱਥੋਂ ਮਾਇਆ ਟਿਕੀ ਰਹਿੰਦੀ ਏ। ਘਰ ਵਿੱਚ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿੰਦਾ। ਉਂ ਤਾਂ ਇਹ ਬਹੁਤ ਮਹਿੰਗੀ ਏ, ਪਰ ਤੇਰਾ ਅਸੀਂ ਅੰਨ ਪਾਣੀ ਛਕਿਆ ਏ, ਏਸ ਲਈ ਤੈਨੂੰ ਪੰਜ ਸੌ ਰੁਪਏ 'ਚ ਦੇ ਰਹੇ ਹਾਂ। ਲੈ ਭਗਤਾ ਪੰਜ ਸੌ ਰੁਪਿਆ ਝੋਲੀ 'ਚ ਪਾ ਕੇ ਤੇ ਇਸ ਨੂੰ ਪੇਟੀ 'ਚ ਸੰਭਾਲ ਕੇ ਰੱਖ ਲੈ।

ਮੈਂ ਬਾਬੇ ਦੀ ਮਨਸ਼ਾ ਝੱਟ ਸਮਝਦਿਆਂ ਕਿਹਾ, ਬਾਬਾ ਜੀ ਇਹ ਥੋਡੇ ਕੋਲ ਕਿੰਨੇ ਕੁ ਚਿਰ ਦੀ ਹੈ?

ਅਸਾਡੇ ਕੋਲ ਤਾਂ ਭਗਤਾ ਇਸ ਨੂੰ ਦਸ ਸਾਲ ਹੋ ਗਏ ਹਨ ਪਹਾੜਾਂ 'ਚ ਤਪੱਸਿਆ ਕਰਨ ਗਿਆਂ ਨੂੰ ਮਿਲੀ ਸੀ, ਪਰ ਕੋਈ ਸੱਚਾ-ਸੁੱਚਾ ਬੰਦਾ ਹੀ ਨਹੀਂ ਮਿਲਿਆ, ਜੋ ਇਸ ਨੂੰ ਸਾਂਭ ਸਕੇ। ਉਸ ਨੇ ਮੈਨੂੰ ਵਿਸ਼ਵਾਸ 'ਚ ਲੈਂਦਿਆਂ ਕਿਹਾ।

ਬਾਬਾ ਜੀ ਫਿਰ ਥੋਡੇ ਕੋਲ ਤਾਂ ਇੰਨੇ ਸਾਲਾਂ ਵਿੱਚ ਮਾਇਆ ਟਿਕੀ ਨਹੀਂ, ਮੇਰੇ ਕੋਲ ਕਿਵੇਂ ਟਿਕੇਗੀ। ਮੈਂ ਉਸ ਦੀ ਗੱਲ ਨੂੰ ਵਿੱਚੋਂ ਹੀ ਟੋਕਦਿਆਂ ਕਿਹਾ।

ਬਾਬੇ ਨੇ ਆਪਣਾ ਭਾਂਡਾ ਫੁੱਟਦਾ ਵੇਖ ਛੇਤੀ ਨਾਲ ਗਿੱਦੜਸਿੰਗੀ ਵਾਲੀ ਡੱਬੀ ਬਗਲੀ ਵਿੱਚ ਪਾਈ ਤੇ ਚੁੱਪ ਕਰਕੇ ਅਗਲੇ ਘਰ ਵੱਲ ਖਿਸਕ ਗਿਆ।

ਮੋਬਾ. 70098-98044

# ਟੁੱਟਦੇ ਮਣਕਿਆਂ ਵਾਲੀ ਗਾਨੀ

ਦੁਖਦਾ ਪੰਨਾ-6

ਨਿੰਦਰ ਘੁਗਿਆਣਵੀ

ਬੜਾ ਮਨ ਦੁਖਦਾ ਏ, ਜਦ ਤਾਜ਼ਾ ਵਿਛੜੇ ਸੱਜਣ ਪਿਆਰੇ ਦਾ ਫੋਨ ਨੰਬਰ ਵਿਚੋਂ ਡਿਲੀਟ ਕਰਨਾ ਪੈਂਦਾ ਏ, ਇਉਂ ਲਗਦਾ ਏ ਜਿਵੇਂ ਗਾਨੀ ਦਾ ਇਕ ਹੋਰ ਮਣਕਾ ਟੁੱਟ ਕੇ ਕਿਰ ਗਿਆ ਏ। ਗਾਇਕਾ ਦੀਪਕ ਢਿੱਲੋਂ ਨੇ ਗੀਤ ਵੀ ਗਾਇਆ ਸੀ:

ਵੇ ਮਣਕੇ ਟੁਟਦੇ ਜਾਂਦੇ ਐ
ਤੇਰੀ ਸੱਜਣਾ ਪਿਆਰ ਨਿਸ਼ਾਨੀ
ਵੇ ਗਲ ਦੀ ਗਾਨੀ
ਮਣਕੇ ਟੁਟਦੇ ਜਾਂਦੇ ਐ

ਸੱਜਣ ਵਿਛੜਨੇ ਗਾਨੀ ਦੇ ਮਣਕੇ ਟੁੱਟਣ ਵਰਗੇ ਹੁੰਦੇ ਨੇ। ਬੀਤੇ ਦਿਨਾਂ ਵਿਚ ਚੰਗੇ ਭਲੇ ਬੰਦੇ ਤੁਰ ਗਏ ਨੇ। ਹੱਸਦੇ-ਵੱਸਦੇ ਖੇਡਦੇ ਖਿਡਾਉਂਦੇ ਬੰਦੇ। ਅਜਿਹੇ ਵਿਛੜੇ ਸੱਜਣਾਂ ਦੀ ਯਾਦ ਆਉਣ ਦਾ ਸਬੱਬ ਵੀ ਕਈ ਵਾਰ ਨਿਵੇਕਲਾ ਜਿਹਾ ਬਣ ਜਾਂਦਾ ਏ। ਅੰਮ੍ਰਿਤ ਵੇਲਾ ਸੀ। ਸ਼ਬਦ ਸਰਵਣ ਕਰ ਰਿਹਾ ਸਾਂ। ਭਾਈ ਨਿਰਾਲਾ ਜੀ ਦਾ ਗਾਇਆ ਹੋਇਆ ਹੈ ਸ਼ਿਵਰੰਜਨੀ ਰਾਗ ਵਿਚ 'ਮਿਹਰਬਾਨ ਮਿਹਰਬਾਨ ਸਾਹਿਬ ਮੇਰਾ ਮੇਹਰਬਾਨ॥'

ਗਾਇਨ ਕਰਦੇ-ਕਰਦੇ ਭਾਈ ਸਾਹਿਬ ਵਿਖਿਆਨ ਵੀ ਕਰਦੇ ਨੇ ਕਿ ਮੇਰੀ ਮਾਂ ਬੜੀ ਰੋਇਆ ਕਰੇ ਕਿ ਵੇ ਪੁੱਤਰ, ਤੈਨੂੰ ਕੌਣ ਸਾਂਭੇਗਾ, ਹਾਏ ਹਾਏ ਵੇ ਪੁੱਤਰ ਤੇਰੀਆਂ ਅੱਖਾਂ ਦੀ ਜੋਤੀ ਹੁੰਦੀ, ਤਾਂ ਕੋਈ ਝੋਰਾ ਨਾ ਹੁੰਦਾ, ਹਾਏ-ਹਾਏ ਵੇ ਲੋਕੋ, ਮੈਂ ਜੋਤਹੀਣ ਪੁੱਤਰ ਕਿਉਂ ਜਨਮਿਆਂ? ਅੱਗੋਂ ਉਹ ਮਾਂ ਨੂੰ ਆਖਦੇ ਨੇ ਕਿ ਮਾਂ, ਮੈਨੂੰ ਕੋਈ ਵਾਜਾ ਨਹੀਂ ਸਿਖਾਲਦਾ, ਮੈਂ ਗੁਰੂ ਕਾ ਕੀਰਤਨ ਕਰਨਾ ਈਂ, ਗੁਰੂ ਵਾਲਾ ਬਣਨਾ ਈਂ, ਮਾਂ ਤੂੰ ਮੇਰਾ ਫਿਕਰ ਨਾ ਕਰੀਂ, ਮੈਂ ਗੁਰੂ ਲੱਭ ਲਿਆ ਏ ਤੇ ਗੁਰੂ ਵਾਲਾ ਬਣਨ ਚੱਲਿਆ ਆਂ। ਭਾਈ ਨਿਰਾਲਾ ਜੀ ਨੂੰ ਸੁਣਦਿਆਂ ਅਜਬ ਸੰਗੀਤ ਦੇ ਅਨੰਦ ਵਿਚ ਗੁਆਚ ਜਾਂਦਾ ਹਾਂ। ਕਿੰਨੀਆਂ ਮਿਹਨਤਾਂ ਤੇ ਮੁਸ਼ੱਕਤਾਂ ਹੋਣਗੀਆਂ ਇਨ੍ਹਾਂ ਮਹਾਨ ਲੋਕਾਂ ਦੀਆਂ? ਅੱਖਾਂ ਨਹੀਂ ਤਾਂ ਕੀ ਹੋਇਆ, ਮਨ ਅੰਦਰ ਜਗਦੀ ਅਲੌਕਿਕ ਜੋਤ ਦਾ ਪ੍ਰਕਾਸ਼ ਅਨੰਤ ਹੈ। ਇਹ ਜੋਤਾਂ ਮਨਾਂ-ਮਸਤਕਾਂ ਅੰਦਰ ਐਵੇਂ ਨਹੀਂ ਜਗਦੀਆਂ। ਕਰੜੀ ਘਾਲ ਘਾਲਣੀ ਪੈਂਦੀ ਹੈ। ਬੇਸ਼ੁਮਾਰ ਦੁਨੀਆਂ ਸੁਜਾਖੀ ਫਿਰਦੀ ਵੀ ਅੰਧਲੀ-ਅੰਧਲੀ ਹੀ ਜਾਪਦੀ ਹੈ, ਜਿਵੇਂ ਹਨੇਰ ਭਰੇ ਸੰਸਾਰ ਵਿੱਚ ਫਿਰਦੇ ਹੋਈਏ। ਕਿਸੇ ਨੇ ਆਖਿਆ ਸੀ ਕਿ ਤੈਨੂੰ ਸਭ ਕੁਝ ਦਿਖਦਾ ਏ, ਪਰ ਫਿਰ ਵੀ ਅੰਧਾ ਏਂ, ਤੇਰੇ ਨਾਲੋਂ ਤਾ ਜੋਤਹੀਣ ਬੰਦਾ ਈ ਚੰਗਾ ਏ, ਜੋ ਸਭ ਕੁਝ ਵੇਖ-ਵਾਚ ਰਿਹਾ ਏ।

* * *

ਅੰਧਲੇ ਭੈਣ-ਭਰਾ ਯਾਦ ਆ ਗਏ ਨੇ ਇਹ ਸਤਰਾਂ ਲਿਖਦਿਆਂ-ਲਿਖਦਿਆਂ। ਸਮਾਂ 1989-90 ਦਾ ਹੋਏਗਾ। ਉਸਤਾਦ ਲਾਲ ਚੰਦ ਯਮਲਾ ਜੀ ਦਾ ਚੇਲਾ ਬਣਿਆ-ਬਣਿਆ ਹੀ ਸਾਂ ਹਾਲੇ। ਆਪਣੇ ਨਾਨਕੇ ਪਿੰਡ ਸਰੀਂਹ ਵਾਲਾ ਬਰਾੜ ਨੇੜੇ ਗੁਰੂ ਹਰਸਹਾਏ ਗਿਆ ਹੋਇਆ ਸਾਂ। ਦਸਵੇਂ ਪਾਤਸ਼ਾਹ ਜੀ ਦੇ ਗੁਰਪੁਰਬ ਦੇ ਦਿਨ ਸਨ। ਗੁਰ ਘਰ ਅਖੰਡ ਪਾਠ ਪ੍ਰਕਾਸ਼ ਹੋਇਆ।ਸੇਵਾ ਕਰ ਰਿਹਾ ਸਾਂ ਤੇ ਗੁਰੂ ਘਰ ਦੇ ਗ੍ਰੰਥੀ ਬਾਬਾ ਮਿਲਖਾ ਸਿੰਘ ਮਸਕੀਨ ਸਨ ਤੇ ਅੱਖੋਂ ਮੁਨਾਖੇ ਪਰ ਸੁਰੀਲੇ ਅੰਤਾਂ ਦੇ। ਗੁਰੂ ਘਰ ਵਿੱਚ ਨਾਲ ਸਕੀ ਭੈਣ ਵੀ ਰਹਿੰਦੀ ਸੀ। ਮਸਕੀਨ ਜੀ ਵਾਜੇ ਨਾਲ ਸ਼ਬਦ ਗਾਉਂਦੇ ਤੇ ਭੈਣ ਨਾਲ ਢੋਲਕੀ ਉਤੇ ਸੰਗਤ ਕਰਦੀ। ਕਦੇ ਮਸਕੀਨ ਜੀ ਛੋਟੇ ਜਿਹੇ ਤੂੰਬੇ ਨਾਲ ਕੋਈ ਧਾਰਮਿਕ ਗੀਤ ਦਾ ਗਾਇਨ ਕਰਦੇ ਤਾਂ ਭੈਣ ਨਾਲ ਢੱਡ ਵਜਾਉਂਦੀ ਤੇ ਭਰਾ ਦੀ ਆਵਾਜ਼ ਨਾਲ ਆਵਾਜ਼ ਮੇਚਦੀ। ਮੈਂ ਉਨ੍ਹਾਂ ਵੱਲ ਖਿੱਚਿਆ ਗਿਆ ਤੇ ਉਹ ਮੈਨੂੰ ਨਿਕੜੇ ਜਿਹੇ ਨੂੰ ਤੇ ਮੇਰੀ ਨਿੱਕੀ ਜਿਹੀ ਤੂੰਬੀ ਨੂੰ ਬੜਾ ਪਿਆਰ ਕਰਨ ਲੱਗ ਪਏ। ਅਖੰਡ ਪਾਠ ਸਾਹਿਬ ਦੇ ਭੋਗਾਂ ਉਪਰੰਤ ਦੀਵਾਨ ਸਜਿਆ ਤੇ ਮੈਂ ਉਸਤਾਦ ਜੀ ਦਾ ਲਿਖਿਆ ਗਾਇਆ-'ਤੇਗ ਦੇ ਦੁਲਾਰੇ ਵਾਹ ਵਾਹ ਤੇਰੀਆਂ ਕਹਾਣੀਆਂ ਤੇਰਾ ਜਸ ਗਾਇਆ ਦਾਤਾ ਪਰਬਤਾਂ ਤੇ ਪਾਣੀਆਂ।' ਨਾਨਕਿਆਂ ਨੂੰ ਰੁਪੱਈਆਂ ਦਾ ਮੀਂਹ ਵਰ੍ਹਾ ਦਿੱਤਾ। ਗਿਆਨੀ ਮਿਲਖਾ ਸਿੰਘ ਮਸਕੀਨ ਦੀ ਆਵਾਜ ਵਿੱਚ ਵੱਖਰੀ ਤਰ੍ਹਾਂ ਦੀ ਇਕ ਲੇਰ ਜਿਹੀ ਸੀ, ਜੋ ਅਤਿਅੰਤ ਸੁਰੀਲੀ ਸੀ, ਸੰਗਤਾਂ ਦੇ ਮਨ ਮੋਹੇ ਜਾਂਦੇ। ਉਹ ਗਾਉਂਦੇ:

ਵਾਹ ਵਾਹ ਗੁਰੂ ਗੋਬਿੰਦ ਸਿੰਘ
ਆਪੇ ਗੁਰ ਚੇਲਾ——

ਗਿਆਨੀ ਜੀ ਨੇ ਦੱਸਿਆ ਸੀ ਕਿ ਉਨ੍ਹਾ ਬਚਪਨ ਵਿਚ ਹੀ ਸ਼੍ਰੋਮਣੀ ਢਾਡੀ ਗਿਆਨੀ ਨਰੈਣ ਸਿੰਘ ਚੰਦਨ ਨੂੰ ਉਸਤਾਦ ਧਾਰ ਕੇ ਗਾਉਣਾ ਸਿੱਖਿਆ ਸੀ।

ਮੇਰਾ ਨਾਨਕੇ ਬੜਾ ਦਿਲ ਲੱਗ ਜਾਂਦਾ ਸੀ ਤੇ ਕਈ-ਕਈ ਦਿਨ ਪਿੰਡ ਨਹੀਂ ਸੀ ਜਾਂਦਾ। ਉਹ ਸਮੇਂ ਬੜੇ ਰਮਣੀਕ ਸਮੇਂ ਸਨ। ਤੁਰ ਗਏ ਬੰਦੇ ਰਹਿ-ਰਹਿ ਕੇ ਯਾਦ ਆਉਂਦੇ ਨੇ। ਗਿਆਨੀ ਨਿਰਾਲਾ ਜੀ ਨੂੰ ਸੁਣਨ ਨਾਲ ਗਿਆਨੀ ਮਿਲਖਾ ਸਿੰਘ ਤੇ ਉਨ੍ਹਾ ਦੀ ਭੈਣ ਚੇਤੇ ਆ ਗਏ ਹਨ। ਹੁਣ ਪਤਾ ਨਹੀਂ ਕਿਥੇ ਹੋਣਗੇ ਦੋਵੇਂ ਭੈਣ-ਭਰਾ, ਹੋਣਗੇ ਵੀ ਜਾਂ ਨਹੀਂ? ਕੁਝ ਪਤਾ ਨਹੀਂ, ਖੋਹ ਜਿਹੀ ਪੈਂਦੀ ਏ ਕਾਲਜੇ ਨੂੰ।

— ਸੰਪਰਕ 94174-21700

ਸਫ਼ਾ 3 ਦੀ ਬਾਕੀ

## ਭਾਰਤੀ ਰਾਜਨੀਤੀ ਦੇ ਪ੍ਰਸੰਗ 'ਚ ਸਿੱਖ ਮਸਲਿਆਂ ਦਾ ਵਿਸ਼ਲੇਸ਼ਣ ...

ਕਰ ਰਹੇ ਹਾਂ ਅਤੇ ਇਸ ਕਾਰਨ ਇਹ ਸਾਡੇ ਲਈ ਧਾਰਮਿਕ ਸਹੁੰ ਬਣ ਗਈ ਹੈ, ਪਰ 1950 ਵਿਚ ਹਿੰਦੁਸਤਾਨ ਦਾ ਵਿਧਾਨ ਬਣਨ ਵੇਲੇ ਇਸ ਤੋਂ ਮੂੰਹ ਮੋੜ ਲਿਆ ਗਿਆ। ਨਹਿਰੂ ਨੇ ਕਲਕੱਤੇ ਵਿਚ ਸਪਸ਼ਟ ਕਰ ਦਿੱਤਾ ਸੀ ਕਿ ਕੀਤੇ ਹੋਏ ਬਚਨ ਤੇ ਬੋਲੇ ਹੋਏ ਸ਼ਬਦ, ਸੰਬੋਧ ਕਦੇ ਵੀ ਸਥਿਰ-ਅਰਥੀ ਨਹੀਂ ਹੁੰਦੇ। ਉਨ੍ਹਾਂ ਦੇ ਅਰਥ ਓਹੋ ਹਨ, ਜੋ ਸਮਾਂ ਆਉਣ 'ਤੇ ਡਾਢੀ ਧਿਰ ਕੱਢ ਲਵੇ।' ਇਸ ਲਈ ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਿੱਖਾਂ ਨੂੰ ਪੰਜਾਬੀ ਸੂਬੇ ਤੇ ਪੰਜਾਬੀ ਲਈ ਲੰਮੀ ਲੜਾਈ ਲੜਨੀ ਪਈ ਤੇ ਰਾਜਧਾਨੀ, ਪੰਜਾਬੀ ਬੋਲਦੇ ਇਲਾਕੇ ਤੇ ਪਾਣੀਆਂ 'ਤੇ ਅਧਿਕਾਰਾਂ ਤੋਂ ਵਾਂਝੇ ਰਹਿ ਕੇ ਇਹ ਲੜਾਈ ਸਥਾਈ ਰੂਪ ਵਿਚ ਬਰਕਰਾਰ ਹੈ।

ਸਿਰਦਾਰ ਕਪੂਰ ਸਿੰਘ ਉੱਘਾ ਵਿਦਵਾਨ, ਸਿੱਖ ਚਿੰਤਕ ਤੇ ਸੁਚੇਤ ਰਾਜਨੀਤੀਵੇਤਾ ਸੀ। ਉਹਨੇ ਦੇਸ਼ ਵੰਡ ਵੇਲੇ 'ਕਮਿਊਨਲ ਐਵਾਰਡ' ਬਾਰੇ ਲੰਮਾ ਚੌੜਾ ਲੇਖ ਇਸ ਕਿਤਾਬ ਵਿਚ ਲਿਖਿਆ ਹੈ। ਇਸ ਵਿੱਚੋਂ ਜਿਵੇਂ ਭਾਰਤ ਦੀਆਂ ਹੋਰ ਧਿਰਾਂ ਆਪਣਾ-ਆਪਣਾ ਹਿੱਸਾ ਲੈ ਗਈਆਂ, ਓਥੇ ਸਿੱਖ ਇਸ ਤੋਂ ਖੁੰਝ ਗਏ। ਹਾਲਾਂਕਿ ਉਨ੍ਹਾਂ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਦਾ ਖੋਹਿਆ ਹੋਇਆ ਖਾਲਸਾ ਦਰਬਾਰ ਸੀ। ਇਸ ਨੀਤੀ ਨਾਲ ਸਿੱਖਾਂ ਵਿਚ ਆਪਣੀ ਰਾਜ ਪ੍ਰਾਪਤੀ ਦੀਆਂ ਇਛਾਵਾਂ ਦਾ ਦਮਨ ਹੋ ਗਿਆ। ਇਹ ਸਿੱਖ ਲੀਡਰਾਂ ਦੀ ਅਲਪ ਬੁੱਧੀ ਕਰਕੇ ਹੋਇਆ ਜਾਂ ਉਹ ਉਨ੍ਹਾਂ ਸਥਿਤੀਆਂ ਵਿਚ ਆਪਣਾ ਕਲੇਮ ਉਸ ਤਾਕਤ ਨਾਲ ਪੇਸ਼ ਨਾ ਕਰ ਸਕੇ, ਜਿਸ ਦੇ ਸਿੱਟੇ ਵਜੋਂ ਉਹ ਅੱਜ ਤੱਕ ਡਿਕੋਡੋਲੇ ਖਾ ਰਹੇ ਹਨ।

'ਸੱਚੀ ਸਾਖੀ' ਕਿਤਾਬ ਅਜਿਹੇ ਮਸਲਿਆਂ ਨਾਲ ਦੋ-ਚਾਰ ਹੋ ਰਹੀ ਹੈ। ਇਸ ਵਿਚ ਕਈ ਉੱਘੇ ਵਿਦਵਾਨਾਂ ਦੇ ਲੇਖ ਸ਼ਾਮਲ ਹਨ, ਜੋ ਸਿਰਦਾਰ ਕਪੂਰ ਸਿੰਘ ਦੀ ਸ਼ਖਸੀਅਤ ਤੇ ਉਨ੍ਹਾਂ ਦੀਆਂ ਲਿਖਤਾਂ ਦੀ ਪੁਣਛਾਣ ਨਾਲ ਸੰਬੰਧਤ ਹਨ। ਇਨ੍ਹਾਂ ਵਿਚ ਗੁਰਤੇਜ ਸਿੰਘ, ਡਾ. ਸਵਰਾਜ ਸਿੰਘ, ਭਰਪੂਰ ਸਿੰਘ, ਜੈਤੇਗ ਸਿੰਘ ਅਨੰਤ, ਭਗਵਾਨ ਸਿੰਘ, ਪ੍ਰੋ. ਪ੍ਰੀਤਮ ਸਿੰਘ, ਗਜਿੰਦਰ ਸਿੰਘ, ਡਾ. ਜਸਬੀਰ ਸਿੰਘ ਸਾਬਰ, ਹਰਿਸਿਮਰਨ ਸਿੰਘ, ਹਰਪਾਲ ਸਿੰਘ ਸੇਵਕ, ਭਗਵੰਤ ਸਿੰਘ, ਅਵਤਾਰ ਸਿੰਘ ਤੇ ਹੋਰ ਕਈ ਵਿਦਵਾਨ ਸ਼ਾਮਲ ਹਨ।

ਇਸ ਕਿਤਾਬ ਬਾਰੇ ਲੰਮੇ ਸਮੇਂ ਤੋਂ ਬਹਿਸ ਚੱਲ ਰਹੀ ਹੈ, ਪਰ ਇਹ ਅਜਿਹੀ ਕਿਤਾਬ ਹੈ, ਜਿਸ ਨੂੰ ਪੰਜਾਬ ਦੇ ਸੱਭਿਆਚਾਰ, ਰਾਜਨੀਤੀ, ਧਰਮ ਤੇ ਸੰਕਟਾਂ ਦੇ ਪ੍ਰਸੰਗ ਵਿਚ ਖਾਰਜ ਨਹੀਂ ਕੀਤਾ ਜਾ ਸਕਦਾ। ਇਸ ਕਿਤਾਬ ਦੇ ਸੰਪਾਦਕ ਵਧਾਈ ਦੇ ਹੱਕਦਾਰ ਹਨ, ਜਿਨ੍ਹਾਂ ਨੇ ਮੂਲ ਪਾਠ ਦੇ ਨਾਲ-ਨਾਲ ਲੰਮੀ-ਚੌੜੀ ਭੂਮਿਕਾ ਤੇ ਵਿਦਵਾਨਾਂ ਦੇ ਇਸ ਬਾਰੇ ਵਿਚਾਰਾਂ ਨੂੰ ਇਕ ਥਾਂ ਇਕੱਠਾ ਕਰ ਦਿੱਤਾ ਹੈ। ਇਹਦੇ ਨਾਲ ਅਗਲਾ ਸੰਵਾਦ ਤੁਰੇਗਾ ਤੇ ਵਰਤਮਾਨ ਨੂੰ ਇਤਿਹਾਸ, ਰਾਜਨੀਤੀ, ਧਰਮ ਤੇ ਉਨ੍ਹਾਂ ਗੁੰਝਲਾਂ ਨਾਲ ਦੋ-ਚਾਰ ਹੋਣ ਦਾ ਮੌਕਾ ਮਿਲੇਗਾ, ਜਿਹੜੀਆਂ ਭਵਿੱਖ ਵਿਚ ਵੱਡੇ ਸੰਕਟ ਪੈਦਾ ਕਰ ਸਕਦੀਆਂ ਹਨ।

ਸੰਪਰਕ 94173-58120

# ਭਾਰਤੀ ਭਾਸ਼ਾਵਾਂ ਤੇ ਪੰਜਾਬੀ

ਡਾ. ਸੁਖਵਿੰਦਰ ਸਿੰਘ ਸੰਘਾ

ਭਾਰਤ ਵਿਚ ਮੁੱਖ ਰੂਪ ਵਿਚ ਪੰਜ ਭਾਸ਼ਾਈ ਪਰਿਵਾਰਾਂ ਦੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਭਾਰਤੀ ਆਰੀਆਈ ਪਰਿਵਾਰ, ਦ੍ਰਾਵੜ ਪਰਿਵਾਰ, ਆਸਟ੍ਰੋ-ਏਸ਼ੀਆਟਿਕ ਪਰਿਵਾਰ (ਮੁੰਡਾ ਪਰਿਵਾਰ), ਤਿਬਤੀ-ਬਰਮੀ ਪਰਿਵਾਰ ਅਤੇ ਤਾਈ-ਕਦਾਈ ਪਰਿਵਾਰ।ਭਾਰਤੀ ਸੰਵਿਧਾਨ ਦੇ ਅੱਠਵੇਂ ਅਨੁਛੇਦ ਵਿਚ 22 ਭਾਰਤੀ ਭਾਸ਼ਾਵਾਂ ਨੂੰ ਸੰਵਿਧਾਨਕ ਮਾਨਤਾ ਪ੍ਰਾਪਤ ਹੈ, ਜਿਨ੍ਹਾਂ ਵਿੱਚੋਂ 15 ਭਾਸ਼ਾਵਾਂ (ਅਸਾਮੀ, ਬੰਗਾਲੀ, ਗੁਜਰਾਤੀ, ਹਿੰਦੀ, ਕਸ਼ਮੀਰੀ, ਕੌਂਕਣੀ, ਮਰਾਠੀ, ਨੇਪਾਲੀ, ਉੜੀਆ, ਪੰਜਾਬੀ, ਸੰਸਕ੍ਰਿਤ, ਸਿੰਧੀ, ਉਰਦੂ, ਮੈਥਿਲੀ ਅਤੇ ਡੋਗਰੀ) ਭਾਰਤੀ ਆਰੀਆਈ ਪਰਿਵਾਰ ਨਾਲ ਸੰਬੰਧਤ ਹਨ, 4 ਭਾਸ਼ਾਵਾਂ (ਕੰਨੜ, ਮਲਿਆਲਮ, ਤਾਮਿਲ, ਤੇਲਗੂ) ਦ੍ਰਾਵੜ ਪਰਿਵਾਰ ਨਾਲ, 2 ਭਾਸ਼ਾਵਾਂ (ਮਨੀਪੁਰੀ/ ਮੈਤਈ, ਬੋਡੋ) ਤਿਬਤੀ-ਬਰਮੀ ਪਰਵਾਰ ਨਾਲ ਅਤੇ ਇਕ ਭਾਸ਼ਾ (ਸੰਥਾਲੀ) ਆਸਟ੍ਰੋ-ਏਸ਼ੀਆਟਿਕ ਪਰਿਵਾਰ (ਮੁੰਡਾ ਪਰਿਵਾਰ) ਨਾਲ ਸੰਬੰਧਤ ਹੈ।ਤਾਈ-ਕਦਾਈ ਪਰਿਵਾਰ ਦੀਆਂ ਭਾਸ਼ਾਵਾਂ (ਤਾਈ ਪਾਕੈ, ਤਾਈ ਆਈ ਤੌਨ, ਤਾਈ ਕਾਮਤੀ) ਅਸਾਮ ਅਤੇ ਅਰੁਣਾਚਲ ਪ੍ਰਦੇਸ ਵਿਚ ਬੋਲੀਆਂ ਜਾਂਦੀਆਂ ਹਨ, ਪਰ ਇਨ੍ਹਾਂ ਵਿੱਚੋਂ ਅਜੇ ਤੱਕ ਕਿਸੇ ਵੀ ਭਾਸ਼ਾ ਨੂੰ ਭਾਰਤੀ ਸੰਵਿਧਾਨ ਦੇ ਅੱਠਵੇਂ ਅਨੁਛੇਦ ਅਨੁਸਾਰ ਮਾਨਤਾ ਪ੍ਰਾਪਤ ਨਹੀਂ ਹੈ। ਇਸੇ ਤਰ੍ਹਾਂ ਹੀ ਭਾਰਤੀ ਸੰਵਿਧਾਨ ਦੇ ਅੱਠਵੇਂ ਅਨੁਛੇਦ ਵਿਚ 11 ਭਾਰਤੀ ਭਾਸ਼ਾਵਾਂ ਨੂੰ ਕਲਾਸੀਕਲ ਭਾਸ਼ਾਵਾਂ ਦਾ ਦਰਜਾ ਦਿੱਤਾ ਗਿਆ ਹੈ।ਇਨ੍ਹਾਂ ਵਿਚ ਤਾਮਿਲ (2004), ਸੰਸਕ੍ਰਿਤ (2005), ਕੰਨੜ (2008), ਤੇਲਗੂ (2008), ਮਲਿਆਲਮ (2013), ਉੜੀਆ (2014) ਅਤੇ ਫਿਰ 2024 ਵਿਚ ਪੰਜ ਹੋਰ ਭਾਸ਼ਾਵਾਂ ਮਰਾਠੀ, ਪਾਲੀ, ਪ੍ਰਾਕਿਰਤ, ਅਸਾਮੀ ਅਤੇ ਬੰਗਾਲੀ ਨੂੰ ਸ਼ਾਮਿਲ ਕਰਕੇ ਇਨ੍ਹਾਂ ਦੀ ਗਿਣਤੀ ਗਿਆਰਾਂ ਕਰ ਦਿੱਦੀ ਗਈ ਹੈ।ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਵਿਚ ਪੰਜਾਬੀ ਭਾਸ਼ਾ ਨੂੰ ਸ਼ਾਮਿਲ ਨਹੀਂ ਕੀਤਾ ਗਿਆ, ਹਾਲਾਂਕਿ ਜਿਨ੍ਹਾਂ ਮਾਪਦੰਡਾਂ ਨੂੰ ਆਧਾਰ ਬਣਾ ਕੇ ਕਲਾਸੀਕਲ ਭਾਸ਼ਾਵਾਂ ਦਾ ਦਰਜਾ ਦਿੱਤਾ ਜਾਂਦਾ ਹੈ, ਪੰਜਾਬੀ ਉਨ੍ਹਾਂ ਮਾਪਦੰਡਾਂ ਤੇ ਪੂਰੀ ਉਤਰਦੀ ਹੈ।ਕਲਾਸੀਕਲ ਭਾਸ਼ਾਵਾਂ ਦਾ ਦਰਜਾ ਪਰਦਾਨ ਕਰਨ ਦੀ ਪ੍ਰਮੁੱਖ ਸ਼ਰਤ ਇਹ ਹੈ ਕਿ ਉਸ ਭਾਸ਼ਾ ਦੀਆਂ ਪਹਿਲੀਆਂ ਲਿਖਤਾਂ ਜਾਂ ਉਸ ਦਾ ਲਿਖਤੀ ਇਤਿਹਾਸ ਇਕ ਹਜ਼ਾਰ ਸਾਲ ਪੁਰਾਣਾ ਹੋਵੇ। ਵਿਦਿਆ ਭਾਸਕਰ ਅਰੁਣ 'ਪੰਜਾਬੀ ਭਾਸ਼ਾ ਦਾ ਇਤਿਹਾਸ' ਵਿਚ ਲਿਖਦੇ ਹਨ ਕਿ ਪੰਜਾਬੀ ਵੈਦਿਕ ਭਾਸ਼ਾ ਦੀ ਸਿੱਧੀ ਸੰਤਾਨ ਹੈ ਅਤੇ ਇਸ ਨੇ ਅਜੇ ਤੱਕ ਵੈਦਿਕ ਭਾਸ਼ਾ ਦੇ ਗੁਣ ਸਾਂਭੀ ਰੱਖੇ ਹਨ।ਡਾ. ਪ੍ਰੇਮ ਸਿੰਘ (ਭੂਮਿਕਾ, ਪੰਜਾਬੀ ਵਿਆਕਰਨ-2004, ਬਿਹਾਰੀ ਲਾਲ ਪੁਰੀ) ਅਤੇ ਡਾ. ਕਪਿਲ ਕਪੂਰ (ਪਾਨਿਨੀ ਵਿਆਕਰਨ : ਪਦ ਰੂਪ ਅਤੇ ਪੰਜਾਬੀ ਭਾਸ਼ਾ ਵਿਆਕਰਨ, ਖੋਜ ਪਤ੍ਰਿਕਾ, ਅੰਕ 41, ਪੰਨਾ 72) ਅਕਸਰ ਕਿਹਾ ਕਰਦੇ ਸਨ ਕਿ 'ਅਸ਼ਟਾਧਿਆਈ' ਪੁਰਾਣੀ ਪੰਜਾਬੀ ਦਾ ਵਿਆਕਰਨ ਹੈ। ਇਸ ਤਰ੍ਹਾਂ ਪੰਜਾਬੀ ਭਾਸ਼ਾ ਦਾ ਅੰਕਿਤ ਇਤਿਹਾਸ ਦੋ ਹਜ਼ਾਰ ਸਾਲਾਂ ਤੋਂ ਵੀ ਪੁਰਾਣਾ ਬਣ ਜਾਂਦਾ ਹੈ।

ਭਾਸ਼ਾ ਵਿਗਿਆਨਕ ਖੋਜ ਦੱਸਦੀ ਹੈ ਕਿ ਭਾਰਤ ਵਿਚ ਆਰੀਆਈ ਜਾਤੀ ਦੇ ਲੋਕਾਂ ਦਾ ਪ੍ਰਵੇਸ਼ 2000-1500 ਪੂਰਵ ਈਸਵੀ ਦੌਰਾਨ ਹੁੰਦਾ ਹੈ। ਵੇਦਾਂ ਦਾ ਰਚਨ ਕਾਲ 2000-1500 ਪੂਰਵ ਈਸਵੀ ਦੇ ਇਰਦ-ਗਿਰਦ ਮੰਨਿਆ ਜਾਂਦਾ ਹੈ।ਭਾਸ਼ਾ ਵਿਗਿਆਨੀਆਂ ਨੇ ਭਾਰਤ ਵਿਚ ਦ੍ਰਾਵੜ ਲੋਕਾਂ ਦੇ ਪ੍ਰਵੇਸ਼ ਦਾ ਸਮਾਂ ਆਰੀਅਨ ਲੋਕਾਂ ਤੋਂ ਦੋ ਹਜ਼ਾਰ ਸਾਲ ਪਹਿਲਾਂ ਦਾ ਮੰਨਿਆ ਹੈ।ਇਸ ਪ੍ਰਕਾਰ ਭਾਰਤ ਵਿਚ ਦ੍ਰਾਵੜ ਲੋਕਾਂ ਦਾ ਪ੍ਰਵੇਸ਼ ਕਾਲ 3500 ਪੂਰਵ ਈਸਵੀ ਬਣ ਜਾਂਦਾ ਹੈ। Dr. Bh. Krishnamurti "Dravidian prehistory and culture", The Dravidian Languages (1980:G) ਵਿਚ ਅਤੇ Dr. T.Murugarathanam "DRAVIDIOLOGY : AN OVERVIEW", International Journal of Dravidian Languages ਅੰਕ.41.ਨੰਬਰ 1,ਪੰਨਾ 3 ਵਿਚ ਦ੍ਰਾਵੜ ਲੋਕਾਂ ਨੂੰ ਹਿੰਦੋਸਤਾਨ ਦੇ ਮੂਲਵਾਸੀ ਮੰਨਦਿਆਂ ਸਿੰਧ ਘਾਟੀ ਦੀ ਸੱਭਿਅਤਾ ਨੂੰ ਦ੍ਰਾਵੜ ਮੰਨਿਆ ਹੈ। Dr. T.Murugarathanam ਅਨੁਸਾਰ ਆਰੀਆ ਲੋਕਾਂ ਦੇ ਆਗਮਨ ਤੋਂ ਪਹਿਲਾਂ ਪੂਰੇ ਭਾਰਤੀ ਉਪ ਮਹਾਂਦੀਪ ਵਿਚ ਦ੍ਰਾਵੜ ਭਾਸ਼ਾਵਾਂ ਬੋਲੀਆਂ ਜਾਂਦੀਆਂ ਸਨ।ਇਸ ਦਾ ਇਕ ਪ੍ਰਮਾਣ ਅੱਜ ਵੀ ਸਿੰਧ ਘਾਟੀ ਦੇ ਖੇਤਰ ਬਲੋਚਿਸਤਾਨ ਵਿਚ ਬੋਲੀ ਜਾਂਦੀ ਦ੍ਰਾਵੜ ਭਾਸ਼ਾ ਬ੍ਰਾਹੂਈ ਹੈ, ਜਿਥੇ ਅੱਜ ਵੀ 20 ਲੱਖ ਤੋਂ ਵੱਧ ਬੁਲਾਰੇ ਇਸ ਭਾਸ਼ਾ ਨੂੰ ਬੋਲਦੇ ਹਨ।ਦੂਜਾ ਮਹੱਤਵਪੂਰਨ ਪ੍ਰਮਾਣ ਪ੍ਰਾਚੀਨ ਭਾਰਤੀ ਆਰੀਆਈ ਭਾਸ਼ਾਵਾਂ ਖਾਸ ਕਰਕੇ 'ਰਿਗਵੇਦ' ਵਿਚ ਦ੍ਰਾਵੜ ਭਾਸ਼ਾ ਦੀ ਸ਼ਬਦਾਵਲੀ ਦਾ ਹੋਣਾ ਹੈ।ਜਿਵੇਂ 'ਰਿਗਵੇਦ' ਦੇ 'ਮੁਖਮ, ਖਲਮ, ਫਲਮ, ਕੁੰਡਮ, ਕਾਣਾ ਪ੍ਰੋਟੋ ਦ੍ਰਾਵੜ ਵਿਚ 'ਮੁਕਮ, ਕਲਮ, ਪੜਮ, ਕੁੰਟਮ, ਕਾਣਾ ਹਨ, ਪਰ ਰਿਗਵੇਦ ਦੇ ਇਹ ਸ਼ਬਦ ਪ੍ਰੋਟੋ ਭਾਰਤੀ ਆਰੀਆਈ ਭਾਸ਼ਾਵਾਂ ਵਿਚ ਨਹੀਂ ਹਨ (ਉਹੀ ,ਪੰਨਾ 2 ਅਤੇ 8)।

ਭਾਵੇਂ ਸਿੰਧ ਘਾਟੀ ਦੀ ਸੱਭਿਅਤਾ ਦੀਆਂ ਸੀਲਾਂ ਮੁਕੰਮਲ ਡੀਕੋਡ ਨਹੀਂ ਹੋਈਆਂ ਹਨ, ਪਰ ਇਕ ਤੱਥ ਸਿੰਧ ਘਾਟੀ ਦੇ ਪਾਠਾਂ ਦੇ ਕੰਪਿਊਟਰੀ ਵਿਸ਼ਲੇਸ਼ਣ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੰਧ ਘਾਟੀ ਦੀਆਂ ਭਾਸ਼ਾਵਾਂ ਵਿਚ ਦ੍ਰਾਵੜ ਭਾਸ਼ਾਵਾਂ ਵਾਂਗੂੰ ਸਿਰਫ ਪਿਛੇਤਰਾਂ ਦੀ ਵਰਤੋਂ ਹੁੰਦੀ ਸੀ, ਆਰੀਆਈ ਭਾਸ਼ਾਵਾਂ ਵਾਂਗ ਅਗੇਤਰਾਂ ਦੀ ਨਹੀਂ। ਇਸੇ ਤਰ੍ਹਾਂ ਇਸ ਵਿਚ ਮੁੰਡਾ ਭਾਸ਼ਾਵਾਂ ਵਾਂਗੂੰ ਮਧੇਤਰਾਂ ਦੀ ਵੀ ਵਰਤੋਂ ਨਹੀਂ ਹੁੰਦੀ ਸੀ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਆਪਣੀ ਪੁਸਤਕ 'ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ' (1996 :92-93) ਵਿਚ ਉਪਰੋਕਤ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਿਆਂ ਲਿਖਿਆ ਹੈ ਕਿ ਹੜੱਪਾ ਦੀਆਂ ਪੁਰਾਤੱਤਵੀ ਵਸਤਾਂ ਵਿਚ ਚਾਰ ਨਸਲਾਂ ਦੇ ਨਿਸ਼ਾਨ ਮਿਲੇ ਹਨ, ਨੇਗ੍ਰੀਟੋ, ਆਸਟ੍ਰਿਕ, ਦ੍ਰਾਵਿੜ ਤੇ ਮੰਗੋਲ, ਪਰ ਆਰੀਆ ਸੱਭਿਅਤਾ ਦਾ ਕੋਈ ਚਿੰਨ੍ਹ ਨਹੀਂ ਹੈ। ਆਮ ਧਾਰਨਾ ਹੈ ਕਿ ਮੋਇੰਜੋਦੜੋ ਤੇ ਹੜੱਪਾ ਦੇ ਉਸਰਈਏ ਲੋਕ ਦ੍ਰਾਵੜੀ ਗ੍ਰੋਹ ਦੇ ਸਨ। A.L.Basham (1954) ਨੇ ਇਹ ਨਿਸ਼ਕਰਸ਼ ਕੱਢਿਆ ਹੈ ਕਿ ਹੜੱਪਾ ਕਲਚਰ ਦੇ ਵਾਰਿਸ ਦ੍ਰਾਵੜੀ ਲੋਕ ਸਨ. ਆਰੀਆ ਦਾ ਜਦੋਂ ਸਿੰਧ-ਪੰਜਾਬ ਵਿਚ ਆਗਮਨ ਹੋਇਆ ਤਾਂ ਉਨ੍ਹਾਂ ਦਾ ਟਾਕਰਾ ਇਨ੍ਹਾਂ ਹੜੱਪਾਈ ਤਹਿਜ਼ੀਬ ਦੇ ਵਾਰਿਸਾਂ ਨਾਲ ਹੀ ਹੋਇਆ ਸੀ, ਪਰ ਹੜੱਪਾਈ ਦਾ ਹੌਲੀ-ਹੌਲੀ ਆਰੀਆਈਕਰਨ ਹੁੰਦਾ ਗਿਆ।ਪਹਿਲਾਂ ਆਸਟ੍ਰਿਕਾਂ ਦਾ ਦ੍ਰਾਵੜੀਕਰਣ ਹੋਇਆ ਫਿਰ ਆਸਟ੍ਰਿਕਾਂ ਸਮੇਤ ਦ੍ਰਾਵੜਾਂ ਦਾ ਆਰੀਆਈਕਰਨ ਹੋ ਗਿਆ।ਗਿਲਬਰਟ ਸਲਾਤਰ (1976) ਦਾ ਖ਼ਿਆਲ ਹੈ ਕਿ ਜਿਥੇ ਦ੍ਰਾਵੜਾਂ ਦਾ ਭਾਸ਼ਾ ਵੱਲੋਂ ਆਰੀਆਈਕਰਨ ਹੋਇਆ, ਉਥੇ ਸੰਸਕ੍ਰਿਤੀ ਤੇ ਕਲਚਰ ਵੱਲੋਂ ਆਰੀਆਂ ਦਾ ਦ੍ਰਾਵੜੀਕਰਣ ਹੋਇਆ।ਸਵਰਾਜਬੀਰ ਨੇ ਵੀ ਆਪਣੇ ਨਾਟਕ 'ਕ੍ਰਿਸ਼ਨ' ਦੀ ਭੂਮਿਕਾ 'ਬ੍ਰਿਦਾਬਨ ਮਹਿ ਰੰਗੁ ਕੀਆ' ਵਿਚ ਜ਼ਿਕਰ ਕੀਤਾ ਹੈ ਕਿ ਜੋ ਵੀ ਹੋਵੇ ਇਹ ਗੱਲ ਸਾਫ ਨਜ਼ਰ ਆਉਂਦੀ ਹੈ ਕਿ ਕ੍ਰਿਸ਼ਨ ਕਿਸੇ ਵੇਲੇ ਇਕ ਮਹੱਤਵਪੂਰਨ ਆਰੀਆ ਨਾਇਕ ਸੀ ਜਾਂ ਉਹ ਅਜਿਹਾ ਨਾਇਕ ਸੀ, ਜਿਸ ਦਾ ਪੂਰੀ ਤਰ੍ਹਾਂ ਆਰੀਆਈਕਰਨ ਹੋ ਚੁੱਕਾ ਸੀ। ਇਸੇ ਤਰ੍ਹਾਂ ਹੀ ਉਨ੍ਹਾਂ ਨੇ ਨਾਟਕ 'ਅਗਨੀ ਕੁੰਡ' ਦੀ ਭੂਮਿਕਾ 'ਕਥਾ ਕਥਾ ਵਿਚ ਫੇਰ' ਵਿਚ ਕਿਹਾ ਹੈ ਕਿ ਨਾਗ ਦਾ ਅਰਥ ਜਿਥੇ ਖੜੱਪਾ ਜਾਂ ਫਨੀਅਰ ਨਾਗ ਹੋ ਸਕਦਾ ਹੈ, ਉਥੇ ਹਾਥੀ ਵੀ ਹੋ ਸਕਦਾ ਹੈ।ਹਾਥੀ ਸ਼ਬਦ ਦੀ ਵਰਤੋਂ ਆਰੀਆ ਲੋਕਾਂ ਦੀ ਭਾਸ਼ਾ ਵਿਚ ਨਹੀਂ ਹੁੰਦੀ। ਇਸ ਦਾ ਸੰਬੰਧ ਸਿਰਫ ਦ੍ਰਾਵੜੀ ਭਾਸ਼ਾਵਾਂ ਨਾਲ ਹੈ। ਹਾਥੀ ਸ਼ਬਦ ਦਾ ਦ੍ਰਾਵੜ ਭਾਸ਼ਾਵਾਂ ਤੋਂ ਬਿਨਾਂ ਭਾਰਤੀ ਉਪ ਮਹਾਂਦੀਪ ਵਿਚ ਨਾ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਇਹ ਸ਼ਬਦ ਦ੍ਰਾਵੜ ਭਾਸ਼ਾਵਾਂ ਵਿਚੋਂ ਓਦੋਂ ਉਧਾਰ ਲਿਆ ਗਿਆ, ਜਦੋਂ ਦ੍ਰਾਵੜ ਬੁਲਾਰੇ ਮੱਧ ਏਸ਼ੀਆ ਵਿਚ ਮੌਜੂਦ ਹਨ ਅਤੇ ਉਨ੍ਹਾਂ ਦੀਆਂ ਭਾਸ਼ਾਵਾਂ ਦਾ ਅਜੇ ਖੰਡੀਕਰਣ ਨਹੀਂ ਸੀ ਹੋਇਆ।

ਪੁਰਾਤਤਵ ਵਿਗਿਆਨੀ, ਮਾਨਵ ਵਿਗਿਆਨੀ ਅਤੇ ਭਾਸ਼ਾ ਵਿਗਿਆਨੀ ਦ੍ਰਾਵੜ ਲੋਕਾਂ ਨੂੰ ਹੀ ਭਾਰਤ ਦੇ ਮੂਲ ਬਾਸ਼ਿੰਦੇ ਮੰਨਦੇ ਹਨ।ਸਿੰਧ ਘਾਟੀ ਦੀ ਸੱਭਿਅਤਾ ਨੂੰ ਵੀ ਇਨ੍ਹਾਂ ਲੋਕਾਂ ਨਾਲ ਜੋੜ ਕੇ ਦੇਖਿਆ ਜਾਂਦਾ ਹੈ।ਹੁਣ ਵਿਗਿਆਨਕ ਖੋਜਾਂ ਵੀ ਇਹੀ ਸਿੱਧ ਕਰਦੀਆਂ ਹਨ ਕਿ ਸਿੰਧ ਘਾਟੀ ਦੇ ਲੋਕਾਂ ਦਾ ਸੰਬੰਧ ਦ੍ਰਾਵੜ ਨਸਲ ਦੇ ਲੋਕਾਂ ਨਾਲ ਹੀ ਹੈ। ਪ੍ਰੋਫ਼ੈਸਰ ਅਰਵਿੰਦ ਆਪਣੇ ਲੇਖ ਭਾਰਤੀ ਲੋਕ ਕੌਣ ਹਨ? ਵਿਚ ਲਿਖਦੇ ਹਨ ਕਿ ਰਾਖੀਗੜ੍ਹੀ (ਹਿਸਾਰ, ਹਰਿਆਣਾ) ਵਿੱਚੋਂ ਮਿਲੇ ਸਿੰਧ ਘਾਟੀ ਦੇ ਅਵਸ਼ੇਸ਼ਾਂ ਤੇ ਮਨੁੱਖੀ ਪਿੰਜਰਾਂ ਦੇ ਡੀ ਐੱਨ ਏ ਵਿਸ਼ਲੇਸ਼ਣ ਤੋਂ ਇਹ ਸਿੱਧ ਹੁੰਦਾ ਹੈ ਕਿ ਸਿੰਧ ਘਾਟੀ ਦੇ ਲੋਕਾਂ ਦਾ ਆਰੀਆਈ ਲੋਕਾਂ ਨਾਲ ਕੋਈ ਸੰਬੰਧ ਨਹੀਂ ਹੈ, ਸਗੋਂ ਈਰਾਨ ਵਿਚ ਵੱਸਦੇ ਲੋਕਾਂ ਅਤੇ ਦ੍ਰਾਵੜ ਲੋਕਾਂ ਨਾਲ ਹੈ (ਪੰਜਾਬੀ ਟ੍ਰਿਬਿਊਨ, 24 ਨਵੰਬਰ 2019)।

ਮੂਲ ਨਿਵਾਸੀ ਹੋਣ ਕਰਕੇ ਆਰੀਆਈ ਸੱਭਿਆਚਾਰ ਅਤੇ ਭਾਸ਼ਾਵਾਂ 'ਤੇ ਦ੍ਰਾਵੜ ਲੋਕਾਂ ਦਾ ਪ੍ਰਭਾਵ ਸਾਫ਼ ਦਿਖਾਈ ਦਿੰਦਾ ਹੈ।ਸੱਪ ਪੂਜਾ, ਲਿੰਗ ਪੂਜਾ, ਪਿੱਪਲ ਦੀ ਪੂਜਾ ਦ੍ਰਾਵੜ/ ਸਿੰਧ ਘਾਟੀ ਦੇ ਲੋਕਾਂ ਦੇ ਪੂਜਾ ਵਿਧਾਨ ਹਨ, ਜਿਨ੍ਹਾਂ ਨੂੰ ਆਰੀਆਈ/ ਵੈਦਿਕ ਲੋਕਾਂ ਨੇ ਅਪਣਾਇਆ ਹੈ। ਇਹ ਪੂਜਾ ਵਿਧੀਆਂ ਤੇ ਵਿਧਾਨ ਅੱਜ ਵੀ ਆਰੀਆਈ ਲੋਕਾਂ ਵਿਚ ਪ੍ਰਚਲਤ ਹਨ।ਲਿੰਗ ਪੂਜਾ ਜਿਸ ਪ੍ਰਕਾਰ ਦ੍ਰਾਵੜ ਲੋਕਾਂ ਦੇ ਸੱਭਿਆਚਾਰ ਅਤੇ ਭਾਸ਼ਾ ਦਾ ਅੰਗ ਬਣੀ ਹੈ, ਆਰੀਆਈ ਲੋਕਾਂ ਦਾ ਨਹੀਂ।ਆਰੀਆਈ ਭਾਸ਼ਾਵਾਂ ਵਿਚ ਲਿੰਗ ਨਾਮ ਪ੍ਰਣਾਲੀ ਦਾ ਹਿੱਸਾ ਨਹੀਂ ਬਣਿਆ, ਪਰ ਦ੍ਰਾਵੜ ਭਾਸ਼ਾਵਾਂ ਵਿਚ ਲਿੰਗ ਰਾਜਾ, ਲਿੰਗਈਆ, ਲਿੰਗੇਸ਼ਵਰ, ਮਹਾਂਲਿੰਗਮ ਨਾਂਅ ਆਮ ਮਿਲ ਜਾਂਦੇ ਹਨ।

ਸਿੰਧ ਘਾਟੀ ਦੀ ਸੱਭਿਅਤਾ ਵਿਚ ਮੱਝ ਸਿੰਗੇ ਦੇਵਤੇ, ਮਾਂ-ਦੇਵੀਆਂ, ਪਿੱਪਲ, ਸੱਪ ਅਤੇ ਲਿੰਗ ਪੂਜਾ ਮਹੱਤਤਵਪੂਰਨ ਧਰਮ ਪੂਜਾ ਅਨੁਸ਼ਠਾਨ ਸਨ, ਪਰ ਰਿਗਵੈਦਿਕ ਪੂਜਾ ਵਿਧੀਆਂ ਲਈ ਇਹ ਬਿਲਕੁਲ ਓਪਰੇ ਸਨ। ਸਿੰਧ ਘਾਟੀ ਦੀਆਂ ਸੀਲਾਂ ਤੇ ਘੋੜਿਆਂ ਤੇ ਅਰਾਂ ਵਾਲੇ ਰੱਥਾਂ ਦੇ ਚਿੱਤਰ ਨਹੀਂ ਮਿਲਦੇ, ਜੋ ਵੈਦਿਕ ਸਮਾਜ ਦੇ ਮੂਲ ਵਾਹਕ ਸਨ।

ਭਾਰਤੀ ਸੰਵਿਧਾਨ ਦੇ ਅੱਠਵੇਂ ਅਨੁਛੇਦ ਵਿਚ 11 ਭਾਰਤੀ ਭਾਸ਼ਾਵਾਂ ਨੂੰ ਕਲਾਸੀਕਲ ਭਾਸ਼ਾਵਾਂ ਦਾ ਦਰਜਾ ਦਿੱਤਾ ਗਿਆ ਹੈ।ਇਨ੍ਹਾਂ ਵਿਚ ਤਾਮਿਲ ਪਹਿਲੇ ਨੰਬਰ ਤੇ ਆਉਂਦੀ ਹੈ, ਜਿਸ ਨੂੰ 2004 ਵਿਚ ਕਲਾਸੀਕਲ ਭਾਸ਼ਾ ਦਾ ਦਰਜਾ ਦਿੱਤਾ ਗਿਆ ਜਦੋਂ ਕਿ ਸੰਸਕ੍ਰਿਤ ਨੂੰ 2005 ਵਿਚ। ਤਾਮਿਲ ਨੂੰ ਸੰਸਕ੍ਰਿਤ ਤੋਂ ਪਹਿਲਾਂ ਕਲਾਸੀਕਲ ਭਾਸ਼ਾ ਦਾ ਦਰਜਾ ਦੇਣਾ ਇਸ ਦੀ ਪ੍ਰਾਚੀਨਤਾ ਨੂੰ ਸਥਾਪਤ ਕਰਦਾ ਹੈ। ਇਸ ਤੋਂ ਬਾਦ ਜਿਨ੍ਹਾਂ ਤਿੰਨ ਭਾਸ਼ਾਵਾਂ (ਕੰਨੜ, ਤੇਲਗੂ, ਮਲਿਆਲਮ) ਨੂੰ ਕਲਾਸੀਕਲ ਭਾਸ਼ਾਵਾਂ ਦਾ ਦਰਜਾ ਦਿੱਤਾ, ਉਹ ਵੀ ਦ੍ਰਾਵੜ ਪਰਵਾਰ ਦੀਆਂ ਭਾਸ਼ਾਵਾਂ ਹਨ।ਇਸ ਤਰ੍ਹਾਂ ਸੰਵਿਧਾਨਕ ਤੌਰ 'ਤੇ ਵੀ ਅਸੀਂ ਇਹ ਸਵੀਕਾਰ ਕਰ ਲਿਆ ਕਿ ਦ੍ਰਾਵੜ ਭਾਸ਼ਾਵਾਂ ਆਰੀਆਈ ਭਾਸ਼ਾਵਾਂ ਦੇ ਮੁਕਾਬਲੇ ਪ੍ਰਾਚੀਨ ਹਨ।

ਹੁਣ ਇਥੇ ਇਹ ਸਵਾਲ ਖੜਾ ਹੁੰਦਾ ਹੈ ਕਿ ਜੇਕਰ ਦ੍ਰਾਵੜ ਭਾਰਤ ਦੇ ਮੂਲ ਵਾਸੀ ਸਨ ਤਾਂ ਆਰੀਆ ਲੋਕ ਕੌਣ ਸਨ? ਬਹੁਤੇ ਵਿਗਿਆਨੀਆਂ ਅਤੇ ਭਾਸ਼ਾ ਵਿਗਿਆਨੀਆਂ ਨੇ ਆਰੀਆ ਲੋਕਾਂ ਨੂੰ ਪਰਵਾਸੀ ਅਤੇ ਵਿਦੇਸ਼ੀ ਮੰਨਿਆ ਹੈ।ਪ੍ਰੋਫ਼ੈਸਰ ਅਰਵਿੰਦ ਨੇ ਆਪਣੇ ਲੇਖ ਭਾਰਤੀ ਲੋਕ ਕੌਣ ਹਨ? (ਪੰਜਾਬੀ ਟ੍ਰਿਬਿਊਨ, 24 ਨਵੰਬਰ 2019) ਵਿਚ ਲਿਖਿਆ ਹੈ ਕਿ ਹਰਿਆਣਾ ਦੇ ਹਿਸਾਰ ਜ਼ਿਲ੍ਹੇ ਵਿਚ ਰਾਖੀਗੜ੍ਹੀ ਪਿੰਡ ਦੇ ਨਜ਼ਦੀਕ ਕੀਤੀ ਗਈ ਪੁਰਾਤਨ ਸ਼ਹਿਰ ਦੀ ਖੁਦਾਈ ਨੇ ਨਵੇਂ ਸਵਾਲ ਉਠਾਏ ਹਨ। ਇਸ ਸ਼ਹਿਰ ਦੀ ਬਣਤਰ ਮੋਹਿੰਜੋਦੜੋ, ਹੜੱਪਾ, ਕਾਲੀਬੰਗਾ ਤੇ ਸਿੰਧ ਘਾਟੀ ਦੀ ਸੱਭਿਅਤਾ ਦੇ ਹੋਰ ਸ਼ਹਿਰਾਂ ਨਾਲ ਮੇਲ ਖਾਂਦੀ ਹੈ।ਇਥੋਂ ਕੁਝ ਪਿੰਜਰ ਵੀ ਮਿਲੇ, ਜਿਨ੍ਹਾਂ ਦਾ ਡੀ ਐੱਨ ਏ ਵਿਸ਼ਲੇਸ਼ਣ ਦੱਸਦਾ ਹੈ ਕਿ ਰਾਖੀਗੜ੍ਹੀ ਵਿਚ ਵਸਦੇ ਲੋਕਾਂ ਦਾ ਉਨ੍ਹਾਂ ਲੋਕਾਂ ਨਾਲ ਕੋਈ ਸਿੱਧਾ ਸੰਬੰਧ ਨਹੀਂ ਸੀ, ਜਿਨ੍ਹਾਂ ਨੂੰ ਆਰੀਆ ਕਿਹਾ ਹੈ। ਉਨ੍ਹਾਂ ਦਾ ਜ਼ਿਆਦਾ ਤਾਅਲੁਕ ਈਰਾਨ ਵਿਚ ਵਸਦੇ ਲੋਕਾਂ ਤੇ ਦ੍ਰਾਵਿੜਾਂ ਨਾਲ ਸੀ।ਉਹ ਅੱਗੇ ਲਿਖਦੇ ਹਨ ਕਿ ਮੱਧ ਏਸ਼ੀਆ ਵਿੱਚੋਂ ਦੱਖਣੀ ਏਸ਼ੀਆ ਵਿਚ 2000 ਈਸਾ ਪੂਰਵ ਮਗਰੋਂ ਜੋ ਲੋਕ ਆਏ ਉਹ ਇੰਡੋ-ਯੂਰਪੀਅਨ ਭਾਸ਼ਾਵਾਂ ਬੋਲਣ ਵਾਲੇ ਸਨ। ਅਜੋਕੇ ਭਾਰਤ ਵਿਚ ਵਸਦੇ ਲੋਕਾਂ ਦਾ 30 ਫ਼ੀਸਦੀ ਤੋਂ ਘੱਟ ਡੀ ਐੱਨ ਏ ਉਨ੍ਹਾਂ ਲੋਕਾਂ ਨਾਲ ਮਿਲਦਾ ਹੈ ਜੋ 2000 ਈਸਾ ਪੂਰਵ ਮਗਰੋਂ ਭਾਰਤ ਆਏ ਤੇ ਬਾਕੀ ਦਾ ਡੀ ਐੱਨ ਏ ਸਿੰਧ ਘਾਟੀ ਦੇ ਲੋਕਾਂ ਜਾਂ ਉਨ੍ਹਾਂ ਲੋਕਾਂ ਨਾਲ ਮਿਲਦਾ ਹੈ, ਜੋ ਪਹਿਲਾਂ ਇੱਥੇ ਰਹਿੰਦੇ ਸਨ।

Tony Joseph ਨੇ ਆਪਣੇ ਆਰਟੀਕਲ How genetics is setting the Aryan migration debate? (The Hindu, June 16, 2017) ਵਿਚ ਲਿਖਿਆ ਹੈ ਕਿ ਕੀ ਭਾਰਤੀ ਯੂਰਪੀ ਭਾਸ਼ਾਵਾਂ ਬੋਲਣ ਵਾਲੇ ਜੋ ਆਪਣੇ ਆਪ ਨੂੰ ਆਰੀਅਨ ਕਹਿੰਦੇ ਸੀ, 2000 ਈਸਾ ਪੂਰਵ ਤੋਂ 1500 ਈਸਾ ਪੂਰਵ ਦੇ ਇਰਦ-ਗਿਰਦ ਉਦੋਂ ਭਾਰਤ ਵਿਚ ਦਾਖਲ ਹੁੰਦੇ ਹਨ, ਜਦੋਂ ਸਿੰਧ ਘਾਟੀ ਦੀ ਸੱਭਿਅਤਾ ਦਾ ਅੰਤ ਹੋ ਚੁੱਕਾ ਸੀ? ਨਵੇਂ ਡੀ ਐੱਨ ਏ ਸਬੂਤਾਂ ਦੇ ਵਿਸ਼ਾਲ ਸਮੂਹ ਤੇ ਆਧਾਰਤ ਜੈਨੇਟਿਕ ਖੋਜ ਦੁਨੀਆਂ ਦੇ ਵਿਗਿਆਨੀਆਂ ਨੂੰ ਇਕ ਸਪਸ਼ਟ ਸੰਦੇਹਹੀਣ ਜਵਾਬ ਤੇ ਇਕੱਠਾ ਕਰ ਦਿੰਦੀ ਹੈ। ਹਾਂ, ਉਹ ਆਏ ਸਨ।

ਇਸ ਦੇ ਉਲਟ ਇਕ ਸਿਧਾਂਤ ਆਰੀਆਈ ਲੋਕਾਂ ਨੂੰ ਭਾਰਤ ਦੇ ਮੂਲ ਬਾਸ਼ਿੰਦੇ ਮੰਨਦਿਆਂ Indigenous Aryan Theory ਦੀ ਗੱਲ ਕਰਦਾ ਹੈ।ਇਸ ਦਾ ਇਕ ਹਵਾਲਾ ਸਵਰਾਜਬੀਰ ਆਪਣੇ ਲੇਖ ਫ਼ਾਸ਼ੀਵਾਦ ਵਿਚ 'ਸਾਵਰਕਰਵਾਦੀ ਸਿਧਾਂਤ' ਦੇ ਅੰਤਰਗਤ ਦਿੰਦਾ ਹੈ।ਸਾਵਰਕਰ ਦਲੀਲ ਦਿੰਦਾ ਹੈ ਕਿ ਪ੍ਰਾਕਿਰਤਕ ਭਾਸ਼ਾਵਾ ਅਤੇ ਫ਼ਾਰਸੀ ਵਿਚ 'ਸ' ਬਦਲ ਜਾਂਦਾ ਹੈ।ਇਸੇ ਧਾਰਨਾ ਅਧੀਨ ਉਹ ਸਿੰਧੂ ਦਰਿਆ ਦਾ ਮੂਲ ਵਿਚਾਰ ਸਾਹਮਣੇ ਰੱਖਦਾ ਹੈ ਕਿ ਹੋ ਸਕਦਾ ਹੈ ਕਿ ਸਿੰਧੂ ਹਿੰਦੂ ਹੋਵੇ ਅਤੇ ਸੰਸਕ੍ਰਿਤ ਬੋਲਣ ਵਾਲੇ ਆਰੀਆ ਲੋਕਾਂ ਨੇ ਇਸ ਦਾ ਨਾਂਅ ਸਿੰਧੂ ਰੱਖ ਦਿੱਤਾ ਹੋਵੇ। ਸਾਵਰਕਰ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਹਿੰਦੂ ਸ਼ਬਦ ਪੁਰਾਤਨ ਹੈ ਅਤੇ ਪ੍ਰਾਚੀਨ ਸਮਿਆਂ ਤੋਂ ਹੀ ਆਰੀਆ ਲੋਕਾਂ ਨੂੰ ਹਿੰਦੂ ਕਿਹਾ ਜਾਂਦਾ ਹੀ (ਨਵਾਂ ਜ਼ਮਾਨਾ, 18 ਜਨਵਰੀ 2026) ਪਰ ਭਾਸ਼ਾ ਵਿਗਿਆਨਕ ਤੌਰ 'ਤੇ ਇਹ ਦਲੀਲ ਸਹੀ ਨਹੀਂ ਹੈ।'ਰਿਗਵੇਦ' ਵਿਚ ਸਿੰਧੂ ਸ਼ਬਦ ਦਾ ਜ਼ਿਕਰ ਵਾਰ-ਵਾਰ ਆਉਂਦਾ, ਪਰ ਹਿੰਦੂ ਦਾ ਨਹੀਂ।ਜੇਕਰ ਆਰੀਅਨ ਲੋਕਾਂ ਦੇ ਆਗਮਨ ਤੋਂ ਪਹਿਲਾਂ ਸਿੰਧੂ ਸ਼ਬਦ ਹਿੰਦੂ ਵਿਚ ਬਦਲ ਗਿਆ ਹੁੰਦਾ ਤਾਂ ਇਸ ਦਾ ਜ਼ਿਕਰ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਮਿਲਦਾ।

ਭਾਰਤੀ ਯੂਰਪੀ ਭਾਸਾਵਾਂ ਵਿਚ 'ਸ' ਦਾ 'ਹ' ਵਿਚ ਅਤੇ 'ਹ' ਦਾ ਸਿਫਰ ਵਿਚ ਬਦਲ ਜਾਣਾ ਇਕ ਕੁਦਰਤੀ ਧੁਨੀਆਤਮਕ ਵਰਤਾਰਾ/ਪਰਿਵਰਤਨ ਹੈ ਜੋ ਦੁਨੀਆਂ ਦੀਆ ਤਕਰੀਬਨ ਸਾਰੀਆਂ ਭਾਸਾਵਾਂ ਵਿਚ ਦੇਖਣ ਨੂੰ ਮਿਲਦਾ ਹੈ। ਪ੍ਰਾਚੀਨ ਫ਼ਾਰਸੀ (ਅਵੇਸਤਾ) ਵਿਚ ਹੀ ਭਾਰਤੀ ਯੂਰਪੀ ਭਾਸ਼ਾਵਾਂ ਦਾ 'ਸ' ਵਿਸ਼ੇਸ਼ ਕਰਕੇ ਸ਼ਬਦ ਦੇ ਸ਼ੁਰੂ ਵਿਚ, 'ਹ' ਵਿਚ ਬਦਲ ਜਾਂਦਾ ਹੈ।ਜਦੋਂ ਭਾਰਤੀ ਉਪ ਮਹਾਂਦੀਪ ਉਤੇ ਫ਼ਾਰਸੀ ਲੋਕ ਆਉਂਦੇ ਹਨ ਤਾਂ ਸਿੰਧੂ ਹਿੰਦੂ ਵਿਚ ਬਦਲ ਜਾਂਦਾ ਹੈ। ਇਸੇ ਤਰ੍ਹਾਂ Michael Witzel Autochthonous Aryan Theory ਵਿਚ ਆਰੀਆ ਲੋਕਾਂ ਦੀ ਭਾਰਤੀ ਪੈਦਾਇਸ਼ ਨੂੰ ਬਿਆਨ ਕਰਦਾ ਕਹਿੰਦਾ ਹੈ ਕਿ ਆਰੀਆ ਕਿਸੇ ਵਿਦੇਸ਼ੀ ਧਰਤੀ ਤੋਂ ਪਰਵਾਸ ਕਰਕੇ ਨਹੀਂ ਆਏ, ਸਗੋਂ ਇੱਥੇ ਦੇ ਮੂਲ ਵਸਨੀਕ ਹਨ (Dr.T. Murugarathanam, 'International Journal of Dravidian Languages) ਅੰਕ. 41. ਨੰਬਰ 1, ਪੰਨਾ 3, ਪ੍ਰੰਤੂ ਇਸ ਸਿਧਾਂਤ ਦੇ ਦਸਤਾਵੇਜ਼ੀ ਪ੍ਰਮਾਣ ਪ੍ਰਾਪਤ ਕਰਨਾ ਬੜਾ ਮੁਸ਼ਕਲ ਹੈ we have no historical evidence for their presence in the subcontinent before 1500 B.C. (ਉਹੀ)।

ਹੁਣ ਸਵਾਲ ਖੜ੍ਹਾ ਹੁੰਦਾ ਹੈ ਕਿ ਪੰਜਾਬੀ ਕਿਸ ਪਰਵਾਰ ਦੀ ਭਾਸ਼ਾ ਹੈ? ਜਾਂ ਪੰਜਾਬੀ ਦੀ ਸਰੋਤ ਭਾਸ਼ਾ ਕਿਹੜੀ ਹੈ? ਜਿਵੇਂ ਪਹਿਲਾਂ ਜ਼ਿਕਰ ਆ ਚੁੱਕਾ ਹਗੇ ਕਿ ਭਾਰਤ ਵਿਚ ਪੰਜ ਭਾਸ਼ਾ ਪਰਵਾਰਾਂ ਭਾਰਤੀ ਆਰੀਆਈ ਪਰਵਾਰ, ਦ੍ਰਾਵੜ ਪਰਵਾਰ, ਆਸਟ੍ਰੋ-ਏਸ਼ੀਆਟਿਕ ਪਰਵਾਰ (ਮੁੰਡਾ ਪਰਵਾਰ), ਤਿਬਤੀ-ਬਰਮੀ ਪਰਵਾਰ ਅਤੇ ਤਾਈ-ਕਦਾਈ ਪਰਵਾਰ ਦੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਪੰਜਾਬੀ ਭਾਸ਼ਾ ਨੂੰ ਬਹੁਤੇ ਭਾਸ਼ਾ ਵਿਗਿਆਨੀਆਂ ਦੁਆਰਾ ਭਾਰਤੀ ਆਰੀਆਈ ਪਰਵਾਰ ਦੀ ਭਾਸ਼ਾ ਮੰਨਿਆ ਗਿਆ ਹੈ, ਜਿਨ੍ਹਾਂ ਵਿਚ ਡਾ. ਸੁਨੀਤੀ ਕੁਮਾਰ ਚੈਟਰਜੀ, ਵਿਦਿਆ ਭਾਸਕਰ ਅਰੁਣ, ਦੁਨੀ ਚੰਦਰ, ਡਾ. ਪ੍ਰੇਮ ਸਿੰਘ, ਡਾ. ਹਰਕੀਰਤ ਸਿੰਘ, ਡਾ. ਕਪਿਲ ਕਪੂਰ, ਡਾ. ਪ੍ਰੇਮ ਪ੍ਰਕਾਸ਼ ਸਿੰਘ ਅਤੇ ਆਧੁਨਿਕ ਭਾਸ਼ਾ ਵਿਗਿਆਨੀ, ਜਿਵੇਂ ਡਾ. ਬੂਟਾ ਸਿੰਘ ਬਰਾੜ ਇਹੀ ਸਿਧਾਂਤ ਦੇ ਮੁਦਈ ਹਨ ਕਿ ਪੰਜਾਬੀ ਭਾਰਤੀ ਯੂਰਪੀ ਪਰਵਾਰ ਦੀ ਭਾਰਤੀ ਆਰੀਆਈ ਸ਼ਾਖਾ ਦੀ ਭਾਸ਼ਾ ਹੈ, ਪਰ ਕਈ ਵਿਦਵਾਨ, ਜੋ ਮੂਲ ਰੂਪ ਵਿਚ ਭਾਸ਼ਾ ਵਿਗਿਆਨੀ ਨਹੀਂ ਹਨ, ਪੰਜਾਬੀ ਨੂੰ ਗੈਰ-ਆਰੀਆਈ ਭਾਸ਼ਾ ਦੱਸਦੇ ਇਸ ਨੂੰ ਦ੍ਰਾਵੜ ਜਾਂ ਮੁੰਡਾ ਪਰਵਾਰ (ਆਸਟ੍ਰੋ-ਏਸ਼ੀਆਟਿਕ) ਦੀ ਭਾਸ਼ਾ ਦੱਸਦੇ ਹਨ। ਡਾ. ਤਰਲੋਚਨ ਸਿੰਘ ਬੇਦੀ ਨੇ ਆਪਣੇ ਲੇਖ ਪੰਜਾਬੀ ਭਾਸ਼ਾ ਦਾ ਸ੍ਰੋਤ (ਆਲੋਚਨਾ, ਅੰਕ 177-118,2008 ਪੰਨਾ 18) ਵਿਚ ਕੁਝ ਸ਼ਬਦਾਂ ਨੂੰ ਲੈਕੇ ਇਹ ਦਾਅਵਾ ਕੀਤਾ ਹੈ ਕਿ ਪੰਜਾਬੀ ਦ੍ਰਾਵੜ ਪਰਿਵਾਰ ਦੀ ਭਾਸ਼ਾ ਹੈ। ਇਸੇ ਤਰ੍ਹਾਂ ਹੀ ਐਨੁਲਹਕ ਫ਼ਰੀਦਕੋਟੀ ਆਪਣੇ ਮੋਨੋਗ੍ਰਾਫ਼ Pre-Aryan Origin of Pakistani Languages (1991) ਵਿਚ ਲਿਖਦੇ ਹਨ ਕਿ ਸੰਸਕ੍ਰਿਤ ਆਰੀਆ ਲੋਕਾਂ ਦੀ ਬੋਲੀ ਸੀ, ਪਰ ਉਸ ਵਿਚ ਅਣ-ਆਰੀਆ ਲੋਕਾਂ ਦੀ ਬੋਲੀ ਦੀ ਮਿਲਾਵਟ ਸੀ, ਜਦਕਿ ਪ੍ਰਾਕ੍ਰਿਤ ਭਾਸ਼ਾਵਾਂ ਅਣ-ਆਰੀਆ (ਦ੍ਰਾਵਿੜ) ਲੋਕਾਂ ਦੀ ਭਾਸ਼ਾ ਸੀ, ਜਿਸ ਵਿਚ ਆਰੀਆ ਲੋਕਾਂ ਦੀ ਭਾਸ਼ਾ ਦੀ ਸ਼ਬਦਾਵਲੀ ਰਲ ਗਈ।ਇਉਂ ਐਨੁਲਹਕ ਫ਼ਰੀਦਕੋਟੀ ਅਨੁਸਾਰ 'ਸੰਸਕ੍ਰਿਤ' ਤਾਂ ਆਰੀਆ ਭਾਸ਼ਾ ਹੈ, ਪਰ ਪ੍ਰਾਕ੍ਰਿਤ ਭਾਸ਼ਾਵਾਂ ਅਣ-ਆਰੀਆ (ਦ੍ਰਾਵਿੜ) ਲੋਕਾਂ ਦੀ ਭਾਸ਼ਾ ਸੀ।ਸੰਨ 1972 ਵਿਚ ਐਨੁਲਹਕ ਫ਼ਰੀਦਕੋਟੀ ਨੇ ਆਪਣੇ ਇਕ ਲੇਖ 'ਉਰਦੂ ਜ਼ੁਬਾਨ ਕੀ ਕਦੀਮ ਤਾਰੀਖ਼' ਵਿਚ ਇਹ ਖਿਆਲ ਪੇਸ਼ ਕੀਤਾ ਸੀ ਕਿ ਪੰਜਾਬੀ ਭਾਸ਼ਾ ਦਾ ਨਿਕਾਸ ਸੰਸਕ੍ਰਿਤ ਪ੍ਰਭਾਵਤ ਪ੍ਰਾਚੀਨ ਦ੍ਰਾਵਿੜੀ ਭਾਸ਼ਾ ਤੋਂ ਹੋਇਆ ਹੈ (ਬੂਟਾ ਸਿੰਘ ਬਰਾੜ 'ਪੰਜਾਬੀ ਭਾਸ਼ਾ : ਸਰੋਤ ਤੇ ਸਰੂਪ' ,ਪੰਨਾ 77)। ਡਾ. ਅਭੈ ਦੂਬੇ ਆਪਣੀ ਪੁਸਤਕ 'ਭਾਸ਼ਾ ਪਰਿਵਾਰ ਅਤੇ ਸੱਭਿਅਤਾ ਦਾ ਨਸਲੀ ਸਿਧਾਂਤ' ਵਿਚ ਭਾਰਤੀ ਯੂਰਪੀ ਪਰਿਵਾਰਾਂ ਦੇ ਬਿਬਲੀਕਲ ਸਿਧਾਤ ਦੀ ਅਲੋਚਨਾ ਤਾਂ ਕਰਦਾ ਹੈ, ਪਰ ਭਾਰਤੀ ਭਾਸ਼ਾਵਾਂ ਦੇ ਉਦਭਵ ਅਤੇ ਵਿਕਾਸ ਬਾਰੇ ਕੋਈ ਪੁਖਤਾ ਜਾਣਕਾਰੀ ਮੁਹੱਈਆ ਨਹੀਂ ਕਰਵਾਉਂਦਾ। Dr Manzur Ejaz ਨੇ ਆਪਣੀ ਪੁਸਤਕ Linguistic Follies of the Subcontinent ਵਿਚ ਮੁੰਡਾ ਪਰਵਾਰ ਵਿੱਚੋਂ ਕੁਝ ਸ਼ਬਦਾਵਲੀ ਲੈਕੇ ਇਹ ਦਾਅਵਾ ਕੀਤਾ ਹੈ ਕਿ ਪੰਜਾਬੀ ਮੁੰਡਾ ਪਰਿਵਾਰ ਦੀ ਭਾਸ਼ਾ ਹੈ।ਸ਼ਬਦ ਕਦੀ ਵੀ ਕਿਸੇ ਭਾਸ਼ਾ ਦੇ ਨਹੀਂ ਹੁੰਦੇ।ਸ਼ਬਦ ਤਾਂ ਪੰਛੀਆਂ ਵਾਂਗ ਹੁੰਦੇ ਹਨ, ਜੋ ਉਡਦੇ ਹੋਏ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਤੱਕ ਚਲੇ ਜਾਂਦੇ। ਇਸ ਲਈ ਸਿਰਫ਼ ਸ਼ਬਦਾਵਲੀ ਹੀ ਕਿਸੇ ਭਾਸ਼ਾ ਦੇ ਉਦਭਵ ਸਰੋਤ ਨੂੰ ਨਿਰਧਾਰਤ ਨਹੀਂ ਕਰਦੀ।

ਕਿਸੇ ਭਾਸ਼ਾ ਦੀ ਸਰੋਤ ਭਾਸ਼ਾ ਦੀ ਨਿਸ਼ਾਨਦੇਹੀ ਕਰਨ ਲਈ ਸਾਨੂੰ ਸੰਬੰਧਤ ਭਾਸ਼ਾ ਦੇ ਦੋ ਪਹਿਲੂਆਂ 'ਤੇ ਧਿਆਨ ਕੇਂਦ੍ਰਿਤ ਕਰਨ ਦੀ ਜ਼ਰੂਰਤ ਹੁੰਦੀ ਹੈ। ਇਕ ਭਾਸ਼ਾ ਦਾ ਵਿਆਕਰਨ ਅਤੇ ਦੂਜੀ ਉਸ ਭਾਸ਼ਾ ਦੀ ਧੁਨੀ ਵਿਉਂਤ ਜਾਂ ਉਸ ਦਾ ਧੁਨੀਵਿਉਂਤਕ ਵਰਤਾਰਾ। ਦਰਅਸਲ ਵਿਆਕਰਨ ਹੀ ਭਾਸ਼ਾ ਦਾ ਡੀ ਐੱਨ ਏ ਹੁੰਦਾ ਹੈ।ਪੰਜਾਬੀ ਭਾਸ਼ਾ ਦੀ ਵਿਆਕਰਨ ਅਤੇ ਧੁਨੀਵਿਉਂਤ ਨਾ ਦ੍ਰਾਵੜ ਭਾਸ਼ਾਵਾਂ ਨਾਲ ਮਿਲਦੀ ਹੈ ਅਤੇ ਨਾ ਹੀ ਮੁੰਡਾ ਪਰਵਾਰ ਨਾਲ।ਜੇ ਪੰਜਾਬੀ ਵਿਆਕਰਨ ਦੇ ਇਕ ਮਹੱਤਵਪੂਰਨ ਪਹਿਲੂ ਵਧੇਤਰਾਂ (ਅਗੇਤਰ, ਮਧੇਤਰ, ਪਿਛੇਤਰ) ਦੀ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਦੂਜੀਆਂ ਭਾਰਤੀ ਆਰੀਆਈ ਭਾਸ਼ਾਵਾਂ ਵਾਂਗੂੰ ਅਗੇਤਰੀ ਭਾਸ਼ਾ ਹੈ, ਦ੍ਰਾਵੜ ਭਾਸ਼ਾਵਾਂ ਪਿਛੇਤਰੀ ਭਾਸ਼ਾਵਾਂ ਹਨ ਅਤੇ ਮੁੰਡਾ ਮਧੇਤਰੀ। ਇਸ ਦਾ ਮਤਲਬ ਇਹ ਨਹੀਂ ਹੈ, ਇਸ ਵਿਚ ਪਿਛੇਤਰਾਂ ਦੀ ਵਰਤੋਂ ਨਹੀਂ ਹੁੰਦੀ।ਪੰਜਾਬੀ ਵਿਚ ਬਹੁਤੇ ਪਿਛੇਤਰ ਈਰਾਨੀ ਭਾਸ਼ਾਵਾਂ ਤੋਂ ਉਧਾਰੇ ਲਏ ਗਏ ਹਨ, ਕਿਉਂਕਿ ਈਰਾਨੀ ਭਾਸ਼ਾਵਾਂ ਵੀ ਮੂਲ ਰੂਪ ਵਿਚ ਪਿਛੇਤਰੀ ਭਾਸ਼ਾਵਾਂ ਹੀ ਹਨ। ਇਸ ਲਈ ਪੰਜਾਬੀ ਭਾਸ਼ਾ ਦਾ ਵਿਆਕਰਨਕ ਖਾਸਾ ਵੈਦਿਕ/ ਸੰਸਕ੍ਰਿਤ ਨਾਲ ਵਧੇਰੇ ਮਿਲਦਾ ਹੈ। ਇਸ ਤੋਂ ਇਲਾਵਾ ਸੰਯੋਗਾਤਮਿਕਤਾ ਅਤੇ ਸੁਬੋਧਤਾ ਦੇ ਆਧਾਰ 'ਤੇ ਵੀ ਪੰਜਾਬੀ ਅਤੇ ਭਾਰਤੀ ਆਰੀਆਈ ਭਾਸ਼ਾਵਾਂ ਦੀ ਸਾਂਝ ਦੇਖੀ ਜਾ ਸਕਦੀ ਹੈ।

ਪੰਜਾਬੀ ਭਾਸ਼ਾ ਦਾ ਵਿਲੱਖਣ ਤੇ ਨਿਵੇਕਲਾ ਲੱਛਣ ਪੰਜਾਬੀ ਭਾਸ਼ਾ ਦਾ ਸੁਰ ਪ੍ਰਬੰਧ ਹੈ। ਭਾਰਤੀ ਭਾਸ਼ਾਵਾਂ ਵਿਚ ਪੰਜਾਬੀ ਹੀ ਇਕ ਅਜਿਹੀ ਭਾਸ਼ਾ ਹੈ, ਜਿਸ ਵਿਚ ਸੁਰ ਦੀ ਵਰਤੋਂ ਹੁੰਦੀ ਹੈ। ਸੁਰ ਦੀ ਵਰਤੋਂ ਵੈਦਿਕ ਸੰਸਕ੍ਰਿਤ ਵਿਚ ਵੀ ਸੀ, ਪਰ ਇਹ ਦੂਜੀਆਂ ਭਾਰਤੀ ਆਰੀਆਈ ਭਾਸ਼ਾਵਾਂ ਵਿਚ ਨਹੀਂ ਗਈ।ਇਸ ਦਾ ਮੁੱਖ ਕਾਰਨ ਇਹ ਹੈ ਕਿ ਪੰਜਾਬੀ ਭਾਸ਼ਾ ਦਾ ਵਿਕਾਸ ਕ੍ਰਮ ਦੂਜੀਆਂ ਭਾਰਤੀ ਆਰੀਆਈ ਭਾਸ਼ਾਵਾਂ ਨਾਲੋਂ ਵੱਖਰਾ ਹੈ। ਪੰਜਾਬੀ ਵੈਦਿਕ ਤੋਂ ਸਿੱਧੀ ਗੌਣ ਪ੍ਰਾਕਿਰਤਾਂ/ ਅਪਭ੍ਰੰਸ਼ਾਂ ਰਾਹੀਂ ਵਿਕਸਤ ਹੁੰਦੀ ਹੈ, ਜਦੋਂ ਕਿ ਦੂਜੀਆਂ ਭਾਰਤੀ ਆਰੀਆਈ ਭਾਸ਼ਾਵਾਂ ਵੈਦਿਕ-ਸੰਸਕ੍ਰਿਤ-ਪਾਲੀ-ਪ੍ਰਾਕਿਰਤਾਂ-ਅਪਭ੍ਰੰਸ਼ਾਂ ਦਾ ਚੱਕਰ ਕੱਟ ਕੇ ਆਪਣਾ ਆਧੁਨਿਕ ਸਰੂਪ ਗ੍ਰਹਿਣ ਕਰਦੀਆਂ ਹਨ।

ਪੰਜਾਬੀ ਭਾਸ਼ਾ ਦੀ ਕੇਂਦਰੀ/ ਟਕਸਾਲੀ ਉਪਭਾਸ਼ਾ ਮਾਝੀ ਹੈ, ਜੋ ਵੇਦਾਂ ਦੇ ਰਚਨ ਸਥਾਨ ਦੇ ਸਭ ਤੋਂ ਨਜ਼ਦੀਕ ਹੈ।ਪੰਜਾਬੀ ਵਿਚ ਸੁਰ ਦੀ ਵਰਤੋਂ ਵੀ ਸਭ ਤੋਂ ਵੱਧ ਮਾਝੀ ਉਪ ਭਾਸ਼ਾ ਵਿਚ ਹੁੰਦੀ ਹੈ। ਮਾਝੀ ਦੇ ਮੁਕਾਬਲੇ ਦੁਆਬੀ, ਮਲਵਈ ਵਿਚ ਸੁਰ ਦੀ ਵਰਤੋਂ ਦੀ ਮਾਤਰਾ ਘੱਟ ਹੈ ਤੇ ਪੁਆਧੀ ਵਿਚ ਸਭ ਤੋਂ ਘੱਟ। ਇਸ ਪ੍ਰਕਾਰ ਵੈਦਿਕ ਭਾਸ਼ਾ ਪੰਜਾਬੀ ਦੀ ਜਣਨ ਸਰੋਤ ਭਾਸ਼ਾ ਹੈ ਅਤੇ ਵੇਦਾਂ ਦਾ ਰਚਨ ਸਥਾਨ ਪੰਜਾਬ ਹੈ।ਇਸ ਲਈ ਅਸੀਂ ਵਿਦਿਆ ਭਾਸਕਰ ਅਰੁਣ ਅਤੇ ਡਾ. ਪ੍ਰੇਮ ਸਿੰਘ/ ਡਾ. ਕਪਿਲ ਕਪੂਰ ਦੇ ਇਸ ਕਥਨ ਨਾਲ ਸਹਿਮਤ ਹਾਂ ਕਿ

1. ਪੰਜਾਬੀ ਵੈਦਿਕ ਭਾਸ਼ਾ ਦੀ ਸਿੱਧੀ ਸੰਤਾਨ ਹੈ ਅਤੇ ਇਸ ਨੇ ਅਜੇ ਤੱਕ ਵੈਦਿਕ ਭਾਸ਼ਾ ਦੇ ਗੁਣ ਸਾਂਭੀ ਰੱਖੇ ਹਨ।
2. ਅਸ਼ਟਾਧਿਆਈ ਪੁਰਾਣੀ ਪੰਜਾਬੀ ਦਾ ਵਿਆਕਰਨ ਹੈ, ਪਰ ਵੈਦਿਕ ਭਾਸ਼ਾ ਦੀ ਸਿੱਧੀ ਸੰਤਾਨ ਹੋਣ ਦਾ ਇਹ ਅਰਥ ਵੀ ਨਹੀਂ ਲਿਆ ਜਾਣਾ ਚਾਹੀਦਾ ਕਿ ਪੰਜਾਬੀ ਵਿਚ ਰਲਾ ਨਹੀਂ ਹੈ। ਸ਼ੁੱਧ ਭਾਸ਼ਾ ਜਾਂ ਸ਼ੁੱਧ ਨਸਲ/ ਸੱਭਿਆਚਾਰ ਵਰਗੀ ਕੋਈ ਚੀਜ਼ ਭਰਮ ਤੋਂ ਸਿਵਾਇ ਕੁਝ ਨਹੀਂ ਹੁੰਦੀ।ਮੈਂ ਆਪਣੀ ਗੱਲ ਪ੍ਰੋ. ਅਰਵਿੰਦ ਦੀ ਇਸ ਟਿੱਪਣੀ ਨਾਲ ਹੀ ਖਤਮ ਕਰਦਾ ਹਾਂ ਕਿ ਅਜੋਕੇ ਭਾਰਤੀ ਲੋਕ ਪੁਰਾਤਨ ਭਾਰਤੀ ਲੋਕਾਂ (ਜੋ ਕਿ 2000 ਈਸਾ ਪੂਰਵ ਤੋਂ ਪਹਿਲਾਂ ਇੱਥੇ ਰਹਿੰਦੇ ਸਨ) ਤੇ ਆਰੀਆ ਲੋਕਾਂ (ਜੋ ਮੱਧ ਏਸ਼ੀਆ ਤੋਂ ਇੱਥੇ ਆਏ) ਦਾ ਮਿਸ਼ਰਣ ਹਨ। ਰੌਚਿਕ ਗੱਲ ਇਹ ਸਾਹਮਣੇ ਆਈ ਹੈ ਕਿ ਭਾਰਤੀ ਲੋਕ ਜੋ ਧਰਮਾਂ, ਜਾਤਾਂ, ਭਾਸ਼ਾਵਾਂ ਤੇ ਸਥਾਨਾਂ ਦੇ ਆਧਾਰ 'ਤੇ ਵੰਡੇ ਦਿਖਾਈ ਦਿੰਦੇ ਹਨ, ਅਸਲ ਵਿਚ ਇਕ-ਦੂਜੇ ਦੇ ਬਹੁਤ ਨੇੜੇ ਹਨ। ਪੰਜਾਬੀ ਭਾਸ਼ਾ ਵਿਚ ਵੀ ਸਾਨੂੰ ਵੈਦਿਕ ਦੇ ਨਾਲ-ਨਾਲ ਦ੍ਰਾਵੜ, ਮੁੰਡਾ ਤੇ ਈਰਾਨੀ ਭਾਸ਼ਾਵਾਂ ਦੇ ਗੁਣ, ਲੱਛਣ ਮਿਲ ਜਾਂਦੇ ਹਨ।ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੀ ਇਸ ਮਿੱਸੀ ਤਹਿਜ਼ੀਬ 'ਤੇ ਫ਼ਖ਼ਰ ਕਰਨਾ ਤੇ ਇਸ ਨੂੰ ਸਾਂਭਣਾ ਅਜੋਕੇ ਸਮੇਂ ਦੀ ਲੋੜ ਵੀ ਹੈ ਅਤੇ ਸਾਡੀ ਜ਼ਿੰਮੇਵਾਰੀ ਵੀ।

ਸੰਪਰਕ 94171-05225

# ਗੂੜ੍ਹੇ ਨੀਲੇ ਤੇ ਪਾਰਦਰਸ਼ੀ ਪਾਣੀ ਵਾਲਾ ਹੈਵਲਾਕ ਟਾਪੂ



## ਅੰਡੇਮਾਨ ਡਾਇਰੀਜ਼-3

### ਭੁਪਿੰਦਰ ਸਿੰਘ ਮਾਨ

ਹੈਵਲਾਕ ਟਾਪੂ ਦੀ ਸੈਰ ਕਰਨ ਲਈ ਅਸੀਂ ਕੱਲ੍ਹ ਸਵੇਰੇ-ਸੁਵੱਖਤੇ ਜਾਣਾ ਸੀ, ਇਸ ਲਈ ਅਸੀਂ ਜਲਦੀ ਸੌਂ ਗਏ ਸੀ। ਅੰਡੇਮਾਨ ਯਾਤਰਾ ਦੀ ਖ਼ੂਬਸੂਰਤੀ ਇਹ ਹੈ ਕਿ ਜਿੱਥੇ ਸੈਲਾਨੀ ਬਹੁਤ ਸਾਰੇ ਦ੍ਰਿਸ਼ਾਂ ਅਤੇ ਬੀਚਾਂ ਦਾ ਆਨੰਦ ਮਾਣਦਾ ਹੈ, ਉੱਥੇ ਆਰਾਮ ਕਰਨ ਦਾ ਸਮਾਂ ਘੱਟ ਹੀ ਮਿਲਦਾ ਹੈ। ਤਕਰੀਬਨ ਹਰ ਰੋਜ਼ ਹੋਟਲ ਛੱਡ ਕੇ ਨਵੀਂ ਜਗ੍ਹਾ 'ਤੇ ਜਾਣਾ ਪੈਂਦਾ ਹੈ। ਸਾਡੀ ਤੀਜੇ ਦਿਨ ਦੀ ਯਾਤਰਾ ਸਵੇਰੇ ਬਹੁਤ ਜਲਦੀ ਸ਼ੁਰੂ ਹੋਣੀ ਸੀ। ਅਸੀਂ ਸਵੇਰੇ ਸਾਢੇ ਚਾਰ ਵਜੇ ਉੱਠ ਖੜ੍ਹੇ ਹੋਏ। ਸਵੇਰ ਦੀ ਹਵਾ ਵਿੱਚ ਨਮੀ ਅਤੇ ਹਲਕੀ ਖਾਰੇਪਣ ਦੀ ਖੁਸ਼ਬੂ ਸੀ।ਪਹੁ-ਫੁਟਾਲੇ ਵਿੱਚ ਹੋਟਲ ਦੀ ਬਾਲਕੋਨੀ ਤੋਂ ਦੂਰ-ਦੂਰ ਤੱਕ ਚਮਕਦਾ ਨੀਲਾ ਸਮੁੰਦਰ ਦਿਸਦਾ ਸੀ। ਉਸ ਪਲ ਮੇਰੇ ਮਨ ਵਿੱਚ ਇੱਕ ਅਜਿਹੀ ਉਤਸੁਕਤਾ ਸੀ, ਜਿਵੇਂ ਬਚਪਨ ਵਿੱਚ ਗਰਮੀਆਂ ਦੀਆਂ ਛੁੱਟੀਆਂ ਦੀਆਂ ਪਹਿਲੀਆਂ ਸਵੇਰਾਂ ਨੂੰ ਹੁੰਦੀ ਸੀ -ਸਭ ਕੁਝ ਛੱਡ-ਛੁਡਾ ਕੇ ਨਾਨਕੇ ਭੱਜ ਜਾਣਾ। ਸਾਡੇ ਬੱਚੇ ਹੁਣ ਜਵਾਨ ਹੋ ਚੁੱਕੇ ਸਨ, ਇਸ ਲਈ ਉਹ ਸਾਡੇ ਨਾਲੋਂ ਪਹਿਲਾਂ ਹੀ ਤਿਆਰ ਸਨ। ਉਨ੍ਹਾਂ ਦੀਆਂ ਅੱਖਾਂ ਵਿੱਚ ਵੀ ਉਹੀ ਚਮਕ ਸੀ ਜੋ ਯਾਤਰਾ ਦੀ ਨਵੀਂ ਖੋਜ ਤੋਂ ਪਹਿਲਾਂ ਹਰ ਯਾਤਰੀ ਦੇ ਮਨ ਵਿੱਚ ਹੁੰਦੀ ਹੈ। ਹੋਟਲ ਵਾਲਿਆਂ ਨੇ ਸਾਡਾ ਨਾਸ਼ਤਾ ਪੈਕ ਕੀਤਾ ਹੋਇਆ ਸੀ।ਇਸ ਵਿੱਚ ਪੂੜੀਆਂ, ਛੋਲੇ ਅਤੇ ਕੇਲੇ ਸਨ। ਅਸੀਂ ਸਾਮਾਨ ਇਕੱਠਾ ਕਰਕੇ ਗੱਡੀ ਵਿੱਚ ਆ ਬੈਠੇ। ਪੋਰਟ ਬਲੇਅਰ ਦੀਆਂ ਸੁੰਨਸਾਨ ਸੜਕਾਂ ਦੇ ਆਲੇ-ਦੁਆਲੇ ਸੁੰਦਰ ਦਰੱਖਤਾਂ ਨੂੰ ਦੇਖਦੇ ਹੋਏ ਅਸੀਂ ਹੁਡੀ ਜੈਟੀ 'ਤੇ ਆ ਪਹੁੰਚੇ। ਜੈਟੀ ਉੱਤੇ ਵੱਡੀ ਭੀੜ ਜੁੜੀ ਹੋਈ ਸੀ। ਕਈ ਯਾਤਰੀ ਟਿਕਟ ਲੈਣ ਲਈ ਜੱਦੋਜਹਿਦ ਕਰ ਰਹੇ ਸਨ। ਸਾਡੀਆਂ ਟਿਕਟਾਂ ਪਹਿਲਾਂ ਤੋਂ ਹੀ ਬੁੱਕ ਸਨ, ਜਿਸ ਨਾਲ ਅਸੀਂ ਪਰੇਸ਼ਾਨੀ ਤੋਂ ਬਚ ਗਏ ਸੀ। ਜੇਕਰ ਬਿਨਾਂ ਕਿਸੇ ਪੈਕੇਜ ਤੋਂ ਯਾਤਰਾ ਕਰਨੀ ਹੈ ਤਾਂ ਇਹ ਟਿਕਟਾਂ ਕੁਝ ਦਿਨ ਪਹਿਲਾਂ ਹੀ ਬੁੱਕ ਕਰਵਾ ਲੈਣੀਆਂ ਚਾਹੀਦੀਆਂ ਹਨ। ਸਵੇਰੇ ਤੁਰੰਤ ਟਿਕਟਾਂ ਮਿਲਣ ਵਿੱਚ ਕਈ ਵਾਰ ਦਿੱਕਤ ਆ ਜਾਂਦੀ ਹੈ।

ਸਾਡੇ ਕਰੂਜ਼ ਦੇ ਚੱਲਣ ਦਾ ਸਮਾਂ ਹੋਣ ਵਾਲਾ ਸੀ। ਇਸ ਕਰਕੇ ਅਸੀਂ ਕਾਹਲੀ ਨਾਲ ਸੁਰੱਖਿਆ ਜਾਂਚ ਕਰਵਾ ਕੇ ਬੰਦਰਗਾਹ 'ਤੇ ਜਾ ਪਹੁੰਚੇ। ਸਾਡੇ ਸਾਹਮਣੇ ਵੱਡਾ ਸਫੈਦ ਕਰੂਜ਼ ਮਾਰਕੁਜ ਖੜਾ ਸੀ। ਇਹ ਕਿਸ਼ਤੀ ਨਹੀਂ ਸੀ, ਸਗੋਂ ਇੱਕ ਤੈਰਦਾ ਮਹਿਲ ਲੱਗਦਾ ਸੀ। ਇਸ ਫੈਰੀ ਵਿੱਚ ਵੀ ਤਿੰਨ ਕਿਸਮ ਦੀਆਂ ਸੀਟਾਂ ਮਿਲਦੀਆਂ ਹਨ-ਸਭ ਤੋਂ ਉੱਪਰਲੇ ਪਾਸੇ ਗੋਲਡ, ਵਿਚਕਾਰਲੇ ਪਾਸੇ ਵੱਧ ਸੀਟਾਂ ਵਾਲਾ ਸਿਲਵਰ ਅਤੇ ਸਭ ਤੋਂ ਹੇਠਾਂ ਪਾਣੀ ਵਿੱਚ ਡੁੱਬਿਆ ਹੋਇਆ ਜਨਰਲ ਭਾਗ ਹੁੰਦਾ ਹੈ। ਇਹਨਾਂ ਦੇ ਕਿਰਾਏ ਵਿੱਚ ਕਾਫ਼ੀ ਅੰਤਰ ਹੁੰਦਾ ਹੈ। ਵਿਦੇਸ਼ੀ ਸੈਲਾਨੀ ਅਕਸਰ ਗੋਲਡ, ਭਾਰਤੀ ਸਿਲਵਰ ਅਤੇ ਅੰਡੇਮਾਨ ਦੇ ਨਿਵਾਸੀ ਹੇਠਲੇ ਹਿੱਸੇ ਵਿੱਚ ਸਫ਼ਰ ਕਰਦੇ ਨਜ਼ਰ ਆਉਂਦੇ ਹਨ। ਸਾਡੀਆਂ ਟਿਕਟਾਂ ਸਿਲਵਰ ਭਾਵ ਵਿਚਕਾਰਲੇ ਭਾਗ ਦੀਆਂ ਸਨ। ਅਸੀਂ ਸਾਮਾਨ ਜਮ੍ਹਾਂ ਕਰਵਾ ਕੇ ਅੰਦਰ ਜਾ ਪਹੁੰਚੇ। ਕਰੂਜ਼ ਅੰਦਰਲਾ ਹਾਲ ਆਧੁਨਿਕ ਸਹੂਲਤਾਂ ਨਾਲ ਭਰਪੂਰ ਸੀ। ਅੰਦਰਲੇ ਪਾਸੇ ਬਹੁਤ ਸੋਹਣੀਆਂ ਕੁਰਸੀਆਂ ਬੈਠਣ ਲਈ ਲੱਗੀਆਂ ਹੋਈਆਂ ਸਨ। ਏਅਰ ਕੰਡੀਸ਼ਨਰ ਨੇ ਅੰਦਰਲੇ ਮਾਹੌਲ ਨੂੰ ਬਹੁਤ ਸੁਖਾਂਤ ਬਣਾਇਆ ਹੋਇਆ ਸੀ। ਕਰੂਜ਼ ਦੀਆਂ ਵਿਸ਼ਾਲ ਖਿੜਕੀਆਂ ਰਾਹੀਂ ਨਜ਼ਰ ਆ ਰਿਹਾ ਸਮੁੰਦਰ ਮੈਨੂੰ ਆਪਣੀ ਦੁਨੀਆ ਦੇ ਦਰਵਾਜ਼ੇ ਖੋਲ੍ਹਦਾ ਪ੍ਰਤੀਤ ਹੋ ਰਿਹਾ ਸੀ। ਇਸ ਫੈਰੀ ਵਿੱਚ ਲੱਗਭੱਗ ਤਿੰਨ ਸੌ ਯਾਤਰੀ ਬੈਠ ਸਕਦੇ ਹਨ। ਮੈਨੂੰ ਦੋ ਹਜ਼ਾਰ ਉੱਨੀ ਵਿੱਚ ਕੈਨੇਡਾ ਵਿਖੇ ਵੈਨਕੂਵਰ ਤੋਂ ਵਿਕਟੋਰੀਆ ਤੱਕ ਦੀ ਇੱਕ ਅਜਿਹੀ ਯਾਤਰਾ ਦੀ ਯਾਦ ਆ ਗਈ ਸੀ। ਉਹ ਕਰੂਜ਼ ਇਸ ਤੋਂ ਬਹੁਤ ਵੱਡਾ ਸੀ, ਜਿਸ ਵਿੱਚ ਹੇਠਾਂ ਲੱਗਭੱਗ ਇੱਕ ਸੌ ਦੇ ਕਰੀਬ ਕਾਰਾਂ ਪਾਰ ਕੀਤੀਆਂ ਹੋਈਆਂ ਸਨ। ਉਹ ਟ੍ਰਿਪ ਸਾਡੇ ਲਈ ਬਹੁਤ ਆਨੰਦਾਇਕ ਰਿਹਾ ਸੀ। ਅਸੀਂ ਬ੍ਰਿਟਿਸ਼ ਕੋਲੰਬੀਆ ਦੀ ਸੁੰਦਰ ਰਾਜਧਾਨੀ ਵਿਕਟੋਰੀਆ ਵਿੱਚ ਚੰਗਾ ਆਨੰਦ ਮਾਣਿਆ ਸੀ। ਉੱਥੇ ਮੇਰੇ ਮੇਜ਼ਬਾਨ ਤੇ ਬਚਪਨ ਦੇ ਮਿੱਤਰ ਸੁਖਜੀਵਨ ਮਾਨ ਨੇ ਮੈਨੂੰ ਫੈਰੀ ਦਾ ਸਫ਼ਰ ਕਰਵਾਇਆ ਸੀ।

ਮੈਂ ਸੋਚਿਆ, ਮਨ ਕਿੰਨਾ ਤੇਜ਼ ਤੁਰਦਾ ਹੈ-ਪੋਰਟ ਬਲੇਅਰ ਤੋਂ ਸਿੱਧਾ ਕੈਨੇਡਾ ਪਹੁੰਚ ਗਿਆ ਸੀ। ਸਾਡੇ ਬੱਚਿਆਂ ਲਈ ਸਮੁੰਦਰ ਦੀ ਪਹਿਲੀ ਯਾਤਰਾ ਸੀ। ਕਰੂਜ਼ ਦੀ ਯਾਤਰਾ ਕਰਕੇ ਬੱਚੇ ਬਹੁਤ ਰੋਮਾਂਚਿਤ ਸਨ। ਅੱਜ ਦਾ ਦਿਨ ਉਨ੍ਹਾਂ ਲਈ ਵੱਖਰਾ ਸੀ। ਜਦੋਂ ਅਸੀਂ ਜਹਾਜ਼ ਉੱਤੇ ਚੜ੍ਹੇ ਸੀ ਤਾਂ ਬੱਚਿਆਂ ਦੇ ਚਿਹਰੇ ਚਮਕ ਰਹੇ ਸਨ। ਜਹਾਜ਼ ਨੇ ਸਹੀ ਛੇ ਵਜੇ ਚੱਲਣ ਦੀ ਵਿਸਲ ਵਜਾ ਦਿੱਤੀ ਸੀ। ਹੌਲੀ-ਹੌਲੀ ਹਿਲਜੁਲ ਨਾਲ ਕਰੂਜ਼ ਨੇ ਬੰਦਰਗਾਹ ਨੂੰ ਛੱਡ ਕੇ ਹੈਵਲਾਕ ਟਾਪੂ ਵੱਲ ਚਾਲੇ ਪਾ ਦਿੱਤੇ। ਏਅਰ-ਕੰਡੀਸ਼ਨਡ ਵਾਤਾਵਰਣ ਵਿੱਚ ਖਿੜਕੀਆਂ ਰਾਹੀਂ ਬਾਹਰ ਦੇ ਬਦਲਦੇ ਰੰਗ-ਇਹ ਸਭ ਕਿਸੇ ਫਿਲਮ ਦਾ ਦ੍ਰਿਸ਼ ਲੱਗਦਾ ਸੀ। ਖਾਣ ਲਈ ਸਾਨੂੰ ਛੋਟੇ-ਮੋਟੇ ਸਨੈਕਸ ਮਿਲੇ, ਪਰ ਖਾਣ-ਪੀਣ ਤੋਂ ਵੱਧ ਦਿਲ ਸਮੁੰਦਰ ਦੀਆਂ ਬੇਅੰਤ ਲਹਿਰਾਂ ਵੱਲ ਖਿੱਚਿਆ ਜਾਂਦਾ ਸੀ। ਸਾਡੀਆਂ ਸੀਟਾਂ ਤਾਂ ਭਾਵੇਂ ਵਿਚਕਾਰ ਸਨ, ਪਰ ਬੱਚਿਆਂ ਨੇ ਸਭ ਤੋਂ ਅਗਲੀ ਸੀਟ ਖਾਲੀ ਦੇਖ ਕੇ ਜਾ ਡੇਰੇ ਲਾਏ। ਇੱਥੋਂ ਸਾਹਮਣੇ ਅਤੇ ਪਾਸੇ ਵਾਲੇ ਸ਼ੀਸ਼ੇ ਵਿੱਚੋਂ ਦ੍ਰਿਸ਼ ਬਹੁਤ ਸੋਹਣਾ ਦਿਖਾਈ ਦਿੰਦਾ ਸੀ। ਮੈਂ ਬਾਹਰ ਡੈਕ 'ਤੇ ਆ ਗਿਆ। ਹਵਾ ਦੇ ਬੁੱਲੇ ਨੇ ਚਿਹਰੇ ਨੂੰ ਛੂਹਿਆ ਅਤੇ ਦਿਲ ਵਿੱਚ ਤਾਜ਼ਗੀ ਉੱਤਰ ਗਈ। ਸਮੁੰਦਰ ਦਾ ਵਿਸਤਾਰ ਹੱਦੋਂ ਪਰੇ ਸੀ। ਕਦੇ ਲਹਿਰਾਂ ਹੌਲੀ-ਹੌਲੀ ਫੁਲਕਾਰੀ ਵਰਗੀਆਂ ਲੱਗਦੀਆਂ, ਕਦੇ ਉਹ ਆਪਣੇ ਗੂੜ੍ਹੇ ਨੀਲੇ ਰੰਗ ਨਾਲ ਇੱਕ ਅਜਿਹੀ ਗਹਿਰਾਈ ਦਿਖਾਉਂਦੀਆਂ, ਜੋ ਸ਼ਬਦਾਂ ਵਿੱਚ ਨਹੀਂ ਦੱਸੀ ਜਾ ਸਕਦੀ ਸੀ। ਡੈਕ ਉੱਤੇ ਖੜ੍ਹ ਕੇ ਆਕਾਸ਼ ਅਤੇ ਪਾਣੀ ਦੇ ਮਿਲਦੇ ਹੋਰਾਈਜ਼ਨ ਨੂੰ ਤੱਕਣਾ ਮਨ ਵਿੱਚ ਇੱਕ ਅਦਭੁੱਤ ਸ਼ਾਂਤੀ ਭਰਦਾ ਸੀ। ਸਮੁੰਦਰ ਆਪਣੀ ਖਾਮੋਸ਼ੀ ਨਾਲ ਜਿਵੇਂ ਮਨੁੱਖ ਦੇ ਅੰਦਰ ਦੀਆਂ ਗੱਲਾਂ ਸੁਣ ਰਿਹਾ ਸੀ। ਇਹ ਸਫ਼ਰ ਆਪਣੇ ਆਪ ਵਿੱਚ ਬਹੁਤ ਸ਼ਾਨਦਾਰ ਸੀ। ਮੀਲਾਂ ਤੱਕ ਨੀਲਾ ਪਾਣੀ ਚਮਕ ਰਿਹਾ ਸੀ। ਇਸ ਸਮੇਂ ਸਾਗਰ ਬਹੁਤ ਸ਼ਾਂਤ ਸੀ। ਸਵੇਰ ਦਾ ਸੂਰਜ ਲਹਿਰਾਂ ਉੱਤੇ ਸੁਨਹਿਰੀ ਚਮਕ ਸੁੱਟ ਰਿਹਾ ਸੀ। ਇੱਕ ਪਾਸੇ ਲਗਾਤਾਰ ਛੋਟੇ-ਛੋਟੇ ਦੀਪ ਆ ਰਹੇ ਸਨ ਤਾਂ ਦੂਜੇ ਪਾਸੇ ਵਿਸ਼ਾਲ ਸਾਗਰ ਵਿੱਚ ਤੈਰਦੇ ਮੱਛੀਆਂ ਫੜਨ ਵਾਲੇ ਜਹਾਜ਼ ਦਿਖਾਈ ਦੇ ਰਹੇ ਸਨ। ਕਰੂਜ਼ ਦੀ ਹੌਲੀ ਗਤੀ, ਪਾਣੀ ਦੀਆਂ ਲਹਿਰਾਂ ਦੀ ਰਿਦਮ ਅਤੇ ਆਲੇ-ਦੁਆਲੇ ਦਾ ਸੁੰਨਾਪਣ ਇੱਕ ਅਜਿਹੀ ਧੁਨ ਬਣ ਗਏ ਜੋ ਸਦਾ ਲਈ ਯਾਦ ਰਹਿਣ ਵਾਲੀ ਹੈ।

ਲੱਗਭੱਗ ਪੌਣੇ ਦੋ ਘੰਟਿਆਂ ਦੀ ਯਾਤਰਾ ਤੋਂ ਬਾਅਦ ਜਿਵੇਂ ਹੀ ਕਰੂਜ਼ ਹੈਵਲਾਕ ਦੇ ਨੇੜੇ ਪਹੁੰਚੀ, ਪਾਣੀ ਦਾ ਰੰਗ ਬਦਲ ਗਿਆ-ਗੂੜ੍ਹੇ ਨੀਲੇ ਤੋਂ ਪਾਰਦਰਸ਼ੀ ਹਰਾ-ਨੀਲਾ। ਪਾਣੀ ਇੰਨਾ ਸਾਫ਼ ਸੀ ਕਿ ਹੇਠਲੇ ਕੋਰਲ 'ਤੇ ਮੱਛੀਆਂ ਤੱਕ ਨਜ਼ਰ ਆ ਰਹੀਆਂ ਸਨ। ਆਲੇ-ਦੁਆਲੇ ਹਰੇ-ਭਰੇ ਦਰੱਖਤ, ਰੇਤਲੇ ਤੱਟ ਤੇ ਸ਼ਾਂਤ ਸਮੁੰਦਰ-ਇਹ ਸਭ ਦ੍ਰਿਸ਼ ਮਨਮੋਹਕ ਸੀ। ਅਸੀਂ ਲੱਗਭੱਗ ਪੌਣੇ ਅੱਠ ਵਜੇ ਦੇ ਕਰੀਬ ਹੈਵਲਾਕ ਟਾਪੂ, ਜਿਸ ਨੂੰ ਅਧਿਕਾਰਤ ਤੌਰ ਉੱਤੇ ਸਵਰਾਜ ਦੀਪ ਵਜੋਂ ਜਾਣਿਆ ਜਾਂਦਾ ਹੈ, 'ਤੇ ਪਹੁੰਚ ਗਏ। ਹੈਵਲਾਕ ਜੈਟੀ ਉੱਤੇ ਪੈਰ ਰੱਖਦੇ ਹੀ ਇੱਕ ਨਵੀਂ ਤਾਜ਼ਗੀ ਦਾ ਅਹਿਸਾਸ ਹੋਇਆ। ਹੈਵਲਾਕ ਟਾਪੂ ਕਿਸੇ ਚਿੱਤਰਕਾਰ ਦੀ ਕੈਨਵਸ ਵਰਗਾ ਲੱਗ ਰਿਹਾ ਸੀ-ਨੀਲਾ ਆਕਾਸ਼, ਹਰੇ-ਭਰੇ ਦਰੱਖਤ ਅਤੇ ਪਾਰਦਰਸ਼ੀ ਸਮੁੰਦਰ ਸਾਡੇ ਸਾਹਮਣੇ ਸਵਾਗਤ ਲਈ ਵਿੱਛਿਆ ਪਿਆ ਸੀ।

ਅੰਡੇਮਾਨ-ਨਿਕੋਬਾਰ ਟਾਪੂ ਸਮੂਹ ਵਿੱਚ ਸਥਿਤ ਹੈਵਲਾਕ ਟਾਪੂ ਭਾਰਤ ਦੇ ਸਭ ਤੋਂ ਖ਼ੂਬਸੂਰਤ ਅਤੇ ਪ੍ਰਸਿੱਧ ਟਾਪੂਆਂ ਵਿੱਚੋਂ ਇੱਕ ਹੈ। ਇਸ ਦੇ ਬਹੁਤ ਸੋਹਣੇ ਬੀਚਾਂ, ਫਿਰੋਜ਼ੀ ਪਾਣੀਆਂ ਅਤੇ ਹਰਿਆਲੀ ਲਈ ਮਸ਼ਹੂਰ ਹੈ।ਪੋਰਟ ਬਲੇਅਰ ਤੋਂ ਉੱਤਰ-ਪੂਰਬ ਵੱਲ ਸਥਿਤ ਇਹ ਟਾਪੂ ਰਿਚੀਜ਼ ਆਰਕੀਪੈਲਾਗੋ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਮਹੱਤਵਪੂਰਨ ਵਸਿਆ ਹੋਇਆ ਟਾਪੂ ਮੰਨਿਆ ਜਾਂਦਾ ਹੈ। ਲੱਗਭੱਗ 92 ਵਰਗ ਕਿਲੋਮੀਟਰ ਖੇਤਰਫਲ ਵਾਲਾ ਇਹ ਟਾਪੂ ਕਰੀਬ 18 ਕਿਲੋਮੀਟਰ ਲੰਬਾ ਅਤੇ 8 ਕਿਲੋਮੀਟਰ ਚੌੜਾ ਹੈ, ਜਦਕਿ ਇਸ ਦੀ ਆਬਾਦੀ ਲੱਗਭੱਗ 6,300 ਲੋਕਾਂ ਦੇ ਆਸ-ਪਾਸ ਹੈ। ਇਸ ਦੀਪ ਦੀ ਸਭ ਤੋਂ ਵੱਡੀ ਖ਼ਾਸੀਅਤ ਇਸ ਦੀ ਬੇਮਿਸਾਲ ਕੁਦਰਤੀ ਸੁੰਦਰਤਾ ਹੈ। ਚਿੱਟੀ ਰੇਤ, ਨੀਲਾ-ਹਰਾ ਸਮੁੰਦਰੀ ਪਾਣੀ, ਘਣੇ ਜੰਗਲ ਅਤੇ ਸ਼ਾਂਤ ਮਾਹੌਲ ਇਸ ਨੂੰ ਕੁਦਰਤ ਪ੍ਰੇਮੀਆਂ ਲਈ ਇੱਕ ਜੰਨਤ ਬਣਾਉਂਦੇ ਹਨ। ਇੱਥੇ ਦਾ ਸਮੁੰਦਰੀ ਜੀਵਨ ਵੀ ਬਹੁਤ ਹੀ ਰੰਗ-ਬਿਰੰਗਾ ਅਤੇ ਵਿਭਿੰਨ ਹੈ। ਇਸ ਕਰਕੇ ਇਹ ਭਾਰਤ ਵਿੱਚ ਸਕੂਬਾ ਡਾਈਵਿੰਗ ਅਤੇ ਸਨੋਰਕਲਿੰਗ ਲਈ ਸਭ ਤੋਂ ਵਧੀਆ ਥਾਵਾਂ ਵਿੱਚ ਗਿਣਿਆ ਜਾਂਦਾ ਹੈ। ਕੋਰਲ ਰੀਫ਼ਾਂ ਦੀ ਸੁੰਦਰਤਾ ਅਤੇ ਪਾਣੀ ਹੇਠਾਂ ਦੀ ਦੁਨੀਆ ਹਰ ਸਾਲ ਹਜ਼ਾਰਾਂ ਸੈਲਾਨੀਆਂ ਨੂੰ ਆਪਣੀ ਵੱਲ ਖਿੱਚਦੀ ਹੈ।ਟਾਪੂ ਦਾ ਇੱਕ ਵੱਡਾ ਹਿੱਸਾ ਅੱਜ ਵੀ ਉੱਸਣਕਟੀਬੰਧੀ ਜੰਗਲਾਂ ਨਾਲ ਢਕਿਆ ਹੋਇਆ ਹੈ, ਜਿਸ ਕਾਰਨ ਇੱਥੇ ਦੀ ਜੈਵਿਕ ਵਿਭਿੰਨਤਾ ਕਾਇਮ ਹੈ। ਇਹ ਜੰਗਲ ਨਾ ਸਿਰਫ਼ ਇਸ ਦੀ ਕੁਦਰਤੀ ਖ਼ੂਬਸੂਰਤੀ ਨੂੰ ਵਧਾਉਂਦੇ ਹਨ, ਸਗੋਂ ਕਈ ਪ੍ਰਜਾਤੀਆਂ ਦੇ ਪੰਛੀਆਂ ਅਤੇ ਜੰਗਲੀ ਜੀਵਾਂ ਲਈ ਆਵਾਸ ਵੀ ਪ੍ਰਦਾਨ ਕਰਦੇ ਹਨ।ਜੇਕਰ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਹੈਵਲਾਕ ਟਾਪੂ ਦਾ ਬ੍ਰਿਟਿਸ਼ ਜਨਰਲ ਸਰ ਹੈਨਰੀ ਹੈਵਲਾਕ ਦੇ ਨਾਂਅ 'ਤੇ ਬਸਤੀਵਾਦੀ ਸਮੇਂ ਨਾਲ ਜੁੜਿਆ ਦਿਲਚਸਪ ਇਤਿਹਾਸ ਹੈ। ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਨੂੰ ਉਨ੍ਹੀਵੀਂ ਸਦੀ ਵਿੱਚ ਅੰਗਰੇਜ਼ਾਂ ਦੁਆਰਾ ਇੱਕ ਸਜ਼ਾ ਦੇਣ ਵਾਲੀ ਕਾਲੋਨੀ ਵਜੋਂ ਵਰਤਿਆ ਜਾ ਰਿਹਾ ਸੀ ਤਾਂ ਇਹ ਟਾਪੂ ਬਹੁਤ ਘੱਟ ਆਬਾਦੀ ਵਾਲਾ ਅਤੇ ਅਛੂਤਾਂ ਵਾਂਗ ਅੰਗਰੇਜ਼ਾਂ ਦੀ ਦਿਆ ਦ੍ਰਿਸ਼ਟੀ ਤੋਂ ਦੂਰ ਹੀ ਰਿਹਾ ਸੀ।1947 ਵਿੱਚ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਭਾਰਤ ਵੰਡ ਕਾਰਨ ਉੱਜੜੇ ਬੰਗਾਲੀ ਮੂਲ ਦੇ ਲੋਕ, ਇੱਥੇ ਆ ਕੇ ਵੱਸੇ ਸਨ। ਉਨ੍ਹਾਂ ਨੇ ਇਸ ਟਾਪੂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

ਅੰਡੇਮਾਨ ਟਾਪੂ ਕੇਂਦਰ ਸ਼ਾਸਤ ਪ੍ਰਦੇਸ਼ ਬਣ ਗਏ ਤਾਂ ਹੈਵਲਾਕ ਲੋਕਲ ਵਸਨੀਕਾਂ ਤੇ ਸੈਲਾਨੀਆਂ ਲਈ ਇੱਕ ਖਿੱਚ ਦੇ ਕੇਂਦਰ ਵਜੋਂ ਵਿਕਸਤ ਹੋਣ ਲੱਗਾ। ਅੱਜ ਇਹ ਅੰਡੇਮਾਨ ਵਿੱਚ ਸਭ ਤੋਂ ਪ੍ਰਸਿੱਧ ਸਥਾਨਾਂ ਵਿੱਚੋਂ ਇੱਕ ਹੈ, ਜੋ 2018 ਵਿੱਚ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਸਨਮਾਨ ਕਰਨ ਦੀ ਪਹਿਲਕਦਮੀ ਦੇ ਹਿੱਸੇ ਵਜੋਂ ਇਸ ਦਾ ਨਾਂਅ ਬਦਲ ਕੇ ਸਵਰਾਜ ਦੀਪ ਰੱਖਿਆ ਗਿਆ ਸੀ, ਹਾਲਾਂਕਿ ਬਹੁਤੇ ਲੋਕ ਹਾਲੇ ਵੀ ਇਸ ਨੂੰ ਹੈਵਲਾਕ ਕਹਿੰਦੇ ਹਨ।

ਹੈਵਲਾਕ ਪਹੁੰਚਣ ਉੱਤੇ ਸਾਡੇ ਵੱਲੋਂ ਪਹਿਲਾਂ ਬੁੱਕ ਕਰਵਾਈ ਗੱਡੀ ਸਾਡਾ ਇੰਤਜ਼ਾਰ ਕਰ ਰਹੀ ਸੀ। ਅਸੀਂ ਆਪਣੇ ਬੁੱਕ ਕੀਤੇ ਸੰਗਰੀਲਾ ਹੋਟਲ ਵਿੱਚ ਜਾ ਡੇਰੇ ਲਾਏ। ਇਹ ਹੋਟਲ ਆਪਣੇ ਨਿੱਜੀ ਬੀਚ ਦੇ ਨਾਲ ਬਹੁਤ ਸੋਹਣਾ ਰਹਿਣ ਯੋਗ ਸਥਾਨ ਹੈ। ਹੋਟਲ ਦਾ ਪਹਿਲਾ ਦ੍ਰਿਸ਼ ਹੀ ਮਨ ਨੂੰ ਖਿੱਚ ਲੈਣ ਵਾਲਾ ਸੀ। ਹਰੇ-ਭਰੇ ਨਾਰੀਅਲ ਦੇ ਦਰੱਖਤਾਂ ਨਾਲ ਘਿਰਿਆ ਹੋਇਆ, ਸਮੁੰਦਰ ਦੀ ਠੰਢੀ ਹਵਾ ਨਾਲ ਲਹਿਰਾਂਦਾ, ਇਹ ਸਥਾਨ ਬਿਲਕੁਲ ਸੁਰਗ ਦਾ ਟੋਟਾ ਲੱਗਦਾ ਸੀ। ਕਮਰੇ ਵਿੱਚ ਦਾਖਲ ਹੋਣ ਨਾਲ ਹੀ ਇੱਕ ਅਜਿਹੀ ਤਾਜ਼ਗੀ ਮਹਿਸੂਸ ਹੋਈ ਜਿਵੇਂ ਲੰਬੇ ਸਫ਼ਰ ਤੋਂ ਬਾਅਦ ਕਿਸੇ ਨੇ ਗਲ ਲਾ ਕੇ ਸੁਆਗਤ ਕੀਤਾ ਹੋਵੇ। ਖਿੜਕੀ ਤੋਂ ਬਾਹਰ ਨੀਲਾ ਸਮੁੰਦਰ ਨਜ਼ਰ ਆਉਂਦਾ ਸੀ, ਜਿਸ ਦੀਆਂ ਲਹਿਰਾਂ ਦੂਰ ਤਟ ਨਾਲ ਟਕਰਾਂਦੀਆਂ ਸ਼ਾਂਤੀ ਅਤੇ ਉਤਸ਼ਾਹ ਦੋਵੇਂ ਪੈਦਾ ਕਰ ਰਹੀਆਂ ਸਨ। ਪਰਵਾਰ ਦੇ ਹਰ ਮੈਂਬਰ ਨੇ ਆਪਣੀ-ਆਪਣੀ ਖਿੜਕੀ ਖੋਲ੍ਹ ਕੇ ਸਮੁੰਦਰ ਦੀ ਹਵਾ ਦਾ ਆਨੰਦ ਲੈਣਾ ਸ਼ੁਰੂ ਕਰ ਦਿੱਤਾ ਸੀ। ਸਵੇਰ ਦੇ ਨਾਸ਼ਤੇ ਲਈ ਜਦੋਂ ਡਾਇਨਿੰਗ ਹਾਲ ਵਿੱਚ ਗਏ ਤਾਂ ਵੱਖ-ਵੱਖ ਪਕਵਾਨਾਂ ਦੀ ਖੁਸ਼ਬੂ ਨੇ ਭੁੱਖ ਹੋਰ ਵਧਾ ਦਿੱਤੀ। ਸਮੁੰਦਰੀ ਭੋਜਨ, ਤਾਜ਼ੇ ਫਲ ਅਤੇ ਸਧਾਰਨ, ਪਰ ਸੁਆਦਲੇ ਖਾਣੇ ਨੇ ਯਾਤਰਾ ਦੀ ਥਕਾਵਟ ਮਿਟਾ ਦਿੱਤੀ।

ਇਸ ਹੋਟਲ ਵਿੱਚ ਰਹਿਣ ਦਾ ਅਨੁਭਵ ਸਿਰਫ਼ ਇੱਕ ਟਿਕਾਣਾ ਨਹੀਂ ਸੀ, ਸਗੋਂ ਕੁਦਰਤ ਦੇ ਨਾਲ ਮਿਲਾਪ ਅਤੇ ਪਰਵਾਰ ਨਾਲ ਬਿਤਾਏ ਸੁਹਾਵਣੇ ਪਲਾਂ ਦਾ ਖਜ਼ਾਨਾ ਸੀ। ਸਾਡੀ ਖਿੜਕੀ ਦੇ ਬਿਲਕੁਲ ਬਾਹਰ ਚਮਕਦੇ ਸਮੁੰਦਰੀ ਕਿਨਾਰੇ ਦਾ ਦ੍ਰਿਸ਼ ਇੱਕ ਦਾਅਵਤ ਵਰਗਾ ਅਨੁਭਵ ਸੀ। ਨਾਸ਼ਤੇ ਤੋਂ ਬਾਅਦ ਅਸੀਂ ਟਾਪੂ ਦੀ ਸ਼ਾਂਤੀ ਨਾਲ ਇੱਕ ਸੁਰ ਹੁੰਦੇ ਹੋਏ ਕੁਝ ਸਮਾਂ ਆਰਾਮ ਨਾਲ ਬਿਤਾਇਆ। ਇਸ ਤੋਂ ਬਾਅਦ ਅਸੀਂ ਹੋਟਲ ਦੇ ਪ੍ਰਾਈਵੇਟ ਬੀਚ 'ਤੇ ਪਹੁੰਚ ਗਏ। ਸਮੁੰਦਰ ਦੀਆਂ ਲਹਿਰਾਂ ਨੂੰ ਆਪਣੇ ਕਦਮਾਂ ਵਿੱਚ ਪਾ ਕੇ ਬੱਚੇ ਦੌੜ-ਭੱਜ ਕਰਨ ਲੱਗੇ। ਮੈਂ ਤੇ ਸ੍ਰੀਮਤੀ ਜੀ ਉੱਥੇ ਪਈਆਂ ਕੁਰਸੀਆਂ 'ਤੇ ਜਾ ਬਿਰਾਜਮਾਨ ਹੋਏ। ਅਸੀਂ ਤਾਜ਼ੇ ਨਾਰੀਅਲ ਦੇ ਪਾਣੀ ਪੀਂਦੇ ਹੋਏ ਇੱਥੋਂ ਦੇ ਵਾਤਾਵਰਣ ਨਾਲ ਇੱਕਮਿੱਕ ਹੋ ਗਏ। ਇੱਥੇ ਨਾਰੀਅਲ ਅਤੇ ਮੱਛੀ ਬਹੁਤ ਸਸਤੇ ਹਨ। ਇੰਨਾ ਮਿੱਠਾ ਨਾਰੀਅਲ ਮੈਂ ਪਹਿਲਾਂ ਭਾਰਤ ਦੇ ਕਿਸੇ ਹੋਰ ਹਿੱਸੇ ਵਿੱਚ ਨਹੀਂ ਪੀਤਾ ਸੀ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਇੱਥੇ ਨਾਰੀਅਲ ਦੀ ਖੇਤੀ ਲਈ ਕਿਸੇ ਵੀ ਤਰ੍ਹਾਂ ਦੀ ਰਸਾਇਣਕ ਖਾਦ ਦੀ ਵਰਤੋਂ ਨਹੀਂ ਕੀਤੀ ਜਾਂਦੀ। ਅੰਡੇਮਾਨ ਹਾਲੇ ਤੱਕ ਇਸ ਬੁਰਾਈ ਤੋਂ ਬਚਿਆ ਹੋਇਆ ਹੈ। ਥੋੜ੍ਹੇ ਸਮੇਂ ਬਾਅਦ ਦੋਵੇਂ ਨਿਆਣੇ ਸਮੁੰਦਰ ਦੇ ਪਾਣੀ ਵਿੱਚ ਨਹਾ ਰਹੇ ਸਨ। ਉਨ੍ਹਾਂ ਨੇ ਸਾਨੂੰ ਵੀ ਸ਼ਾਮਲ ਹੋਣ ਦੀ ਸੈਨਤ ਮਾਰੀ, ਪਰ ਮੈਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਤੋਂ ਬਾਅਦ ਅਸੀਂ ਸਕੂਬਾ ਡਾਈਵਿੰਗ ਕਰਨ ਲਈ ਜਾਣਾ ਸੀ। ਲੱਗਭੱਗ ਦੋ ਘੰਟੇ ਅਸੀਂ ਇਸ ਬੀਚ 'ਤੇ ਬਿਤਾਏ।

ਅਸੀਂ ਹੋਟਲ ਵਿੱਚ ਵਾਪਸ ਆ ਕੇ ਚਾਹ ਪੀਤੀ ਅਤੇ ਉਸ ਤੋਂ ਬਾਅਦ ਸਥਾਨਕ ਏਜੰਸੀ ਰਾਹੀਂ ਮੈਂ ਸਕੂਬਾ ਡਾਈਵਿੰਗ ਦੀ ਬੁਕਿੰਗ ਕੀਤੀ। ਟੂਰਿਜ਼ਮ ਦਾ ਸਭ ਤੋਂ ਮਾੜਾ ਪੱਖ ਇਹ ਹੈ ਕਿ ਇਸ ਵਿੱਚ ਜਿੰਨੇ ਏਜੰਟ ਸ਼ਾਮਲ ਹੁੰਦੇ ਜਾਂਦੇ ਹਨ, ਓਨਾ ਹੀ ਸੈਲਾਨੀ ਲਈ ਟੂਰ ਮਹਿੰਗਾ ਹੁੰਦਾ ਜਾਂਦਾ ਹੈ। ਸਕੂਬਾ ਡਾਈਵ ਲਈ ਹੋਟਲ ਵਾਲੇ ਪਚਵੰਜਾ ਸੌ ਰੁਪਏ ਪ੍ਰਤੀ ਵਿਅਕਤੀ ਮੰਗ ਰਹੇ ਸਨ, ਜੋ ਕਿ ਅਸੀਂ ਸਿੱਧੇ ਤੌਰ 'ਤੇ ਸਿਰਫ਼ ਦੋ ਹਜ਼ਾਰ ਵਿੱਚ ਹੀ ਬੁੱਕ ਕਰ ਲਈ ਸੀ। ਡਾਈਵਿੰਗ ਕਲੱਬ ਵਾਲਿਆਂ ਦਾ ਫੋਨ ਆਉਣ 'ਤੇ ਅਸੀਂ ਗੋਵਿੰਦ ਬੀਚ ਵੱਲ ਚੱਲ ਪਏ। ਮੇਰੇ ਚਿੱਤ-ਚੇਤੇ ਵੀ ਨਹੀਂ ਸੀ ਕਿ ਸਮੁੰਦਰ ਦੇ ਪਾਣੀਆਂ ਵਿੱਚ ਜਾਣ ਦਾ ਜੋ ਸ਼ਾਨਦਾਰ ਤਜਰਬਾ ਮੈਂ ਲੈਣ ਜਾ ਰਿਹਾ ਸੀ, ਇਸ ਨੂੰ ਮੈਂ ਪੂਰੀ ਜ਼ਿੰਦਗੀ ਕਦੇ ਨਹੀਂ ਭੁੱਲਾਂਗਾ। ਹੈਵਲਾਕ ਦੇ ਪਾਣੀਆਂ ਵਿੱਚ ਸਾਡਾ ਪਹਿਲਾ ਸਕੂਬਾ ਡਾਈਵਿੰਗ ਦਾ ਤਜਰਬਾ ਸ਼ੁਰੂ ਹੋਣ ਜਾ ਰਿਹਾ ਸੀ। ਮੇਰਾ ਬੇਟਾ ਤੇ ਧੀ ਵੀ ਇਸ ਲਈ ਬਹੁਤ ਉਤਸ਼ਾਹਤ ਸਨ। ਸ੍ਰੀਮਤੀ ਜੀ ਨੇ ਇਸ ਵਿੱਚ ਭਾਗ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਸਕੂਬਾ ਡਾਈਵਿੰਗ ਲਈ ਵਿਅਕਤੀ ਸਰੀਰਕ ਤੌਰ 'ਤੇ ਫਿੱਟ ਹੋਣਾ ਚਾਹੀਦਾ ਹੈ। ਉਸ ਦੀ ਉਮਰ ਵੀ ਪੰਜਾਹ ਸਾਲ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ, ਪਰ ਫਿੱਟ ਬੰਦੇ ਸਾਲ ਦੋ ਸਾਲ ਦੀ ਛੋਟ ਲੈ ਸਕਦੇ ਹਨ।



ਪਹਿਲਾਂ ਏਜੰਸੀ ਵਾਲਿਆਂ ਨੇ ਸਾਡੇ ਤੋਂ ਸਾਰੀ ਜਾਣਕਾਰੀ ਫਾਰਮ ਅਤੇ ਸਵੈ-ਘੋਸ਼ਣਾ ਭਰਵਾਈ। ਇਸ ਤੋਂ ਬਾਅਦ ਸਾਨੂੰ ਸਕੂਬਾ ਡਾਈਵਿੰਗ ਵਾਲੇ ਸਪੈਸ਼ਲ ਸੂਟ ਦਿੱਤੇ ਗਏ। ਮਨ ਵਿੱਚ ਹਲਕਾ ਜਿਹਾ ਡਰ ਵੀ ਸੀ ਤੇ ਇੱਕ ਅਜਿਹਾ ਉਤਸ਼ਾਹ ਵੀ, ਜਿਵੇਂ ਕੋਈ ਨਵੀਂ ਦੁਨੀਆ ਦਾ ਦਰਵਾਜ਼ਾ ਖੁੱਲ੍ਹਣ ਵਾਲਾ ਹੋਵੇ। ਇਸ ਅੰਡਰਵਾਟਰ ਐਡਵੈਂਚਰ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਛੋਟਾ ਜਿਹਾ ਟ੍ਰੇਨਿੰਗ ਦਾ ਸੈਸ਼ਨ ਲੈਣਾ ਪੈਂਦਾ ਹੈ। ਸਾਡੇ ਇੰਸਟ੍ਰਕਟਰ ਲੁਈਸ ਦੁਆਰਾ ਸਾਡਾ ਮਾਰਗਦਰਸ਼ਨ ਕੀਤਾ ਗਿਆ, ਜਿਸ ਨੇ ਪੂਰੇ ਅਨੁਭਵ ਨੂੰ ਸਹਿਜ ਅਤੇ ਰੋਮਾਂਚਕ ਬਣਾਇਆ। ਉਸ ਨੇ ਇੱਕ ਤੇਜ਼ ਫਿਟਨੈਸ ਜਾਂਚ ਨਾਲ ਸ਼ੁਰੂਆਤ ਕੀਤੀ-ਇਹ ਯਕੀਨੀ ਬਣਾਉਣ ਲਈ ਇੱਕ ਚੁਸਤ ਕਦਮ ਹੈ ਕਿ ਅਸੀਂ ਸਾਰੇ ਚੁਣੌਤੀ ਲਈ ਤਿਆਰ ਹਾਂ। ਸਾਡੇ ਵੱਲੋਂ ਫਿਟਨੈਸ ਟੈਸਟ ਪਾਸ ਕਰਨ ਤੋਂ ਬਾਅਦ, ਮਾਸਕ, ਫਿੰਸ ਤੇ ਆਕਸੀਜਨ ਸਿਲੰਡਰ ਨਾਲ ਜਾਣ-ਪਛਾਣ ਕਰਾਈ ਗਈ। ਸਾਡੇ ਇੰਸਟ੍ਰਕਟਰ ਲੁਈਸ ਨੇ ਸਾਨੂੰ ਬੁਨਿਆਦੀ ਗੱਲਾਂ ਬਾਰੇ ਦੱਸਿਆ ਕਿ ਸਾਜ਼ੋ-ਸਾਮਾਨ ਦੀ ਵਰਤੋਂ ਕਿਵੇਂ ਕਰਨੀ ਹੈ, ਰੈਗੂਲੇਟਰ ਰਾਹੀਂ ਸਾਹ ਕਿਵੇਂ ਲੈਣਾ ਹੈ, ਅਤੇ ਪਾਣੀ ਦੇ ਅੰਦਰ ਸੰਕੇਤ ਕਿਵੇਂ ਕਰਨਾ ਹੈ। ਉਸ ਦੇ ਧੀਰਜ ਅਤੇ ਸਪੱਸ਼ਟ ਨਿਰਦੇਸ਼ਾਂ ਨੇ ਸਾਨੂੰ ਆਰਾਮ ਦਿੱਤਾ, ਭਾਵੇਂ ਮੇਰਾ ਬੇਟਾ ਪਹਿਲਾਂ ਥੋੜ੍ਹਾ ਜਿਹਾ ਘਬਰਾ ਗਿਆ ਸੀ। ਇਹ ਸਾਰੀਆਂ ਚੀਜ਼ਾਂ ਸਿੱਖਣੀਆਂ ਆਪਣੇ ਆਪ ਵਿੱਚ ਇੱਕ ਅਦਭੁੱਤ ਤਜਰਬਾ ਸੀ। ਇਸ ਤੋਂ ਬਾਅਦ ਅਸੀਂ ਸਕੂਬਾ ਡਾਈਵਿੰਗ ਕਰਨ ਲਈ ਡੂੰਘੇ ਪਾਣੀ ਵਿੱਚ ਜਾਣਾ ਸੀ।

ਟ੍ਰੇਨਿੰਗ ਖਤਮ ਹੋਣ ਤੋਂ ਜਲਦੀ ਬਾਅਦ ਯਾਤਰਾ ਸ਼ੁਰੂ ਕੀਤੀ। ਅਸੀਂ ਸਪੀਡ ਬੋਟ ਵਿੱਚ ਸਵਾਰ ਹੋ ਗਏ, ਜੋ ਬਹੁਤ ਤੇਜ਼ੀ ਨਾਲ ਸ਼ੂਕਦੀ ਹੋਈ ਸਾਨੂੰ ਹੈਵਲਾਕ ਦੇ ਡੂੰਘੇ ਪਾਣੀਆਂ ਵਿੱਚ ਲੈ ਗਈ। ਹੁਣ ਕਿਸ਼ਤੀ ਉੱਤੇ ਪੰਜ ਵਿਅਕਤੀ ਸਵਾਰ ਸਨ। ਸਾਡੇ ਤਿੰਨਾਂ ਨਾਲ ਇੱਕ-ਇੱਕ ਡਾਈਵਰ ਨੇ ਜਾਣਾ ਸੀ ਅਤੇ ਇਸ ਤੋਂ ਬਿਨਾਂ ਇੱਕ ਡਾਈਵਰ ਕੈਮਰਾਮੈਨ ਦੇ ਤੌਰ 'ਤੇ ਸਾਡੇ ਅਨੁਭਵ ਨੂੰ ਕੈਦ ਕਰਨ ਲਈ ਤਿਆਰ ਸੀ। ਉਸ ਵੇਲੇ ਜਦੋਂ ਸਿਲੰਡਰ ਪਿੱਠ 'ਤੇ ਬੰਨ੍ਹਿਆ, ਮੈਨੂੰ ਆਪਣੇ-ਆਪ ਨੂੰ ਕਿਸੇ ਹੋਰ ਹੀ ਗ੍ਰਹਿ ਦਾ ਯਾਤਰੀ ਮਹਿਸੂਸ ਹੋਇਆ। ਮਾਸਕ ਪਹਿਨਦੇ ਹੀ ਦੁਨੀਆ ਥੋੜ੍ਹੀ ਧੁੰਦਲੀ ਤੇ ਅਜੀਬ ਜਿਹੀ ਲੱਗਣ ਲੱਗੀ, ਪਰ ਸਾਥੀ ਇੰਸਟ੍ਰਕਟਰ ਦੀ ਮੁਸਕਰਾਹਟ ਨੇ ਹੌਸਲਾ ਦਿੱਤਾ। ਸਾਡੇ ਇਸ ਰੋਮਾਂਚ ਦੀ ਸ਼ੁਰੂਆਤ ਹੋਣ ਸਮੇਂ ਸਮੁੰਦਰ ਸ਼ਾਂਤ ਸੀ। ਸਾਨੂੰ ਉਸ ਤੋਂ ਰੋਮਾਂਚ ਦੀ ਉਮੀਦ ਸਪੱਸ਼ਟ ਸੀ। ਇਸ ਤੋਂ ਪਹਿਲਾਂ ਕਿ ਅਸੀਂ ਡੁਬਕੀ ਮਾਰੀਏ, ਲੁਈਸ ਨੇ ਯਕੀਨੀ ਬਣਾਇਆ ਕਿ ਅਸੀਂ ਤਿਆਰ ਹਾਂ। ਉਸ ਨੇ ਆਪਣੀਆਂ ਸਾਰੀਆਂ ਹਦਾਇਤਾਂ ਅਤੇ ਇਸ਼ਾਰਿਆਂ ਨੂੰ ਦੁਹਰਾਇਆ। ਮੇਰੇ ਲੱਕ ਨਾਲ ਭਾਰ ਬੰਨ੍ਹ ਦਿੱਤਾ ਗਿਆ ਤਾਂ ਜੋ ਮੈਂ ਆਸਾਨੀ ਨਾਲ ਹੇਠਾਂ ਜਾ ਸਕਾਂ। ਸਰੀਰਕ ਤੌਰ 'ਤੇ ਤਗੜੇ ਅਤੇ ਭਾਰੇ ਬੰਦੇ ਸਮੁੰਦਰ ਵਿੱਚ ਹੇਠਾਂ ਮੁਸ਼ਕਲ ਨਾਲ ਜਾਂਦੇ ਹਨ। ਅਸੀਂ ਆਪਣੇ ਨਵੇਂ ਤਜਰਬੇ ਲਈ ਤਿਆਰ ਬਰ ਤਿਆਰ ਸੀ। ਪਾਣੀ ਵਿੱਚ ਡੁਬਕੀ ਕਿਸ਼ਤੀ ਵਿੱਚੋਂ ਬੈਕ ਵਾਲੇ ਪਾਸੇ ਹੇਠਾਂ ਜਾ ਕੇ ਲਾਈ ਜਾਂਦੀ ਹੈ। ਫਿਰ ਉਹ ਪਲ ਆਇਆ ਜਿਸ ਦੀ ਅਸੀਂ ਉਡੀਕ ਕਰ ਰਹੇ ਸੀ-ਡੂੰਘਾਈ ਵਿੱਚ ਡੁੱਬਣਾ! ਸਾਡੇ ਗੇਅਰ ਚਾਲੂ ਕਰ ਦਿੱਤੇ ਗਏ। ਲੁਈਸ ਦੀ ਅਗਵਾਈ ਹੇਠ ਅਸੀਂ ਆਕਸੀਜਨ ਸਿਲੰਡਰ ਨਾਲ ਕਿਸ਼ਤੀ ਤੋਂ ਸਿਰ ਪਰਨੇ ਉੱਤਰਦੇ ਹੋਏ ਕ੍ਰਿਸਟਲ-ਸਾਫ਼ ਪਾਣੀਆਂ ਵਿੱਚ ਉੱਤਰੇ। ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ। ਮੇਰੇ ਲਈ ਸ਼ੁਰੂਆਤੀ ਕੁਝ ਪਲਾਂ ਵਿੱਚ ਸਾਹ ਲੈਣਾ ਥੋੜ੍ਹਾ ਜਿਹਾ ਮੁਸ਼ਕਿਲ ਲੱਗ ਰਿਹਾ ਸੀ। ਪਾਣੀ ਦੇ ਹੇਠ ਸਾਹ ਮੂੰਹ ਰਾਹੀਂ ਲਿਆ ਜਾਂਦਾ ਹੈ ਅਤੇ ਮੂਲਾ ਹੀ ਬਾਹਰ ਛੱਡੇ ਜਾਂਦਾ ਹੈ ਨੱਕ ਉਪਰ ਕਲਿਪ ਲਾ ਕੇ ਉਸ ਨੂੰ ਬੰਦ ਕਰ ਦਿੱਤਾ ਜਾਂਦਾ ਹੈ । ਹੌਲੀ-ਹੌਲੀ ਜਦੋਂ ਸਰੀਰ ਪਾਣੀ ਵਿੱਚ ਹੇਠਾਂ ਜਾਣ ਲੱਗ ਗਿਆ ਤਾਂ ਇੱਕ ਅਜਿਹੀ ਸ਼ਾਂਤੀ ਮਹਿਸੂਸ ਹੋਈ, ਜੋ ਧਰਤੀ ਉੱਤੇ ਕਦੇ ਮਹਿਸੂਸ ਨਹੀਂ ਹੋਈ ਸੀ। ਪਾਣੀ ਦੀ ਸਤ੍ਹਾ ਤੋਂ ਹੌਲੀ-ਹੌਲੀ ਹੇਠਾਂ ਵਧਣਾ ਇੱਕ ਅਜਿਹਾ ਅਨੁਭਵ ਸੀ, ਜਿਵੇਂ ਧਰਤੀ ਦੀਆਂ ਹੱਦਾਂ ਪਾਰ ਕਰਕੇ ਕਿਸੇ ਹੋਰ ਹੀ ਲੋਕ ਵਿੱਚ ਦਾਖਲ ਹੋ ਰਿਹਾ ਹਾਂ। ਉੱਪਰ ਦੀ ਰੌਸ਼ਨੀ ਹੌਲੀ-ਹੌਲੀ ਪਿਘਲਦੀ ਜਾ ਰਹੀ ਸੀ ਤੇ ਆਲੇ-ਦੁਆਲੇ ਇੱਕ ਨਰਮ ਨੀਲਾਪਨ ਫੈਲਦਾ ਜਾ ਰਿਹਾ ਸੀ।

ਜਦੋਂ ਕਾਫ਼ੀ ਹੇਠਾਂ ਚਲੇ ਗਏ ਤਾਂ ਅਚਾਨਕ ਹੀ ਮੇਰੇ ਕੰਨਾਂ ਵਿੱਚ ਬਹੁਤ ਤੇਜ਼ ਦਰਦ ਹੋਇਆ। ਮੈਂ ਆਪਣੇ ਗਾਈਡ ਨੂੰ ਹੱਥ ਨਾਲ ਇਸ਼ਾਰਾ ਕਰਕੇ ਉੱਪਰ ਲੈ ਜਾਣ ਲਈ ਆਖਿਆ। ਉਹ ਮੇਰੇ ਇਸ਼ਾਰੇ ਨੂੰ ਸਮਝ ਕੇ ਮੈਨੂੰ ਇੱਕ ਵਾਰ ਉੱਪਰ ਲੈ ਆਇਆ। ਦਰਦ ਇੱਕਦਮ ਖਤਮ ਹੋ ਗਿਆ। ਅਸਲ ਵਿੱਚ ਪਾਣੀ ਦੇ ਦਬਾਅ ਨਾਲ ਕਈ ਵਾਰੀ ਕੰਨ ਦਰਦ ਕਰਨ ਲੱਗਦਾ ਹੈ। ਇਹ ਵਰਤਾਰਾ ਹਵਾਈ ਜਹਾਜ਼ ਵਿੱਚ ਉੱਪਰ ਜਾਂਦੇ ਸਮੇਂ ਵੀ ਆਉਂਦਾ ਹੈ। ਪਾਣੀ ਦੇ ਬਾਹਰ ਦੋ-ਤਿੰਨ ਮਿੰਟ ਸਿਰ ਰੱਖਣ ਤੋਂ ਬਾਅਦ ਉਸ ਨੇ ਯਕੀਨੀ ਬਣਾਇਆ ਕਿ ਹੁਣ ਮੈਂ ਹੇਠਾਂ ਜਾ ਸਕਦਾ ਹਾਂ ਤਾਂ ਉਹ ਮੈਨੂੰ ਫਿਰ ਹੇਠਾਂ ਲੈ ਕੇ ਗਿਆ। ਹੁਣ ਮੈਂ ਬਿਲਕੁਲ ਸ਼ਾਂਤ ਤੇ ਤਜਰਬੇ ਲਈ ਤਿਆਰ ਸੀ। ਸਮੁੰਦਰ ਦੀ ਸਤ੍ਹਾ ਦੇ ਹੇਠਾਂ ਦੀ ਦੁਨੀਆ ਜਾਦੂਈ ਸੰਸਾਰ ਤੋਂ ਘੱਟ ਨਹੀਂ ਸੀ। ਉਹ ਪਹਿਲਾ ਪਲ, ਜਦੋਂ ਮੈਂ ਪੂਰੀ ਤਰ੍ਹਾਂ ਡੁੱਬ ਕੇ ਹੇਠਾਂ ਵੱਲ ਵੇਖਿਆ, ਮੇਰੇ ਸਾਹਮਣੇ ਰੰਗਾਂ ਦੀ ਨਵੀਂ ਦੁਨੀਆ ਸੀ-ਨੀਲੇ ਪਾਣੀ ਵਿੱਚ ਤੈਰਦੀਆਂ ਛੋਟੀਆਂ-ਵੱਡੀਆਂ ਮੱਛੀਆਂ, ਕੋਰਲ ਰੀਫ਼ਾਂ ਦੇ ਰੰਗ ਤੇ ਪਾਣੀ ਵਿੱਚ ਰੌਸ਼ਨੀ ਦੇ ਟੁਕੜੇ ਸਭ ਕੁਝ ਇੱਕ ਸੁਪਨੇ ਵਾਂਗ ਸੀ। ਇਹ ਸਿਰਫ਼ ਡਾਈਵਿੰਗ ਨਹੀਂ ਸੀ, ਇਹ ਆਪਣੇ ਆਪ ਨਾਲ ਮਿਲਣ ਦਾ ਅਨੁਭਵ ਸੀ-ਡਰ ਨੂੰ ਪਿੱਛੇ ਛੱਡ ਕੇ ਅਣਜਾਣ ਦੁਨੀਆ ਵਿੱਚ ਕਦਮ ਰੱਖਣ ਦਾ ਜਜ਼ਬਾ।

ਪੰਜਾਹ ਮਿੰਟਾਂ ਲਈ ਅਸੀਂ ਸਮੁੰਦਰੀ ਜੀਵਨ ਨਾਲ ਭਰਪੂਰ ਪਾਣੀ ਦੇ ਅੰਦਰਲੇ ਖੇਤਰ ਦੀ ਖੋਜ ਕੀਤੀ। ਸਾਡਾ ਕੈਮਰਾਮੈਨ ਵੀ ਸਾਡੇ ਨਾਲ ਹੀ ਸੀ। ਪਹਿਲਾਂ ਅੱਧਾ ਘੰਟਾ ਤਾਂ ਮੈਂ ਇਕੱਲਾ ਹੀ ਸਮੁੰਦਰੀ ਸੰਸਾਰ ਨੂੰ ਦੇਖ ਰਿਹਾ ਸੀ। ਬੇਟੀ ਤੇ ਬੇਟਾ ਦੋਨੋਂ ਦਿਖਾਈ ਨਹੀਂ ਦੇ ਰਹੇ ਸਨ। ਮੇਰੇ ਨਾਲ ਮੇਰਾ ਸਾਥੀ ਲੁਈਸ ਹੀ ਸੀ। ਹੈਵਲਾਕ ਦੇ ਪਾਣੀ ਦੇ ਹੇਠਾਂ ਦੀ ਦੁਨੀਆ ਮਹਾਨ ਹੈ। ਇਸ ਵਿੱਚ ਜੀਵੰਤ ਕੋਰਲ ਰੀਫ਼ ਅਤੇ ਸਮੁੰਦਰੀ ਜੀਵਨ ਦੀ ਇੱਕ ਲੜੀ ਹੈ। ਸਮੁੰਦਰ ਹੇਠਾਂ ਉੱਗੀਆਂ ਬਨਸਪਤੀਆਂ ਦਾ ਆਪਣਾ ਇੱਕ ਸੰਸਾਰ ਹੈ। ਸਮੁੰਦਰ ਨੇ ਆਪਣਾ ਇੱਕ ਵੱਖਰਾ ਇੱਕੋ ਜੀਵਨ ਵਿਕਸਿਤ ਕੀਤਾ ਹੋਇਆ ਹੈ। ਸਾਡੇ ਆਲੇ-ਦੁਆਲੇ ਰੰਗ-ਬਰੰਗੀਆਂ ਮੱਛੀਆਂ ਦੇ ਸਕੂਲ ਘੁੰਮ ਰਹੇ ਸਨ। ਕ੍ਰਿਸਟਲ ਵਰਗੇ ਸਾਫ਼ ਪਾਣੀ ਨੇ ਇਸ ਤਰ੍ਹਾਂ ਮਹਿਸੂਸ ਕੀਤਾ, ਜਿਵੇਂ ਅਸੀਂ ਕਿਸੇ ਐਕੁਏਰੀਅਮ ਵਿੱਚ ਤੈਰ ਰਹੇ ਹਾਂ। ਮੈਨੂੰ ਤੈਰਦੇ-ਤੈਰਦੇ ਮਹਿਸੂਸ ਹੋ ਰਿਹਾ ਸੀ ਕਿ ਮੈਂ ਕਿੰਨਾ ਭਾਗਾਂ ਵਾਲਾ ਜਿਹੜਾ ਕੁਦਰਤ ਦੇ ਇੰਨੇ ਰੰਗ ਦੇਖ ਰਿਹਾ ਹਾਂ। ਫਿਰ ਮੇਰਾ ਧਿਆਨ ਇੰਸਟ੍ਰਕਟਰ ਦੇ ਇਸ਼ਾਰਿਆਂ ਨਾਲ ਵਾਪਸ ਗੋਤਾਖੋਰੀ ਵੱਲ ਆ ਗਿਆ। ਮੇਰੇ ਸਾਹਮਣੇ ਛੋਟੀਆਂ-ਛੋਟੀਆਂ ਮੱਛੀਆਂ ਦੀ ਟੋਲੀ ਆਈ। ਉਨ੍ਹਾਂ ਦੇ ਰੰਗ ਇੰਨੇ ਚਮਕਦਾਰ ਸਨ ਕਿ ਲੱਗਦਾ ਸੀ, ਜਿਵੇਂ ਕਿਸੇ ਨੇ ਪਾਣੀ ਹੇਠਾਂ ਇੰਦ੍ਰਧਨੁਸ਼ ਖਿਲਾਰ ਦਿੱਤਾ ਹੋਵੇ। ਉਹ ਬਿਲਕੁਲ ਬੇਫ਼ਿਕਰ ਹੋ ਕੇ ਮੇਰੇ ਆਲੇ-ਦੁਆਲੇ ਘੁੰਮ ਰਹੀਆਂ ਸਨ, ਜਿਵੇਂ ਆਪਣੇ ਘਰ ਵਿੱਚ ਆਏ ਅਣਜਾਣ ਮਹਿਮਾਨ ਨੂੰ ਤੱਕ ਰਹੀਆਂ ਹੋਣ। ਥੋੜ੍ਹੀ ਹੋਰ ਡੂੰਘਾਈ ਉੱਤੇ ਕੋਰਲ ਰੀਫ਼ਾਂ ਦਾ ਮੰਜ਼ਰ ਸਾਹਮਣੇ ਆਇਆ। ਉਨ੍ਹਾਂ ਦੇ ਆਕਾਰ ਤੇ ਰੰਗ ਕਲਾ ਦੇ ਐਸੇ ਨਮੂਨੇ ਲੱਗ ਰਹੇ ਸਨ, ਜੋ ਸਦੀਵੀ ਚਿੱਤਰਕਾਰ ਨੇ ਬਣਾਏ ਹੋਣ। ਕਿਤੇ ਕੋਰਲ ਫੁੱਲ ਵਾਂਗ ਖਿੜੇ ਹੋਏ ਸਨ, ਕਿਤੇ ਚਟਾਨਾਂ ਵਾਂਗ ਖੜ੍ਹੇ ਸਨ। ਉਨ੍ਹਾਂ ਵਿੱਚੋਂ ਝਾਤ ਮਾਰਦੀਆਂ ਮੱਛੀਆਂ ਤੇ ਛੋਟੇ-ਛੋਟੇ ਜੀਵ ਜੀਵੰਤਤਾ ਦਾ ਅਹਿਸਾਸ ਦਿਵਾਉਂਦੇ ਸਨ। ਇੱਕ ਪਲ ਲਈ ਜਦੋਂ ਮੈਂ ਹੇਠਾਂ ਵੇਖਿਆ ਤਾਂ ਇੱਕ ਬਹੁਤ ਵੱਡੀ ਮੱਛੀ ਹੌਲੀ-ਹੌਲੀ ਤੈਰਦੀ ਗੁਜ਼ਰੀ। ਉਸ ਦੀ ਗਤੀ ਵਿੱਚ ਇੱਕ ਸ਼ਾਨ ਤੇ ਗੰਭੀਰਤਾ ਸੀ। ਉਸ ਸਮੇਂ ਮੈਂ ਮਹਿਸੂਸ ਕੀਤਾ ਕਿ ਸਮੁੰਦਰ ਸਿਰਫ਼ ਸੁੰਦਰ ਹੀ ਨਹੀਂ, ਬਲਕਿ ਇੱਕ ਗਹਿਰਾ ਤੇ ਰਹੱਸਮਈ ਸੰਸਾਰ ਵੀ ਹੈ। ਪਾਣੀ ਹੇਠਾਂ ਦੀ ਖਾਮੋਸ਼ੀ ਬੇਮਿਸਾਲ ਸੀ। ਸਿਰਫ਼ ਸਾਹ ਲੈਣ 'ਤੇ ਹੌਲੀ-ਹੌਲੀ ਨਿਕਲਦੇ ਬੁਲਬੁਲੇ, ਜੋ ਉੱਪਰ ਵੱਲ ਦੌੜਦੇ ਹੋਏ ਪਿਘਲ ਜਾਂਦੇ ਸਨ। ਰੰਗ-ਬਿਰੰਗੇ ਕੋਰਲ ਹੌਲੀ-ਹੌਲੀ ਹਿੱਲਦੇ ਸਨ, ਮੱਛੀਆਂ ਦੇ ਸਕੂਲ ਸਾਡੇ ਆਲੇ-ਦੁਆਲੇ ਘੁੰਮਦੇ ਸਨ। ਮੈਂ ਕੁਝ ਸਮੁੰਦਰੀ ਕੱਛੂਆਂ ਨੂੰ ਵੀ ਦੇਖਿਆ। ਲੁਈਸ ਨੇ ਮੇਰੇ ਪੈਰਾਂ ਵਿੱਚੋਂ ਤੈਰਨ ਵਾਲੇ ਬੂਟ ਲਾਹ ਦਿੱਤੇ। ਫਿਰ ਅਸੀਂ ਸਮੁੰਦਰ ਦੇ ਵਿੱਚ ਧਰਤੀ 'ਤੇ ਤੁਰਨ ਲੱਗ ਪਏ। ਇਹ ਇੱਕ ਅਜਿਹਾ ਅਨੁਭਵ ਸੀ, ਜਿਹੜਾ ਦੱਸਿਆ ਨਹੀਂ ਜਾ ਸਕਦਾ, ਸਗੋਂ ਗੂੰਗੇ ਦੇ ਗੁੜ ਖਾਣ ਵਾਂਗ ਮਹਿਸੂਸ ਹੀ ਕੀਤਾ ਜਾ ਸਕਦਾ ਸੀ।

ਥੋੜ੍ਹੇ ਸਮੇਂ ਬਾਅਦ ਸਾਨੂੰ ਤਿੰਨਾਂ ਨੂੰ ਪਾਣੀ ਹੇਠ ਇਕੱਠੇ ਕਰ ਦਿੱਤਾ ਗਿਆ। ਇੱਕ ਫੋਟੋ ਸੈਸ਼ਨ ਫਿਰ ਹੋਇਆ। ਮੇਰਾ ਬੇਟਾ ਹਰ ਚੀਜ਼ ਵੱਲ ਇਸ਼ਾਰਾ ਕਰਨਾ ਬੰਦ ਨਹੀਂ ਕਰ ਰਿਹਾ ਸੀ। ਮੇਰੀ ਧੀ ਦੀਆਂ ਪਾਣੀ ਹੇਠਲੀਆਂ ਹਰਕਤਾਂ ਮੈਨੂੰ ਖੁਸ਼ ਕਰ ਰਹੀਆਂ ਸਨ। ਮੈਂ ਭਾਰਹੀਣਤਾ ਦੀ ਭਾਵਨਾ ਅਤੇ ਸਮੁੰਦਰ ਦੀ ਗੂੜ੍ਹੀ ਚੁੱਪ ਨੂੰ ਕਦੇ ਨਹੀਂ ਭੁੱਲਾਂਗਾ-ਇਹ ਕਿਸੇ ਹੋਰ ਬ੍ਰਹਿਮੰਡ ਵਿੱਚ ਕਦਮ ਰੱਖਣ ਵਰਗਾ ਸੀ। ਮੁੱਖ ਗੋਤਾਖੋਰ ਲੁਈਸ ਇੱਕ ਸ਼ਾਨਦਾਰ ਸਾਥੀ ਸੀ, ਜਿਹੜਾ ਗੋਤਾਖੋਰੀ ਵਿੱਚ ਸਾਡੀ ਅਗਵਾਈ ਕਰਦਾ ਸੀ ਅਤੇ ਲੁਕੇ ਹੋਏ ਖਜ਼ਾਨਿਆਂ ਵੱਲ ਇਸ਼ਾਰਾ ਕਰਦਾ ਸੀ। ਪੌਣਾ ਘੰਟਾ ਕਿਵੇਂ ਬੀਤ ਗਿਆ, ਇਸ ਦਾ ਪਤਾ ਹੀ ਨਹੀਂ ਲੱਗਿਆ। ਅਸੀਂ ਕਿਸ਼ਤੀ ਉੱਤੇ ਵਾਪਸ ਆ ਗਏ। ਗਿੱਲੇ ਟਪਕਦੇ ਪਾਣੀ ਅਤੇ ਕੰਨਾਂ ਤੋਂ ਕੰਨਾਂ ਤੱਕ ਮੁਸਕਰਾਉਂਦੇ ਹੋਏ ਅਸੀਂ ਖੁਸ਼ੀ ਮਹਿਸੂਸ ਕਰ ਰਹੇ ਸੀ। ਇਹ ਸਾਡੇ ਲਈ ਇੱਕ ਪਰਵਾਰ ਦੇ ਰੂਪ ਵਿੱਚ ਇੱਕ ਵਧੀਆ ਅਨੁਭਵ ਸੀ। ਇਹ ਸਾਡੇ ਲਈ ਹਿੰਮਤ, ਦਲੇਰੀ, ਬੰਧਨ ਅਤੇ ਖੋਜ ਦਾ ਇੱਕ ਸੰਪੂਰਨ ਮਿਸ਼ਰਣ ਸੀ। ਸਾਡਾ ਦਿਲ ਖੁਸ਼ੀ ਅਤੇ ਹੈਰਾਨੀ ਨਾਲ ਭਰਿਆ ਹੋਇਆ ਸੀ। ਇਹ ਸਿਰਫ਼ ਇੱਕ ਖੇਡ ਨਹੀਂ ਸੀ-ਇਹ ਸਮੁੰਦਰ ਨਾਲ ਕੀਤੀ ਗਈ ਇੱਕ ਮੁਲਾਕਾਤ ਸੀ, ਜਿਸ ਨੇ ਮੇਰੀ ਯਾਦਾਂ ਵਿੱਚ ਇੱਕ ਨਵੀਂ ਕਿਤਾਬ ਖੋਲ੍ਹ ਦਿੱਤੀ ਸੀ। ਹੈਵਲਾਕ ਦੀ ਪਾਣੀ ਦੇ ਹੇਠਾਂ ਦੀ ਦੁਨੀਆ ਨੇ ਸਾਡੇ ਉੱਤੇ ਅਮਿੱਟ ਛਾਪ ਛੱਡੀ ਸੀ। ਜੇਕਰ ਤੁਸੀਂ ਕਦੇ ਵੀ ਇੱਥੇ ਆਵੋ ਤਾਂ ਇਸ ਨੂੰ ਜ਼ਰੂਰ ਕਰਿਓ। ਅਸੀਂ ਲੁਈਸ ਅਤੇ ਉਸ ਦੀ ਟੀਮ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਤੋਂ ਵਿਦਾ ਲੈ ਕੇ ਹੋਟਲ ਵਿੱਚ ਵਾਪਸ ਆ ਗਏ। ਸਾਨੂੰ ਸਮੁੰਦਰ ਵਿੱਚ ਜਾਣ ਕਰਕੇ ਤੇਜ਼ ਭੁੱਖ ਲੱਗ ਆਈ ਸੀ।

ਜਦੋਂ ਅਸੀਂ ਖਾਣੇ ਲਈ ਜਾ ਰਹੇ ਸੀ ਤਾਂ ਮੇਰੇ ਬੱਚੇ ਇਸ ਬਾਰੇ ਗੱਲ ਕਰਨਾ ਬੰਦ ਨਹੀਂ ਕਰ ਰਹੇ ਸਨ। ਜਿਵੇਂ ਹੀ ਅਸੀਂ ਖਾਣਾ ਖਤਮ ਕੀਤਾ, ਅਚਾਨਕ ਤੇਜ਼ ਮੀਂਹ ਵਰ੍ਹਨ ਲੱਗਾ। ਅਸੀਂ ਹੋਟਲ ਦੇ ਕਮਰੇ ਵਿੱਚ ਬੈਠ ਕੇ ਹੀ ਇੰਤਜ਼ਾਰ ਕੀਤਾ। ਖਿੜਕੀ ਵਿੱਚੋਂ ਦਿਖਦੇ ਸਮੁੰਦਰ ਉੱਤੇ ਮੀਂਹ ਦੀਆਂ ਬੂੰਦਾਂ ਨੂੰ ਨੱਚਦੇ ਹੋਏ ਦੇਖਿਆ। ਜਦੋਂ ਮੌਸਮ ਸਾਫ਼ ਹੋ ਗਿਆ ਤਾਂ ਅਸੀਂ ਕਾਲਾਪਥਰ ਬੀਚ 'ਤੇ ਜਾਣ ਲਈ ਤੁਰ ਪਏ। ਇਹ ਬੀਚ ਵੀ ਬਹੁਤ ਖੂਬਸੂਰਤ ਹੈ। ਇਹ ਚਿੱਟੀ ਰੇਤ ਦੇ ਉਲਟ ਕਾਲੀਆਂ ਚੱਟਾਨਾਂ ਲਈ ਜਾਣਿਆ ਜਾਂਦਾ ਹੈ। ਇਹ ਬੀਚ ਸ਼ਾਂਤ ਅਤੇ ਘੱਟ ਭੀੜ ਵਾਲਾ ਸੀ। ਅਸੀਂ ਸ਼ਾਮ ਨੂੰ ਕਿਨਾਰੇ ਉੱਤੇ ਸੈਰ ਕਰ ਰਹੇ ਸੀ ਤਾਂ ਬੱਚੇ ਸਿੱਪੀਆਂ ਇਕੱਠੀਆਂ ਕਰਦੇ ਹੋਏ ਖੁਸ਼ ਹੋ ਰਹੇ ਸਨ। ਅਸੀਂ ਠੰਢੀ ਹਵਾ ਦਾ ਆਨੰਦ ਮਾਣਦੇ ਹੋਏ ਬਹੁਤ ਸੋਹਣੀ ਸ਼ਾਮ ਬਿਤਾਈ। ਇਹਨਾਂ ਸ਼ਾਂਤੀਪੂਰਨ ਪਲਾਂ ਲਈ ਸਾਡਾ ਪਰਵਾਰ ਸ਼ੁਕਰਗੁਜ਼ਾਰ ਮਹਿਸੂਸ ਕਰ ਸਕਿਆ।ਜਿਵੇਂ ਹੀ ਸੂਰਜ ਡੁੱਬਣਾ ਸ਼ੁਰੂ ਹੋਇਆ, ਅਸੀਂ ਹੋਟਲ ਲਈ ਚੱਲ ਪਏ। ਅੱਜ ਅਸੀਂ ਫੇਰ ਜਲਦੀ ਸੌਣਾ ਸੀ, ਕਿਉਂਕਿ ਕੱਲ੍ਹ ਇੱਕ ਹੋਰ ਅਦਭੁੱਤ ਯਾਤਰਾ 'ਤੇ ਜਾਣਾ ਸੀ। ਸਾਡੇ ਏਜੰਡੇ ਉੱਤੇ ਕਾਇਆਕਿੰਗ ਕਿਸ਼ਤੀ ਦੀ ਯਾਤਰਾ ਸੀ। ਅਸੀਂ ਇਸ ਬਾਰੇ ਉਤਸ਼ਾਹਿਤ ਪਰ ਮੌਸਮ ਵਿੱਚ ਲਗਾਤਾਰ ਆ ਰਹੇ ਬਦਲਾਵ ਕਰਕੇ ਥੋੜ੍ਹੇ ਜਿਹੇ ਘਬਰਾਏ ਹੋਏ ਸੀ। ਮੈਂ ਸੋਚ ਰਿਹਾ ਸੀ ਕਿ ਅੱਜ ਵਾਂਗ ਸਵੇਰੇ ਮੀਂਹ ਨਾ ਆ ਜਾਵੇ, ਜੇ ਅਜਿਹਾ ਹੋਇਆ ਤਾਂ ਸਾਨੂੰ ਜੋ ਅਨੁਭਵ ਹੋਣਾ ਸੀ, ਉਸ ਤੋਂ ਵਾਂਝੇ ਰਹਿ ਜਾਵਾਂਗੇ। ਕਾਇਆਕਿੰਗ ਤੋਂ ਇਲਾਵਾ ਕੱਲ੍ਹ ਹੈਵਲਾਕ ਦੇ ਸਭ ਤੋਂ ਪ੍ਰਸਿੱਧ ਰਾਧਾ ਨਗਰ ਬੀਚ 'ਤੇ ਸਮਾਂ ਬਿਤਾਉਣਾ ਸੀ। ਜੇਕਰ ਮੈਂ ਅੱਜ ਦੇ ਦਿਨ ਦਾ ਲੇਖਾ-ਜੋਖਾ ਕਰਾਂ ਤਾਂ ਇਹ ਸਾਹਸ, ਆਰਾਮ ਅਤੇ ਕੁਦਰਤੀ ਸੁੰਦਰਤਾ ਦਾ ਇੱਕ ਸੰਪੂਰਨ ਮਿਸ਼ਰਣ ਸੀ। ਹੈਵਲਾਕ ਟਾਪੂ ਨੇ ਸੱਚਮੁੱਚ ਸਾਡੇ ਦਿਲ ਜਿੱਤ ਲਏ ਸਨ।

(ਚਲਦਾ)

ਸੰਪਰਕ : 94170-81419

